# ਡਾ. ਦਲੀਪ ਕੌਰ ਟਿਵਾਣਾ

## ਜੀਵਨ ਤੇ ਰਚਨਾ

ਡਾ. ਕੁਲਦੀਪ ਸਿੰਘ

ਭਾਸ਼ਾ ਵਿਭਾਗ, ਪੰਜਾਬ

**Dr. DALEEP KAUR TIWANA: JIWAN TE RACHNA (InPunjabi)**

Dr. Kuldeep Singh

**Editor: DHARAM PAL CHOWDHARY Assistant Director**

**ਡਾ. ਦਲੀਪ ਕੌਰ ਟਿਵਾਣਾ: ਜੀਵਨ ਤੇ ਰਚਨਾ**

ਡਾ. ਕੁਲਦੀਪ ਸਿੰਘ

**ਸੰਪਾਦਕ: ਧਰਮ ਪਾਲ ਚੌਧਰੀ ਸਹਾਇਕ ਡਾਇਰੈਕਟਰ**

© ਭਾਸ਼ਾ ਵਿਭਾਗ, ਪੰਜਾਬ

ਸਾਲ : 2003

ਕਾਪੀਆਂ :500

0320-ਪੈ-ਬੈ-1532

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਛਾਪਕ : ਇਨਕਲਾਬੀ ਪ੍ਰਿੰਟਰਜ਼, ਕਿਲਾ ਚੌਂਕ, ਪਟਿਆਲਾ

ਰਾਹੀਂ : ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ

## ਮੁੱਢਲੀ ਗੱਲ

ਭਾਸ਼ਾ ਵਿਭਾਗ, ਪੰਜਾਬ, ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਵਿਕਾਸ ਲਈ ਵਚਨਬੱਧ ਹੈ। ਸਾਹਿਤ ਰਚਨਾ ਦੇ ਕਾਰਜ ਵਿਚ ਜੁਟੇ ਹੋਏ ਸਾਹਿਤਕਾਰਾਂ ਦੇ ਸਹਿਯੋਗ ਦੁਆਰਾ ਅਨੇਕਾਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਜਿਹਨਾਂ ਦੇ ਤਹਿਤ ਬਾਲ ਸਾਹਿਤ ਤੋਂ ਲੈ ਕੇ ਕਲਾਸਕੀ ਸਾਹਿਤ ਅਤੇ ਵਿਸ਼ਵ ਕੋਸ਼ ਵਰਗੇ ਪ੍ਰਾਜੈਕਟਾਂ ਤੇ ਕੰਮ ਕੀਤਾ ਜਾ ਰਿਹਾ ਹੈ। ਇਸ ਆਸ਼ੇ ਨੂੰ ਮੁਖ ਰਖਦੇ ਹੋਏ ਪੰਜਾਬੀ ਦੇ ਸਾਹਿਤ ਭੰਡਾਰ ਨੂੰ ਹੋਰ ਭਰਪੂਰ ਕਰਨ ਲਈ ਪੰਜਾਬੀ ਸਾਹਿਤ ਅਧਿਐਨ ਸੀਰੀਜ਼ ਅਧੀਨ ਪੁਸਤਕਾਂ ਤਿਆਰ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਉੱਚ ਪੱਧਰੀ ਪੜ੍ਹਾਈ ਲਈ ਉਪਯੋਗੀ ਸਮੱਗਰੀ ਉਪਲਬਧ ਹੋ ਸਕੇ। ਇਸੇ ਸਕੀਮ ਅਧੀਨ ਵੱਖ-ਵੱਖ ਪ੍ਰਮੁੱਖ ਵਿਦਵਾਨਾਂ ਦੇ ਮੋਨੋਗ੍ਰਾਫ਼ ਲਿਖਵਾਉਣ ਦੀ ਵਿਵਸਥਾ ਕੀਤੀ ਗਈ ਹੈ।

ਡਾ. ਦਲੀਪ ਕੌਰ ਟਿਵਾਣਾ ਦਾ ਨਾਂ ਪੰਜਾਬੀ ਦੇ ਪ੍ਰਸਿੱਧ ਲੇਖਕਾਂ ਦੀ ਕਤਾਰ ਵਿਚ ਆਉਂਦਾ ਹੈ। ਉਹਨਾਂ ਨੇ ਭਾਵੇਂ ਪੰਜਾਬੀ ਸਾਹਿਤ ਦੀਆਂ ਬਹੁਤ ਸਾਰੀਆਂ ਵਿਧਾਵਾਂ ਤੇ ਕਲਮ ਅਜ਼ਮਾਈ ਹੈ ਪਰ ਉਹਨਾਂ ਨੂੰ ਸਭ ਤੋਂ ਵੱਧ ਸਿੱਧੀ ਨਾਵਲਕਾਰ ਦੇ ਤੌਰ ਤੇ ਮਿਲੀ ਹੈ। ਉਹਨਾਂ ਨੇ ਨਾਵਲਾਂ ਵਿਚ ਮਰਦ ਪ੍ਰਧਾਨ ਸਮਾਜ ਵਿਚ ਹਮੇਸ਼ਾ ਲਿਤਾੜੀ ਜਾਂਦੀ ਰਹੀ ਔਰਤ ਦਾ ਜ਼ਿਕਰ ਕੀਤਾ ਹੈ ਅਤੇ ਔਰਤ ਦੀ ਵੇਦਨਾ ਦੇ ਨਾਲ-ਨਾਲ ਪੰਜਾਬੀ ਦੇ ਸਮਾਜਿਕ ਤੇ ਸਭਿਆਚਾਰਕ ਖੇਤਰ ਦੀਆਂ ਟੁੱਟ ਭੱਜ ਰਹੀਆਂ ਕਦਰਾਂ ਕੀਮਤਾਂ ਨੂੰ ਵੀ ਉਜਾਗਰ ਕੀਤਾ ਹੈ। ਉਹਨਾਂ ਦੀਆਂ ਲਿਖਤਾਂ ਨੇ ਨਾ ਕੇਵਲ ਦੇਸ਼ ਵਿਚ ਹੀ ਸਗੋਂ ਕੌਮਾਂਤਰੀ ਪੱਧਰ ਤੇ ਵੀ ਆਪਣੀ ਧਾਕ ਜਮਾਈ ਹੈ। ਉਹਨਾਂ ਨੇ ਪੰਜਾਬੀ ਸਾਹਿਤ ਜਗਤ ਨੂੰ ਨੌਂ ਕਹਾਣੀ ਸੰਗ੍ਰਹਿ, ਵੀਹ ਕੁ ਨਾਵਲ, ਦੋ ਸਵੈ ਜੀਵਨੀਆਂ ਅਤੇ ਤਿੰਨ ਆਲੋਚਨਾਤਮਕ ਪੁਸਤਕਾਂ ਦੇ ਕੇ ਅਮੀਰ ਕੀਤਾ। ਪੰਜਾਬੀ ਸਾਹਿਤ ਨੂੰ ਅਦੁੱਤੀ ਦੇਣ ਕਾਰਨ ਹੀ ਉਹਨਾਂ ਨੂੰ ਪੰਜਾਬ ਸਰਕਾਰ ਤੇ ਕਈ ਹੋਰ ਮੰਨੀਆਂ ਪ੍ਰਮੰਨੀਆਂ ਸੰਸਥਾਵਾਂ ਵਲੋਂ ਮਾਨ ਸਨਮਾਨ ਦਿੱਤੇ ਗਏ ਹਨ।

ਹਥਲੀ ਪੁਸਤਕ ਵਿਚ ਡਾ. ਦਲੀਪ ਕੌਰ ਟਿਵਾਣਾ ਦੇ ਜੀਵਨ ਤੇ ਰਚਨਾ ਉਤੇ ਝਾਤ ਪਾਈ ਗਈ ਹੈ। ਮੈਨੂੰ ਪੂਰਨ ਆਸ ਹੈ ਕਿ ਸਾਹਿਤ ਪ੍ਰੇਮੀ ਇਸ ਪੁਸਤਕ ਦਾ ਨਿੱਘਾ ਸੁਆਗਤ ਕਰਨਗੇ।

**ਡਾ. ਮਦਨ ਲਾਲ ਹਸੀਜਾ**

ਡਾਇਰੈਕਟਰ,

ਭਾਸ਼ਾ ਵਿਭਾਗ, ਪੰਜਾਬ

## ਤਤਕਰਾ


| | |
|---|---|
| 1. ਡਾ. ਦਲੀਪ ਕੌਰ ਟਿਵਾਣਾ ਦੇ ਜੀਵਨ ਤੇ ਵਿਚਾਰਧਾਰਾ ਤੇ ਝਾਤ | 01 |
| 2. ਪੰਜਾਬੀ ਨਾਵਲ (ਸਮਾਜਿਕ ਸੰਦਰਭ ਤੇ ਮਨੋਵਿਗਿਆਨਕ ਪਿਛੋਕੜ ਵਿਚ) | 34 |
| 3. ਡਾ. ਦਲੀਪ ਕੌਰ ਟਿਵਾਣਾ ਦੇ ਨਾਵਲ (ਇਕ ਅਲੋਚਨਾਤਮਕ ਪੰਛੀ ਝਾਤ) | 45 |
| 4. ਦੂਨੀ ਸੁਹਾਵਾ ਬਾਗ | 103 |
| 5. ਇਸਤਰੀ ਗਲਪ ਲੇਖਕ ਤੇ ਡਾ. ਦਲੀਪ ਕੌਰ ਟਿਵਾਣਾ | 108 |
| 6. ਡਾ. ਦਲੀਪ ਕੌਰ ਟਿਵਾਣਾ ਦੀ ਗਲਪ ਸਿਰਜਨਾ | 123 |
| 7. ਡਾ. ਦਲੀਪ ਕੌਰ ਟਿਵਾਣਾ ਦੀ ਕਹਾਣੀ ਕਲਾ ਤੇ ਅਨੁਭਵ | 141 |
| 8. ਡਾ. ਦਲੀਪ ਕੌਰ ਟਿਵਾਣਾ ਇਕ ਸਵੈ-ਜੀਵਨੀਕਾਰ | 156 |

# ਪ੍ਰਸਤਾਵਨਾ

ਡਾ. ਦਲੀਪ ਕੌਰ ਟਿਵਾਣਾ ਪੰਜਾਬੀ ਗਲਪ ਖੇਤਰ ਵਿਚ ਇਕ ਜਾਣੀ ਪਹਿਚਾਣੀ ਸ਼ਖਸੀਅਤ ਹੈ। ਉਹ ਆਪਣੇ ਸਿਰਜੇ ਗਲਪ ਵਿਚ ਸਵੈ ਦੀ ਭਾਲ ਕਰ ਰਹੀ ਪ੍ਰਤੀਤ ਹੁੰਦੀ ਹੈ। ਉਹ ਆਧੁਨਿਕ ਜੀਵਨ ਵਿਚ ਆ ਗਈ ਨਿਰਾਰਥਕਤਾ ਦਾ ਹੱਲ ਆਪਣੇ ਅੰਦਰੋਂ ਅਤੇ ਆਪੇ ਦੀਆਂ ਸੀਮਾਵਾਂ ਤੋਂ ਪਾਰ ਅਨੰਤ ਵਿਚੋਂ ਭਾਲਦੀ ਹੈ। ਉਹ ਇਸਤਰੀ ਨੂੰ ਉਸ ਦਾ ਗੁਆਚਾ ਕੱਲ੍ਹ ਲੱਭ ਕੇ ਦੇਣ ਵਿਚ ਸਫ਼ਲ ਹੈ ਤੇ ਉਸ ਨੂੰ ਸਮਾਜ ਦੀਆਂ ਹੱਦਾਂ ਵਿਚ ਰਹਿ ਕੇ ਭਵਿੱਖ ਦੀ ਨਵੀਂ ਨੁਹਾਰ ਸਿਰਜਨ ਲਈ ਮਾਰਗ ਦਰਸਾਉਂਦੀ ਹੈ। ਉਸ ਨੇ ਇਸਤਰੀ ਮਨ ਦੀ ਧੁਰ ਅੰਦਰਲੀ ਤਹਿ ਤੇ ਪਏ ਨਿਰਾਰਥਕਤਾ ਦੇ ਅਹਿਸਾਸ ਨੂੰ ਪਾਠਕ ਸਾਹਮਣੇ ਲਿਆ ਖੜ੍ਹਾ ਕੀਤਾ ਹੈ। ਉਸ ਵਿਚ ਪਾਠਕ ਮਨ ਨੂੰ ਝੰਜੋੜ ਝ ਕੇ ਕੇ ਇਸਤਰੀ ਪ੍ਰਤੀ ਮਰਦ ਪ੍ਰਧਾਨ ਸਮਾਜ ਵਲੋਂ ਹੋ ਰਹੀ ਬੇਇਨਸਾਫ਼ੀ ਨੂੰ ਦੂਰ ਕਰਾਉਣ ਦੀ ਸ਼ਕਤੀ ਹੈ। ਦਾਰਸ਼ਨਿਕ ਤੇ ਮਨੋਵਿਗਿਆਨਕ ਪੱਖ ਤੋਂ ਇਹ ਉਸ ਦੀ ਸਭ ਤੋਂ ਵੱਡੀ ਦੇਣ ਹੈ। ਉਹ ਇਕ ਸੰਵੇਦਨਸ਼ੀਲ ਅਤੇ ਸੁਹਿਰਦ ਲੇਖਕਾ ਦੇ ਰੂਪ ਵਿਚ ਉਭਰੀ ਹੈ।

ਮੈਂ ਇਸ ਅਨੁਸਾਰ ਕੰਮ ਕੀਤਾ ਹੈ : 1. ਡਾ. ਦਲੀਪ ਕੌਰ ਟਿਵਾਣਾ ਦਾ ਜੀਵਨ ਤੇ ਸਾਹਿਤ ਪ੍ਰਤੀ ਵਿਚਾਰ, 2. ਪੰਜਾਬੀ ਨਾਵਲ (ਸਮਾਜਿਕ ਤੇ ਮਨੋਵਿਗਿਆਨ ਸੰਦਰਭਵਿਚ), 3. ਡਾ. ਦਲੀਪ ਕੌਰ ਟਿਵਾਣਾ ਦੇ ਨਾਵਲ (ਇਕ ਅਲੋਚਨਾਤਮਕ ਪੰਛੀ ਝਾਤ), 4. ਇਸਤਰੀ ਗਲਪ ਲੇਖਕ ਤੇ ਡਾ. ਦਲੀਪ ਕੌਰ ਟਿਵਾਣਾ, 5. ਡਾ. ਦਲੀਪ ਕੌਰ ਟਿਵਾਣਾ ਦੀ ਗਲਪ ਸਿਰਜਨਾ, 6. ਡਾ. ਦਲੀਪ ਕੌਰ ਟਿਵਾਣਾ ਦੀ ਕਹਾਣੀ ਕਲਾ ਤੇ ਅਨੁਭਵ, 7. ਡਾ. ਦਲੀਪ ਕੌਰ ਟਿਵਾਣਾ ਇਕ ਸਵੈ-ਜੀਵਨੀਕਾਰ।

ਮੈਂ, ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਦਾ ਰਿਣੀ ਹਾਂ ਜਿਨ੍ਹਾਂ ਨੇ ਡਾ. ਦਲੀਪ ਕੌਰ ਟਿਵਾਣਾ ਦਾ ਮੋਨੋਗ੍ਰਾਫ਼ ਲਿਖਣ ਦਾ ਕਾਰਜ ਮੈਨੂੰ ਸੌਂਪਿਆ ਹੈ। ਟਿਵਾਣਾ ਦੀ ਮਹਾਨ

ਸਾਹਿਤਕ ਦੇਣ ਨੂੰ ਥੋੜ੍ਹੇ ਵਿਚ ਸਮੋਣ, ਕੁੱਜੇ ਵਿਚ ਸਮੁੰਦਰ ਸਮੋਣ ਦੇ ਤੁਲ ਹੈ। ਮੈਂ ਯਤਨ ਕੀਤਾ ਹੈ ਕਿ ਉਸ ਦੇ ਜੀਵਨ, ਗਲਪ ਤੇ ਵਿਚਾਰ ਨੂੰ ਸੰਖੇਪ ਵਿਚ ਪੇਸ਼ ਕੀਤਾ ਜਾਵੇ। ਉਸ ਦੀ ਲੇਖਣੀ ਜੀਵਨ ਦੇ ਵੱਖੋ-ਵੱਖ ਧਰਾਤਲ ਤੇ ਰਮਜ਼ਾਂ ਨਾਲ ਭਰਪੂਰ ਹੋਣ ਕਰਕੇ ਅੰਤ੍ਰੀਵ ਵਿੱਚ ਪੁੱਜਣ ਲਈ ਕੇਵਲ ਇਹ ਛੋਟਾ ਜਿਹਾ ਯਤਨ ਉਸ ਦੇ ਵਿਸ਼ਾਲ ਸਾਗਰ ਵਿਚੋਂ ਕੇਵਲ ਇੱਕ ਅੱਧ ਮੋਤੀ ਹੀ ਢੂੰਡ ਸਕਿਆ ਹੈ। ਅਜੇ ਤਾਂ ਵਿਚਾਰਾਂ ਦੇ ਭੰਡਾਰ ਉਸੇ ਤਰ੍ਹਾਂ ਅਣ ਫਰੋਲੇ ਪਏ ਹਨ।

- **ਕੁਲਦੀਪ ਸਿੰ**

# ਡਾਕਟਰ ਦਲੀਪ ਕੌਰ ਟਿਵਾਣਾ ਦੇ ਜੀਵਨ ਤੇ ਵਿਚਾਰਾਧਾਰਾ 'ਤੇ ਝਾਤ

ਹਰ ਲੇਖਕ ਦੀ ਲੇਖਣੀ ਦੀਆਂ ਤੰਦਾਂ ਉਸ ਦੇ ਜੀਵਨ ਵਿਚੋਂ ਉਗਮਦੀਆਂ ਹਨ। ਉਹ ਆਪਣੇ ਸਾਹਿਤਕ ਜਗਤ ਦੀ ਸਿਰਜਨਾ ਕਰਦੇ ਸਮੇਂ ਆਪਣੀ ਰੂਹ ਉਸ ਵਿਚ ਸਮਾਵੇਸ਼ ਕਰ ਦੇਂਦਾ ਹੈ। ਉਸ ਦੇ ਕਣ ਕਣ ਵਿਚੋਂ ਉਸ ਦੀ ਧੜਕਣ ਅਨੁਭਵ ਹੁੰਦੀ ਹੈ। ਉਹ ਆਪਣੇ ਜਗਤ ਵਿਚ ਅਦਿੱਖ ਰੂਪ ਵਿਚ ਰਸਿਆ ਹੋਇਆ ਹੁੰਦਾ ਹੈ। ਉਸ ਦੀ ਹੋਂਦ ਕਿਸੇ ਨਾ ਕਿਸੇ ਰਪ ਵਿਚ ਪ੍ਰਗਟ ਹੋ ਜਾਂਦੀ ਹੈ।

ਸਾਹਿਤਕਾਰ ਦੇ ਸਿਰਜੇ ਸਾਹਿਤ ਜਗਤ ਵਿਚੋਂ ਉਸ ਦੀ ਹੋਂਦ ਨੂੰ ਪਹਿਚਾਣਨ ਲਈ ਉਸ ਦੇ ਜੀਵਨ ਦੇ ਮੁੱਖ ਪੱਖਾਂ ਤੇ ਝਾਤ ਪਾਉਣੀ ਅਵੱਸਕ ਹੋ ਜਾਂਦੀ ਹੈ ਜਿਸ ਰਾਹੀਂ ਉਸ ਦੇ ਸਿਰਜੇ ਜਗਤ ਦੇ ਹਰ ਕਣ ਦੀ ਹੋਂਦ ਦੀ ਪਹਿਚਾਣ ਹੁੰਦੀ ਹੈ ਅਤੇ ਉਸ ਦੀ ਲੇਖਣੀ ਦੀ ਆਤਮਾ ਤਕ ਪਹੁੰਚਣ ਲਈ ਮਾਰਗ ਲੱਭ ਜਾਂਦਾ ਹੈ।

ਡਾ. ਦਲੀਪ ਕੌਰ ਟਿਵਾਣਾ ਪੰਜਾਬੀ ਸਾਹਿਤ ਸਿਰਜਨਹਾਰਿਆਂ ਵਿਚ ਇਕ ਵਿਸ਼ੇਸ਼ ਸਥਾਨ ਰਖਦੀ ਹੈ। ਉਸ ਨੇ ਆਪਣੇ ਗਲਪ ਖੇਤਰ ਵਿਚ ਇਸਤਰੀ ਦੀ ਮਨੋਪੀੜਾ ਅਤੇ ਉਸ ਵੱਲੋਂ ਤ੍ਰਾਸਦਿਕ ਭਾਵਾਂ ਨੂੰ ਸਮਚੱਲ ਰੂਪ ਵਿਚ ਚਿਤਰਨ ਅਤੇ ਚਿਤਵਨ ਵਿਚ ਇਕ ਵੱਖਰੀ ਪਹਿਚਾਣ ਬਣਾ ਲਈ ਹੈ। ਇਸ ਪਹਿਚਾਣ ਨੂੰ ਸਥਾਪਤ ਕਰਨ ਵਿਚ ਉਸ ਦੀ ਸਾਹਿਤਕ ਸੁਹਿਰਦਤਾ ਅਤੇ ਸਾਹਿਤਕ ਸੂਝ ਨੇ ਮੁੱਖ ਭੂਮਿਕਾ ਨਿਭਾਈ ਹੈ। ਉਸ ਨੇ ਅਧਿਐਨ ਅਤੇ ਅਧਿਆਪਨ ਦੇ ਪੱਖ ਵਿਚ ਅੰਤਰ ਬੜੀ ਸੂਝ ਨਾਲ ਪਾਇਆ ਹੈ। ਇਸੇ ਕਰਕੇ ਹੀ ਉਸ ਦੀਆਂ ਗਲਪ ਰਚਨਾਵਾਂ ਕਿਸੇ ਬੋਧਿਕ ਭਾਰ ਹੇਠਾਂ ਦੱਬੀਆਂ ਹੋਈਆਂ ਨਹੀਂ।

ਉਸ ਨੇ ਆਪਣੀ ਲੇਖਣੀ ਦਾ ਆਰੰਭ ਨਿੱਕੀ ਕਹਾਣੀ ਤੋਂ ਕੀਤਾ। ਉਸ ਦੀਆਂ ਅੱਠ ਨਿੱਕੀ ਕਹਾਣੀ ਦੀਆਂ ਪੁਸਤਕਾਂ ਛਪ ਚੁੱਕੀਆਂ ਹਨ ਅਤੇ ਉਸ ਉਪਰੰਤ ਉਹ ਹੁਣ ਤਕ ਵੀਹ ਦੇ ਕਰੀਬ ਨਾਵਲ, ਨੰਗੇ ਪੈਰਾਂ ਦਾ ਸਫ਼ਰ (ਸਵੈ-ਜੀਵਨੀ), ਪੰਜ ਪ੍ਰਮੁੱਖ ਕਹਾਣੀਕਾਰ (ਅਲੋਚਨਾ), ਕਹਾਣੀ ਕਲਾ ਤੇ ਮੇਰਾ ਅਨੁਭਵ (ਅਲੋਚਨਾ) ਤੇ ਮੇਰੀ ਪ੍ਰਤੀਨਿਧ ਰਚਨਾ ਦੇ ਚੁੱਕੀ ਹੈ। ਉਸ ਦੀਆਂ ਰਚਨਾਵਾਂ ਗੁਣਾਤਮਕ ਪੱਖ ਤੋਂ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਵਿਸ਼ੇਸ਼ ਦੇ ਪ੍ਰਮੁੱਖ ਸਥਾਨ ਰਖਦੀਆਂ ਹਨ। ਉਸ ਦੀਆਂ ਰਚਨਾਵਾਂ ਜੀਵਨ ਦੀ ਨਿਰੀ ਵਿਆਖਿਆ ਹੀ ਨਹੀਂ ਸਗੋਂ ਆਪੇ ਦੀ ਪਹਿਚਾਣ ਵੱਲ ਦਿਸ਼ਾ ਨਿਰਧਾਰਤ ਵੀ ਕਰਦੀਆਂ ਹਨ।

ਟਿਵਾਣਾ ਨੇ ਆਪਣੀ ਸਵੈ-ਜੀਵਨੀ ਦਾ ਪਹਿਲਾ ਭਾਗ 'ਨੰਗੇ ਪੈਰਾਂ ਦਾ ਸਫ਼ਰ' ਦੇ ਨਾਮ ਹੇਠ ਲਿਖਿਆ ਹੈ। ਉਸ ਦੀ ਲੇਖਣੀ ਦੀ ਰੂਹ ਤਕ ਪੁੱਜਣ ਲਈ ਇਹ ਇਕ ਮਾਰਗ ਹੈ।

ਕੋਈ ਵੀ ਲੇਖਣੀ ਲੇਖਕ ਦੇ ਜੀਵਨ ਪੱਧਰ, ਉਸ ਦੇ ਆਲੇ-ਦੁਆਲੇ, ਉਸ ਦੀ ਸੋਚਣੀ, ਵਿਦਿਆ ਅਤੇ ਜੀਵਨ ਦੇ ਘੋਲ ਵਿਚੋਂ ਪ੍ਰਾਪਤ ਕੀਤੇ ਤਜਰਬੇ ਤੋਂ ਹੀ ਜਨਮਦੀ ਹੈ। ਇਹ ਸਭ ਕੁਝ ਜਾਣਨ ਤੋਂ ਬਾਅਦ ਹੀ ਉਸ ਦੇ ਸਿਰਜੇ ਸਾਹਿਤ ਦਾ ਮੁੱਲ ਪਾਇਆ ਜਾ ਸਕਦਾ ਹੈ।

'ਨੰਗੀ ਪੈਰਾਂ ਦਾ ਸਫਰ' ਵਿਚ ਉਸ ਨੇ ਆਪਣੇ ਜੀਵਨ ਦੀਆਂ ਵਿਸ਼ੇਸ਼ ਘਟਨਾਵਾਂ, ਆਪਣੇ ਜਨਮ, ਮਾਪਿਆਂ, ਵਿਦਿਆ, ਪਿੰਡ ਦਾ ਜੀਵਨ ਆਦਿ ਬਾਰੇ ਜਿਵੇਂ ਜਿਵੇਂ ਪੰਡੋਰਾ ਯਾਦਾਂ ਦੀ ਆਪਣੀ ਪਟਾਰੀ ਖੋਲ੍ਹਦੀ ਗਈ ਕਿਉਂ ਤਿਉਂ ਉਹ ਯਾਦਾਂ ਅੱਖਰਾਂ ਦਾ ਰੂਪ ਧਾਰ ਕੇ ਕਾਗਜ ਉਤੇ ਉੱਕਰੀਆਂ ਗਈਆਂ। ਭਾਵੇਂ ਇਸ ਪੁਸਤਕ ਵਿਚ ਜੀਵਨੀ ਸਾਹਿਤ ਵਾਂਗ ਇਕ ਲੜੀ ਵਿਚ ਪਰੁਚੀਆਂ ਯਾਦਾ ਨਹੀਂ, ਫਿਰ ਵੀ ਉਸ ਦਾ ਜੀਵਨ ਇਕ ਵਿਸ਼ਾਲ ਕੈਨਵਸ ਉਤੇ ਉੱਕਰਿਆ ਹੋਇਆ ਹੈ। ਇਸ ਕੈਨਵਸ ਉਤੇ ਇੰਨੀ ਯਾਦਾਂ ਰੂਪੀ ਚਿੱਤਰਾਂ ਦੀ ਭਰਮਾਰ ਹੈ ਕਿ ਉਨ੍ਹਾਂ ਛਿਣਾਂ ਨੂੰ ਫੜ ਕੇ ਸੰਖੇਪਤਾ ਵਿਚ ਵਰਣਨ ਕਰਨਾ ਕਠਨ ਹੈ। ਅਸਾਂ ਉਸ ਦੇ ਕੁਝ ਛਿਣਾਂ ਨੂੰ ਪਕੜਣ ਦਾ ਉਪਰਾਲਾ ਕੀਤਾ ਹੈ। ਇਸ ਦੇ ਨਾਲ ਹੀ ਉਸ ਨੇ ਸਾਹਿਤਕ ਸਵੈ-ਜੀਵਨੀ 'ਪੂਛਤੇ ਹੋ ਤੋ ਸੁਨੋ' ਵਿਚ ਜੀਵਨ ਦੀਆਂ ਕੁਝ ਕਾਤਰਾ ਅਤੇ ਸਾਹਿਤਕਤਾ ਬਾਰੇ ਵਿਚਾਰ ਪ੍ਰਗਟ ਕੀਤੇ ਹਨ।

ਟਿਵਾਣਾ ਨੇ ਆਪਣੀ ਸਵੈ-ਜੀਵਨੀ ਨੂੰ ਵੀ ਅਰਥ ਦਿੱਤੇ ਹਨ। ਜੀਵਨ ਨੰਗੇ ਪੈਰਾਂ ਦਾ ਸਫ਼ਰ ਹੈ।ਇਸ ਵਿਚ ਤੁਰਦਿਆਂ ਤੁਰਦਿਆਂ ਕਦੀ ਸੁਖਾਵੀਂ ਧਰਾਤਲ ਆ ਜਾਂਦੀ ਹੈ ਤੇ ਕਦੀ ਰੋੜਾਂ ਉਤੇ ਚਲਣਾ ਪੈ ਜਾਂਦਾ ਹੈ ਤੇ ਕਦੀ ਕਦੀ ਸੂਰਜ ਨਾਲ ਭਖਦੀ ਰੇਤਾ ਉਤੇ, ਜਿਸ ਨਾਲ ਕਦੀ ਪੈਰ ਛਿੱਲੇ ਜਾਂਦੇ ਹਨ ਅਤੇ ਕਦੀ ਛਾਲੇ ਉਤਰ ਕੇ ਰਿਸਣ ਲੱਗ ਜਾਂਦੇ ਹਨ। ਪਾਧੀ ਕਦੀ ਸੁਖ ਅਨੁਭਵ ਕਰਦਾ ਹੈ ਅਤੇ ਕਦੀ ਪੈਰਾਂ ਤੇ ਪਏ ਛਾਲਿਆਂ ਨਾਲ ਉਸ ਦਾ ਆਪਾ ਕੁਰਲਾ ਉਠਦਾ ਹੈ। ਉਸ ਦੇ ਮਨ ਦਰਪਣ ਤੋਂ ਉਪਜੀਆਂ ਚੀਸਾਂ ਕਈ ਰੂਪ ਧਾਰ ਲੈਂਦੀਆਂ ਹਨ ਜਿਸ ਨੂੰ ਉਹ ਜੀਵਨ ਵਿਚ ਆਪਣੇ ਅੰਦਰ ਹੀ ਹੰਢਾਉਂਦਾ ਹੈ। ਉਹ ਦਾ ਵਿਸ਼ਾਲ ਹਿਰਦਾ ਇਨ੍ਹਾਂ ਚੀਸਾਂ ਦੀ ਹਵਾੜ੍ਹ ਚਿਹਰੇ ਤਕ ਪੁੱਜਣ ਨਹੀਂ ਦੇਂਦਾ। ਜਦੋਂ ਉਸ ਦੀਆਂ ਚੀਸਾ ਮਨ ਮੰਦਰ ਵਿਚ ਹੀ ਰਿਸਕ ਕੇ ਭਾਵਕਤਾ ਦੇ ਰੂਪ ਧਾਰਨ ਕਰ ਲੈਂਦੀਆਂ ਹਨ ਤਾਂ ਉਹ ਉਨ੍ਹਾਂ

ਦਾ ਸਾਧਾਰਨੀਕਰਣ ਕਰ ਦੇਂਦਾ ਹੈ। ਉਹ ਲੋਕ ਦਰਦ ਹੋ ਨਿਬੜਦੀਆਂ ਹਨ। ਕੁਝ ਇਸ ਤਰ੍ਹਾਂ ਦੇ ਵੀ ਜੀਵਨ ਅਨੁਭਵ ਹਨ। ਦਲੀਪ ਕੌਰ ਟਿਵਾਣਾ ਦਾ ਵਨੰਗੇ ਪੈਰਾਂ ਦਾ ਸਫਰ' ਉਹ ਆਪਣੀ ਸਵੈ-ਜੀਵਨੀ ਨੂੰ ਸਮਰਪਤ ਵੀ ਉਨ੍ਹਾਂ ਲੋਕਾਂ ਨੂੰ ਕਰਦੀ ਹੈ ਜਿਹੜੇ ਇਤਿਹਾਸ ਨੂੰ ਆਪਣੇ ਪਿੰਡਿਆਂ ਉਤੇ ਲਿਖਿਆ ਜਾਣਾ ਜਰਦੇ ਹਨ।

ਟਿਵਾਣਾ ਨੇ ਇਸ ਸੰਸਾਰ ਯਾਤਰਾ ਦਾ ਆਰੰਭ 4 ਮਈ, 1935 ਨੂੰ ਪਿੰਡ ਰਹੇ, ਜ਼ਿਲ੍ਹਾ ਲੁਧਿਆਣਾ ਤੋਂ ਕੀਤਾ। ਦਲੀਪ ਕੌਰ ਦੇ ਪਿਤਾ ਦਾ ਨਾਮ ਕਾਕਾ ਸਿੰਘ ਅਤੇ ਮਾਤਾ ਚੰਦ ਕੌਰ ਸੀ। ਉਸ ਅਨੁਸਾਰ ਬੱਚੇ ਮਾਪਿਆ ਦੀ ਦੇਣ ਨਹੀਂ ਹੁੰਦੇ ਸਗੋਂ ਬੱਚੇ ਦੀ ਰੂਹ ਮਾਪੇ ਚੁਣਦੀ ਹੈ। ਉਸ ਦੀ ਰੂਹ ਨੇ ਇਹ ਮਾਪੇ ਕਿਉਂ ਚੁਣੇ? ਸਿਆਣੇ ਲੋਕ ਇਸ ਨੂੰ ਧਰਮ ਈ ਆਖਕੇ ਸੁਰਖਰੂ ਹੋ ਜਾਂਦੇ ਨੇ ਪਰ ਕਰਮਗਰੀ ਕਿਤੋਂ ਤਾਂ ਤੁਰਦੀ ਹੋਵੇਗੀ। ਖੈਰ ਉਹ ਦੀ ਰੂਹ ਨੇ ਜਿਹੜੀ ਮਾਂ ਚੁਣੀ ਸੀ ਉਹ ਸੰਸਾਰੀ ਹੁੰਦਿਆਂ ਹੋਇਆ ਵੀ ਭਗਤਣੀ ਸੀ। ਲੋਕ ਨਾਲੋਂ ਪਰਲੋਕ ਦੇ ਵਿਚਾਰਾਂ ਵਿਚ ਗੁਆਚੀ ਹਮੇਸ਼ਾਂ ਅੱਗਾ ਸਵਾਰਨ ਦੇ ਆਹਰ ਵਿਚ ਲੱਗੀ ਰਹਿੰਦੀ। ਲੋਕ ਨਾਲੋਂ ਮੋਹ ਭੰਗ ਹੋਣ ਦੇ ਉਹਦੇ ਆਪਣੇ ਕਾਰਨ ਹੋਣਗੇ। ਉਹ ਮੈਂ ਨਹੀਂ ਜਾਣਦੀ। ਸ਼ਾਇਦ ਉਹ ਵੀ ਨਹੀਂ ਸੀ ਜਾਣਦੀ।

ਤੇ ਪਿਓ ? ਪਿਓ ਸਰਦਾਰ ਸੀ - ਸਚੀ ਮੁੱਚੀ ਦਾ ਸਰਦਾਰ। ਉਹਦੀ ਇਕੋ ਇਕ ਦਿਲਚਸਪੀ ਸੀ - ਸ਼ਰਾਬ

ਇਉਂ ਆਪੇ ਆਪਣੇ ਰਾਹ ਤੁਰਦੇ ਉਹ ਬੱਚਿਆਂ ਨੂੰ ਤਾਂ ਜਿਵੇਂ ਭੁੱਲ ਹੀ ਗਏ ਸਨ। ਉਂਜ ਬੱਚਿਆਂ ਲਈ ਘਰ ਵਿਚ ਘਾਟਾ ਹੀ ਕਾਹਦਾ ਸੀ।

ਉਸ ਨੂੰ ਛੋਟੀ ਉਮਰੇ ਹੀ ਫੁੱਫੜ ਵੱਲੋਂ ਗੋਦ ਲੈ ਲਿਆ ਗਿਆ। ਉਹ ਆਪਣੀ ਸਾਹਿਤਕ ਸਵੈ-ਜੀਵਨੀ ਦੇ ਪਹਿਲੇ ਕਾਂਡ ਵਿਚ ਲਿਖਦੀ ਹੈ -

ਆਖਦੇ ਨੇ ਰਿੜ੍ਹਨ ਤੋਂ ਅਜੇ ਮਸਾਂ ਖੜ੍ਹਣ ਹੀ ਲੱਗੀ ਸੀ ਜਦੋਂ ਵੱਡੀ ਭੂਆ ਨੇ ਆ ਵਾਸਤਾ ਪਾਇਆ ਕਿ ਇਹ ਬੇਟੀ ਮੈਨੂੰ ਦੇ ਦਿਉ। ਬਾਬਾ ਜੀ ਨੇ ਨਾਂਹ ਕਰ ਦਿੱਤੀ। ਕੋਈ ਆਪਣੀਆਂ ਧੀਆਂ ਵੀ ਕਿਸੇ ਨੂੰ ਦਿੰਦਾ ਹੁੰਦੈ।

ਭੂਆ ਨੇ ਰੋ ਕੇ ਦਸਿਆ, ਦੋ ਵਿਆਹ ਸਰਦਾਰ ਨੇ ਪਹਿਲੇ ਕੀਤੇ ਹੋਏ ਨੇ ਤੇ ਉਲਾਦ ਦੇ ਮਾਰੇ ਨੇ ਤੀਜਾ ਕਰ ਲੈਣਾ ਐ ਇਸ ਕਰਕੇ ਉਸ ਨੂੰ ਭੂਆ ਨੂੰ ਦੇ ਦਿੱਤਾ ਗਿਆ।

ਉਹ ਅਪਣੀ ਜੁਦਾਈ ਵੇਲੇ ਮਾਂ ਦੀ ਮਨੋਦਸ਼ਾ ਬਾਰੇ ਲਿਖਦੀ ਹੈ। ਜਿਸ ਕਾਰ ਵਿਚ ਭੂਆ ਜੀ ਪਿੰਡ ਤੋਂ ਲੈ ਕੇ ਆਏ ਮਾਂ ਬਹੁਤ ਦੇਰ ਤਕ ਮਸਤ ਖੜ੍ਹੀ ਉਸ ਕਾਰ ਨੂੰ ਜਾਂਦੀ ਵੇਖਦੀ ਰਹੀ। ਸ਼ਕੁੰਤਲਾ ਜਦੋਂ ਘਰੋਂ ਗਈ ਸੀ ਉਦਾਸ ਕਣਵ ਰਿਸ਼ੀ ਵੀ ਹੋਇਆ ਸੀ।

ਭੂਆ ਜੀ ਹੁਣ ਉਹ ਦੀ ਬੇਜੀ ਸਨ । ਫੁੱਫੜ ਦੀ ਪਹਿਲੀ ਵਹੁਟੀ ਉਹਦੇ ਵੱਡੇ ਬੋਜੀ ਸਨ। ਉਸ ਮਾਂ ਦੀ ਮਨੋਦਸ਼ਾ ਦਾ ਅਨੁਮਾਨ ਲਾਵੋ ਜਿਸ ਦੀ ਕੂੰਜ ਵਰਗੀ ਧੀ ਉਸ ਤੋਂ ਵਿੱਛੜ ਗਈ। ਉਸ ਦੀ ਮਾਂ ਇਸ ਗੱਲ ਨੂੰ ਸਹਿ ਗਈ। ਉਸ ਨੇ ਪਤੀ ਦੀ ਭੈਣ ਦਾ ਘਰ ਉੱਜੜਣ ਤੋਂ ਬਚਾ ਲਿਆ ਸੀ।

ਭੂਆ ਦੇ ਘਰ ਦਾ ਵਾਤਾਵਰਣ ਉਸ ਲਈ ਵੱਖਰਾ ਸੀ। ਅਠਾਰਾਂ ਵੀਹ ਕਮਰਿਆਂ ਦੀ ਵੱਡੀ ਕੋਠੀ ਵਿਚ ਵਾਕਫਾਂ, ਰਿਸ਼ਤੇਦਾਰਾਂ, ਇਲਾਕੇ ਦੇ ਲੋਕ, ਕੰਮ ਕਰਵਾਉਣ ਵਾਲਿਆ, ਸਿਫ਼ਾਰਸ਼ ਲਗਵਾਉਣ ਵਾਲਿਆਂ ਤੋਂ ਬਿਨਾਂ ਚਾਰ, ਪੰਜ ਨੋਕਰਾਂ, ਰਿਸ਼ਤੇਦਾਰਾਂ ਤੇ ਕਾਲਜ, ਸਕੂਲਾਂ ਵਿਚ ਪੜ੍ਹਦੇ ਕਈ ਬੱਚਿਆਂ ਨਾਲ ਹਰ ਵੇਲੇ ਗਹਿਮਾ ਗਹਿਮ ਰਹਿੰਦੀ।

ਇਥੇ ਨਾ ਕੋਈ ਪਿਆਰਾ ਸੀ ਨਾ ਦੁਪਿਆਰਾ। ਸਭ ਹੀ ਆਪਣੇ ਤੇ ਸਭ ਹੀ ਬੇਗਾਨੇ। ਘਰ ਵਿਚ ਬਹੁਤ ਕੀਮਤੀ ਚੀਜ਼ਾਂ ਸਨ। ਕਸ਼ਮੀਰੀ ਸੋਵੇ, ਪਰਸ਼ੀਅਨ ਕਾਲੀਨ, ਜਰਮਨ ਪੇਂਟਿੰਗ, ਇਟਾਲੀਅਨ ਆਦਮ ਕੱਦ ਸ਼ੀਸ਼ੇ, ਵਲੈਤੀ ਝਾੜ ਫਨੂਸ, ਟੀ ਸੈੱਟ, ਡਿਨਰ ਸੈਟ, ਕਾਰਵਿੰਗ ਵਾਲੀਆਂ ਅਲਮਾਰੀਆਂ, ਸੈਂਟ ਦੀਆਂ ਸ਼ੀਸ਼ੀਆਂ ਭਰੇ ਲਕੜੀ ਦੇ ਡਬੇ, ਜਾਪਾਨੀ ਪੜਦੇ ਤੇ ਦੁਨੀਆਂ ਭਰ ਦੀਆਂ ਅੰਗਰੇਜ਼ੀ ਕਿਤਾਬਾਂ। ਇਨ੍ਹਾਂ ਚੀਜ਼ਾਂ ਵਿਚ ਇਕ ਚੀਜ਼ ਮੈਂ ਵੀ ਸੀ ਕਿਸੇ ਚੀਜ਼ ਵੱਲ ਕੋਈ ਉਚੇਚਾ ਧਿਆਨ ਨਹੀਂ ਦਿੱਤਾ ਜਾਂਦਾ ਸੀ ।

ਦਲੀਪ ਕੌਰ ਦਾ ਪਹਿਲਾਂ ਆਰੰਭ ਵਿਚ ਪੜ੍ਹਾਈ ਵਿਚ ਦਿਲ ਨਹੀਂ ਲੱਗਾ। ਉਹ ਪਹਿਲੇ ਦਿਨ ਹੀ ਸਕੂਲ ਛੱਡ ਕੇ ਘਰ ਬੈਠ ਗਈ।

ਪਹਿਲੇ ਹੀ ਦਿਨ ਸਕੂਲ ਜਾਣ ਮਗਰੋਂ ਉਸ ਆਖਿਆ ਸਕੂਲ ਨਹੀਂ ਜਾਣਾ। ਉਸ ਨੇ ਨਹੀਂ ਪੜ੍ਹਨਾ। ਘਰ ਦਾ ਵਾਤਾਵਰਣ ਜਾਗੀਰਦਾਰੀ ਪ੍ਰਥਾ ਵਾਲਾ ਸੀ ਇਸ ਕਰਕੇ ਉਹ ਚੁਪ ਰਹੇ। ਕਿਸੇ ਨੇ ਝਿੜਕਿਆ ਨਹੀਂ, ਮਾਰਿਆ ਨਹੀਂ।

ਇਕ ਸਾਲ, ਦੋ ਸਾਲ, ਤਿੰਨ ਸਾਲ ਉਹਦੀ ਪੜ੍ਹਨ ਦੀ ਉਮਰ ਜਾ ਰਹੀ ਸੀ। ਫਿਰ ਜਗਦੀਪ ਕੌਰ ਭੈਣ ਜੀ ਉਹਨੂੰ ਪੜਾਉਣ ਆਉਣ ਲੱਗੇ। ਕਾਲੇ ਸ਼ੀਸ਼ਿਆਂ ਵਾਲੀ ਕਾਰ ਉਨ੍ਹਾਂ ਨੂੰ ਲੈ ਕੇ ਆਉਂਦੀ। ਕਾਲੇ ਸ਼ੀਸ਼ਿਆਂ ਵਾਲੀ ਕਾਰ ਉਨ੍ਹਾਂ ਨੂੰ ਛੱਡ ਕੇ ਆਉਂਦੀ । ਬਹੁਤ ਸਹੁਣੇ ਸਨ ਜਗਦੀਪ ਕੌਰ ਭੈਣ ਜੀ। ਬਹੁਤ ਸੋਹਣੀ ਉਨ੍ਹਾਂ ਕੋਲੋਂ ਖ਼ੁਸ਼ਬੋ ਆਉਂਦੀ ਰਹਿੰਦੀ ਤੇ ਉਨ੍ਹਾਂ ਨੂੰ ਸੁਪਾਰੀਆਂ ਖਾਣ ਦੀ ਆਦਤ ਸੀ। ਉਨ੍ਹਾਂ ਆਖਿਆ ਪੜ੍ਹਿਆ ਕਰ ਤੇ ਉਹ ਮੰਨ ਗਈ। ਇਕ

ਸਾਲ ਉਨ੍ਹਾਂ ਨੇ ਪੜ੍ਹਾਇਆ ਤੇ ਪੰਜਵੀਂ ਜਮਾਤ ਦਾ ਇਮਤਿਹਾਨ ਦਿਵਾ ਦਿੱਤਾ। ਪਾਸ ਹੋਣ ਉਪਰੰਤ ਉਹ ਤੇ ਬੇਜੀ ਉਹਨੂੰ ਛੇਵੀਂ ਜਮਾਤ ਵਿਚ ਵਿਕਟੋਰੀਆ ਸਕੂਲ ਦਾਖਲ ਕਰਵਾ ਆਏ। ਵਿਕਟੋਰੀਆ ਸਕੂਲ ਕੋਲ ਹੀ ਉਨ੍ਹਾਂ ਦਾ ਘਰ ਸੀ। ਵੱਡੇ ਸਾਰੇ ਦਰਵਾਜ਼ੇ ਵਾਲਾ ਵੱਡਾ ਸਾਰਾ ਘਰ, ਘਰ ਵਿਚ ਇਕ ਉਨ੍ਹਾਂ ਦਾ ਕਮਰਾ ਸੀ । ਬੂਹੇ ਬਾਰੀਆਂ ਉਪਰ ਪਰਦੇ ਲੱਗੇ ਹੋਏ ਸਨ। ਹੇਠਾਂ ਦਰੀ ਵਿਛੀ ਹੋਈ ਸੀ। ਦੋ ਪਲੰਘ ਸਨ । ਇਕ ਪਾਸੇ ਦੀ ਪੂਰੀ ਕੰਧ ਵਿਚ ਸ਼ੀਸ਼ਿਆਂ ਵਾਲੀਆਂ ਅਲਮਾਰੀਆਂ ਸਨ ਤੇ ਉਹ ਕਿਤਾਬਾਂ ਨਾਲ ਭਰੀਆਂ ਹੋਈਆਂ ਸਨ।

ਉਸ ਦੇ ਅੰਦਰਲੀ ਗਿਆਨ ਪ੍ਰਾਪਤੀ ਦੀ ਭੁੱਖ ਨੂੰ ਜਗਦੀਪ ਕੌਰ ਭੈਣ ਜੀ ਨੇ ਜਗਾਇਆ। ਪੜ੍ਹਨ ਲਿਖਣ ਲਈ ਉਸ ਦੀ ਮਨਮੋਹਣੀ ਸ਼ਖ਼ਸੀਅਤ ਨੇ ਉਸ ਦੇ ਅੰਦਰ ਉਤਸ਼ਾਹ ਜਗਾ ਦਿੱਤਾ। ਉਹ ਛੋਟੀ ਉਮਰ ਵਿਚ ਹੀ ਸਾਹਿਤਕ ਪੁਸਤਕਾਂ ਪੜ੍ਹਨ ਲੱਗ ਪਈ। ਹਫ਼ਤੇ ਲਈ ਇਕ ਕਿਤਾਬ ਮਿਲਦੀ ਹੁੰਦੀ ਸੀ ਪਰ ਉਹ ਦੋ ਕਿਤਾਬਾਂ ਪੜ੍ਹ ਲੈਂਦੀ। ਆਪਣੀ ਕਿਤਾਬ ਪੜਕੇ ਉਹ ਦਸਰੇ ਵਿਦਿਆਰਥੀਆਂ ਤੋਂ ਉਹਦੀ ਕਿਤਾਬ ਮੰਗ ਲੈਂਦੀ ਅਤੇ ਇਸ ਦੇ ਬਦਲੇ ਉਹ ਘਰੋਂ ਜੋ ਚੀਜ਼ ਖਾਣ ਲਈ ਲਿਆਉਂਦੀ ਉਸ ਨੂੰ ਵਿਚੋਂ ਖਾਣ ਲਈ ਦੇ ਦਿੰਦੀ।

ਉਨ੍ਹਾਂ ਸਾਲਾਂ ਵਿਚ ਉਸ ਬਹੁਤ ਪੁਸਤਕਾਂ ਪੜ੍ਹੀਆਂ। ਕਿਤਾਬਾਂ ਦੀ ਦੁਨੀਆਂ ਉਹ ਦੇ ਨਾਲੋਂ ਵਧੇਰੇ ਸਾਰਥਿਕ ਸੀ। ਉਸ ਦੀ ਜ਼ਿੰਦਗੀ ਵਿਚ ਵੱਡੇ ਹੋਇਆ ਕਈ ਝੱਖੜ ਝੂਲੇ, ਕਈ ਹਾਦਸੇ ਵਾਪਰੇ, ਕੱਚੀ ਉਮਰ, ਸੁਹਲ ਸਰੀਰ, ਅਮੀਰਜ਼ਾਦੀ ਉਹ ਕਿਥੇ ਏਨਾ ਕੁਝ ਜਰਨ ਜੋਗੀ ਸੀ । ਤਨੋ ਮਨੋ ਟੁੱਟ ਜਾਂਦੀ, ਬਿਖਰ ਜਾਂਦੀ, ਜੇ ਦੂਰ ਕਿਧਰੇ ਮਨ ਦੀਆਂ ਗਹਿਰਾਈਆਂ ਵਿਚ ਕਿਤਾਬਾਂ ਦੀ ਦੁਨੀਆਂ ਦੇ ਸੱਚ ਵਿਚ ਉਹ ਪਨਾਹ ਨਾ ਲੈ ਸਕਦੀ ਹੁੰਦੀ। ਉਹ ਆਪਣੇ ਨਾਲ ਵਾਪਰਦੀ ਰਹੀ ਹਰ ਗੱਲ ਗੈਰ ਹਾਜ਼ਰ ਹੋ ਕੇ ਬਰਦਾਸ਼ਤ ਕਰ ਲੈਂਦੀ। ਕੋਈ ਹੋਰ ਬਣ ਕੇ ਆਪਣੇ ਨਾਲ ਸਭ ਕੁਝ ਹੁੰਦਾ ਵੇਖਦੀ ਰਹਿੰਦੀ।

ਪੁਸਤਕਾਂ ਨੇ ਉਸ ਨੂੰ ਵਿਸ਼ਾਲਤਾ ਦਿੱਤੀ, ਖਿਮਾਂ ਕਰਨ ਤੇ ਸਭ ਵਧੀਕੀਆਂ ਭੁੱਲਣ ਦੀ ਸ਼ਕਤੀ ਦਿੱਤੀ। ਗਿਆਨ ਉਸ ਦੀ ਸੋਚਣੀ ਨੂੰ ਵਿਸ਼ਾਲਤਾ ਦੇਂਦਾ ਗਿਆ। ਉਸ ਨੂੰ ਇਸ ਨੇ ਆਪਣੀ ਹੋਂਦ ਬਾਰੇ ਚੇਤਨਤਾ ਦਿਵਾਈ।

ਉਸ ਦਾ ਆਪਾ ਪਹਿਲੇ ਪੰਜ ਛੇ ਸਾਲਾਂ ਵਿਚ ਪ੍ਰਫੁਲੱਤ ਹੁੰਦਾ ਹੈ। ਫੁੱਫੜ ਵੱਲੋਂ ਗੋਦ ਲੈਣ ਕਰਕੇ ਉਸ ਸਿਆਸਤ ਪਟਿਆਲਾ ਦੇ ਉਚੇ ਅਹਿਲਕਾਰ ਦੇ ਘਰ ਰਹਿਣਾ ਅਤੇ ਜਾਗੀਰਦਾਰੀ ਵਾਤਾਵਰਣ ਵਿਚ ਪਲਰਨ ਤੇ ਵੀ ਉਸ ਦੇ ਸੁਭਾਅ ਵਿਚ ਜਾਗੀਰਦਾਰੀ ਹੈਂਕੜ ਨਹੀਂ ਆਈ। ਇਸ ਦਾ ਕਾਰਨ ਉਸ ਦੀ ਦਾਦੀ ਦੀ ਸਿੱਖਿਆ ਸੀ। ਉਸ ਦੇ ਦਾਦੀ ਪਿੰਡ ਦੇ ਅਤੇ ਜਾਗੀਰਦਾਰੀ ਜੀਵਨ ਵਿਚ ਇਕ ਪੁਲ ਦਾ ਕਾਰਲ ਨਿਭਾਉਂਦੇ ਸਨ। ਉਨ੍ਹਾਂ ਉਸ ਨੂੰ

ਪਿੰਡਾਂ ਦੇ ਜੀਵਨ ਨਾਲੋਂ ਨਹੀਂ ਟੁੱਟਣ ਦਿੱਤਾ। ਇਹੋ ਕਾਰਨ ਹੈ ਕਿ ਉਸ ਨੇ ਆਪਣੇ ਪਿੰਡ ਰੱਬੋ ਨੂੰ ਆਪਣੇ ਕਈ ਨਾਵਲਾਂ ਵਿਚ ਚਿਤਰਿਆ ਹੈ। ਖਾਸ ਕਰਕੇ ਉਸ ਦੇ ਨਾਵਲ 'ਅਗਨੀ ਪ੍ਰੀਖਿਆ', 'ਏਹੁ ਹਮਾਰਾ ਜੀਵਣਾ' ਅਤੇ 'ਦੂਸਰੀ ਸੀਤਾ' ਵਿਚ ਇਸ ਪਿੰਡ ਦੇ ਦੁਖ ਦਿਖਾਈ ਦਿੰਦੇ ਹਨ। ਉਸ ਨੇ ਇਸ ਪਿੰਡ ਦੀ ਵਾਸਤਵਿਕਤਾ ਦਾ ਹਵਾਲਾ ਆਪਣੀ ਸਵੈ-ਜੀਵਨੀ ਵਿਚ ਵੀ ਦਿੱਤਾ ਹੈ। ਉਸ ਨੇ ਕੁਝ ਸ਼ਬਦਾਂ ਨਾਲ ਹੀ ਇਸ ਪਿੰਡ ਨੂੰ ਸਾਕਾਰ ਕਰ ਦਿੱਤਾ ਹੈ। ਉਸ ਅਨੁਸਾਰ :

ਨਿੱਕੇ ਜਿਹੇ ਇਸ ਰੱਬ ਨਾਂ ਦੇ ਪਿੰਡ ਤਕ ਨਾ ਕੋਈ ਸੜਕ ਪਹੁੰਚਦੀ ਸੀ, ਨਾ ਕੋਲੋਂ ਲੰਘਦੀ ਨਹਿਰ ਦਾ ਪਾਣੀ। ਨਾ ਇਥੇ ਕੋਈ ਸਕੂਲ ਸੀ ਨਾ ਪੰਚਾਇਤ ਘਰ। ਸਰਧੀ ਖਤ ਰਾਣੀ ਦੀ ਤੇ ਲੇਖੂ ਬਾਣੀਏ ਦੀਆਂ ਬੱਸ ਦੋ ਹੱਟੀਆਂ ਸਨ ਜਿਥੋਂ ਲੂਣ, ਮਿਰਚਾਂ, ਰੰਗ ਤੇ ਪਤਾਸੇ ਆਦਿਕ ਮਿਲ ਜਾਂਦੇ ਹਨ। ਗਿਆਨ ਦਾਸ ਦਾ ਡੇਰਾ, ਸ਼ਹੀਦਾਂ ਦੀ ਮਟੀ ਤੇ ਹਲਟੀ ਵਾਲਾ ਗੁਰਦੁਆਰਾ ਇਸ ਪਿੰਡ ਦੇ ਦੁਖਦੇ-ਸੁਖਦੇ ਜਾਣ ਵਾਲੀਆਂ ਥਾਵਾਂ ਸਨ। ਬਾਬੇ ਸੰਤੇ ਨਾਈ ਦੀਆਂ ਪੁੜੀਆਂ, ਕਪੂਰੀ, ਝਿਊਰ ਦਾ ਹਥੌਲਾ, ਜੁਆਕਾਂ ਦੇ ਖੰਘ ਤਾਪ ਤੇ ਦੁਖਦੀਆਂ ਅੱਖਾਂ ਦੇ ਇਲਾਜ ਸਨ, ਨਾ ਪਿੰਡ ਵਿਚ ਅਜੇ ਤਕ ਕੋਈ ਖੂਨ ਹੋਇਆ ਸੀ ਨਾ ਇਥੇ ਕਦੇ ਠਾਣਾ ਉਤਰਿਆ ਸੀ। ਹਰਿਦੁਆਰ ਫੁੱਲ ਪਾਉਣ, ਪਹੋਏ ਨਹਾਉਣ ਤੋਂ ਦੇਵੀ ਦੀ ਸੁਖ ਦੇਣ ਲੋਕੀ ਬਿਸ਼ਨੇ ਪਰੋਹਤ ਦੀ ਸਲਾਹ ਲੈ ਕੇ ਪੀਪੀਆਂ ਵਿਚ ਪੰਜੀਰੀ ਪਾ ਕੇ ਲੱਕ ਨਾਲ ਰੁਪਈਏ ਬੰਨ, ਸੰਗ ਬਣਾ ਕੇ ਜਾਂਦੇ। ਉਥੋਂ ਮੁੜਦੇ ਗਾਨੀਆਂ, ਗੰਗਾ ਜਲ ਤੇ ਖਿੱਲਾਂ ਲੈ ਕੇ ਆਉਂਦੇ। ਇਹ ਪਿੰਡ ਸਾਧਾਰਨ ਪਿੰਡਾਂ ਵਰਗਾ ਇਕ ਪਿੰਡ ਸੀ। ਇਹ ਈਰਖਾ ਬਖੀਲੀ ਤੋਂ ਰਹਿਤ ਸੀ ਇਸੇ ਕਰਕੇ ਇਥੇ ਦੂਸਰੇ ਪਿੰਡਾਂ ਵਾਂਗ ਕਿਸੇ ਦੀ ਹੱਤਿਆ ਨਹੀਂ ਕੀਤੀ ਗਈ। ਹੱਟੀਆਂ ਗੁਰਦੁਆਰਾ, ਦਵਾ ਦਾਰੂ ਲੋਕਾਂ ਦੇ ਨਿਸਦੇ ਨਾਲ ਹੀ ਹੁੰਦਾ ਸੀ। ਗੰਗਾ ਇਸ਼ਨਾਨ ਦਾ ਮਹੱਤਵ ਸੀ।

ਟਿਵਾਣਾ ਦਰਸਾਉਂਦੀ ਹੈ ਕਿ ਉਸ ਦੇ ਜੀਵਨ "ਜਾਗੀਰਦਾਰੀ" ਅਤੇ "ਪਰਜਾ" ਨੂੰ ਜੀਵਿਆ ਅਤੇ ਇਨ੍ਹਾਂ ਦੀਆਂ ਰਹਿਣੀਆਂ ਨੇ ਉਸ ਦੀ ਵਿਚਾਰਧਾਰਾ ਅਤੇ ਜੀਵਨ ਸਿਧਾਂਤ ਨੂੰ ਉਸਾਰਿਆ। ਉਹ ਆਪਣੇ ਦਾਦਾ ਹਜੂਰ ਸਿੰਘ ਬਾਰੇ ਵੀ ਵਿਸ਼ੇਸ਼ ਵਰਣਨ ਕਰਦੀ ਹੈ। ਉਹ ਤਗੜਾ ਜ਼ਿਮੀਦਾਰ ਸੀ। ਸਾਰੇ ਪਿੰਡ ਵਿਚ ਉਸ ਦਾ ਪ੍ਰਭਾਵ ਸੀ। ਉਸ ਦੀ ਇਕ ਧੀ ਪਟਿਆਲੇ ਦੇ ਰਜਵਾੜੇ ਖ਼ਾਨਦਾਨ ਵਿਚ ਵਿਆਹੀ ਹੋਈ ਸੀ। ਉਸੇ ਭੂਆ ਨੇ ਹੀ ਲੇਖਿਕਾ ਨੂੰ ਗੋਦ ਲਿਆ ਸੀ ਅਤੇ ਉਸ ਦੇ ਘਰ ਵਿਚ ਹੀ ਉਹਦੀ ਲਿਖਾਈ ਪੜ੍ਹਾਈ ਅਤੇ ਪਾਲਣ ਪੋਸ਼ਣ ਹੋਇਆ ਸੀ।

ਉਸ ਦਾ ਦਾਦਾ ਜਾਗੀਰਦਾਰੀ ਕੁਰੀਤੀਆਂ ਤੋਂ ਬਹੁਤ ਦੂਰ ਸੀ। ਨਾ ਤਾਂ ਉਹ ਸ਼ਰਾਬ ਪੀਂਦਾ ਸੀ ਅਤੇ ਨਾ ਹੀ ਕੋਈ ਹੋਰ ਜਾਗੀਰਦਾਰੀ ਵਾਲੇ ਵੇਲ। ਉਹ ਬੜਾ ਸਾਊ ਅਤੇ ਘਰ ਬਣਾਉਣ ਵਾਲਾ ਵਿਅਕਤੀ ਸੀ । ਉਹ ਆਪਣੀ ਇਜ਼ਤ ਖਾਤਰ ਵਿਆਹ ਸ਼ਾਦੀਆਂ ਤੇ ਦਿਲ ਖੋਲ੍ਹ ਕੇ ਖਰਚ ਕਰਦਾ। ਉਹ ਬ੍ਰਾਹਮਣਾਂ ਤੇ ਕਹੇ ਸੋਨਾ ਵੀ ਦਾਨ ਕਰ ਦੇਂਦਾ ਪਰ ਘਰ ਵਿਚ ਬਹੁਤ ਘਟ ਖਰਚਾ ਕਰਦਾ। ਉਸ ਦਾ ਚਰਿਤਰ ਲੇਖਿਕਾ ਨੇ ਇਸ ਤਰ੍ਹਾਂ ਆਪਣੇ ਨਾਵਲ ਵਿਚ ਪਾਤਰਾਂ ਰਾਹੀਂ ਵੀ ਚਿਤਰਿਆ ਹੈ।

*"ਅਸਲ ਵਿਚ ਮਹਾਜਨ ਵਰਗਾ ਹੇ ਚਾਚਾ। ਘਰ ਤੇ,*

*ਵਿਆਹ ਤੇ ਮਹਾਜਨਾਂ ਵਾਂਗ ਦਿਲ ਖੋਲ੍ਹ ਕੇ ਪੈਸਾ ਲਾਇਐ।"*

ਬਾਕੀ ਥਾਮੀਂ ਚੀਪੜ ਐ। ਬਾਕੀ ਹਾਂ ਜੇ ਬਿਸ਼ਨਾ ਪਰੋਹਤ ਆਖਦੇ, ਬਈ ਗਰਹੂ ਦਾ ਸਮਾਂ ਆ ਰਿਹੈ, ਸੋਨੇ ਦੀ ਗਊ ਪੁੰਨ ਕਰਾਦੇ, ਸਹੁੰ ਮੈਨੂੰ ਗਊ ਦੀ ਉਹ ਸੋਨੇ ਦੀ ਗਊ ਵੀ ਪੁੰਨ ਕਰਦੂ ਉਂਜ ਮੈਂ ਕਦੇ ਆਖਦਾ ਚਾਚਾ ਲਾਭੇ ਜਾਣ, ਪੰਜ ਰੁਪਈਏ ਤਾਂ ਦੁਈ ਤਾਂ ਵੀਹ ਬਦਲਾ ਕਰੂਗਾ ਤੇ ਰੁਪਈਏ ਪੰਜ ਦੀ ਥਾਂ ਦੋ ਹੀ ਦੇਊਗਾ।

ਉਸ ਦੇ ਦਾਦਾ ਹਜੂਰ ਸਿੰਘ ਦਾ ਇਸਤਰੀਆਂ ਬਾਰੇ ਵਿਚਾਰ ਜਾਗੀਰਦਾਰੀ ਪ੍ਰਬੰਧ ਦੀ ਹੀ ਦੇਣ ਸੀ। ਉਹ ਇਸਤਰੀ ਦਾ ਕੰਮ ਕੇਵਲ ਪੁੱਤਰ ਜੰਮਣਾ ਹੀ ਕਹਿੰਦੇ ਸਨ। ਜਿਹੜੀ ਇਸਤਰੀ ਪੱਤਰ ਨਾ ਜੰਮੇ ਉਸ ਦੀ ਸਮਾਜ ਵਿਚ ਕੋਈ ਥਾਂ ਨਹੀਂ। ਲੇਖਿਕਾ ਦੀ ਮਾਤਾ ਚੰਦ ਕੌਰ ਨੂੰ ਇਸ ਤਲਖ ਹਕੀਕਰ ਵਿਚੋਂ ਲੰਘਣਾ ਪਿਆ ਜਦੋਂ ਉਸ ਨੇ ਲਗਾਤਾਰ ਚਾਰ ਧੀਆਂ ਨੂੰ ਜਨਮ ਦਿੱਤਾ। ਹਜੂਰਾ ਸਿੰਘ ਆਪਣੇ ਲੜਕੇ ਕਾਕਾ ਸਿੰਘ ਦੇ ਸ਼ਰਾਬੀ ਹੋਣ ਦੇ ਕਾਰਨ ਉਸ ਦਾ ਦੂਸਰਾ ਵਿਆਹ ਨਾ ਕਰ ਸਕਿਆ। ਫਿਰ ਉਸ ਦੇ ਘਰ ਇਕ ਪੱਤਰ ਹੋਇਆ ਤਾਂ ਜਾ ਕੇ ਉਸ ਦਾ ਖ਼ਾਨਦਾਨ ਵਿਚ ਸਥਾਨ ਬਣਿਆ ਪਰ ਉਹ ਆਪਣੇ ਫੈਸਲੇ ਆਪ ਕਰਨ ਯੋਗ ਨਹੀਂ ਸੀ। ਉਹ ਸਮਾਜ ਵਿਚ ਮਰਦ ਦੀ ਇੱਛਾ ਨਾਲ ਹੀ ਚਲ ਸਕਦੀ ਸੀ।

ਲੇਖਿਕਾ ਆਪਣੇ ਨਾਨਕੇ ਘਰ ਦਾ ਚਿੱਤਰ ਵੀ ਬੜੇ ਯਥਾਰਥਕ ਢੰਗ ਨਾਲ ਖਿੱਚਦੀ ਹੈ। ਇਸ ਦਾ ਵੀ ਉਸ ਦੀ ਜੀਵਨ ਉਸਾਰੀ ਉਤੇ ਬਹੁਤ ਪ੍ਰਭਾਵ ਪਿਆ। ਉਸ ਦੀ ਸ਼ਖਸੀਅਤ ਵਿਚ ਦੂਜੀ ਵਿਚਾਰਧਾਰਾ ਉਹਦੀ ਮਾਂ ਵੱਲੋਂ ਪ੍ਰਾਪਤ ਹੋਈ। ਰੰਗ ਭਾਵੇਂ ਇਸ ਧਾਰਾ ਦਾ ਵੀ ਜਾਗੀਰਦਾਰੀ ਵਾਲਾ ਹੀ ਸੀ। ਇਹ ਲੋਕਿਕ ਨਾਲੋਂ ਪਲਕਿਕ ਜਾਂ ਦਨਿਆਈ ਨਾਲੋਂ ਦੀਨੀ ਵਧੇਰੇ ਹੈ। ਇਹ ਵਿਚਾਰ ਉਸ ਨੂੰ ਆਪਣੀ ਨਾਨੀ ਹਰ ਕੁਰ ਤੋਂ ਹੁੰਦੀ ਹੋਈ ਆਪਣੀ ਮਾਂ ਦੇ ਮਾਧਿਅਮ ਦੁਆਰਾ ਪ੍ਰਾਪਤ ਹੋਈ। ਲੇਖਿਕਾ ਦਾ ਨਾਨਕਾ ਘਰ ਦੁਨਿਆਵੀ ਪ੍ਰਾਪਤੀਆਂ

ਨਾਲੋਂ ਦੀਨੀ ਪ੍ਰਾਪਤੀਆਂ ਲਈ ਵਧੇਰੇ ਫਿਕਰਮੰਦ ਸੀ। ਇਸ ਘਰ ਦਾ ਚਿੱਤਰ ਉਸ ਥੋੜ੍ਹੇ ਜਿਹੇ ਸ਼ਬਦਾਂ ਵਿਚ ਹੀ ਆਪਣੀ ਸਵੈ-ਜੀਵਨੀ ਵਿਚ ਚਿੱਤਰ ਦਿੱਤਾ ਹੈ।

ਇਕ ਵਾਰੀ ਬੀਬੀ ਜੀ ਨੂੰ ਮਾਮਾ ਜੀ ਲੈਣ ਆਏ। ਮੈਂ ਜਿੱਦ ਕਰਕੇ ਆਪਣੇ ਨਾਨਕੀ ਨਾਲ ਚਲੀ ਗਈ। ਪੱਕੇ ਦਰਵਾਜ਼ੇ ਵਾਲਾ ਵੱਡਾ ਸਾਰਾ ਕੜੀਆਂ ਸਤੀਰਾਂ ਦੀ ਛੱਤ ਵਾਲਾ ਕੱਚਾ ਉਨ੍ਹਾਂ ਦਾ ਘਰ ਸੀ। ਗੋਲ ਦਰਵਾਜ਼ੇ ਉਪਰ ਸਾਧਾਂ ਸੰਤਾਂ ਦੀਆਂ ਮੂਰਤਾਂ ਬਣੀਆਂ ਹੋਈਆਂ ਸਨ......... ਬਹੁਤ ਚਿਰ ਪਿਛੋਂ ਵੱਡੀ ਹੋ ਕੇ ਮੈਨੂੰ ਪਤਾ ਲੱਗਿਆ ਮੇਰੀ ਮਰ ਚੁੱਕੀ ਨਾਨੀ ਦਾ ਨਉਂ ਹਰ ਕੁਰ ਸੀ । ਜੇ ਰੋਟੀ ਪਾਣੀ ਦੀ ਇਛਿਆ ਹੁੰਦੀ ਤਾਂ ਸਾਰੇ ਪਿੰਡ ਵਿਚ ਸਾਧੂ ਸੰਤ ਫਕੀਰ ਉਹਦੇ ਘਰ ਨੂੰ ਤੁਰਿਆ ਆਉਂਦਾ। ਨਾਨਾ ਜੀ ਨੇ ਖੂਹ ਤੇ ਜਿਹੜਾ ਕੋਠਾ ਪਾਇਆ ਹੋਇਆ ਸੀ ਉਥੇ ਉਦਾਸੀ ਸਾਧੂਆਂ ਦੀਆਂ ਜਮਾਤਾਂ ਉਤਰੀਆ ਰਹਿੰਦੀਆਂ।

ਉਸ ਦੇ ਨਾਨਕੇ ਲੋਕ ਨਾਲੋਂ ਪ੍ਰਲੋਕ ਸਵਾਰਨ ਦੇ ਬਹੁਤ ਚਿੰਤਾਤੁਰ ਸਨ। ਇਸ ਕਰਕੇ ਉਹ ਸੰਤਾਂ ਸਾਧਾਂ ਦੀ ਸੇਵਾ ਕਰਦੇ। ਲੋਕ ਸੇਵਾ ਅਤੇ ਕਿਸੇ ਭੁੱਖੇ ਨੂੰ ਰੋਟੀ ਖੁਆਉਣੀ ਅਤੇ ਦੁਖੀ ਉਤੇ ਦਇਆ ਅਤੇ ਸੇਵਾ ਕਰਨ ਦੀ ਭਾਵਨਾ ਉਸ ਵਿਚ ਨਾਨੀ ਹਰ ਕੁਰ ਤੋਂ ਹੁੰਦੀ ਆਪਣੀ ਮਾਂ ਰਾਹੀਂ ਉਸ ਵਿਚ ਆਈ। ਦਾਦਕੇ ਤੇ ਨਾਨਕੇ ਦੋਵੇਂ ਹੀ ਪ੍ਰਲੋਕਿਕ ਜਾਂ ਧਾਰਮਿਕ ਰਹੁ-ਰੀਤਾਂ ਜਾਂ ਸੰਸਕਾਰਾਂ ਨੂੰ ਮੰਨਣ ਵਾਲੇ ਵਧੇਰੇ ਸਨ। ਉਸ ਸਮੇਂ ਰਿਆਸਤਾਂ ਵਿਚ ਰਹਿਣ ਵਾਲੇ ਲੋਕ ਬ੍ਰਾਹਮਣੀ ਸੰਸਕਾਰਾਂ ਨੂੰ ਵਧੇਰੇ ਮੰਨਦੇ ਸਨ। ਸੋਨੇ ਦੀ ਗਊ ਅਤੇ ਹੋਰ ਦਾਨਪੁੰਨ ਕਰਕੇ ਆਪਣੇ ਕਸ਼ਟ ਦੂਰ ਕਰਦੇ ਸਨ।

ਪੰਜਾਬ ਦੀ ਸੰਸਕ੍ਰਿਤੀ ਉਸ ਸਮੇਂ ਸਾਂਝੀ ਸੰਸਕ੍ਰਿਤੀ ਸੀ । ਬ੍ਰਾਹਮਣਵਾਦ ਲੋਕ ਧਰਮ ਤੇ ਹਾਵੀ ਸੀ। ਲੇਖਿਕਾ ਨੇ ਉਸ ਵੇਲੇ ਦੀ ਸਾਂਤੀ ਸੰਸਕ੍ਰਿਤੀ, ਲੋਕ ਵਿਸ਼ਵਾਸ, ਧਰਮ ਅਤੇ ਲੋਕ ਵਿਰਸੇ ਉਤੇ ਵੀ ਝਾਤ ਪਾਈ ਹੈ। ਉਸ ਸਮੇਂ ਹਿੰਦੂ ਸਿੱਖਾਂ ਦੇ ਧਰਮ ਕਰਮ ਸਾਂਝੇ ਹੀ ਸਨ। ਸਿੱਖ ਹਵਨ ਕਰਦੇ ਸਨ ਅਤੇ ਹਿੰਦੂਆਂ ਦੇ ਘਰਾਂ ਵਿਚ ਗੁਰਬਾਣੀ ਦੇ ਕੀਰਤਨ ਦੀਆਂ ਧੁੰਨਾ ਸੁਣਾਈ ਦਿੰਦੀਆਂ ਸਨ। ਲੇਖਿਕਾ ਨੇ ਆਪਣੀ ਸਵੈ-ਜੀਵਨੀ ਦੇ ਅੱਠਵੇਂ ਕਾਂਡ ਵਿਚ ਆਪਣੇ ਘਰ ਪਰਿਵਾਰ ਦਾ ਵਰਣਨ ਉਸ ਵੇਲੇ ਦੇ ਪੰਜਾਬ ਦੇ ਪ੍ਰਤੀਨਿਧ ਪਰਿਵਾਰ ਦੇ ਰੂਪ ਵਿਚ ਕੀਤਾ ਹੈ। ਉਸ ਸਮੇਂ ਧਰਮ ਦੇ ਵਿਸ਼ਵਾਸ ਵਿਚ ਸੰਕੀਰਣਤਾ ਨਹੀਂ ਆਈ ਸੀ। ਸਿੱਖ ਘਰ ਵਿਚ ਹਵਨ ਹੁੰਦੇ ਸਨ । ਲੇਖਿਕਾ ਆਪਣੇ ਘਰ ਵਿਚ ਹੋਏ ਹਵਨ ਦਾ ਹਵਾਲਾ ਸਾਹਿਤਕ ਸਵੈ-ਜੀਵਨੀ ਵਿਚ ਦੇਂਦੀ ਹੈ :-

ਲਿਪ ਪੋਚ ਕੇ ਵੇਹੜੇ 'ਚ ਬੇਦੀ ਗੱਡੀ ਗਈ। ਹਵਨ ਕੁੰਡ ਬਣਾਇਆ ਗਿਆ। ਹਵਨ ਦੀ ਸਮੱਗਰੀ ਲਿਆਂਦੀ ਗਈ। ਮੰਤਰ ਜਾਪ, ਹਵਨ, ਧੂਪ, ਚਿੱਟੀਆਂ ਧੋਤੀਆਂ ਵਾਲੇ ਜਨੇਉ ਪਾਈ ਤਿਲਕ ਲਾਈ ਪੂਜਾ ਕਰ ਰਹੇ ਪੰਡਤ। ਲਗਦਾ ਸੀ ਹੁਣ ਸਾੜ੍ਹਸਤੀ ਕਿਵੇਂ ਰਹਿ ਜੂ ਏਸ ਘਰ। ਦਾਦੀ ਮਾਂ ਘਿਉ ਦੇ ਦੀਵੇ ਡੰਗਦੀ ਪੰਡਤਾਂ ਦੇ ਪੈਰ ਧੋ ਧੋ ਭੋਜਨ ਛਕਾਉਂਦੀ ਮੂੰਹ 'ਚ ਮੰਨਤਾਂ ਮੰਨਦੀ ਇਕ ਤਾਂ ਮੇਰੇ ਦੀਵੇ ਨਾਲ ਦੀਵਾ ਜਗਾ ਦੇ, ਮੇਰੀ ਜਿਉਂਦੀ ਜਿਉਂਦੀ ਕਾਕੇ ਦੇ ਮੁੰਡਾ ਹੋ ਜੇ। ਦੂਜਾ ਉਹ ਸ਼ਰਾਬ ਛੱਡ ਦੇ ਹੇ ਬਚਾਰੀਏ ਸਾੜ੍ਹ ਸਤੀਏ ਮੇਹਰ ਦੀ ਨਜ਼ਰ ਕਰੀਂ।" ਲੇਖਿਕਾ ਨੇ ਇਸ ਵਰਣਨ ਵਿਚ ਜਿਥੇ ਹਵਨ ਕਰਕੇ ਘਰ ਵਿਚੋਂ ਸਾੜਸਤੀ ਦੂਰ ਕਰਨ, ਲੜਕਾ ਪ੍ਰਾਪਤ ਕਰਨ ਅਤੇ ਪੁੱਤਰ ਲਈ ਸ਼ਰਾਬ ਛੱਡਣ ਦੀ ਪ੍ਰਾਥਨਾ ਕੀਤੀ ਹੈ ਉਥੇ ਦਾਦੀ ਮਾਂ ਨੇ ਸਾੜ੍ਹਸਤੀ ਦਾ ਇਕ ਨਿਸਚਿਤ ਰੂਪ ਆਪਣੇ ਮਨ ਵਿਚ ਚਿਤਰਿਆ ਹੈ ਜਿਹੜੀ ਸੰਤਾਪ ਵੀ ਘਰ ਉਤੇ ਲਿਆ ਸਕਦੀ ਹੈ ਅਤੇ ਘਰ ਨੂੰ ਇਸ ਤੋਂ ਮੁਕਤ ਕਰਕੇ ਖੁਸ਼ਹਾਲੀ ਅਤੇ ਸੁਖ ਸ਼ਾਂਤੀ ਵੀ ਦੇ ਸਕਦੀ ਹੈ।

ਲੇਖਿਕਾ ਆਪਣੀ ਸਵੈ-ਜੀਵਨੀ ਲਿਖਦੀ ਲਿਖਦੀ ਜਿਵੇਂ ਉਸ ਦੇ ਮਨ ਵਿਚ ਵਾਪਰੀ - ਘਟਨਾ ਸਮੋਈ ਹੋਈ ਹੈ ਉਸ ਤਰ੍ਹਾਂ ਕੁਝ ਕੁ ਸ਼ਬਦਾਂ ਨਾਲ ਉਸ ਘਟਨਾ ਨੂੰ ਏਨੀ ਖ਼ੂਬਸੂਰਤੀ ਨਾਲ ਚਿਤਰਦੀ ਹੈ ਕਿ ਪਾਠਕ ਦੀ ਦ੍ਰਿਸ਼ਟੀ ਵਿਚ ਹਵਨ ਹੋ ਰਿਹਾ ਹੈ ਅਤੇ ਲੇਖਿਕਾ ਦੀ ਦਾਦੀ ਉਸ ਦੇ ਸਨਮੁਖ ਮੰਨਤਾਂ ਮੰਨ ਰਹੀ ਹੈ। ਉਸ ਨੂੰ ਲਗਦਾ ਹੈ ਕਿ ਕੋਈ ਗੈਬੀ ਸ਼ਕਤੀ ਹੁਣੇ ਹੀ ਘਰ ਵਿਚ ਮੰਤਰਾਂ ਦੇ ਬਲ ਨਾਲ ਪ੍ਰਵੇਸ਼ ਕਰਕੇ ਸਾਰੇ ਦੁਖਾਂ ਕਲੇਸ਼ਾਂ ਦਾ ਨਾਸ਼ ਕਰ ਦੇਵੇਗੀ। ਉਹ ਬੜੀ ਨੀਝ ਲਾ ਕੇ ਆਪਣੇ ਆਲੇ ਦੁਆਲੇ, ਘਰ ਦੇ, ਪਿੰਡ ਦੇ ਅਤੇ ਉਸ ਖਿੱਤੇ ਦੇ ਸੰਸਕਾਰਾਂ ਨੂੰ ਵੇਖਦੀ ਅਤੇ ਆਪਣੀ ਸਿਮਰਤੀ ਵਿਚ ਸਮੋਈ ਰਹੀ। ਉਸ ਸਿਮਰਤੀ ਨੂੰ ਉਹ ਬਿਨਾਂ ਕਿਸੇ ਟਿਪਣੀ ਦੇ ਬੜੀ ਸੂਝ ਨਾਲ ਚਿਤਰਦੀ ਹੈ। ਅੱਜ ਵੀ ਇਹ ਲੋਕ ਵਿਸ਼ਵਾਸ, ਵਹਿਮ, ਭਰਮ ਲੋਕ ਜੀਵਨ ਵਿਚੋਂ ਨਹੀਂ ਨਿਕਲੇ। ਮਨੁੱਖ ਬੇਵਸ ਹੋਇਆ ਕਲਪਿਤ ਸ਼ਕਤੀਆਂ ਅੱਗੇ ਸਿਰ ਝੁਕਾ ਦੇਂਦਾ ਹੈ। ਉਸ ਦਾ ਆਤਮ ਵਿਸ਼ਵਾਸ ਬਹੁਤ ਸਰਾਪਾਂ ਨੂੰ ਘਰ ਤੋਂ ਦੂਰ ਕਰ ਦੇਂਦਾ ਹੈ।

ਡਾ. ਦਲੀਪ ਕੌਰ ਟਿਵਾਣਾ ਨੇ ਇਸ ਪ੍ਰਭਾਵ ਨੂੰ ਆਪਣੀ ਸਾਹਿਤਕ ਸਵੈ-ਜੀਵਨੀ ਵਿਚ ਪ੍ਰਗਟ ਕੀਤਾ ਹੈ। ਦਰਸ਼ਨ ਆਖਦਾ ਹੈ ਕਿ ਸੱਚ ਸਮੇਂ ਤੇ ਸਥਾਨ ਤੋਂ ਪਾਰ ਲੰਘ ਜਾਂਦਾ ਹੈ। ਮੈਂ ਜੋ ਇਸ ਸਮੇਂ ਤੇ ਸਥਾਨ ਦੇ ਅੰਦਰ ਨਾਮ ਅਤੇ ਰੂਪ ਦੇ ਜਗਤ ਵਿਚ ਮਿੱਥੇ ਸਮੇਂ ਲਈ ਤੁਰੀ ਹਾਂ ਉਹ ਸਮੇਂ ਤੇ ਸਥਾਨ ਦੇ ਬੰਧਨ ਸਵੀਕਾਰ ਨਹੀਂ ਕਰਦਾ।

ਸਵਾਲ ਸੀ ਵਿਆਹ ਕੀ ਹੁੰਦਾ ਹੈ। ਸਿਰਫ਼ ਕੁਝ ਰਸਮਾਂ ਵਿਚ ਗੁਜ਼ਰ ਜਾਣਾ ਲਗਦਾ ਸੀ। ਜਿਵੇਂ ਤੁਹਾਨੇ ਬਿਨਾਂ ਸਮਝੇ ਸਮਝਾਏ ਇਕ ਰਸਮ ਦੇ ਹੱਥ ਵੇਚ ਦਿੱਤਾ ਜਾਂਦਾ ਹੈ। ਉਹ ਰਸਮ ਹੀ ਫਿਰ ਤੁਹਾਡੇ ਜੀਣ ਥੀਣ ਦੀਆਂ ਹੱਦਾਂ ਬੰਨੇ ਨਿਸਚਿਤ ਕਰਦੀ ਹੈ। ਕੁੜੀਆਂ ਸਭਸਵੀਕਾਰ ਕਰ ਲੈਂਦੀਆਂ ਨੇ । ਹੋਰ ਚਾਰਾ ਵੀ ਤਾਂ ਕੋਈ ਨਹੀਂ ਹੁੰਦਾ। ਕੁਝ ਚਿਰ ਗਹਿਣਿਆ, ਕਪੜਿਆਂ ਦਾ ਚਾਉ. ਕੁਝ ਚਿਰ ਬੇਗਾਨੇ ਲੋਕਾਂ ਤੋਂ ਸੰਗ ਸੰਕੋਚ ਤੇ ਵਿਨੇ ਨੇ ਜਿਵੇਂ ਪਾਣੀ ਗੱਲ ਗੱਲ ਤੀਕ ਚੜ ਆਉਂਦਾ ਹੈ। ਬੱਸ ਇਉਂ ਹੀ ਜਿਉਣ ਦੀ ਆਦਤ ਜਿਹੀ ਹੋ ਜਾਂਦੀ ਹੈ ਤੇ ਆਦਤਨ ਹੀ ਸਾਰੀ ਉਮਰ ਲੰਘ ਜਾਂਦੀ ਹੈ।

ਲੰਘ ਜਾਂਦੀ ਹੋਵੇਗੀ ਮੇਰੀ ਤਾਂ ਉਮਰ ਜਿਵੇਂ ਅੜ ਕੇ ਖੜੋ ਗਈ ਸੀ। ਮੈਂ ਆਪਣੇ ਆਪ ਨਾਲ ਹੀ ਗੱਲਾਂ ਕਰਦੀ ਕਿਤੇ ਦੀ ਕਿਤੇ ਲੰਘ ਜਾਂਦੀ। ਉਹ ਆਖਦੀ ਦਾਦੀ ਮਾਂ. ਰਾਤੀ ਹੱਥਾਂ ਵਾਲੇ ਘੋੜੇ ਤੇ ਬੈਠ ਕੇ ਸਹਿਜ਼ਾਦਾ ਆਇਆ ਸੀ, ਤੇ ਉਸ ਨੂੰ ਉਠਾ ਕੇ ਪਰੀਆਂ ਦੇ ਦੇਸ਼ ਲੈ ਗਿਆ ਸੀ। ਉਥੇ ਸਹੇਲੀ ਮੋਤੀਆਂ ਵੀ ਸੀ। ਤੌਂ ਜਾਣਦੀ ਹੈ ਨਾ ਮੋਤੀਆਂ ਨੂੰ ਉਹਦੀ ਮਤਰੇਈ ਮਾਂ ਉਸ ਨੂੰ ਬਾਹਰਲੇ ਮੁਲਕ ਤੋਂ ਆਏ ਪੰਜਾਂ ਬੱਚਿਆਂ ਦੇ ਬਾਪ ਨਾਲ ਵਿਆਹੁਣ ਲੱਗੀ ਸੀ। ਜਿਸ ਦੀ ਪਿਛੇ ਜਿਹੇ ਔਰਤ ਮਰੀ ਸੀ ਤਾਂ ਮੋਤੀਆਂ ਨੇ ਆਤਮ ਹੱਤਿਆ ਕਰ ਲਈ ਸੀ। ਉਥੋਂ ਪਰੀਆਂ ਦੇ ਦੇਸ਼ ਵਿਚ ਉਹ ਪਰੀ ਬਣ ਗਈ ਸੀ। ਕਿਸੇ ਸ਼ਹਿਜ਼ਾਦੇ ਨਾਲ ਉਸ ਦੀ ਸ਼ਾਦੀ ਵੀ ਹੋ ਗਈ ਸੀ। ਉਥੇ ਉਸ ਦੇ ਪੁੱਤਰ ਨਾਲ ਉਹਨੇ ਆਪਣੀ ਧੀ ਦਾ ਵਿਆਹ ਕੀਤਾ। ਉਹ ਜਦੋਂ ਸਕੂਲ ਵਿਚ ਹੀ ਪੜ੍ਹਦੀਆਂ ਸਨ ਤਾਂ ਇਹ ਵਾਅਦਾ ਕੀਤਾ ਸੀ ਕਿ ਉਹ ਆਪਣੇ ਬੱਚਿਆਂ ਦੇ ਵਿਆਹ ਆਪੋ ਵਿਚ ਕਰਨਗੀਆਂ।

"ਉਹ ਆਖਦੀ ਮਾਂ ਤੂੰ ਚੰਨ 'ਤੇ ਬੈਠੀ ਚਰਖਾ ਕਤਨੀ ਰਹਿੰਦੀ ਐਂ। ਹੇਠਾਂ ਤੁਰੀ ਫਿਰਦੀ ਨੂੰ ਤੂੰ ਮੈਨੂੰ ਵੇਖਦੀ ਹੋਵੇਗੀ। ਜਿਸ ਦਿਨ ਤੂੰ ਮਰੀ ਸੀ ਬਾਕੀ ਸਾਰੇ ਤੇਰੇ ਸਸਕਾਰ ਲਈ ਪਿੰਡ ਚਲੇ ਗਏ ਸਨ। ਉਹਨੂੰ ਛੋਟੀ ਸਮਝ ਸੇਵਾ ਰਾਮ ਅਤੇ ਉਹਦੀ ਵਹੁਟੀ ਕੋਲ ਪਟਿਆਲੇ ਹੀ ਛੱਡ ਗਏ ਸਨ। ਉਸ ਦਿਨ ਮੈਂ ਬਹੁਤ ਰੋਈ ਸੀ ਤੇ ਸੋਚਿਆ ਸੀ ਤੇਰੇ ਨਾਲ ਨਹੀਂ ਬੋਲਾਂਗੀ ਪਰ ਹੋਰ ਕਿਸੇ ਨਾਲ ਇਹ ਸਭ ਗੱਲਾਂ ਵੀ ਨਹੀਂ ਕਰ ਸਕਦੀ। ਦਾਦੀ ਨੂੰ ਪੁੱਛਦੀ ਤੂੰ ਬਾਬਾ ਜੀ ਤੋਂ ਏਨਾ ਡਰਦੀ ਕਿਉਂ ਸੀ ਤੇਰੀ ਤਾਂ ਉਨ੍ਹਾਂ ਨਾਲ ਸ਼ਾਦੀ ਹੋਈ ਸੀ ।" ਇਹ ਉਸ ਦੇ ਮਨ ਤੇ ਪਏ ਪ੍ਰਭਾਵ ਸਨ।

ਬਹੁਤੀ ਵਾਰੀ ਉਸ ਨੂੰ ਸੁਪਨੇ ਵੀ ਸਫ਼ਰ ਦੇ ਹੀ ਆਉਂਦੇ ਹਨ ਪਰ ਉਸ ਕਿਥੇ ਜਾਣਾ ਹੈ? ਜਿਵੇਂ ਕੋਈ ਉਹਨੂੰ ਉਡੀਕ ਰਿਹਾ ਹੈ। ਹਰ ਵਕਤ ਉਹ ਤੁਰਦੀ ਆਪਣੇ ਆਪ ਵੱਲ ਵਾਪਸ ਪਰਤ ਰਹੀ ਹੋਵੇ ਆਪਣੇ ਆਪ ਵੱਲ ਦੂਰ ਮਨ ਦੀਆਂ ਗਹਿਰਾਈਆਂ ਵਿਚ ਧੁਰ ਥਲੇ

ਜਿਵੇਂ ਇਕ ਕੋਈ ਗੁਫਾ ਹੈ। ਸੰਸਾਰ ਤੋਂ ਹੀ ਨਹੀਂ ਆਪਣੇ ਆਪ ਤੋਂ ਵੀ ਬੱਚ ਕੇ ਕਿਵੇਂ ਉਥੇ ਚਲੀ ਜਾਂਦੀ ਹੈ। ਇਹ ਆਪਾ ਸਮੁੰਦਰ ਦੀ ਸਤਰ ਤੇ ਹੀ ਰਹਿ ਜਾਂਦਾ ਹੈ। ਉਸ ਗੁਫਾ ਅੰਦਰ ਆਪੇ ਇਕ ਕਲਪ ਬ੍ਰਿਛ ਸਿਰਜ ਲੈਂਦੀ ਹਾਂ। ਜਿਸ ਕਲਪ ਬ੍ਰਿਛ ਦੇ ਹੇਠਾਂ ਖਲੋਤਿਆ ਤੁਹਾਡੀ ਹਰ ਇੱਛਾ ਪੂਰੀ ਹੋ ਜਾਂਦੀ ਹੈ। ਉਥੇ ਟਾਈਮ ਅਤੇ ਸਪੇਸ ਦਾ ਬੰਧਨ ਮੁਕ ਜਾਂਦਾ ਹੈ। ਜੇ ਉਹਨੂੰ ਇਸ ਗੁਫਾ ਤਕ ਪਹੁੰਚਣ ਦੇ ਰਾਹ ਦਾ ਪਤਾ ਨਾ ਹੁੰਦਾ ਉਸ ਤਾਂ ਪਾਗਲ ਹੋ ਜਾਣਾ ਸੀ।

ਉਸ ਗੁਫਾ ਵਿਚ ਬੈਠ ਕੇ ਜਦੋਂ ਤੁਸੀਂ ਸਮੁੰਦਰ ਦੀ ਸਤਰ ਉਪਰ ਭੱਜੇ ਫਿਰਦੇ ਲੋਕਾਂ ਨੂੰ ਵੇਖਦੇ ਹੋ ਤਾਂ ਬੜਾ ਅਜੀਬ ਅਜੀਬ ਲਗਦਾ ਹੈ। ਉਸ ਨੂੰ ਮਾਂ ਦੀ ਕਹੀ ਗੱਲ ਯਾਦ ਆ ਗਈ ਕਿ ਬੰਦੇ ਨੂੰ ਦੋ ਗੱਲਾਂ ਹਮੇਸ਼ਾ ਯਾਦ ਰੱਖਣੀਆਂ ਚਾਹੀਦੀਆਂ ਹਨ ਇਕ ਮੌਤ ਤੇ ਇਕ ਰੱਬ।

ਸਤਹ ਉਪਰ ਤੁਰੇ ਫਿਰਦੇ ਲੋਕਾਂ ਨੂੰ ਲਗਦਾ ਹੈ ਨਾ ਰੱਬ ਯਾਦ ਹੈ ਤੇ ਨਾ ਹੀ ਮੌਤ। ਕੋਈ ਪੈਸੇ ਕਮਾਉਣ ਵਿਚ ਲੱਗਾ ਹੋਇਆ ਹੈ। ਕੋਈ ਘਰ ਬਣਾਉਣ ਵਿਚ ਲੱਗਿਆ ਹੋਇਆ ਹੈ। ਕੋਈ ਅਪਣੇ ਬੱਚਿਆਂ ਨੂੰ ਪੜ੍ਹਾਂ ਰਿਹਾ ਹੈ ਤੇ ਜੇ ਵਿਚੋਂ ਕੋਈ ਮਰ ਜਾਂਦਾ ਹੈ ਤਾਂ ਭੋਗ ਪੈਣ ਤਕ ਮਰਨ ਵਾਲੇ ਦੀਆਂ ਮਾੜੀਆਂ ਮੋਟੀਆਂ ਗੱਲਾਂ ਬਾਤਾਂ ਕਰ ਗੱਲ ਮੁਕਾ ਦਿੱਤੀ ਜਾਂਦੀ ਹੈ। ਉਹਨੇ ਜਿਉਂਦੇ ਰਹਿ ਕੇ ਜਿਹੜੇ ਕੰਮ ਕਰਨੇ ਸਨ ਉਹਨਾਂ ਕੰਮਾਂ ਦੇ ਵਿਗੋਚੇ ਦੀਆਂ ਗੱਲਾਂ। ਉਹ ਦਿਸਦੀ ਹੈ ਕਿ ਮੌਤ ਇਸ ਲਈ ਕਿ ਜ਼ਿੰਦਗੀ ਦਾ ਅੰਤਿਮ ਮੁਕਾਮ ਮੌਤ ਹੈ। ਮੌਤ ਅਸਲ ਵਿਚ ਕੀ ਹੈ? ਸਾਡੇ ਸ਼ਾਸ਼ਤਰ ਆਖਦੇ ਹਨ ਕਿ ਰੂਹ ਜਦੋਂ ਇਕ ਜਿਸਮ ਛੱਡ ਕੇ ਦੂਜੇ ਵਿਚ ਜਾਂਦੀ ਹੈ ਤਾਂ ਨਾਲ ਲੈ ਜਾਂਦੀ ਹੈ। ਕਰਮਾਂ ਦਾ ਫਲ ਜਿਨ੍ਹਾਂ ਅਨੁਸਾਰ ਬੰਦੇ ਨੂੰ ਅਗਲਾ ਜਨਮ, ਦੇਹ, ਉਮਰ ਦੇ ਦੁਖ ਸੁਖ ਪ੍ਰਾਪਤ ਹੁੰਦੇ ਹਨ।

ਸਾਰੀਆਂ ਕਾਮਨਾਵਾਂ ਜੇ ਮੁਕ ਜਾਣ ਤਾਂ ਹਿਰਦੇ ਵਿਚ ਜੋ ਵੀ ਮਰਨਸ਼ੀਲ ਹੁੰਦਾ ਹੈ ਉਹ ਅੰਮ੍ਰਿਤ ਹੋ ਜਾਂਦਾ ਹੈ ਤੇ ਇਉਂ ਆਪਣੀ ਦੇਹ ਵਿਚੋਂ ਬ੍ਰਹਮ ਨੂੰ ਪਾ ਲਿਆ ਜਾਂਦਾ ਹੈ। ਇਸ ਤਰ੍ਹਾਂ ਆਤਮ ਪਹਿਚਾਣ ਨਾਲ ਬ੍ਰਹਮ ਰੂਪ ਹੋ ਬੰਦਾ ਮੌਤ ਤੋਂ ਪਾਰ ਜਾ ਕੇ ਮੁਕਤੀ ਨੂੰ ਪ੍ਰਾਪਤ ਹੋ ਜਾਂਦਾ ਹੈ। ਜ਼ਿੰਦਗੀ ਅਤੇ ਮੌਤ ਦਾ ਇਹੀ ਰਹੱਸ ਹੈ।

ਤੇ ਰੱਬ ਨੂੰ ਕਿਉਂ ਯਾਦ ਰਖਿਆ ਜਾਵੇ ? ਇਸ ਲਈ ਕਿ ਉਹ ਆਦਿ ਵੀ ਹੈ ਅਤੇ ਅੰਤ ਵੀ। ਉਸ ਨੂੰ ਯਾਦ ਰੱਖ ਕੇ ਅਸਲ ਵਿਚ ਤੁਸੀਂ ਆਪਣੇ ਆਪ ਨੂੰ ਯਾਦ ਕਰ ਰਹੇ ਹੁੰਦੇ ਹੋ।"

ਉਹ ਲਿਖਦੀ ਹੈ ਕਿ ਉਸ ਦੇ ਦਾਦੇ ਨੇ ਉਹਦਾ ਇਹ ਨਾਮ ਇਸ ਲਈ ਰੱਖਿਆ ਸੀ ਕਿਉਂਕਿ ਉਹਨੂੰ ਪਤਾ ਸੀ ਪਟਿਆਲੇ ਦੇ ਇਕ ਰਾਜੇ ਦੀ ਇਕ ਰਾਣੀ ਦਾ ਇਹੀ ਨਾਮ ਸੀ ਉਹਦੀ ਬੜੀ ਪੁਗਦੀ ਸੀ।

ਦਾਦੇ ਨੂੰ ਉਸ ਦੀ ਰਾਣੀਆ ਵਰਗੀ ਕਿਸਮਤ ਚਾਹੀ ਸੀ। ਸ਼ਾਇਦ ਉਹ ਅਸਲ ਵਿਚ ਆਪਣੇ ਤ੍ਰੀਮਤ ਪਣ ਦੀ ਗੱਲ ਕਰਨਾ ਚਾਹੁੰਦੀ ਸੀ। ਕਾਲੇ ਚਿੱਟੇ ਰੰਗ ਕੇ ਨਹੀਂ। ਤ੍ਰੀਮਤ ਪਣ ਤੋਂ ਪਹਿਲਾਂ ਉਸ ਲੜਕੀ ਦੀ ਵੀ ਗੱਲ ਕਰਨੀ ਪਵੇਗੀ ਜਿਸ ਨੂੰ ਯਾਦ ਨਹੀਂ ਕਿ ਦੋਹਾਂ ਮਾਵਾਂ ਵਿਚੋਂ ਉਹਦੀ ਮਾਂ ਕਿਹੜੀ ਸੀ। ਸ਼ਾਇਦ ਦੋਵੇਂ ਹੀ ਉਹਦੀਆਂ ਮਾਵਾਂ ਹਨ। ਸ਼ਾਇਦ ਕੋਈ ਵੀ ਉਹਦੀ ਮਾਂ ਨਹੀਂ ਸੀ।

ਕਦੇ ਕਦੇ ਉਹ ਲੜਕਾ ਵੀ ਯਾਦ ਆ ਜਾਂਦਾ ਹੈ। ਜਿਹੜਾ ਕੋਰੇ ਕਾਗ਼ਜ਼ ਉਤੇ ਦਸਤਖਤ ਕਰਕੇ ਦੇ ਗਿਆ ਸੀ ਤੇ ਆਖ ਗਿਆ ਸੀ ਜਦੋਂ ਮਨ ਕੀਤਾ, ਜਦੋਂ ਲੋੜ ਪਈ ਜੋ ਮਰਜ਼ੀ ਇਸ ਕਾਗ਼ਜ਼ ਉਪਰ ਲਿਖ ਦੇਣਾ, ਮੇਰੇ ਲਈ ਉਹ ਸ਼ਾਹੀ ਫ਼ੁਰਮਾਨ ਹੋਵੇਗਾ। ਉਹ ਕਾਗ਼ਜ਼ ਅਜੇ ਵੀ ਉਹਦੇ ਕੋਲ ਕੋਰੇ ਦਾ ਕੋਰਾ ਪਿਆ ਹੈ।

ਦੋਸਤੀਆਂ ਤੇ ਦੁਸ਼ਮਣੀਆਂ ਦੀ ਕੋਈ ਗੱਲ ਨਹੀਂ, ਗੱਲਾਂ ਤਾਂ ਬਥੇਰੀਆਂ ਨੇ ਪਰ ਸਾਰ ਏਨਾ ਹੀ ਹੈ ਕਿ ਮੈਂ ਲਛਮਣਕਾਰ ਦੇ ਅੰਦਰ ਰਹਿ ਕੇ ਹੀ ਹਰ ਮਹਾਤਮਾ ਦੀ ਗੱਲ ਦਾ ਉੱਤਰ ਦਿੰਦੀ ਸੀ। ਸਾਧੂ ਦਰ ਤੇ ਅਲੱਖ ਤਾਂ ਜਗਾਉਂਦੇ ਪਰ ਲਛਮਣਕਾਰ ਦੇ ਅੰਦਰੋਂ ਭਿਖਿਆ ਸਵੀਕਾਰ ਨਾ ਕਰਕੇ ਆਪਣੇ ਰਾਹ ਤੁਰ ਜਾਂਦੇ। ਇਸੇ ਕਰਕੇ ਆਪਣੀ ਸਿਰਫ਼ ਮੈਂ ਹੀ ਦੋਸਤ ਹਾਂ। ਉਂਜ ਤਾਂ ਬਥੇਰੇ ਲੋਕ ਮੇਰੇ ਵਾਕਫ਼ ਨੇ। ਬੁੱਢੇ ਵੀ ਉਸ ਨਾਲ ਖੁਸ਼ ਨੇ ਬੱਚੇ ਵੀ ਉਸ ਨਾਲ ਖੁਸ਼ ਨੇ।

ਟਿਵਾਣਾ ਆਪਣੀ ਸ਼ਖ਼ਸੀਅਤ ਨੂੰ ਘੜਣ ਅਤੇ ਸਵਾਰਨ ਵਿਚ ਆਪਣੇ ਦਾਦੀ ਦਾ ਯੋਗਦਾਨ ਮੰਨਦੀ ਹੈ। ਉਸ ਦੀ ਦਾਦੀ ਬੜੀ ਗੰਭੀਰ, ਦਾਨੀ, ਜਿਸ ਜੀਵਨ ਦੀ ਪੁਸਤਕ ਵਿਚੋਂ ਬਹੁਤ ਕੁਝ ਪੜ੍ਹਿਆ ਅਤੇ ਗੁੜਿਆ। ਉਹ ਬੜੀ ਅਹਿਲ ਅਤੇ ਸਥਿਰ ਅਵਸਥਾ ਵਿਚ ਬੈਠ ਕੇ ਆਪਣੀ ਪੋਤੀ ਨੂੰ ਜੀਵਨ ਦਾ ਰਹੱਸ ਸਮਝਾ ਰਹੀ ਹੋਵੇ ਤੇ ਪੋਤੀ ਬੜੀ ਉਤਸੁਕਤਾ ਨਾਲ ਉਸ ਵੱਲ ਤਕਦੀ ਸਭ ਕੁਝ ਗ੍ਰਹਿਣ ਹੀ ਨਹੀਂ ਕਰ ਰਹੀ ਸਗੋਂ ਜੀਵਨ ਦਾ ਨਿਰਮਾਣ ਕਰ ਰਹੀ ਹੋਵੇ।

ਉਹ ਆਪਣੇ ਬਾਰੇ ਲਿਖਦੀ ਹੈ - ਨੰਗੇ ਪੈਰੀ ਫਿਰਨਾ ਮੈਨੂੰ ਬਹੁਤ ਪਸੰਦ ਹੈ। ਕਈ ਤਰ੍ਹਾਂ ਦੇ ਭੋਜਨ ਪਦਾਰਥਾਂ ਜਾਂ ਚਟਣੀ ਨਾਲ ਰੋਟੀ ਖਾ ਲੈਣ ਵਿਚ ਮੈਨੂੰ ਕੋਈ ਫਰਕ ਨਹੀਂ ਲਗਦਾ। ਪਾਪੀਆਂ ਦਾ ਤੱਤੇ ਤੇਲ ਦੇ ਕੜਾਹੇ ਵਿਚ ਤਲਿਆ ਜਾਣਾ, ਅੰਗਿਆਰਿਆਂ ਉਤੇ

ਤੁਰਨਾ, ਪੁੱਠੇ ਲਟਕੇ ਹੋਣਾ ਕੋਰੜੇ ਪੈਂਦੇ ਮੈਨੂੰ ਅਜੇ ਯਾਦ ਹਨ। ਜਾਣਦਿਆਂ ਹੋਇਆਂ ਵੀ ਪੈਸਾ ਕੰਮ ਦੀ ਚੀਜ਼ ਹੈ, ਪੈਸੇ ਲਈ ਕੋਈ ਮੋਹ ਨਹੀਂ ਉਪਜਦਾ ਤੇ ਅਜੇ ਵੀ ਜਦੋਂ ਕਦੇ ਸਾਡੇ ਸ੍ਰੀਮਾਨ ਜੀ ਮਾੜਾ ਜਿਹਾ ਆਕੜ ਕੇ ਬੋਲਦੇ ਨੇ ਤਾਂ ਮੈਂ ਡਰ ਜਾਂਦੀ ਹਾਂ । ਭਾਵੇਂ ਜਾਣਦੀ ਹਾਂ ਡਰਨ ਵਾਲੀ ਕੋਈ ਗੱਲ ਨਹੀਂ। ਇਹ ਸ਼ਾਇਦ ਉਸ ਅਮੀਰ ਘਰ ਵਿਚ ਰਹਿਣ ਵਾਲੀ ਗਰੀਬ ਔਰਤ ਦਾ ਮੇਰੇ ਸਿਰ ਰਿਣ ਹੈ। ਉਸ ਘਰ ਦੀ ਧੀ ਹੋਣ ਕਰਕੇ ਜਿਹੜਾ ਮੈਂ ਚੁੱਕਾ ਰਹੀ ਹਾਂ ਤੇ ਮੈਨੂੰ ਲਗਦਾ ਹੈ ਉਸ ਅਮੀਰ ਘਰ ਦੇ ਹਰ ਬੰਦੇ ਨੂੰ ਉਸ ਗਰੀਬ ਔਰਤ ਦਾ ਕੁਝ ਨਾ ਕੁਝ ਦੇਣਾ ਹੈ ਉਪਰੋਕਤ ਹਵਾਲੇ ਵਿਚ ਟਿਵਾਣਾ ਨੇ ਆਪਣੀ ਨੈਤਿਕਤਾ ਨੂੰ ਭਝ ਹੀ ਸ਼ਬਦਾਂ ਦੇ ਨਾਲ ਦਿੱਗਰ ਦਿੱਤਾ ਹੈ। ਉਸ ਦੇ ਆਪੇ ਵਿਚ ਕੋਈ ਵਧੀਰ, ਕੋਈ ਤਿਆਗੀ ਬੈਠਾ ਹੋਇਆ ਹੈ ਜਿਸ ਨੂੰ ਪਹਿਨਣ ਕੇ ਖਾਣ ਵਿਚ ਕੋਈ ਮੋਹ ਨਹੀਂ। ਉਸ ਲਈ ਚਟਣੀ ਵੀ ਉਨੀਂ ਹੀ ਸੁਆਦੀ ਹੈ ਜਿਵੇਂ ਔਡ ਸੁਆਦੀ ਭੋਜਨ। ਉਸ ਲਈ ਨੇਰਿਸ਼ਤਾ ਸਭ ਤੋਂ ਮਹੱਤਵਪੂਰਨ ਹੈ। ਉਸ ਦੇ ਮਨ ਦੀ ਤਖ਼ਤੀ ਉਤੇ ਸਦਾ ਪਾਪੀਆਂ ਨੂੰ ਤੇਲ ਦੇ ਬਣਾਕਿਆਂ ਵਿਚ ਰਲੇ ਜਾਣਾ ਜਾਂ ਅੰਗਿਆਰ ਉਸੇ ਚਲਣਾ, ਪੁੱਠੇ ਲਟਕੇ ਹੋਣਾ ਤੇ ਕੋਹੜੇ ਪੈਂਦੇ ਹੋਣਾ ਉਸ ਨੂੰ ਅੱਜ ਵੀ ਯਾਦ ਹੈ। ਇਸ ਕਰਕੇ ਉਹ ਗੁਨਾਹ ਕਰਨ ਲੱਗਿਆ ਇਨ੍ਹਾਂ ਯਾਦਾਂ ਨੂੰ ਮਨ ਵਿਚ ਚਿਤਾਰ ਕੇ ਕੋਈ ਵੀ ਅਪਰਾਧ ਕਰਨ ਦੇ ਬੱਚ ਜਾਂਦੀ ਹੈ। ਮਾਇਆ ਨਾਲ ਉਸ ਦਾ ਮੋਹ ਨਹੀਂ, ਪਤੀ ਨਾਲ ਪਿਆਰ ਤੇ ਸਤਿਕਾਰ ਹੈ। ਉਸ ਦੇ ਚਰਿਤਰ ਵਿਚ ਇਹ ਗੁਣ ਹੈ ਕਿ ਉਹ ਕੀਤਾ ਉਲਣ ਵਾਲੀ ਨਹੀਂ। ਜੋ ਗੁਰ ਉਸ ਦੇ ਧਰਮ ਮਾਪਿਆ ਨੇ ਉਸ ਨੂੰ ਪ੍ਰਵਾਨ ਚੜ੍ਹਾਉਣ ਲਈ ਕੀਤਾ ਉਹ ਜਿਦਰ ਦਿੱਲੀ ਨਾਲ ਉਨ੍ਹਾਂ ਦਾ ਨਾਂ ਰੋਸ਼ਨ ਕਰਕੇ ਉਸ ਰਿਣ ਨੂੰ ਮੋੜ ਰਹੀ ਹੈ ਅਤੇ ਇਹ ਰਿਣ ਐਨੀ ਅਧਿਨ ਮਾਤਰਾ ਵਿਚ ਮੇਲ ਚੁੱਕੀ ਹੈ।

ਟਿਵਾਣਾ ਨੇ ਬੀ.ਏ. ਕਰਕੇ ਦਿੱਲੀ ਜਾ ਕੇ ਐਲ ਐਲ ਬੀ ਅਤੇ ਹਿਸਟਰੀ ਦੀ ਐਮ.ਏ. ਵਿਚ ਡਬੋਲ ਦਾਖਲਾ ਲੈ ਲਿਆ। ਉਹ ਆਈ.ਏ.ਐੱਸ ਕਰਨਾ ਚਾਹੁੰਦੀ ਸੀ। ਜਦੋਂ ਫੁੱਫੜ ਜੀ ਨੇ ਕਿਸੇ ਦੋਸਤ ਨੂੰ ਦੱਸਿਆ ਕਿ ਬੇਟੀ ਡਬਲ ਕੋਰਸ ਕਰ ਰਹੀ ਹੈ ਤਾਂ ਉਸ ਨੇ ਸੁਬਾ ਦਿੱਤਾ ਕਿ ਡਾਬੇਲ ਕੋਰਸ ਦਾ ਬੜਾ ਬੇਝ ਹੁੰਦਾ ਹੈ। ਫੁੱਫੜ ਜੀ ਨੂੰ ਸੁਣ ਕੇ ਫਿਕਰ ਹੋ ਗਿਆ। ਉਨ੍ਹਾਂ ਡਬਲ ਕੋਰਸ ਛੱਡਣ ਦਾ ਜੁਝਾ ਦਿੱਤਾ। ਫਿਰ ਉਨ੍ਹਾਂ ਦੀ ਚਿੱਠੀ ਤੇ ਕੋਰਸ ਵਿਚੋ ਛੱਡ ਕੇ ਪਟਿਆਲੇ ਆ ਗਈ ਤੇ ਐਮ.ਏ. ਪੰਜਾਬੀ ਵਿਚ ਦਾਖਲਾ ਲੈ ਲਿਆ।

ਉਸ ਦਾ ਪੰਜਾਬੀ ਦੀ ਐਮ.ਏ. ਕਰਨ ਨੂੰ ਦਿਸ ਨਹੀਂ ਕਰਦਾ ਸੀ। ਪ੍ਰੋ. ਪ੍ਰੀਤਮ ਸਿੰਘ ਵੱਲੋਂ ਟੈਸਟ ਲੈਣ ਤੇ ਉਸ ਦੇ ਦਸਾਂ ਵਿਚੋਂ ਕੇਵਲ ਦੋ ਨੰਬਰ ਹੀ ਆਏ। ਪ੍ਰੋਫੈਸਰ ਸਾਹਿਬ

ਪੁੱਛਣ ਲੱਗੀ ਵੀ ਇਹ ਵਿਦਿਆਰਥੀ ਪਾਸ ਹੋ ਸਕਦਾ ਹੈ ।ਉਸ ਦਾ ਉੱਤਰ ਸੀ ਇਹ ਫਸਟ ਵੀ ਆ ਸਕਦਾ ਹੈ।

ਉਹ ਇਰਾਦੇ ਦੀ ਪੱਕੀ ਸੀ। ਉਸ ਦਾ ਫੁੱਫੜ ਗੁਜ਼ਰ ਗਿਆ। ਉਸ ਦੇ ਮਨ ਵਿਚ ਪੜ੍ਹਨ ਲਈ ਵਿਚਾਰ ਪੱਥਾ ਬਣ ਗਿਆ। ਇਮਤਿਹਾਨ ਹੋਇਆ। ਉਸ ਦੀ ਫਸਟ ਕਲਾਸ ਸੀ ਤੇ ਉਹ ਵਿਸ਼ਵ ਵਿਦਿਆਲੇ ਵਿਚ ਆਪਣੇ ਮਜ਼ਬੂਨ ਵਿਚ ਫਸਟ ਸੀ।

ਉਹ ਪ੍ਰੋ. ਪ੍ਰੀਤਮ ਸਿੰਘ ਨੂੰ ਇਹ ਜਤਲਾਣ ਲਈ ਕਿ ਉਹ ਫਸਟ ਆਈ ਹੈ ਉਨ੍ਹਾਂ ਪਾਸ ਕਰੈਕਟਰ ਸਰਟੀਫੀਕੇਟ ਲੈਣ ਗਈ ਤਾਂ ਉਨ੍ਹਾਂ ਬੜਾ ਵਧੀਆ ਸਰਟੀਫੀਕੇਟ ਦਿੱਤਾ। ਅੰਤ ਉਤੇ ਲਿਖਿਆ She can do much in life than getting more distinctions ਤੇ ਇਉਂ ਫਸਟ ਆਉਣ ਦਾ ਗੁਮਾਨ ਇਕ ਹੀ ਹਲੂਣੇ ਨਾਲ ਬੂਰ ਵਾਂਗ ਝੱੜ ਗਿਆ।

ਐਮ.ਏ ਕਰਕੇ ਉਸ ਵਿਸ਼ਵ ਵਿਦਿਆਲੇ ਵਿਚ ਨੌਕਰੀ ਕਰ ਲਈ। ਪ੍ਰੋ.ਪ੍ਰੀਤਮ ਸਿੰਘ ਜੀ ਦਾ ਉਕਤ ਫਿਕਰਾ ਜਿੰਦਗੀ ਵਿਚ ਕਈ ਵਾਰੀ ਉਸ ਦੇ ਅੱਗੇ ਆ ਖੜਾ ਹੋਇਆ ਆਪਣੇ ਕਹਿਰ ਤੇ ਕਰਮ ਸਮੇਤ।

ਪੰਜ ਸਟੇਟ ਐਵਾਰਡ ਤਿੰਨ ਨੈਸ਼ਨਲ ਐਵਾਰਡ ਤੇ ਇਕ ਇੰਟਰਨੈਸ਼ਨਲ ਐਵਾਰਡ ਨੇ ਚੁਕਣ ਮਗਰੋਂ ਯੂ ਡੀਸੀ ਵੱਲੋਂ ਉਸ ਦੀਆਂ ਲਿਖਤਾਂ ਉਪਰ ਸੈਮੀਨਾਰ ਕਰਵਾਇਆ ਜਾ ਰਿਹਾ ਸੀ ਤਾਂ ਸਰੋਤਿਆਂ ਵਿਚ ਬੈਠੀ ਉਹ ਸੋਚ ਰਹੀ ਸੀ ਕਿ ਅੱਜ ਤੇ ਪ੍ਰੋਫੈਸਰ ਜੀ ਖੁਸ਼ ਹੋਣਗੇ। ਉਨ੍ਹਾਂ ਆਖਿਆ, ਮੈਂ ਨਹੀਂ ਮੰਨਦਾ ਇਹ ਕੋਈ ਗੱਲ ਹੋਈ, ਕੋਈ ਵੱਡਾ ਨਾਵਲ ਲਿਖੋ, ਹਜ਼ਾਰ ਸਫੇ ਦਾ।

ਉਸ ਦੇ ਵਿਦਿਆਰਥੀ ਨਾਰਾਜ਼ ਸਨ ਕਿ ਕਿਸੇ ਲਿਖਤ ਦਾ ਮੁੱਲ ਸਫਿਆ ਨਾਲ ਤਾਂ ਨਹੀਂ ਬਣਦਾ ਪਰ ਉਸ ਨੂੰ ਪ੍ਰੋਫੈਸਰ ਸਾਹਿਬ ਦਾ ਕਹਿਣਾ ਠੀਕ ਲੱਗਾ, ਉਹ ਇਉਂ ਹੀ ਵਾਹ ਬਈ ਵਾਹ ਆਖ ਕੇ ਦਰਿਆ ਪਾਰ ਲੰਘਾ ਆਉਂਦੇ ਸਨ । ਪਰਲੇ ਪਾਸੇ ਤੁਰੇ ਜਾਂਦੇ ਲੋਕਾਂ ਵਿਚੋਂ ਬਹੁਤੇ ਉਨ੍ਹਾਂ ਦੇ ਹੀ ਵਿਦਿਆਰਥੀ ਹਨ। ਉਨ੍ਹਾਂ ਵਿਚੋਂ ਕਈ ਤਾਂ ਇਨ੍ਹਾਂ ਨੂੰ ਮੌਤਾਂ ਦੇਣ ਲੱਗ ਪਏ ਸਨ ਕਿ ਛਡੋ ਇਹ ਮੱਝ ਮੁਹਾਣੇ ਵਾਲਾ ਕੰਮ। ਤੁਸੀਂ ਆਪ ਪਾਰ ਲੰਘਣ ਦੀ ਕਰੋ ਪਰ ਸਿਦਕ ਹੈ, ਇਕ ਸਿਰੜ ਹੈ ਕਸਬ ਦਾ, ਆਪ ਕਿਤਾਬਾਂ ਲਿਖ ਕੇ ਨਾਮ ਕਮਾ ਕੇ ਨਾਮਣਾ ਖੱਟਣ ਦੀ ਥਾਂ ਬਹੁਤ ਵਾਰੀ ਅਜੇ ਵੀ ਆਪਣੇ ਵਿਦਿਆਰਥੀਆਂ ਨੂੰ ਕਲਮਾਂ ਘੜ ਘੜ ਦੇਈ ਜਾ ਰਹੇ ਹਨ।

ਉਹ ਆਪਣੇ ਅਧਿਆਪਕਾਂ ਦਾ ਮਹਾਗੁਰੂ ਵਾਂਗ ਸਤਿਕਾਰ ਕਰਦੀ ਹੈ। ਖਾਸ ਕਰਕੇ ਪ੍ਰੋ. ਪ੍ਰੀਤਮ ਸਿੰਘ ਦਾ। ਉਹ ਲਿਖਤੀ ਹੈ ਗੁਰੂ ਦਸ਼ਨਾ ਦੇਣ ਯੋਗ ਅਸੀਂ ਭਾਵੇਂ ਨਹੀਂ ਕਿਉਂਕਿ ਨਾ ਇਹ ਸਤਯੁਗ ਹੈ, ਨਾ ਦੁਆਪਰ ਤੇ ਨਾ ਤ੍ਰੇਤਾ, ਇਹ ਤਾਂ ਕਲਜੁਗ ਹੈ। ਤਾਂ ਮੇਰੀ ਇਹ ਸਾਹਿਤਕ ਯਾਤਰਾ ਇਨ੍ਹਾਂ ਗੁਰੂਆਂ ਨੂੰ ਨਮਸਕਾਰ ਕੀਤੇ ਬਿਨਾ ਅਗੇ ਨਹੀਂ ਤੁਰ ਸਕਦੀ। ਡਾ. ਮੋਹਣ ਸਿੰਘ ਦੀਵਾਨਾ ਦੀ ਵਿਦਵਤਾ ਨੇ ਵੀ ਲੇਖਿਕਾ ਨੂੰ ਬਹੁਤ ਪ੍ਰਭਾਵਤ ਕੀਤਾ ਹੈ। ਡਾ. ਸਾਹਿਬ ਦੇ ਕਹੇ ਸ਼ਬਦ ਅੱਜ ਵੀ ਉਹਨੂੰ ਯਾਦ ਹਨ, "ਤੂੰ ਸਿਰਫ਼ ਇਕ ਬੰਦੇ ਨੂੰ ਹੀ ਬਿਲੋਂਗ ਨਹੀਂ ਕਰਦੀ, ਇਕ ਕੌਮ, ਇਕ ਮੁਲਕ, ਇਕ ਸਾਹਿਤ ਤੇ ਫੇਰ ਸਾਰੀ ਸ੍ਰਿਸ਼ਟੀ ਨੂੰ ਬਿਲਿੰਗ ਕਰਦੀ ਹੈ। ਲਿਖਣ ਲਈ ਵੱਡੇ ਕਲਾਸੀਕਲ ਵਿਸ਼ੇ ਚੁਣਿਆ ਕਰ।"

ਜੀਵਨ ਦੀਆਂ ਇਨ੍ਹਾਂ ਪ੍ਰਸਥਿਤੀਆਂ ਨੇ ਉਸ ਦੇ ਅੰਦਰ ਬੈਠੀ ਸਹਿਤਕਾਰਾ ਨੂੰ ਜਗਾਇਆ। ਉਸ ਨੇ ਆਪਣੇ ਮਨ ਤੇ ਪਏ ਪ੍ਰਭਾਵਾਂ ਨੂੰ ਆਪਣੀਆਂ ਲਿਖਤਾਂ ਰਾਹੀਂ ਪ੍ਰਗਟ ਕੀਤਾ। ਉਹ ਆਪਣੇ ਨਾਵਲਾਂ ਦੀਆਂ ਸਮੱਸਿਆਵਾਂ ਬਾਰੇ ਕਹਿੰਦਾ ਹੈ

ਕਿ ਲੋਕ ਤਾਂ ਉਹਦੇ ਨਾਵਲਾਂ ਦੀਆਂ ਨਾਇਕਾਵਾਂ ਨੂੰ ਵੀ ਆਖਦੇ ਹਨ ਕਿ ਉਹ ਆਪਣੀਆਂ ਸਮੱਸਿਆਵਾਂ ਦਾ ਹੱਲ ਕਿਉਂ ਨਹੀਂ ਢੂੰਡਦਿਆਂ ? ਮਿਸਿਜ ਗੁਰਵੇਲ ਪੰਨੂ ਆਖਦੀ ਸੀ ਹੁਣ ਉਹ ਲੋਕਾਂ ਦੀਆਂ ਕਹਾਣੀਆਂ ਲਿਖਿਆ ਕਰੇ। ਕਿਹੜੇ ਖੁਸ਼ ਲੋਕਾਂ ਦੀਆਂ ਲੋਕ ਖੁਸ਼ ਜਾਂ ਨਾ ਖੁਸ਼ ਨਹੀਂ ਹੁੰਦੇ ਉਹ ਜਾਂ ਦਰਿਆਵਾਂ ਵਰਗੇ ਹੁੰਦੇ ਹਨ ਜਾਂ ਛੱਪੜ ਵਰਗੇ। ਫਿਰ ਸਮੱਸਿਆ ਕੀ ਹੈ ? ਸਮੱਸਿਆ ਇਹ ਹੈ ਕਿ ਦਰਿਆਵਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਛੱਪੜ ਕੀ ਹੁੰਦੇ ਨੇ ਤੇ ਦਰਿਆਵਾ ਹੈ ਹੋਂਦ ਤੋਂ ਹੀ ਨਾਵਾਕਫ ਹੁੰਦੇ ਹਨ।

ਉਸ ਦੀਆਂ ਸਮੱਸਿਆਵਾਂ ਨੂੰ ਮੈਂ ਕੌਣ ਹਾਂ ? ਉਥੇ ਜਾਂਦੇ ਪੰਛੀ ਦੀ ਚੁੰਝ ਵਿਚ ਭਰੀ ਪਾਣੀ ਦੀ ਬੂੰਦ। ਇਹ ਹੈ ਜੀਵਨ ਦੀ ਤਲਾਸ਼ ਜਿਸ ਦੀ ਖੋਜ ਉਸ ਦੇ ਨਾਵਲਾਂ ਦੀ ਨਾਇਕਾਵਾਂ ਬੜੀ ਤੀਬਰਤਾ ਨਾਲ ਕਰਦੀਆਂ ਹਨ। ਉਨ੍ਹਾਂ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਮਿਲਦਾ। ਖੋਜ ਅਜੇ ਵੀ ਜਾਰੀ ਹੈ। ਇਹ ਖੋਜ ਜਦੋਂ ਵੀ ਮਨੁੱਖ ਨੇ ਆਪਣੀ ਹੋਂਦ ਬਾਰੇ ਸੋਚਣਾ ਆਰੰਭਿਆ ਉਦੋਂ ਤੋਂ ਨਿਰੰਤਰ ਜਾਰੀ ਹੈ। ਇਸ ਖੋਜ ਦੇ ਵੀ ਕਈ ਪੱਖ ਨਿਕਲੇ: ਕਿਸੇ ਨੇ 'ਆਤਮਾ ਅਮਰ ਹੈ' ਦਾ ਵਿਚਾਰ ਦਿੱਤਾ। ਕੋਈ ਨਿਰਵਾਣ ਪ੍ਰਾਪਤੀ ਨੂੰ ਹੀ ਜੀਵਨ ਦਾ ਉਦੇਸ਼ ਮੰਨ ਬੈਠਾ ਪਰ ਇਹ ਉਦੇਸ਼ ਮਨੁੱਖੀ ਮਨ ਨੂੰ ਤ੍ਰਿਪਤ ਨਹੀਂ ਕਰ ਸਕੇ। ਉਸ ਦੀ ਖੋਜ ਅਜੇ ਵੀ ਜਾਰੀ ਹੈ।

ਉਹ ਸਵੈ ਤੋਂ ਸਵੈ ਤਕ ਦੀ ਯਾਤਰਾ ਦੀ ਗੱਲ ਕਰਨਾ ਚਾਹੁੰਦੀ ਹੈ। ਉਨ੍ਹਾਂ ਦੀਵਿਆ ਦੀ ਵੀ ਜਿਹੜਾ ਆਪਣੇ ਆਪ ਨੂੰ ਬਾਲ ਕੇ ਦੂਜਿਆ ਦੇ ਰਾਹ ਰੋਸ਼ਨ ਕਰਨ ਦੇ ਯਤਨ ਵਿਚ ਰਹਿੰਦੇ ਹਨ। ਉਨ੍ਹਾਂ ਪੰਛੀਆਂ ਦੀ ਵੀ ਜਿਹੜੇ ਸਵੇਰੇ-ਸਵੇਰੇ ਸੂਰਜ ਦਾ ਸੁਆਗਤ ਵੀ ਕਰਦੇ ਹਨ ਤੇ ਬੂਹੇ ਬਾਰੀਆਂ ਵਿਚੋਂ ਤੁਹਾਡਾ ਹਾਲ ਪੁੱਛਣ ਵੀ ਆ ਜਾਂਦੇ ਹਨ। ਉਨ੍ਹਾਂ ਜੰਗਲੀ ਜਾਨਵਰਾਂ ਦੀ ਵੀ ਜਿਹੜੇ ਛਲੇਡੇ ਵਾਂਗ ਆਪਣੀ ਦੇਹ ਪਲਟ ਲੈਂਦੇ ਹਨ।

ਉਸ ਦੇ ਵਿਸ਼ੇ ਦੇ ਦਰਵਾਜ਼ੇ ਹਰ ਇਕ ਲਈ ਖੁਲ੍ਹੇ ਹਨ। ਅਸਲ ਵਿਚ ਉਹ ਆਪਣੇ ਗਲਪ ਵਿਚ ਇਸਤਰੀ ਦੀ ਗੱਲ ਕਰਨਾ ਚਾਹੁੰਦੀ ਹੈ। ਕਾਲੇ ਚਿੱਟੇ ਰੰਗਾਂ ਵਿਚ ਰੰਗ ਕੇ ਨਹੀਂ। ਤ੍ਰੀਮਤ ਪਣ ਤੋਂ ਪਹਿਲਾਂ ਉਸ ਆਪਣੀ ਗੱਲ ਕਰੇਗੀ। ਜਿਸ ਨੂੰ ਯਾਦ ਨਹੀਂ ਦੋਹਾਂ ਮਾਵਾ ਵਿਚੋਂ ਉਹਦੀ ਮਾਂ ਕਿਹੜੀ ਸੀ। ਉਸ ਨੂੰ ਦੋਹਾਂ ਮਾਵਾਂ ਨੇ ਹੀ ਏਨਾ ਪਿਆਰ ਦਿੱਤਾ ਕਿ ਅਸਲ ਨਕਲ ਦੀ ਪਹਿਚਾਣ ਭੁੱਲ ਗਈ।

ਉਹ ਔਰਤ ਦੀ ਗੱਲ ਕਰਦੀ ਹੈ। ਉਹ ਮੈਨੂੰ ਦਾ ਹਵਾਲਾ ਦੇਂਦੀ ਹੋਈ ਲਿਖਦੀ ਹੈ ਜਿਥੇ ਔਰਤ ਖੁਸ਼ ਨਹੀਂ, ਉਥੇ ਦੇਵਤੇ ਵੀ ਨਾਰਾਜ਼ ਹੋ ਜਾਂਦੇ ਨੇ। ਔਰਤ ਦੇ ਸਾਥ ਬਿਨਾ ਕੋਈ ਯੱਗ ਸੰਪੂਰਨ ਨਹੀਂ ਹੁੰਦਾ ਤੇ ਉਹ ਆਖਦੀ ਹਾਂ ਕਮਲੀਏ ਮਾਏ, ਅੱਜ ਕਿਥੇ ਨੇ ਉਹ ਦੇਵਤ ਜਿਨ੍ਹਾਂ ਦੀ ਨਾਰਾਜ਼ਗੀ ਦੀ ਕਿਸੇ ਨੂੰ ਵਾਹ ਹੋਵੇ। ਕੌਣ ਕਰਦਾ ਹੈ ਅੱਜ ਕਲ੍ਹ ਯੱਗ ਜਿਸ ਨੇ ਔਰਤ ਦੇ ਸਾਥ ਬਿਨਾਂ ਸੰਪੂਰਨ ਨਹੀਂ ਹੋਣਾ। ਅੱਜ ਕਿਸ ਨੂੰ ਫ਼ਿਕਰ ਹੈ ਪਿਤਰਾਂ ਦਾ ਰਿਣ ਲਾਹੁਣ ਦਾ ?

ਉਹ ਜਾਣਨਾ ਚਾਹੁੰਦੀ ਹੈ ਕਿ ਕੋਈ ਦੇਸ਼ ਹੈ ਜਿਥੇ ਔਰਤ ਨੂੰ ਔਰਤ ਤੋਂ ਪਹਿਲਾਂ ਇਕ ਇਨਸਾਨ ਸਮਝਿਆ ਜਾਂਦਾ ਹੈ। ਉਹ ਕਹਿੰਦੀ ਹੈ ਕਿ ਇਹੀ ਸਭ ਗੱਲਾਂ ਉਸ ਦੇ ਨਾਵਲਾਂ ਦੀਆਂ ਨਾਇਕਾਵਾਂ ਸੋਚਦੀਆਂ ਰਹਿੰਦੀਆਂ ਹਨ। ਕੰਮ ਕਰਨ ਦੀ ਪੱਧਰ ਉਪਰ। ਸੱਚੇ ਵਿਸਲੇਸ਼ਣ ਦੀ ਪੱਧਰ ਉਪਰ। ਕਦੇ ਵਿਦਰੋਹ ਦੇ ਪੱਧਰ ਉਪਰ। ਜਿਵੇਂ ਹਸਤਾਖਰ 'ਪੈੜਚਾਲ' ਅਤੇ 'ਔਰ ਵਰਾਂ' ਮਿਲਦੀਆਂ ਨਾਵਲਾਂ ਵਿਚ।

ਉਸ ਦੇ ਨਾਵਲਾ ਦੀਆਂ ਕਹਾਣੀਆਂ ਦੀਆਂ ਔਰਤਾਂ ਪਤਾ ਨਹੀਂ ਕਿਸ ਕਿਸ ਸਦੀ ਤੋਂ ਤੁਰ ਕੇ ਆ ਗਈਆਂ ਹਨ।ਵਕਤ ਕੇਵਲ ਬਾਹਰੀ ਨਹੀਂ ਹੁੰਦਾ।ਵਕਤ ਤੁਹਾਡੇ ਅੰਦਰ ਵੀ ਹੁੰਦਾ ਹੈ। ਕਦੇ ਕਦੇ ਤੁਸੀਂ ਇਕ ਪੈਰ ਵੀ ਪੁਟਿਆ ਨਹੀਂ
ਹੁੰਦਾ ਕਿ ਵਰ੍ਹਿਆਂ ਦੇ ਵਰ੍ਹੇ ਲੰਘ ਜਾਂਦੇ ਨੇ ਤੇ ਕਦੇ ਕਦੇ ਉਸੇ ਇਕੋ ਘੜੀ ਪਲ ਵਿਚ ਸਮੁੱਚਾ ਕਾਲ ਸਮੋਇਆ ਹੁੰਦਾ ਹੈ। ਉਹ ਲਿਖਦੀ ਹੈ ਆਪਣੀ ਲਿਖਤ ਬਾਰੇ ਬਸ ਇਉਂ ਲਗਦਾ ਹੈ ਕਿ ਮੇਰੇ ਮਨ ਵਿਚ ਕਿਧਰੇ ਇਕ ਬਹੁਤ ਵੱਡਾ ਦਰਿਆ ਵੱਗ ਰਿਹਾ ਹੈ। ਕਦੇ ਉਹ ਉਛਲਣ ਕੰਢੇ ਖੋਰਦਾ ਝੰਗ ਵਗਾਉਂਦਾ ਸਭ ਕੁਝ ਹੜਾਈ ਲਈ ਜਾਂਦਾ ਹੈ ਤੇ ਕਦੇ ਸਾਤ ਅਡੋਲ ਸਹਿਜ ਨਾਲ ਵਹਿੰਦਾ ਹੈ। ਲਿਖਤਾਂ ਤਾਂ ਉਸ ਦੇ ਕੱਢੇ ਵਸੇ ਸ਼ਹਿਰ ਹਨ।

ਉਹ ਆਪਣੀਆਂ ਲਿਖਤਾਂ ਦੇ ਚਿਰ ਸਥਾਈ ਹੋਣ ਬਾਰੇ ਭਾਵੇਂ ਸਪਸ਼ਟ ਸ਼ਬਦਾਂ ਵਿਚ ਨਹੀਂ ਲਿਖਦੀ ਪ੍ਰੰਤੂ ਉਹ ਦਰਸਾਉਂਦੀ ਹੈ ਤੇ ਪਿਛੇ ਲਿਖ ਵੀ ਆਈ ਹੈ ਕਿ ਉਸ ਦੀ ਤਲਾਸ਼ ਵੱਡੀ ਹੈ। ਇਸ ਕਰਕੇ ਉਸ ਦੀਆਂ ਲਿਖਤਾਂ ਦੀ ਉਮਰ ਵੀ ਉਸ ਅਨੁਸਾਰ ਹੀ ਵੱਡੀ ਹੈ।

ਆਖਦੇ ਨੇ ਇਹ ਸਾਰੀ ਸ੍ਰਿਸ਼ਟੀ ਜੋ ਬਾਹਰੋਂ ਦਿਸਦੀ ਹੈ ਬੰਦੇ ਦੇ ਅੰਦਰ ਵੀ ਹੈ। ਕਈ ਪਲ ਅਜੇਹੇ ਵੀ ਹੁੰਦੇ ਹਨ ਜਦੋਂ ਬੰਦਾ ਆਪਣੇ ਰਾਹੀਂ ਸੰਸਾਰ ਤੇ ਸੰਸਾਰ ਰਾਹੀਂ ਆਪਣੇ ਆਪ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਜਿੱਡਾ ਵੱਡਾ ਜਾਂ ਛੋਟਾ ਕੋਈ ਆਪ ਹੋਵੇਗਾ ਉਨ੍ਹੀ ਹੀ ਵੱਡੀ ਜਾਂ ਛੋਟੀ ਉਸ ਦੀ ਤਲਾਸ਼ ਹੋਵੇਗੀ। ਉਨ੍ਹਾਂ ਹੀ ਵੱਡੀ ਜਾਂ ਛੋਟੀ ਉਸ ਦੀ ਰਚਨਾ ਦੀ ਉਮਰ ਹੋਵੇਗੀ। ਇਸੇ ਲਈ ਆਪਣੀਆਂ ਰਚਨਾਵਾਂ ਬਾਰੇ ਆਪ ਕੁਝ ਆਖਣ ਦੀ ਥਾਂ ਇਹ ਗੱਲ ਮੈਂ ਵਕਤ ਉਪਰ ਛੱਡ ਦਿੰਦੀ ਹਾਂ।

ਸਾਹਿਤ ਸਿਰਜਨਾ ਦੇ ਪਲਾਂ ਵਿਚ ਉਹ ਮੈਂ ਨਹੀਂ ਹੁੰਦੀ ਸਗੋਂ ਪਰ ਵਿਚ ਮੈਂ ਨੂੰ ਜਿਉਂ ਰਹੀ ਹੁੰਦੀ ਹੈ। ਜੇ ਲੇਖਕ ਮੈਂ ਹੀ ਰਹੇ ਤਾਂ ਉਹ ਪਰ ਦੀ ਪੀੜਾਂ ਨੂੰ ਆਪਣੇ ਵਿਚ ਜਿਉਂ ਨਹੀਂ ਸਕਦਾ। ਪਰ ਵਿਚ ਜਿਉ ਕੇ ਉਹ ਅਸਲ ਵਿਚ ਆਪੇ ਵਿਚ ਜਿਉ ਰਿਹਾ ਹੁੰਦਾ ਹੈ। ਸਾਹਿਤ ਉਹ ਹੀ ਮਹਾਨ ਹੋ ਸਕਦਾ ਹੈ ਜਿਸ ਵਿਚ ਮੈਂ ਪਰ ਦੇ ਰੂਪ ਵਿਚ ਸਾਹਿਤਕਾਰ ਦੀ ਆਤਮਾ ਸਮੋਈ ਹੋਈ ਹੋਵੇ।

ਟਿਵਾਣਾ ਆਪਣੇ ਲਿਖਣ ਦੇ ਪਲਾਂ ਬਾਰੇ ਦਸਦੀ ਹੈ ਕਿ "ਫੇਰ ਜਿਨਾਂ ਪਲਾਂ ਵਿਚ ਮੈਂ ਲਿਖਦੀ ਹਾਂ ਉਨ੍ਹਾਂ ਪਲਾਂ ਵਿਚ ਲਿਖਣਾ ਮੇਰਾ ਸੁਭਾਵਕ ਕਰਮ ਬਣ ਜਾਂਦਾ ਹੈ, ਸਾਹ ਲੈਣ ਵਾਂਗ, ਭੁੱਖ ਲਗਣ ਵਾਂਗ, ਨੀਂਦ ਆਉਣ ਵਾਂਗ। ਉਸ ਪਲ, ਉਸ ਘੜੀ ਮੈਂ ਜਿਵੇਂ ਆਪਣੇ ਆਪ ਨੂੰ ਉਲੰਘ ਕੇ, ਅਪਣੇ ਆਪ ਤੋਂ ਪਾਰ ਲੰਘ ਕੇ ਕਿਸੇ, ਪਿੰਡ ਦੇ ਰਾਹੀਆਂ ਨਾਲ ਜਾ ਰਲਦੀ ਹਾਂ। ਉਨ੍ਹਾਂ ਦੇ ਨਾਲ, ਉਨ੍ਹਾਂ ਦੇ ਰਾਹੀਂ, ਉਨ੍ਹਾਂ ਦਾ ਪੈਂਡਾ ਜਿਉਂਦੀ ਹਾਂ। ਉਨ੍ਹਾਂ ਦੇ ਸੰਗ ਸਾਥ ਵੇਲੇ ਆਪਣੇ ਆਪ ਤੋਂ ਗੈਰ ਹਾਜ਼ਰ ਹੋ ਸਕਣ ਦਾ ਇਹ ਇਕ ਵਸੀਲਾ ਵੀ ਹੈ। ਜੇ ਮੈਂ ਬਣਕੇ ਸਾਰਾ ਵੇਲਾ ਗੰਜਿਉਣਾ ਹੁੰਦਾ, ਹੁਣ ਤਕ ਤਾਂ ਮੈਂ ਪਾਗਲ ਹੋ ਗਈ ਹੁੰਦੀ ।

ਉਹ ਇਹ ਵੀ ਸਪਸ਼ਟ ਕਰਦੀ ਹੈ ਕਿ ਉਸ ਦੀਆਂ ਲਿਖਤਾਂ ਵਿਚ ਉਸ ਦੀ ਜੀਵਨ ਗਾਥਾ ਨਹੀਂ। ਉਸ ਅਨੁਸਾਰ ਲੋਕੀ ਆਖਦੇ ਨੇ ਮੇਰੀਆਂ ਲਿਖਤਾਂ ਸਵੈ-ਜੀਵਨੀ ਪਰਕ ਵਧੇਰੇ ਨੇਂ। ਇਸ ਤੋਂ ਵੱਡੀ ਗਲਤਫਹਿਮੀ ਹੋਰ ਬੀ ਹੋ ਸਕਦੀ ਹੈ। ਉਸ ਸਵੇ ਦੀ ਤਲਾਸ਼ ਤਾਂ ਹੋ ਸਕਦੀ ਏ, ਸਵੈ ਦਾ ਸਫਰ ਵੀ, ਸਵੇ ਦੇ ਸੋਸੇ ਵੀ ਪਰ ਸਵੇ ਦਾ ਵਰਣਨ ਨਹੀਂ। ਬੜੀ ਪੁਰਾਣੀ ਕਹਾਵਤ ਹੈ। ਆਪਣਾ ਬੰਗਾ ਚੁਕੇਗੇ ਤਾਂ ਆਪਣਾ ਹੀ ਢਿੱਡ ਨੰਗਾ ਹੋਵੇਗਾ। ਕੌਣ ਵੱਡਾ

ਬੇਵਕੂਫ਼ ਹੋਵੇਗਾ ਕਿ ਆਪਣਾ ਝੱਗਾ ਚੁਕ ਕੇ ਆਪਣਾ ਹੀ ਢਿੱਡ ਨੰਗਾ ਕਰਕੇ ਲੋਕਾਂ ਨੂੰ ਵਿਖਾਵੇ।

ਉਹ ਆਪਣੀਆਂ ਲਿਖਤਾਂ ਦੇ ਲਿਖਣ ਦਾ ਕਾਰਨ ਲਿਖਦੀ ਹੈ ਕਿ ਧਰਤੀ ਵਿਚ ਪਿਆ ਪਿਆ ਬੀਜ ਕਿਉਂ ਬੂਟਾ ਬਣਕੇ ਉੱਗ ਪੈਂਦਾ ਹੈ। ਬੂਟੇ ਉਪਰ ਕਿਉਂ ਫੁੱਲ ਖਿੜ ਪੈਂਦੇ ਹਨ। ਤੁਸੀਂ ਆਪੇਗ ਮਿੱਟੀ ਦੀ ਜਾਤ, ਪੈਣ ਪਾਣੀ ਦਾ ਮੇਲ, ਮੌਸਮ ਦਾ ਖੋਲ, ਬੀਜ ਵਿਚੋਂ ਬੂਟੇ ਨੂੰ ਹਾਕ ਮਾਰ ਲੈਂਦਾ ਹੈ। ਹਾਂ ਇਸ ਤਰ੍ਹਾਂ ਪਤਾ ਨਹੀਂ ਕਿਧਰੋਂ ਲੰਘਿਆ ਜਾਂਦਾ ਕੋਈ ਹੱਕਾ ਮੇਰੇ ਮਨ ਵਿਚ ਬੀਜ ਬਣ ਕੇ ਬਹਿ ਜਾਂਦਾ ਹੈ। ਤੇ ਫਿਰ ਵਕਤ ਪਾ ਕੇ ਉਹ ਹੋਕਾ ਬੀਜ ਤੋਂ ਬਿਰਖ ਬਣ, ਆਪਣੀ ਕਥਾ ਸੁਣਾਉਣ ਲੱਗ ਜਾਂਦਾ ਤੇ ਮੇਰੇ ਮਨ ਦੀ ਸ਼ਾਂਤੀ ਭੰਗ ਕਰਦਾ ਹੈ। ਆਪਣੇ ਮਨ ਨੂੰ ਵੇਹਲਾ ਕਰਨ ਲਈ ਉਹ ਕਥਾ ਨੂੰ ਲਿਖ ਕੇ ਪਰਾ ਰੱਖ ਦਿੰਦੀ ਹਾਂ।

ਉਸ ਦੀਆਂ ਲਿਖਤਾਂ ਵਿਚ ਲੋਕ ਪੀੜਾ ਹੈ, ਦਰਦ ਹੈ ਜਿਸ ਨੂੰ ਉਹ ਆਪੇ ਵਿਚ ਹੰਢਾਉਂਦੀ ਹੈ। ਜਦੋਂ ਉਹ ਪੀੜਾ ਭਾਰੂ ਹੋ ਜਾਂਦੀ ਹੈ, ਉਸ ਦਾ ਆਪਾ ਉਸ ਪੀੜਾ ਨਾਲ ਵਿਆਕੁਲ ਹੋ ਉਠਦਾ ਹੈ ਤਾਂ ਉਸ ਪੀੜਾ ਤੇ ਚੀਸਾਂ ਨੂੰ ਘਟਾਉਣ ਲਈ ਉਹ ਲਿਖਦੀ ਹੈ। ਉਸ ਪੀੜਾ ਦਾ ਸਾਧਾਰਨੀਕਰਨ ਕਰਕੇ ਉਸ ਨੂੰ ਸਾਰੇ ਪਾਠਕਾਂ ਦੀ ਪੀੜਾ ਬਣਾ ਦੇਂਦੀ ਹੈ। ਇਨ੍ਹਾਂ ਪੀੜਾਂ ਦੇ ਵਰਣਨ ਸਮੇਂ ਪਾਠਕ ਮਨ ਸਮਝ ਬੈਠਦੀ ਹੈ, ਇਹ ਉਸ ਦੇ ਸਵੈ ਵਿਚੋਂ ਉਪਜੀ ਪੀੜਾ ਹੈ। ਉਹ ਆਪਣੇ ਸਵੈ ਦਾ ਪ੍ਰਗਟਾ ਕਰ ਰਹੀ ਹੈ।

ਲੇਖਕ ਜਦ ਵੀ ਕਿਸੇ ਦੀ ਪੀੜਾ ਨੂੰ ਆਪਣੇ ਸੀਨੇ ਉਤੇ ਹੰਢਾਉਂਦਾ ਹੈ ਉਸ ਸਮੇਂ ਉਹ ਪੀੜਾ ਉਸ ਦੀ ਆਪਣੀ ਹੋ ਨਿਬਦੀ ਹੈ। ਉਸ ਨੂੰ ਪ੍ਰਗਟ ਕਰਨ ਸਮੇਂ ਉਸ ਦੀ ਭਾਵੁਕਤਾ, ਉਸ ਦੇ ਹਾਵ ਭਾਵ, ਉਸ ਦਾ ਦ੍ਰਿਸ਼ਟੀਕੋਣ, ਪਸੰਦ ਨਾ ਪਸੰਦ, ਚਾਹ ਤੇ ਅਧੂਰੀਆਂ ਖਾਹਸ਼ਾਂ ਸੁਤੇ ਸਿਧ ਹੀ ਉਸ ਦੀ ਲਿਖਤ ਵਿਚ ਆ ਪ੍ਰਵੇਸ਼ ਕਰਦੀਆਂ ਹਨ। ਜੇ ਲੇਖਕ ਦਾ ਆਪਾ ਉਸ ਦੀ ਲੇਖਣੀ ਵਿਚੋਂ ਲੋਪ ਹੋ ਜਾਵੇ ਤਾਂ ਉਸ ਦੀ ਉਹ ਲਿਖਤ ਸਾਹਿਤ ਦਾ ਰੂਪ ਨਹੀਂ ਬਣ ਸਕਦੀ। ਕੇਵਲ ਇਕ ਰੁਖਾ ਜਿਹਾ ਇਤਿਹਾਸ ਦਾ ਪੰਨਾ ਬਣ ਕੇ ਰਹਿ ਜਾਵੇਗੀ। ਇਸ ਕਰਕੇ ਕਿਸੇ ਨਾ ਕਿਸੇ ਰੂਪ ਵਿਚ ਲੇਖਕ ਦਾ ਆਪਾ ਬੋਲ ਉਠਦਾ ਹੈ। ਲੋਕ ਉਸ ਧੜਕਣ ਨੂੰ ਪਹਿਚਾਣ ਕੇ ਉਸ ਦੇ ਸਵੇ ਦੀ ਕਥਾ ਸਮਝ ਲੈਂਦੇ ਹਨ।

ਦਲੀਪ ਕੌਰ ਟਿਵਾਣਾ ਕਹਾਣੀ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੀ ਹੋਈ ਲਿਖਦੀ ਹੈ। ਕਹਾਣੀ ਮਨੁੱਖ ਦੀ ਗੱਲ ਕਰਦੀ ਹੈ। ਮਨੁੱਖ ਇਕ ਸਮਾਜਿਕ ਜੀਵ ਹੈ। ਸਮਾਜ ਦੇਸ਼ ਦੀਆਂ ਸਮਾਜਿਕ, ਆਰਥਿਕ, ਰਾਜਸੀ, ਧਾਰਮਿਕ ਤੇ ਸੰਸਕ੍ਰਿਤੀ ਨਾਲ ਉਸਰਦਾ ਹੈ ।

ਸਾਹਿਤਕਾਰ ਸਮਾਜਿਕ ਪ੍ਰਭਾਵਾਂ ਥਲੇ ਪਲਦਾ ਹੈ ਅਤੇ ਆਪਣੇ ਵਿਚਾਰਾਂ ਦੁਆਰਾ ਸਮਾਜ ਨੂੰ ਪ੍ਰਭਾਵਤ ਕਰਦਾ ਹੈ।

ਉਹ ਆਪਣੇ ਪੱਖ ਨੂੰ ਸਿੱਧ ਕਰਨ ਲਈ ਫਰਾਂਸੀਸੀ ਇਨਕਲਾਬ, ਸਨਅਤੀ, ਇਨਕਲਾਬ, ਵਿਦਿਆ ਦੇ ਵਾਧੇ, ਮੱਧ ਸ਼੍ਰੇਣੀ ਦੇ ਫੈਲਾਉ ਤੇ ਵਿਗਿਆਨਕ ਉੱਨਤੀ, ਵਿਗਿਆਨ ਦੇ ਕਾਰਨ ਮਨੁੱਖ ਦੇ ਪੁਰਾਤਨ ਵਿਸ਼ਵਾਸਾਂ ਦਾ ਡੋਲਣਾ ਅਤੇ ਉਸ ਦਾ ਹੁਣ ਕੋਈ ਨਿਸਚਿਤ ਪੱਖ ਨਾ ਹੋਣਾ। ਆਈਨਸਟਾਈਨ, ਦੋਸਤੋਵਸਤੀ, ਵੂਲਫ ਦੀਆਂ ਲਿਖਤਾਂ ਅਤੇ ਮਨੋਵਿਗਿਆਨ ਤੇ ਚਰਚਾ ਕਰਦਿਆਂ ਉਸ ਨੇ ਅਜੋਕੀ ਕਹਾਣੀ ਦੀ ਮਹੱਤਤਾ ਉਤੇ ਵਿਚਾਰ ਪ੍ਰਗਟ ਕੀਤੇ ਹਨ।

ਮਨੁੱਖ ਨੂੰ ਉਸ ਦੀਆਂ ਅੰਦਰਲੀਆਂ ਤੇ ਬਾਹਰਲੀਆਂ ਮਜਬੂਰੀਆਂ ਤੋਂ ਮੁਕਤ ਕਰਵਾਉਣ ਲਈ ਆਪਣੇ ਆਪ ਵਿਚੋਂ ਪਨਾਹ ਢੂੰਡਣ ਜੋਗਾ ਬਣਾਉਣ ਲਈ, ਇਸ ਨਿਰਾਰਥਕ ਹੁੰਦੀ ਜਾ ਰਹੀ ਹੋਂਦ ਨੂੰ ਅਰਥ ਦੇਣ ਲਈ, ਆਤਮ ਤੇ ਅਨਾਤਮ ਵਿਚ ਇਕਸੁਰਤਾ ਟੋਲ੍ਹਣ ਲਈ, ਮਨੁੱਖ ਦੇ ਸੁਪਨਿਆਂ ਨੂੰ ਸੱਚ ਤਕ ਲੈ ਜਾਣ ਲਈ ਅੱਜ ਦੀ ਕਹਾਣੀ ਮਨੁੱਖੀ ਹੋਂਦ ਦੇ ਉਤੇ ਕਿਵੇਂ ਸਭ ਧਰਾਤਲਾਂ ਦੀ ਪਹਿਚਾਣ ਕਰਵਾਉਣ ਦੀ ਕੋਸ਼ਿਸ਼ ਕਰਦੀ ਹੈ।"

ਟਿਵਾਣਾ ਆਪਣੀਆਂ ਕਹਾਣੀਆਂ ਦਾ ਲੇਖਾ ਜੋਖਾ ਕਰਦੀ ਹੋਈ ਸਾਹਿਤਕ ਸਵੇ ਜੀਵਨੀ ਵਿਚ ਲਿਖਦੀ ਹੈ:- ਬਚਪਨ ਵਿਚ ਗੁੱਡੀਆਂ ਪਟੋਲਿਆਂ ਨਾਲ ਖੇਡਦੀਆਂ ਕੁੜੀਆਂ ਆਪੇ ਵਿਚ ਉਨ੍ਹਾਂ ਗੁੱਡੀਆਂ ਦੇ ਵਿਆਹ ਰਚਾ ਲੈਂਦੀਆਂ ਹਨ। ਸੁਹਾਗ ਗਾਉਂਦੀਆਂ, ਡੋਲੀ ਬਿਠਾਉਂਦੀਆਂ, ਉਨ੍ਹਾਂ ਸਾਰੀਆਂ ਰਸਮਾਂ ਵਿਚੋਂ ਲੰਘ ਜਾਂਦੀਆਂ ਹਨ ਜਿਨ੍ਹਾਂ ਵਿਚੋਂ ਦੀ ਉਨ੍ਹਾਂ ਨੇ ਸਚੀ ਮੁੱਚੀਂ ਲੰਘਣਾ ਹੁੰਦਾ ਹੈ ਤੇ ਫਿਰ ਉਨ੍ਹਾਂ ਗੁੱਡੀਆਂ ਵਿਚੋਂ ਕੋਈ ਗੁੱਡੀ ਮਰ ਜਾਂਦੀ ਹੈ। ਰੋਦੀਆਂ ਕੁਰਲਾਉਂਦੀਆਂ ਸਿਆਪਾ ਕਰਦੀਆਂ ਉਹ ਗੁੱਡੀ ਫੂਕਣ ਤੁਰ ਪੈਂਦੀਆਂ ਹਨ ਤੇ ਵੈਣ ਪਾਉਂਦੀਆਂ ਹਨ। ਹਾਏ ਹਾਏ ਧੀਏ ਮੋਰਨੀਏ ਤੇਰੇ ਗੱਜ ਗੱਜ ਲੰਮੇ ਵਾਲ ਨੀ। ਧੀਏ ਮੋਰਨੀਏ। ਕੁਝ ਇਹੋ ਜਿਹਾ ਹੀ ਮੇਰਾ ਰਿਸ਼ਤਾ ਮੇਰੀਆਂ ਕਹਾਣੀਆਂ ਨਾਲ ਸੀ। ਤੇਰੇ ਗਜ ਗਜ ਲੰਮੇ ਵਾਲ ਨੀ, ਧੀਏ ਮੋਰਨੀਏ ਆਖਦਿਆਂ ਮੈਨੂੰ ਲਗਦਾ ਹੈ ਕਿ ਉਹ ਸਭ ਗੁੱਡੇ ਗੁੱਡੀਆਂ ਦੀ ਖੇਡ ਸੀ, ਨਹੀਂ ਤਾਂ ਜਦੋਂ ਮੈਂ ਜਰਾ ਵੱਡੀ ਹੋਈ ਉਸ ਖੇਡ ਤੋਂ ਦੂਰ ਕਿਉਂ ਚਲੀ ਗਈ।

ਉਹ ਆਪਣੀਆਂ ਕਹਾਣੀਆਂ ਵਿਚ ਜੋ ਕਹਿਣਾ ਚਾਹੁੰਦੀ ਹੈ ਉਸ ਬਾਰੇ ਸਪਸ਼ਣ ਕਰਦੀ ਹੋਈ ਲਿਖਦੀ ਹੈ। ਮੇਰੇ ਲਈ ਸਮੱਸਿਆ ਇਹ ਹੀ ਹੈ ਕਿ ਸਵੇ ਦਾ ਸਵੇ ਨਾਲ ਤੇ

ਸ੍ਰਿਸਟੀਈ ਨਾਲ ਰਿਸ਼ਤਾ ਮੋਹ ਭਿੱਜਿਆ, ਤੰਦਰੁਸਤ ਤੇ ਖ਼ੁਬਸੂਰਤ ਹੋਵੇ ਪਰ ਨਿਰਾ ਚਾਹੁੰਣ ਨਾਲ ਤਾਂ ਸਭ ਕੁਝ ਨਹੀਂ ਹੋ ਜਾਂਦਾ। ਜਦੋਂ ਮੈਂ ਇਹ ਕਹਾਣੀਆਂ ਰਚੀਆਂ ਸਨ ਉਦੋਂ ਸਵੇ ਤੇ ਸ੍ਰਿਸ਼ਟੀ ਦੇ ਮੂਲ ਤੱਤਾਂ ਤੇ ਮੂਲ ਵਿਰੋਧਾਂ ਦੀ ਪਹਿਚਾਣ ਸਿਰਫ ਦੁਮੇਲ ਤਕ ਹੀ ਸੀ, ਇਸੇ ਕਾਰਨ ਉਸ ਦੁਮੇਲ ਨੂੰ ਹੀ ਆਖਰੀ ਮੰਜਿਲ ਮਿੱਥ ਲਿਆ ਸੀ । ਇਸੇ ਕਾਰਨ ਇਹ ਕਹਾਣੀਆਂ ਸਿਰਫ ਸਫਰ ਦੀਆਂ ਕਹਾਣੀਆਂ ਨੇ ।"

ਉਹ ਆਪ ਹੀ ਆਪਣੀਆਂ ਕਹਾਣੀਆਂ ਬਾਰੇ ਸਵਾਲ ਦਾ ਉੱਤਰ ਦੇਂਦੀ ਹੈ। ਇਕ ਸੁਆਲ ਤੁਸੀਂ ਪੁਛਣਾ ਚਾਹੋਗੇ ਕਿ ਗੁੱਡੀਆਂ ਪਟੋਲਿਆਂ ਦੀਆਂ ਇਹ ਕਹਾਣੀਆਂ ਸਾਭਣ ਦੀ ਕੀ ਲੋੜ ਸੀ।ਲੋੜ ਹੈ ਕਿਉਂਕਿ ਗੁੱਡੀਆਂ ਪਟੋਲਿਆਂ ਨਾਲ ਕੁੜੀਆਂ ਹੁਣ ਵੀ ਖੇਡਦੀਆਂ ਨੇ ਤੇ ਕਥਾ ਯਾਤਰਾ ਦਾ ਇਹ ਇਕ ਪੜਾਅ ਹੈ।

ਇਸ ਤੋਂ ਬਾਅਦ ਉਸ ਕਹਾਣੀ ਲਿਖਣੀ ਬੰਦ ਕਰ ਦਿੱਤੀ। ਇਸ ਆਸ ਤੇ ਸਭ ਤੋਂ ਚੰਗੀ ਕਹਾਣੀ ਅਜੇ ਉਸ ਲਿਖਣੀ ਹੈ।

ਟਿਵਾਣਾ ਜਦੋਂ ਅਜੋਕੇ ਲੇਖਕਾਂ ਦੀ ਗੱਲ ਕਰਦੀ ਹੈ ਤਾਂ ਕਹਿੰਦੀ ਹੈ ਕਿ ਸਾਹਿਤ ਨੂੰ ਕਿਸੇ ਵੀ ਵਿਚਾਰਧਾਰਾ ਨਾਲ ਜੋੜਨਾ ਉਚਿਤ ਨਹੀਂ। ਇਸ ਲਈ ਪ੍ਰਤੀਬੱਧਤਾ ਜ਼ਿੰਦਗੀ ਨਾਲ, ਜ਼ਿੰਦਗੀ ਦੇ ਮੂਲ ਤੱਤਾਂ ਦੇ ਸੱਚਾਂ ਨਾਲ, ਜਿੰਦਗੀ ਦੇ ਸੁਹਜ ਤੇ ਸਵਾਰਥ ਨਾਲ ਹੋਣੀ ਚਾਹੀਦੀ ਹੈ। ਜੇ ਅੱਜ ਤਕ ਦੇ ਸਿਰਜੇ ਸਾਹਿਤ ਉਤੇ ਝਾਤੀ ਮਾਰੀਏ ਤਾਂ ਸਾਡਾ ਸਾਰਾ ਸਾਹਿਤ ਕਿਸੇ ਵਾਦ ਦੀ ਹੋਂਦ ਉਤਪੰਨ ਹੋਣ ਉਪਰੰਤ ਨਹੀਂ ਸਿਰਜਿਆ ਗਿਆ ਸਗੋਂ ਸਮੇਂ ਦੀਆਂ ਪ੍ਰਸਿਥਿਤੀਆਂ ਨੇ ਉਸ ਨੂੰ ਸਿਰਜਿਆ। ਉਸ ਦੇ ਸਿਰਜਨ ਤੱਤਾਂ ਵਿਚੋਂ ਵਾਦ ਉਪਜਦੇ ਹਨ। ਸਾਹਿਤਕਾਰ ਵਰਤਮਾਨ ਵਿਚ ਰਹਿੰਦਾ ਹੋਇਆ ਭਵਿੱਖ ਵਿਚ ਜਿਉ ਰਿਹਾ ਹੁੰਦਾ ਹੈ। ਸਾਰੇ ਵਾਦ ਆਪਣੇ ਆਪਣੇ ਸਮੇਂ ਦੀ ਦੇਣ ਹਨ। ਸਾਹਿਤਕਾਰ ਕਿਉਂਕਿ ਇਕ ਪੱਥ ਦਰਸ਼ਕ ਵੀ ਹੈ, ਉਸ ਨੇ ਆਪਣੀ ਸਾਹਿਤਕਤਾ ਨਾਲ ਹੀ ਸਮੇਂ ਦੀ ਅਗਵਾਈ ਕਰਨੀ ਹੈ। ਜੇ ਲੇਖਕ ਆਪਣੀ ਭਾਲ ਵਿਚ ਹੀ ਰੁਝ ਜਾਣ ਤਾਂ ਜੀਵਨ ਦੀ ਸਮੱਸਿਆ ਤੋਂ ਦੂਰ ਕੇਵਲ ਸਵੈ ਤਕ ਹੀ ਸੀਮਤ ਹੋ ਜਾਣਗੇ।

ਭਾਰਤ ਦੇ ਬਹੁਤ ਸਾਰੇ ਰਿਸ਼ੀ ਮੁਨੀ ਜੀਵਨ ਦੀ ਅਸਲੀਅਤ ਨੂੰ ਤੱਜ ਕੇ ਪਹਾੜਾ ਦੀਆਂ ਧਰਾ ਵਿਚ ਜਾ ਬਿਰਾਜੇ। ਉਨ੍ਹਾਂ ਦੀ ਸਵੈ ਦੀ ਖੋਜ ਦਾ ਸਮਾਜ ਤੇ ਸਾਹਿਤ ਨੂੰ ਕੀ ਲਾਭ ਹੋਇਆ। ਸਮਾਜ ਨੇ ਆਪਣੇ ਬਹੁਤ ਕੀਮਤੀ ਤੱਤਾਂ ਨੂੰ ਗੁਆ ਲਿਆ।

ਕੇਵਲ ਵਾਦ ਨੂੰ ਸਾਹਿਤ ਵਿਚ ਬਦੋ ਬਦੀ ਲੈ ਆਉਣਾ ਇਹ ਸਾਹਿਤਕਾਰ ਦੀ ਸਾਹਿਤਕਤਾ ਨੂੰ ਗ੍ਰਹਿਣ ਲਾਉਂਦਾ ਹੈ। ਉਹ ਸਾਹਿਤ ਸਦੀਵੀ ਨਹੀਂ ਹੋ ਸਕਦਾ।

ਦਲੀਪ ਕੌਰ ਟਿਵਾਣਾ ਲੇਖਕ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੀ ਹੋਈ ਕਹਿੰਦੀ ਹੈ ਕਿ ਲੇਖਕ ਆਪਣੇ ਸਮੇਂ ਦੀ ਤੀਖਣ ਚੇਤਨਾ (Lightened Awareness) ਹੁੰਦਾ ਹੈ। ਹਾਂ ਇਉਂ ਆਖ ਲਵ ਕਿ ਵੇਲੇ ਦੀ ਤੀਖਣ ਚੇਤਨਾ ਉਸ ਨੂੰ ਆਪਣੇ ਪ੍ਰਗਟਾਵਾਂ ਦਾ ਸਾਧਨ ਬਣਾਉਂਦੀ ਹੈ ਜਿਸ ਦੇ ਪਿਛ ਮਨੁੱਖ ਦੀ ਸਵੈ ਸੰਸਾਰ ਦੀਆਂ ਕੀਮਤਾਂ (Values) ਕਦਰਾਂ ਦੀ ਪਹਿਚਾਣ ਤੇ ਕਿਸੇ ਦਰੁਸਤ ਜੀਵਨ ਦਰਸ਼ਨ ਜਾਂ ਵਿਸ਼ਵ ਦ੍ਰਿਸ਼ਟੀ ਲਈ ਕੋਸ਼ਿਸ਼ ਹੁੰਦੀ ਹੈ। ਸਾਹਿਤ ਨੂੰ ਕਿਸੇ ਇਕ ਵਿਚਾਰਧਾਰਾ ਨਾਲ ਬੰਨ੍ਹਣਾ ਸਹੀ ਨਹੀਂ ਕਿਉਂਕਿ ਹਰ ਇਕ ਵਿਚਾਰਧਾਰਾ ਕਿਸੇ ਸਮੇਂ ਅਤੇ ਸਥਾਨ ਦੀ ਲੋੜ ਵਿਚੋਂ ਪੈਦਾ ਹੁੰਦੀ ਹੈ ਤੇ ਉਸ ਸਮੇਂ ਦੇ ਲੰਘ ਜਾਣ ਮਗਰੋਂ ਉਸ ਵਿਚਾਰਧਾਰਾ ਦੀ ਸਿਰਫ਼ ਇਤਿਹਾਸਕ ਮਹੱਤਤਾ ਰਹਿ ਜਾਂਦੀ ਹੈ। ਦੂਸਰਾ ਗਤੀਸ਼ੀਲ ਜ਼ਿੰਦਗੀ ਨੂੰ ਕਿਸੇ ਇਕ ਵਿਚਾਰਧਾਰਾ ਨਾਲ ਬੰਨ੍ਹਕੇ ਖੜ੍ਹੀ ਕਰ ਦੇਣਾ ਉਚਿਤ ਨਹੀਂ। ਇਸ ਲਈ ਪ੍ਰਤੀਬੱਧਤਾ ਜ਼ਿੰਦਗੀ ਨਾਲ, ਜ਼ਿੰਦਗੀ ਦੇ ਮੂਲ ਤੱਤਾਂ ਤੇ ਸੱਚਾਂ ਨਾਲ, ਜ਼ਿੰਦਗੀ ਦੇ ਸੁਹਜ ਤੇ ਸਵਾਰਥ ਨਾਲ ਹੋਣੀ ਚਾਹੀਦੀ ਹੈ।

ਜੇ ਗੱਲ ਹੋਰ ਸਪਸ਼ਟ ਕਰਨੀ ਹੋਵੇ ਤਾਂ ਮੈਂ ਆਖਣਾ ਚਾਹਾਂਗੀ ਕਿ ਲੇਖਕ ਸਾਨੂੰ ਜ਼ਿੰਦਗੀ ਦਾ ਮਾਡਲ ਦੇਂਦਾ ਹੈ। ਅੱਜ ਜ਼ਿੰਦਗੀ ਵਿਚ ਏਨੀ ਹਨੇਰ ਗਰਦੀ ਦਾ ਕਾਰਨ ਹੀ ਇਹ ਹੈ ਕਿ ਸਾਡੇ ਕੋਲ ਜਿਉਣ ਦਾ ਕੋਈ ਮਾਡਲ ਨਹੀਂ।

ਆਪਣੀ ਹੋਂਦ ਦੇ ਅਰਥ ਤਲਾਸ਼ ਕਰਨਾ ਜਾਂ ਆਪਣੀ ਹੋਂਦ ਦਾ ਸਮਰਥਨ ਜਾਂ ਸਾਰਥਕਤਾ (Justification) ਲੱਭਣੀ ਕਿਸੇ ਵੀ ਲੇਖਕ ਦੇ ਜਿਉਣ ਲਈ ਵੀ ਤੇ ਲਿਖਣ ਲਈ ਵੀ ਇਨ੍ਹਾਂ ਵਿਚੋਂ ਇਕ ਕੇਂਦਰੀ ਬਿੰਦੂ ਹੁੰਦਾ ਹੈ। ਮਤਲਬ ਹੈ ਭਾਸ਼ਾ ਵਿਚ ਲੇਖਕ ਆਪਣੀ ਰਚਨਾ ਰਾਹੀਂ ਆਪਣੇ ਆਪ ਨੂੰ ਲੱਭਣ ਲਈ ਜਾਂ ਆਪਣੇ ਆਪ ਨੂੰ ਭੁੱਲਣ ਲਈ ਸਾਹਿਤ ਸਿਰਜਦਾ ਹੈ।

ਟਿਵਾਣਾ ਆਪਣੀਆਂ ਨਾਇਕਾਵਾਂ ਬਾਰੇ ਸਪਸ਼ਟੀਕਰਣ ਦੇਂਦੀ ਹੋਈ ਲਿਖਦੀ ਹੈ ਕਿ ਇਹ ਕਮਜ਼ੋਰ ਕਿਥੇ ਨੇ ਤੁਹਾਡੇ ਮਨ ਵਿਚ ਇਹ ਵਿਚਾਰ ਜੋ ਪੈਦਾ ਕਰ ਦਿੱਤਾ ਹੈ ਕਿ ਕੁਝ ਕਰਦੀਆਂ ਕਿਉਂ ਨਹੀਂ ਬਹੁਤ ਹੈ। ਦੂਸਰਾ ਇਨ੍ਹਾਂ ਨਾਵਲਾਂ ਵਿਚ ਔਰਤ ਦੀ ਜ਼ਿੰਦਗੀ ਦੇ ਸੱਚ ਨੂੰ ਸਵੀਕਾਰ ਕੀਤਾ ਗਿਆ ਹੈ। ਉਸ ਦੇ ਸਾਰੇ ਰੂਪ ਚਿੱਤਰੇ ਗਏ ਹਨ। ਉਹ ਧਰਤੀ ਵਰਗੀ ਵੀ ਹੈ ਤੇ ਰੱਬ ਵਰਗੀ ਵੀ। ਧਰਤੀ ਤੇ ਰੱਬ ਦੀ ਸਮਰਥਾ ਤੋਂ ਅਸੀਂ ਭਲੀ ਭਾਂਤ ਜਾਣੂ ਹਾਂ ਪਰ ਨਾ ਧਰਤੀ ਸੈਰ ਕਰਦੀ ਹੈ ਤੇ ਨਾ ਹੀ ਰੱਬ। ਇਨ੍ਹਾਂ ਨਾਵਲਾਂ ਵਿਚ ਵਿਦਰੋਹ ਨਹੀਂ, ਵਿਕਾਸ ਹੈ। 'ਏਹੁ ਹਮਾਰਾ ਜੀਵਣਾ' ਦੀ ਭਾਨੋ ਤੇ ਵਕਥਾ ਕੁਕਨੁਸ ਦੀ' ਦੀ ਭਾਰਤੀ ਇਕ ਨਹੀਂ ਹਨ।

ਉਨ੍ਹਾਂ ਦੀ ਖ਼ਾਮੋਸ਼ੀ ਦੇ ਬਹੁਤ ਅਰਥ ਹਨ। ਨਾਅਰੇਬਾਜ਼ੀ ਦਾ ਸਿਰਫ ਇਕ ਹੀ ਅਰਥ ਹੁੰਦਾ ਹੈ। 'ਏਹੁ ਹਮਾਰਾ ਜੀਵਣਾ' ਦੀ ਭਾਨੋ ਹੋਂਦ ਦੇ ਪੱਧਰ ਉਪਰ ਜਿਉਂਦੀ ਹੈ। 'ਪੇੜ ਚਾਲ' ਦੀ ਸਿਮਰਨ ਸੋਚਾਂ ਦੇ ਪੱਧਰ ਉਪਰ ਜਿਉਂਦੀ ਹੈ ਤੇ 'ਕਥਾ ਕੁਕਨੁਸ ਦੀ' ਦੀ ਭਾਰਤੀ ਹੋਂਦ ਅਤੇ ਸੋਚ ਤੋਂ ਅਗਾਹ ਪਰਾਭੌਤਿਕ ਪੱਧਰ ਉਪਰ ਜਾ ਪਹੁੰਚਦੀ ਹੈ। ਸਾਹਿਤਕ ਸਵੈ-ਜੀਵਨੀ ਉਸ ਦਾ ਪਿਛਲੇ ਜਨਮ ਵਿਚ ਵਿਸ਼ਵਾਸ ਹੈ। ਉਸ ਅਨੁਸਾਰ ਬਹੁਤ ਕੁਝ ਗਿਆਨ ਆਦਿ ਅਸੀਂ ਪਿਛਲੇ ਜਨਮ ਦੇ ਆਪਣੇ ਨਾਲ ਲੈ ਕੇ ਆਉਂਦੇ ਹਾਂ । ਉਹ ਆਪ ਆਖਦੀ ਹੈ। ਪਿਛਲੇ ਜਨਮ ਵਿਚ ਇੰਗਲੈਂਡ ਵਿਚ ਦਰਿਆ ਕੰਢੇ ਉਸ ਦਾ ਘਰ ਸੀ ਉਹ ਸੰਤ ਮਾਡੂਦਾਸ ਦੀ ਗੰਗਾ ਇਸ਼ਨਾਨ ਕਰਨ ਦੀ ਵਾਰਤਾ ਦਸ ਕੇ ਸਿਧ ਕਰਦੀ ਹੈ ਕਿ ਉਹ ਸੁਪਨੇ ਵਿਚ ਰੂਹ ਬਣੀ ਤੁਰੀ ਫਿਰਦੀ ਹੈ। ਉਹ ਵਰ ਤੇ ਸਰਾਵ ਨੂੰ ਝੂਠੀਆਂ ਗੱਲਾਂ ਨਹੀਂ ਸਮਝਦੀ। ਇਹ ਕਮਾਈ ਹੋਈ ਸਮਰਥਾ ਉਹ ਕਹਿੰਦੀ ਹੈ ਜਰੂਰੀ ਨਹੀਂ ਤੁਹਾਡੀ ਇਸੇ ਜਨਮ ਦੀ ਕਮਾਈ ਹੋਵੇ।

ਟਿਵਾਣਾ ਨੇ ਅੰਤਰਰਾਸ਼ਟਰੀ ਦਿਵਸ ਉਤੇ ਔਰਤਾਂ ਦੀ ਸਥਿਤੀ ਬਾਰੇ ਲਿਖਿਆ ਹੈ। ਉਂਜ ਤਾਂ ਅੱਠ ਮਾਰਚ ਵੀ ਬਾਕੀ ਦਿਨਾਂ ਵਰਗਾ ਹੀ ਦਿਨ ਹੈ ਪਰ ਇਸ ਨੂੰ ਮਹਿਲਾ ਦਿਵਸ ਮਿੱਥ ਕੇ ਵੱਖਰਾ ਤੇ ਵਿਸ਼ੇਸ਼ ਦਿਨ ਬਣਾ ਦਿੱਤਾ ਗਿਆ ਹੈ। ਇਨੇ ਕੁ ਧਿਆਨ ਦੀ ਹੱਕਦਾਰ ਬਣਨ ਲਈ ਵੀ ਔਰਤ ਨੂੰ ਬਹੁਤ ਸੰਘਰਸ਼ ਕਰਨਾ ਪਿਆ ਹੈ।

ਉਂਜ ਦੁਨੀਆਂ ਦੀ ਅੱਧੀ ਵਸੋਂ ਔਰਤਾਂ ਦੀ ਹੈ। ਉਨ੍ਹਾਂ ਦੀ ਪਹਿਚਾਣ ਮਾਂ, ਭੈਣ, ਪਤਨੀ, ਬੇਟੀ, ਪ੍ਰੇਮਿਕਾ, ਵੇਸਵਾ ਕਰਕੇ ਤਾਂ ਹੈ ਪਰ ਇਨਸਾਨ ਕਰਕੇ ਨਹੀਂ। ਫਲਸਰੂਪ ਔਰਤ ਆਪਣੀ ਪਹਿਚਾਣ ਆਪ ਹੀ ਭੁੱਲ ਗਈ ਹੈ ਦੂਸਰੇ ਉਸ ਨੂੰ ਕੀ ਸਮਝਦੇ ਨੇ ਤੇ ਉਸ ਬਾਰੇ ਕੀ ਸੋਚਦੇ ਨੇ ਇਹੀ ਗੱਲ ਉਸ ਦੀ ਸੋਚ ਦਾ ਆਦਿ ਤੇ ਅੰਤ ਬਣ ਗਈ। ਪ੍ਰਚੱਲਿਤ ਪ੍ਰਵਾਣਿਤ ਰਾਹ ਤੋਂ ਉਸ ਨੇ ਕਦੇ ਵਿਦਰੋਹ ਵੀ ਕੀਤਾ ਤਾਂ ਉਹ ਵੀ ਆਪਣੇ ਲਈ ਨਹੀਂ ਸਗੋਂ ਕਿਸੇ ਮਰਦ ਲਈ। ਹੀਰ ਜੇ ਧਰਮ, ਸਮਾਜ, ਲੋਕਾਚਾਰ ਨੂੰ ਉਲੰਘਦੀ ਹੈ ਤਾਂ ਰਾਂਝੇ ਲਈ। ਔਰਤ ਦੀ ਇਸ ਸਥਿਤੀ ਦੇ ਜ਼ਿੰਮੇਵਾਰ ਧਾਰਮਿਕ, ਸਮਾਜਿਕ, ਆਰਥਿਕ, ਮਨੋ ਵਿਗਿਆਨਕ ਤੇ ਸਰੀਰਕ ਕਾਰਨਾਂ ਤੋਂ ਬਿਨਾਂ ਉਹ ਖ਼ੁਦ ਵੀ ਜ਼ਿੰਮੇਵਾਰ ਹੈ। ਉਸ ਦੀ ਇਸ ਸਥਿਤੀ ਨੇ ਉਸ ਨੂੰ ਔਰਤ ਤੋਂ ਵਸਤੂ ਦੀ ਸਥਿਤੀ ਤੇ ਪਹੁੰਚਾ ਦਿੱਤਾ ਜਿਸ ਨੂੰ ਵੇਚਿਆ ਜਾ ਸਕਦਾ ਹੈ, ਵਟਾਇਆ ਜਾ ਸਕਦਾ ਹੈ, ਜਲਾਇਆ ਜਾ ਸਕਦਾ ਹੈ ਤੇ ਚੀਜ਼ਾਂ ਦੀ ਵਿਕਰੀ ਲਈ ਇਸ਼ਤਿਹਾਰ ਬਣਾਇਆ ਜਾ ਸਕਦਾ ਹੈ ਪਰ ਮਹਾਂਭਾਰਤ ਵਿਚ ਲਿਖਿਆ ਹੋਇਆ ਹੈ ਕਿ ਔਰਤ ਦੀ ਰੱਖਿਆ ਕਰਕੇ ਉਹ ਆਪਣੇ ਆਪ ਦੀ ਰੱਖਿਆ ਕਰ ਰਿਹਾ ਹੁੰਦਾ ਹੈ। ਜੇ ਉਹ ਔਰਤ ਦੀ ਰੱਖਿਆ ਨਹੀਂ ਕਰ

ਰਿਹਾ ਤਾਂ ਸਮਝੋ ਉਹ ਬੱਚਿਆਂ ਦੀ ਰੱਖਿਆ ਨਹੀਂ ਕਰ ਰਿਹਾ ਜੇ ਬੱਚਿਆਂ ਦੀ ਰੱਖਿਆ ਨਹੀਂ ਕਰ ਰਿਹਾ ਤਾਂ ਸਮਝੋ ਆਪਣੇ ਆਪ ਦੀ ਰੱਖਿਆ ਨਹੀਂ ਕਰ ਰਿਹਾ। ਮਤਲਬ ਹੈ ਕਿ ਔਰਤ ਦੀ ਮਾੜੀ ਸਥਿਤੀ ਦਾ ਨੁਕਸਾਨ ਮਨੁੱਖ ਨੂੰ ਹੋਇਆ, ਮਨੁੱਖ ਜਾਤੀ ਨੂੰ ਹੋਇਆ।

ਉਹ ਔਰਤ ਨੂੰ ਔਰਤ ਦੀ ਦੁਸ਼ਮਣ ਕਹਿੰਦੀ ਹੈ। ਉਸ ਅਨੁਸਾਰ ਆਦਮੀ ਦੇ ਵਿਕਾਸ ਦਾ ਇਤਿਹਾਸ ਬਹੁਤ ਪਹਿਲਾਂ ਇਥੇ ਅਪੜ ਗਿਆ ਸੀ ਕਿ ਉਹ ਆਖਣ ਲੱਗ ਪਿਆ ਸੀ ਅਹੰਮ ਬ੍ਰਹਮ ਆਸਤੀ ਅਰਥਾਤ ਮੈਂ ਹੀ ਬ੍ਰਹਮ ਹਾਂ ਪਰ ਔਰਤ ਅਜੇ ਵੀ ਕਿਸੇ ਦੀ ਧੀ, ਕਿਸੇ ਦੀ ਪਤਨੀ ਤੇ ਕਿਸੇ ਦੀ ਮਾਂ ਕਰਕੇ ਹੀ ਜਾਣੀ ਜਾਂਦੀ ਹੈ।

ਉਹ ਕਹਿੰਦੀ ਹੈ ਦੂਜੇ ਦਰਜੇ ਉਪਰ ਔਰਤ ਦੀ ਸਭ ਤੋਂ ਵੱਡੀ ਦੁਸ਼ਮਣ ਦੂਜੀ ਔਰਤ ਹੈ। ਪਹਿਲੇ ਹੁੰਦਾ ਸੀ ਕਿ ਮਰਦ ਦਿਲ ਪਰਚਾਵ ਲਈ ਕੋਠਿਆਂ ਉਪਰ ਜਾਂਦੇ ਸੀ ਪਰ ਘਰ ਦੀ ਔਰਤ ਨੂੰ ਪਤਾ ਹੁੰਦਾ ਸੀ ਕਿ ਕੋਠੇ ਵਾਲੀ ਨੇ ਘਰ ਨਹੀਂ ਆ ਸਕਣਾ। ਇਸ ਲਈ ਉਸ ਨੂੰ ਉਸ ਪਾਸੇ ਕੋਈ ਖੋਦਸ਼ਾ ਨਹੀਂ ਸੀ ਹੁੰਦਾ ਪਰ ਹੁਣ ਹਰ ਔਰਤ ਦੂਸਰੀ ਤੋਂ ਡਰਦੀ ਹੈ। ਅੱਜ 90% ਘਰ ਕਿਸੇ ਦੂਸਰੀ ਔਰਤ ਕਾਰਨ ਹੀ ਟੁੱਟਦੇ ਹਨ।

ਤੀਸਰਾ ਵੱਡਾ ਕਾਰਨ ਹੈ ਕਿ ਔਰਤ ਦੀ ਰੋਟੀ ਕਪੜੇ ਦੀ ਮੁਬਾਜੀ, ਜਿਸ ਕਾਰਨ ਹਰ ਤਰ੍ਹਾਂ ਦੇ ਹਾਲਾਤ ਨਾਲ ਸਮਝੌਤਾ ਕਰਦੀ ਹੈ ਪਰ ਇਹ ਸਮੱਸਿਆ ਉਸ ਨੇ ਆਪ ਹੱਲ ਕਰਨੀ ਹੈ।

ਦਲੀਪ ਕੌਰ ਟਿਵਾਣਾ ਨੇ ਆਪਣੀ ਸਾਹਿਤਕ ਸਵੈ-ਜੀਵਨੀ ਵਿਚ ਪੰਜਾਬ ਦੇ ਸੰਕਟ ਦੀ ਗੱਲ ਕੀਤੀ ਹੈ ਅਤੇ ਇਸ ਸੰਕਟ ਉਤੇ ਵਿਸਥਾਰਪੂਰਵਕ ਚਰਚਾ ਕਰਦੇ ਹੋਏ ਉਸ ਨੇ ਇਸ ਸਮੇਂ ਦੇ ਸਾਹਿਤਕਾਰਾਂ ਨੂੰ ਇਨਸਾਫ ਤੇ ਬੇਇਨਸਾਫ਼ੀ ਤਕ ਹੀ ਸੀਮਤ ਕਿਹਾ ਹੈ। ਪੰਜਾਬ ਦੇ ਸੰਤਾਪ ਦਾ ਇਹ ਉਹ ਸਮਾਂ ਸੀ ਜਿਸ ਦੇ ਪਰਛਾਵੇਂ ਅਜੇ ਵੀ ਨਹੀਂ ਭੁੱਲੇ। ਪੰਜਾਬ ਦੀ ਜੁਆਨੀ ਨੂੰ ਇਸ ਤਰ੍ਹਾਂ ਕੋਹਿਆ ਗਿਆ ਜਿਵੇਂ ਉਹ ਇਨਸਾਨ ਨਾ ਹੋ ਕੇ ਭੇਡ ਬਕਰੀਆਂ ਹਨ। ਜਿਹੜੇ ਵਿਚਾਰੇ . ਤਦੋਸ਼ੇ ਮਾਰੇ ਗਏ ਉਨ੍ਹਾਂ ਬਾਰੇ ਵੀ ਸਾਡੀ ਲੇਖਿਕਾ ਆਹ ਦਾ ਨਾਹਰਾ ਉਸ ਸਮੇਂ ਨਹੀਂ ਮਾਰ ਸਕੀ।

ਟਿਵਾਣਾ ਆਪਣੀ ਸਾਹਿਤਕ ਸਵੈ-ਜੀਵਨੀ ਦੇ ਵੀਹਵੇਂ ਕਾਂਡ ਵਿਚ ਔਰਤ ਬਾਰੇ ਹੋਰ ਲਿਖਦੀ ਹੈ:- ਜਿਸ ਤਰ੍ਹਾ "ਵਿਦਇਨ ਵਿਦਾਉਣ" ਨਾਵਲ ਆਕਾਰ ਵਿਚ ਭਾਵੇਂ ਛੋਟਾ ਹੈ ਪਰ ਉਸ ਦਾ ਕੈਨਵਸ ਵੱਡਾ ਹੈ। ਗੱਲ ਇਸ ਵਿਚ ਇਹੀ ਹੈ ਕਿ ਆਦਮੀ ਭਾਵੇਂ ਸਿਧਾਰਥ ਵਾਂਗ ਅੰਦਰਲੀਆਂ ਪ੍ਰਾਪਤੀਆਂ ਲਈ ਤੁਰੇ ਤੇ ਭਾਵੇਂ ਕਲੰਬਸ ਵਾਂਗ ਬਾਹਰਲੀਆਂ ਪ੍ਰਾਪਤੀਆਂ ਲਈ, ਮੁੱਲ ਤਾਂ ਔਰਤ ਹੀ ਤਾਰਦੀ ਹੈ। ਬੰਦਾ ਜਦੋਂ ਸਾਧਾਰਨ ਬੰਦਿਆਂ ਵਾਲੇ ਵਰਜ਼ ਵੀ ਨਹੀਂ ਨਿਭਾਉਂਦਾ ਤਾਂ ਔਰਤ ਉਪਰ ਕੀ ਗੁਜ਼ਰਦੀ ਹੈ। ਉਹ ਕਿਵੇਂ ਗੁਜ਼ਾਰਾ ਕਰਦੀ ਹੈ ? ਇਹ ਗੱਲ

ਧਿਆਨ ਮੰਗਦੀ ਹੈ। ਸ਼ਾਇਦ ਇਸੇ ਲਈ ਆਖਿਆ ਜਾਂਦਾ ਹੈ ਕਿ ਹਰ ਕਾਮਯਾਬ ਆਦਮੀ ਪਿਛੇ ਕੋਈ ਔਰਤ ਹੁੰਦੀ ਹੈ।

ਔਰਤ ਸਮਾਜ ਦੀ ਜਨਮ ਦਾਤੀ ਹੈ। ਉਹ ਸੁਹਜ ਨੂੰ ਸਿਰਜਨਹਾਰੀ ਹੈ। ਜੋ ਔਰਤ ਨਾ ਹੁੰਦੀ ਤਾਂ ਦੁਨੀਆਂ ਸੁਹਾਵਾ ਬਾਗ ਨਾ ਹੁੰਦਾ। ਉਹ ਘਰ, ਪਿੰਡ ਤੇ ਦੇਸ਼ ਨੂੰ ਸਿਰਜਨ ਵਾਲੀ ਹੈ। ਉਹ ਮਨੁੱਖ ਦੀ ਜਨਮ ਦਾਤੀ ਅਤੇ ਉਸ ਨੂੰ ਮਨੁੱਖ ਬਣਾਉਣ ਵਾਲੀ ਤੇ ਜੀਵਨ ਦੇ ਘੋਲ ਲਈ ਉਤਸ਼ਾਹਤ ਕਰਨ ਵਾਲੀ ਹੈ।

ਡਾ. ਦਲੀਪ ਕੌਰ ਟਿਵਾਣਾ ਦੀ ਇਹ ਸਾਹਿਤਕ ਸਵੈ-ਜੀਵਨੀ ਉਸ ਦੀ ਲੇਖਣੀ ਦਾ ਲੇਖਾ ਜੋਖਾ ਨਹੀਂ ਕਰਦੀ ਹੈ। ਜਿਥੇ ਅਸੀਂ ਉਸ ਦੀਆਂ ਸਾਥਣਾਂ ਅੰਮ੍ਰਿਤਾ ਪ੍ਰੀਤਮ ਅਤੇ ਅਜੀਤ ਕੌਰ ਬਾਰੇ ਜਾਣ ਸਕੇ ਹਾਂ ਉਥੇ ਉਸ ਨੇ ਵਿਸ਼ਵ ਵਿਦਿਆਲਿਆਂ ਦੇ ਵਾਤਾਵਰਣ ਉਨ੍ਹਾਂ ਵਿਚ ਰਹਿਣ ਵਾਲਿਆਂ ਦੀ ਸੋਚਣੀ ਡਾ. ਮੋਹਣ ਸਿੰਘ ਦੀਵਾਨਾ, ਪ੍ਰੋ ਸੰਤ ਕਿ ਸੇਖੋਂ, ਪ੍ਰੋ. ਅਤਰ ਸਿੰਘ, ਪ੍ਰੋ. ਮੋਹਨ ਸਿੰਘ, ਡਾ. ਜੀਤ ਸਿੰਘ ਸੀਤਲ ਅਤੇ ਡਾ. ਹਰਚਨ ਸਿੰਘ ਬਾਰੇ ਵੀ ਵਾਕਫ਼ੀਅਤ ਦਿੱਤੀ ਹੈ। ਸਾਹਿਤਕਾਰ ਸਮਾਜ ਦਾ ਇਕ ਨਿਰਆ ਅੰਗ ਨੂੰ ਉਹ ਆਪਣੇ ਦੂਸਰੇ ਨਿਰੋਏ ਅੰਗਾਂ ਨਾਲ ਮੇਲ ਕਰਕ ਕੁਝ ਉਨ੍ਹਾਂ ਤੋਂ ਲੈਂਦਾ ਅਤੇ ਕੁਝ ਦੇਂਦਾ ਹੈ।

ਉਸ ਨੇ ਜਿਥੇ ਗਲਪ ਰਚਨਾ ਵਿਚ ਕਈ ਨਵੀਆਂ ਲੀਹਾਂ ਪਾਈਆਂ ਹਨ ਉਥੇ ਉ. ਇਕ ਪੜੋਤ ਅਧਿਆਪਕ ਵੀ ਹੈ। ਉਹ ਆਪਣ ਵਿਦਿਆਰਥੀਆਂ ਨੂੰ ਵਸੀਹ ਗਿਆਨ ਨਾਲ ਸੰਤੁਸ਼ਟ ਹੀ ਨਹੀਂ ਸੀ ਕਰਦੀ ਸਗੋਂ ਉਸ ਦਾ ਇਕ ਅਨਿਨ ਸੇਵਕ ਹੋਣ ਤੇ ਹਰ ਹੁਕਮ ਮੰਨਦੇ ਹਨ।

ਟਿਵਾਣਾ ਦੇ ਚਰਿਤਰ ਵਿਚ ਦ੍ਰਿੜ੍ਹਤਾ ਹੈ। ਆਪਣੀ ਗੱਲ ਕਹਿਣ ਤੇ ਸਮਝਾਉਣ ਦੇ ਸਮਰਥਾ ਹੈ। ਉਹ ਆਪਣੇ ਹੱਕ ਲਈ ਲੜ ਸਕਦੀ ਹੈ। ਉਹ ਲਿਖਦੀ ਹੈ:

ਆਪਣੇ ਬਾਰੇ ਬਸ ਏਨਾ ਹੀ ਆਖ ਸਕਦੀ ਹਾਂ ਕਿ ਮੈਂ ਜਿਵੇਂ ਜਿਵੇਂ ਇਕ ਔਰਤ ਨਹੀਂ ਸਗੋਂ ਬਹੁਤ ਸਾਰੀਆਂ ਔਰਤਾਂ ਦਾ ਸੰਗ੍ਰਹਿ ਹਾਂ। ਇਕ ਉਨ੍ਹਾਂ ਵਿਚੋਂ ਸਰਦਾਰਾਂ ਦੀ ਧੀ ਹੈ। ਜਿਹੜੀ ਹਰ ਚੀਜ਼ ਦਰਜਨਾਂ ਵਿਚ ਖਰੀਦਣਾ ਪਸੰਦ ਕਰਦੀ ਹੈ ਭਾਵੇਂ ਉਹ ਬੂਟ ਹੋਣ ਜਾ ਸੈਂਡਲ, ਪੇਨ ਹੋਣ ਜਾਂ ਪੈਨਸਿਲਾਂ, ਦੂਜੀ ਯੂਨੀਵਰਸਿਟੀ ਵਿਚ ਪੜ੍ਹਾਉਣ ਵਾਲੀ ਦਿਹਾੜੀਦਾਰ ਹੈ। ਜਿਹੜੀ ਰਿਕਸ਼ੇ ਦੇ ਰੁਪਏ ਬਚਾਉਣ ਖਾਤਰ ਲੱਗ ਰੂਟ ਬੱਸ ਦਾ ਇੰਤਜ਼ਾਰ ਕਰਦੀ ਹੈ। ਤੀਜੀ ਲੇਖਿਕਾ ਹੈ ਜਿਹੜੀ ਕਹਿੰਦੀ ਹੈ ਕਿ ਕਾਹਦੇ ਲਈ ਯੂਨੀਵਰਸਿਟੀ ਵਿਚ ਆਪਣੇ ਵਵ ਗਾਲ ਰਹੀ ਹੈ, ਛੱਡ ਪਰ੍ਹੇ ਨੌਕਰੀ । ਚੌਥੀ ਘਰ ਗ੍ਰਹਿਸਤੀ ਵਾਲੀ ਸਾਧਾਰਨ ਔਰਤ ਹੈ ਜਿਹੜੀ ਥੀਸਿਸ ਵੇਖਣ ਨਾਂਹ ਕਰਨ ਵਾਲੇ ਤਿੰਨ ਸੌ ਰੁਪਏ ਦੇ ਇਵਜਾਨੇ ਬਾਰੇ ਸੋਚ ਕੇ ਹਾਂ ਕਰ ਦਿੰਦੀ

ਹੈ। ਪੰਜਵੀਂ ਵੇਦ ਮੰਤਰਾਂ ਦੇ ਪਾਠ ਪੜ੍ਹਨ ਸੁਣਨ ਵਾਲੀ ਤੇ ਛੇਵੀਂ ਜਿਸ ਬਾਰੇ ਬੇਜੀ ਨੇ ਬਾਪੂ ਜੀ ਨੂੰ ਆਖਿਆ ਸੀ ਕਿ ਇਹ ਤਾਂ ਕਮਲੀ ਐ, ਇਹਦੇ ਨਾਉਂ ਨਾ ਏਨੇ ਪੈਸੇ ਕਰਾਓ ਕਿਸੇ ਨੇ ਜਰਾ ਰੋ ਕੇ ਆਖਿਆ ਮੈਨੂੰ ਲੋੜ ਹੈ, ਇਹਨੇ ਸਾਰੇ ਫੜਾ ਦੇਣੇ ਨੇ, ਸਤਵੀਂ ਜਿਹੜੀ ਕਾਨਫਰੰਸਾ ਦੀ ਪ੍ਰਧਾਨਗੀ ਕਰਨ ਵਲੈਤ ਇਕੱਲੀ ਚਲੀ ਗਈ ਸੀ ਤੇ ਅੱਠਵੀਂ ਜਿਹੜੀ ਯੂਨੀਵਰਸਿਟੀ ਦੇ ਕਦੇ ਕਿਸੇ ਫੰਕਸ਼ਨ ਉਪਰ ਆਪਨੇ ਹਨ੍ਹੇਰੇ ਹੋਏ ਨਹੀਂ ਜਾਂਦੀ ਹੈ । ਨੌਂਵੀਂ ਜਿਹੜੀ ਲੋੜ ਪੈਣ ਉਪਰ ਹਰ ਵਾਰ ਕਲਰਕ ਨੂੰ ਪੁਛਦੀ ਹੈ ਕਿ ਮੈਨੂੰ ਤਨਖ਼ਾਹ ਕਿੰਨੀ ਮਿਲਦੀ ਹੈ ਤੇ ਦਸਵੀਂ ਜਿਹੜੀ ਬਿਨਾਂ ਕਾਪੀ ਉਪਰ ਲਿਖਣ ਦੇ ਯਾਦ ਰਖਦੀ ਹੈ ਕਿ ਇਸ ਮਹੀਨੇ ਕਿਹੜੀਆਂ ਕਿਹੜੀਆਂ ਚੀਜ਼ਾਂ ਉਪਰ ਕਿੰਨੇ ਕਿੰਨੇ ਪੈਸੇ ਖਰਚ ਹੋਏ। ਗਿਆਰ੍ਹਵੀਂ ਜਿਹੜੀ ਆਖਦੀ ਹੈ ਕਿ ਇਸ ਘਰ ਵਿਚ ਕੋਈ ਦੂਸਰੀ ਔਰਤ ਪੈਰ ਪਾਵੇ ਤਾਂ ਸਹੀ ਜੇ ਲੱਤਾਂ ਨਾ ਵੱਢ ਦਿਆਂ ਤੇ ਜੋ ਲੱਤਾਂ ਵੱਢ ਦਿਉਗੇ ਤਾਂ ਅਗਲੀ ਨੇ ਤਾਂ ਫਿਰ ਇਥੋਂ ਜਾ ਨਹੀਂ ਸਕਣਾ ਜਵਾਬ ਸੁਣ ਕੇ ਜਿਹੜੀ ਲੱਤਾਂ ਵੱਢਣ ਦਾ ਇਰਾਦਾ ਛੱਡ ਦਿੰਦੀ ਹੈ। ਇਹੋ ਹੀ ਬਾਹਰਵੀਂ ਹੈ ਤੇ ਤਰ੍ਹਵੀਂ ਚੌਧਵੀਂ ਪੰਦਰਵੀਂ ਤੇ ਹੋਰ ਪਤਾ ਨਹੀਂ ਕਿੰਨੀਆਂ ਕੁ ਇਹ ਔਰਤਾਂ ਤਾਂ ਮੇਰੇ ਰਾਹੀਂ ਜਿਊਣ ਦੀ ਕੋਸ਼ਿਸ਼ ਕਰਦੀਆਂ ਰਹਿੰਦੀਆਂ ਹਨ। ਕਈ ਵਾਰੀ ਤਾਂ ਮੈਂ ਹੈਰਾਨ ਹੋਈ ਬਿਟ ਬਿਟ ਇਨ੍ਹਾਂ ਦੇ ਮੂੰਹਾਂ ਵੱਲ ਤਕਦੀ ਰਹਿੰਦੀ ਹਾਂ।

ਸਵੈ-ਜੀਵਨੀ ਤੇ ਸਾਹਿਤਕ ਸਵੈ-ਜੀਵਨੀ ਭਾਵੇਂ ਸਵੇ ਦੇ ਹੀ ਦੇ ਅੰਗ ਹਨ। ਲੇਖਿਕਾ ਨੇ ਦੋਹਾਂ ਅੰਗਾਂ ਦੀ ਵੱਖ-ਵੱਖ ਵਿਆਖਿਆ ਕੀਤੀ ਹੈ। ਉਸ ਨੇ ਸਵੇ ਦੇ ਦੋ ਅੰਗ ਕਰ ਦਿੱਤੇ ਹਨ। ਇਕ ਹੈ ਸਰੀਰ ਦੂਸਰੀ ਆਤਮਾ । ਸਵੇ ਦੀ ਭਾਲ ਸਾਹਿਤਕਾਰ ਦੀ ਸਾਹਿਤਕਤਾ ਵਿਚੋਂ ਹਰ ਛਿਣ ਵੇਖੀ ਜਾ ਸਕਦੀ ਹੈ। ਜਿਥੇ ਲੇਖਕ ਦਾ ਸਵੇ ਉਸ ਦੇ ਸਾਹਿਤ ਜਗਤ ਵਿਚੋਂ ਲੋਪ ਹੋ ਜਾਵੇਗਾ ਉਸ ਦੀ ਲੇਖਣੀ ਅਜੀਬ ਹੋ ਜਾਵੇਗੀ। ਸਾਹਿਤਕਾਰ ਸਾਹਿਤ ਵਿਚੋਂ ਆਪਣਾ ਸਵੈ ਜਿਉਂਦਾ ਹੈ| ਸਵੇ ਦੀ ਭਾਲ ਉਸ ਵਿਚ ਪ੍ਰਤੀਤ ਹੋਵੇਗੀ।

ਦਲੀਪ ਕੌਰ ਟਿਵਾਣਾ ਅਨੁਸਾਰ ਆਪਣੀ ਹੋਂਦ ਦੇ ਅਰਥ ਤਲਾਸ਼ ਕਰਨਾ ਜਾਂ ਆਪਣੀ ਹੋਂਦ ਦਾ ਸਮਰਥਨ ਜਾਂ ਸਾਰਥਕਤਾ ਲੱਭਣੀ ਕਿਸੇ ਵੀ ਲੇਖਕ ਨੂੰ ਜਿਉਣ ਲਈ ਵੀ ਤੇ ਲਿਖਣ ਲਈ ਵੀ ਇਨ੍ਹਾਂ ਵਿਚੋਂ ਇਕ ਕੇਂਦਰੀ ਬਿੰਦੂ ਹੁੰਦਾ ਹੈ। ਮਤਲਬ ਹੈ ਭਾਸ਼ਾ ਵਿਚ ਲੇਖਕ ਆਪਣੀ ਰਚਨਾ ਰਾਹੀਂ ਆਪਣੇ ਆਪ ਨੂੰ ਲੱਭਣ ਲਈ ਜਾਂ ਆਪਣੇ ਆਪ ਨੂੰ ਭੁੱਲਣ ਲਈ ਸਾਹਿਤ ਕਰਦਾ ਹੈ।

ਉਸ ਅਨੁਸਾਰ ਇਕ ਸੰਸਾਰ ਵਿਚ ਅਸੀਂ ਜਿਉਂਦੇ ਹਾਂ ਤੇ ਇਕ ਸੰਸਾਰ ਅਸੀਂ ਆਪਣੇ ਮਨ ਵਿਚ ਸਿਰਜਿਆ ਹੁੰਦਾ ਹੈ। ਲੇਖਕ ਦੇ ਮਨ ਵਿਚ ਜਿਸ ਤਰ੍ਹਾਂ ਦੇ ਸੰਸਾਰ ਦਾ ਮਾਡਲ ਹੁੰਦਾ ਹੈ ਉਹ ਆਪਣੀ ਰਚਨਾ ਵਿਚ ਉਸ ਨੂੰ ਸਾਕਾਰ ਕਰਦਾ ਹੈ। ਇਕ ਤਰ੍ਹਾਂ ਨਾਲ ਉਹ ਰੱਬ ਤੋਂ ਵੀ ਵਧੀਆ ਸੰਸਾਰ ਸਿਰਜਣ ਦੇ ਆਹਰ ਵਿਚ ਹੋਵੇਗਾ।

ਲੇਖਕ ਅਨੁਭਵੀ ਆਤਮਾ ਹੁੰਦਾ ਹੈ ਉਹ ਜਿਸ ਵਾਤਾਵਰਣ ਵਿਚ ਜਿਉਂ ਰਿਹਾ ਹੈ ਉਸ ਦਾ ਸਰੀਰ ਉਸ ਵਾਤਾਵਰਣ ਨੂੰ ਹੰਢਾਉਂਦਾ ਹੈ। ਉਸ ਦੀ ਆਤਮਾ ਤਾਂ ਕਿਸੇ ਹੋਰ ਸੁੰਦਰ ਜਿਉਣ ਯੋਗ ਸੰਸਾਰ ਦੀ ਸਿਰਜਨਾ ਕਰ ਰਹੀ ਹੁੰਦੀ ਹੈ। ਸਾਹਿਤਕਾਰ ਆਪਣੇ ਸਮੇਂ ਵਿਚ ਬੈਠਾ ਭਵਿੱਖ ਦੀ ਨੁਹਾਰ ਸਿਰਜ ਰਿਹਾ ਹੁੰਦਾ ਹੈ। ਇਹ ਉਸ ਦੇ ਸਵੈ ਦੀ ਉਚ ਉਡਾਰੀ ਤੇ ਪਹਿਚਾਣ ਹੈ। ਜਿੰਨੀ ਵੱਡੀ ਸਵੇ ਦੀ ਆਤਮਕ ਉਡਾਰੀ ਹੋਵੇਗੀ ਉਨੀ ਵੱਡੀ ਉਹ ਭਵਿੱਖ ਦੀ ਨੁਹਾਰ ਆਪਣੇ ਸਾਹਿਤ ਵਿਚ ਸਿਰਜ ਸਕੇਗਾ।

ਸਾਹਿਤਕਾਰ ਆਪਣੇ ਸਾਹਿਤ ਜਗਤ ਦਾ ਆਪ ਵਿਧਾਤਾ ਹੈ। ਉਹ ਆਪਣੇ ਜਗਤ ਦੀ ਨੁਹਾਰ ਆਪ ਸਿਰਜਦਾ ਹੈ। ਉਸ ਵਿਚ ਉਸ ਦੀ ਆਤਮਾ ਦੇ ਰੰਗ ਹਰ ਕਣ ਵਿਚ ਬਿਖੜੇ ਹੁੰਦੇ ਹਨ। ਜਿੰਨਾ ਮਹਾਨ ਸਾਹਿਤਕਾਰ ਦਾ ਸਵੈ ਹੋਵੇਗਾ ਉਨ੍ਹਾਂ ਹੀ ਬਲਵਾਨ ਉਸ ਦਾ ਸਿਰਜਿਆ ਜਗਤ। ਉਸ ਦੀ ਪੂਜਾ ਆਪਣੀ ਹੁੰਦੀ ਹੋਈ ਵੀ, ਉਹ ਉਸ ਸਮੇਂ ਦੀ ਜਿਸ ਵਿਚ ਸਾਹਿਤਕਾਰ ਜਿਉਂ ਰਿਹਾ ਹੈ ਅਤੇ ਭਵਿੱਖ ਦੀ ਜਿਸ ਵਿਚ ਉਸ ਦਾ ਸਵੈ ਜਿਉਣ ਦੀ ਲਾਲਸਾ ਰੱਖਦਾ ਹੈ ਦੀ ਪ੍ਰਤੀਨਿਧਤਾ ਕਰਦੀ ਹੈ।

ਕੋਈ ਨਾਵਲ ਉਸ ਕਦੇ ਪਲੈਨ ਨਹੀਂ ਕੀਤਾ, ਕਦੇ ਨੋਟ ਤਿਆਰ ਨਹੀਂ ਕੀਤੇ। ਕਦੇ ਇਕ ਤੋਂ ਵਧ ਖਰੜਾ ਨਹੀਂ ਬਣਾਇਆ ਤੇ ਕਦੇ ਵੀ ਕਿਸੇ ਨਾਵਲ ਲਿਖਣ ਨੂੰ ਪੰਜ ਦਿਨ 3 ਵਧ ਦਾ ਸਮਾਂ ਨਹੀਂ ਲਾਇਆ ਸ਼ਾਇਦ ਇਸੇ ਲਈ ਉਹਨੂੰ ਆਪਣੀ ਕਿਸੇ ਰਚਨਾ ਉਪਰ ਕਦੇ ਮਾਣ ਅਭਿਮਾਨ ਮਹਿਸੂਸ ਨਹੀਂ ਹੋਇਆ। ਨਾਵਲ ਨੂੰ ਸਿਰਜਨ ਦਾ ਕੰਮ ਸ਼ਾਇਦ ਅਚੇਤ ਮਨ ਕਰਦਾ ਹੈ ਤੇ ਉਸ ਨੂੰ ਸਿਰਫ ਲਿਖ ਦੇਂਦੀ ਹੈ। ਬੀਜ ਤੋਂ ਬਿਰਖ ਕਿਵੇਂ ਬਣਦਾ ਹੈ ਇਕ ਉਦਾਹਰਣ ਸੂਰਜ ਤੇ ਸਮੁੰਦਰ ਨਾਵਲ ਦੀ ਦਿੰਦੀ ਹੈ ..

ਜਰਾ ਗਹੁ ਨਾਲ ਦੇਖੀਏ ਤਾਂ ਇਸ ਰਚਨਾ ਦੇ ਪਾਤਰ ਸਵੇ ਦੀ ਤਲਾਸ਼ ਸਵੇ ਦਾ ਪਹਿਚਾਣ ਸਵੇ ਦੀ ਪ੍ਰਾਪਤੀ ਦੀ ਯਾਤਰਾ ਤੇ ਤੁਰੇ ਸਵੇ ਰਾਹੀਂ ਪਰ ਤੇ ਕਦੇ ਪਰ ਰਾਹੀਂ ਸਵੇ ਤਕ ਪਹੁੰਚਣ ਦੇ ਯਤਨ ਵਿਚ ਹਨ। ਉਹ ਆਖਦੀ ਹੈ ਸੂਰਜ ਤੇ ਸਮੁੰਦਰ ਪ੍ਰਤੀਕ ਹਨ ਦੋ ਵੱਡੀਆਂ ਸ਼ਕਤੀਆਂ ਦੇ। ਇਹ ਸ਼ਕਤੀਆਂ ਸੰਸਾਰ ਦਾ ਆਦਿ ਵੀ ਹਨ ਤੇ ਅੰਤ ਵੀ। ਅੱਗ ਸੂਰਜ ਜਿਸ ਦਾ ਪ੍ਰਤੀਕ ਹੈ ਜਿੰਦਗੀ ਨੂੰ ਲੈਣ ਦਾ ਕਾਰਨ ਬਣਦਾ ਹੈ। ਪਾਣੀ ਸਮੁੰਦਰ ਜਿਸ ਦਾ ਪ੍ਰਤੀਕ ਹੈ ਜ਼ਿੰਦਗੀ ਨੂੰ ਕਾਇਮ ਰੱਖਣ ਤੇ ਅਗਾਂਹ ਤੋਰਨ ਦਾ ਸਾਧਨ ਹੈ। ਇਹ ਸ਼ਕਤੀਆਂ

ਆਪਣੀ ਆਪਣੀ ਥਾਂ ਤੇ ਬਹੁਤ ਜ਼ਰੂਰੀ ਹਨ ਪਰ ਜੇ ਇਕ ਦੂਜੇ ਦੇ ਨੇੜੇ ਆਉਣ ਤਾਂ ਇਕ ਦੂਜੇ ਦੇ ਵਿਨਾਸ ਦਾ ਹੇਤੂ ਵੀ ਹਨ । ਉਸ ਅਨੁਸਾਰ ਮਰਦ ਜੇ ਸੂਰਜ ਹੈ ਤਾਂ ਔਰਤ ਇਕ ਸਮੁੰਦਰ ਹੈ। ਸਮੁੰਦਰ ਜਿਸ ਵਿਚ ਸੂਰਜ ਡੁੱਬਦਾ ਹੈ ਤੇ ਜਿਸ ਵਿਚੋਂ ਨਿਤ ਸੂਰਜ ਚੜ੍ਹਦਾ ਹੈ, ਸਮੁੰਦਰ ਜਿਸ ਵਿਚ ਜ਼ਹਿਰੀਲੇ ਜਾਨਵਰ ਵੀ ਹਨ ਤੇ ਸੁੱਚੇ ਮੋਤੀ ਵੀ, ਸਮੁੰਦਰ ਜਿਸ ਵਿਚ ਜਲ ਪਰੀਆਂ ਵੀ ਰਹਿੰਦੀਆਂ ਹਨ, ਜਿਨ੍ਹਾਂ ਦੇ ਗੀਤ ਸੁਣ ਕੇ ਮਲਾਹ ਰਾਹ ਭੁੱਲ ਜਾਂਦੇ ਹਨ। ਜਹਾਜਾਂ ਨੂੰ ਡੁਬੋ ਦੇਣ ਵਾਲਾ ਤੇ ਜਹਾਜਾਂ ਨੂੰ ਪਾਰ ਲਾ ਦੇਣ ਵਾਲਾ ਸਮੁੰਦਰ ਜਿਸ ਨੂੰ ਦੇਵਤਿਆਂ ਤੇ ਦੈਤਾਂ ਨੇ ਜਦੋਂ ਰਿੜਕਿਆ ਉਸ ਸਮੇਂ ਵਿਚੋਂ ਜ਼ਹਿਰ ਵੀ ਨਿਕਲੀ ਸੀ ਤੇ ਅੰਮ੍ਰਿਤ ਵੀ।

ਇਹ ਹੈ ਲੇਖਿਕਾ ਦਾ ਸਵੈ ਜਿਹੜਾ ਇਕ ਬਿੰਦੂ ਤੇ ਖਲੋ ਕੇ ਇਕ ਨਵੀਂ ਦੁਨੀਆ ਉਸਾਰ ਲੈਂਦਾ ਹੈ। ਉਸ ਦੁਨੀਆਂ ਦੇ ਪਾਤਰ ਆਪਣੇ ਆਪ ਵਿਚ ਜੀਵਨ ਦੀ ਇਕ ਤਲਾਸ਼ ਹਨ ਅਤੇ ਉਨ੍ਹਾਂ ਨੂੰ ਜੀਵਨ ਦੀ ਗਤੀ ਵਿਚ ਤਲਾਸ਼ ਦਾ ਰਹੱਸ ਮਿਲ ਗਿਆ ਹੈ। ਜਦੋਂ ਇੰਦਰ ਆਪਣੀ ਭਾਬੀ ਨੂੰ ਕਹਿੰਦਾ ਹੈ, ਹੁਣ ਤੂੰ ਮੇਰੇ ਲਈ ਕੇਵਲ ਇਕ ਔਰਤ ਨਹੀਂ।

ਨੌਂਵੇਂ ਕਾਂਡ ਦੇ ਅੰਤ ਉਤੇ ਉਹ ਕਹਿੰਦੀ ਹੈ ਕਿ ਸੂਰਜ ਤੇ ਸਮੁੰਦਰ ਦੇ ਸਾਰੇ ਹੀ ਪਾਤਰ ਸਵੈ ਸਿਧੀ ਲਈ ਵੱਖਰਾ ਰਾਹ ਚੁਣਦੇ ਹਨ ।

ਇਹ ਨਾਵਲ ਸੋਨਾ ਨੂੰ ਮਨ ਦਾ ਪ੍ਰਤੀਕ, ਪ੍ਰੋਫੈਸਰ ਨੂੰ ਵਚਨ ਦਾ ਪ੍ਰਤੀਕ, ਅਜੀਤ ਨੂੰ ਕਰਮ ਦਾ ਪ੍ਰਤੀਕ ਬਣਾ ਕੇ ਆਪਣੇ ਆਪਣੇ ਥਾਂ ਭਟਕਦੇ ਵਿਖਾ ਕੇ ਸਪਸ਼ਟ ਕਰਦਾ ਹੈ ਕਿ ਸਵੈ ਸਿਧੀ ਲਈ ਮਨ, ਬਚਨ, ਕਰਮ ਦੀ ਇਕਸੁਰਤਾ ਚਾਹੀਦੀ ਹੈ।

ਲੇਖਿਕਾ ਅਨੁਸਾਰ ਉਸ ਨੇ ਇਹ ਨਾਵਲ ਲਿਖਣ ਤੇ ਕੇਵਲ ਪੰਜ ਦਿਨ ਲਾਏ। ਪੰਜਾ ਦਿਨਾਂ ਵਿਚ ਉਹ ਹੜ੍ਹ ਜਿਹੜਾ ਉਸ ਦੇ ਸਵੇ ਨੇ ਆਪਣੇ ਮਨੋ-ਸਾਗਰ ਵਿਚ ਵਿਚਾਰਾਂ ਦੀ ਧੁੰਦ ਇਕੱਠੀ ਕਰਕੇ ਉਸ ਨੂੰ ਸੂਖਮਤਾ ਦਾ ਰੰਗ ਦੇ ਕੇ ਵਹਾਇਆ ਸੀ ਕਿਸੇ ਇਕ ਛਿਣ ਦੀ ਦੇਣ ਸੀ। ਉਹ ਛਿਣ ਵਿਚਾਰ ਦਾ ਬੀਜ ਬੀਜਣ ਲਈ ਸੀ। ਉਹ ਮਨ ਸਾਗਰ ਵਿਚ ਪ੍ਰਫੁੱਲਤ ਹੋ ਗਿਆ ਅਤੇ ਜੀਵਨ ਦੀ ਇਕ ਅਰਥ ਵਿਧੀ ਦੇ ਗਿਆ। ਇਹ ਜੀਵਨ ਦਾ ਅਸਲ ਰਹੱਸ ਹੈ। ਸਵੇ ਦੀ ਭਟਕਣ ਇਥੇ ਆ ਸਮਾਪਤ ਹੁੰਦੀ ਹੈ।

ਟਿਵਾਣਾ ਨੇ ਜੀਵਨ ਨੂੰ ਬਹੁਤ ਨੇੜਿਉਂ ਵੇਖਿਆ ਹੈ ਇਹ ਕੇਵਲ ਵੇਖਣ ਤਕ ਹੀ ਨਹੀਂ ਉਸ ਨੇ ਇਸ ਜੀਵਨ ਦੀ ਤਲਾਸ਼ ਅਤੇ ਉਸ ਤਲਾਸ਼ ਵਿਚੋਂ ਉਸ ਦੇ ਅਰਥ ਕੱਢਣ ਦੇ ਉਪਰਾਲੇ ਕੀਤੇ ਹਨ। ਉਸ ਦਾ ਸਾਰਾ ਸਾਹਿਤ ਕਿਸੇ ਖਾਸ ਕੇਂਦਰ ਦੁਆਲੇ ਘੁੰਮਦਾ ਹੈ,

ਜਿਹੜਾ ਕੇਵਲ ਕਹਾਣੀ ਰਸ ਵਾਸਤੇ ਨਹੀਂ ਸਗੋਂ ਬਹੁਤ ਵੱਡੇ ਅਰਥ ਆਪਣੇ ਵਿਚ ਸਮੋਈ ਬੈਠਾ ਹੈ।

ਸਾਹਿਤਕਾਰ ਕੋਈ ਇਕ ਦਿਨ ਵਿਚ ਆਪਣੇ ਵਿਚਾਰਾਂ ਦਾ ਸਮਾ ਇਕੱਤਰ ਨਹੀਂ ਕਰ ਲੈਂਦਾ ਸਗੋਂ ਉਸ ਦੀ ਮਾਂ, ਨਾਨੀ ਤੇ ਦਾਦੀ ਨੇ ਜੋ ਜੀਵਨ ਜੀਵਿਆ ਹੈ ਉਸ ਸੁਤੇ ਸਿਧ ਲੜੀ ਉਸ ਦੀ ਆਤਮਾ ਨਾਲ ਆ ਜੁੜਦੀ ਹੈ। ਉਹ ਤਾਂ ਆਪ ਮੰਨਦੀ ਹੈ ਕਿ ਪਿਛਲੇ ਜਨਮ ਦੇ ਸੰਸਕਾਰ ਵੀ ਉਸ ਨੇ ਗ੍ਰਹਿਣ ਕੀਤੇ ਹੁੰਦੇ ਹਨ। ਸਭ ਤੋਂ ਪਹਿਲਾਂ ਮਾਤਾ ਦੇ ਵਿਚਾਰ ਆਉਂਦੇ ਹਨ। ਉਸ ਦੇ ਜੀਵਨ ਵਿਚ ਲੋਕ ਵਿਸ਼ਵਾਸ, ਲੋਕੋਕਤੀਆਂ, ਗੋਤੀ ਰਿਵਾਜ ਅਤੇ ਪਿਤਾ ਪੁਰਖੀ ਚਲੇ ਆ ਰਹੇ ਰੀਤੀ ਰਿਵਾਜ, ਦਾਦੀ, ਦਾਦਾ ਜਾਂ ਹੋਰ ਸਿਆਣਿਆ ਦੇ ਮੂੰਹੋਂ ਸਹਿਜ ਸੁਭਾਅ ਨਿਕਲੇ ਸਨ ਜਿਨ੍ਹਾਂ ਨੂੰ ਉਸ ਨੇ ਗ੍ਰਹਿਣ ਕਰ ਲਿਆ। ਇਸ ਵਿਚ ਕਿਰਸਾਨੀ ਜੀਵਨ ਦੀ ਜੀਵਨ ਜਾਚ, ਸੋਚ ਅਤੇ ਅਣਖ ਦੇ ਵੀ ਦਰਸ਼ਨ ਹੁੰਦੇ ਹਨ। ਧੀਆਂ ਦੇ ਸਾਕ ਘਰ ਦੇਖ ਕੇ ਹੀ ਨਹੀਂ ਸਗੋਂ ਘਰ ਦੀ ਚਲ ਰਹੀ ਸਥਿਤੀ ਅਨੁਸਾਰ ਕੀਤੇ ਜਾਂਦੇ ਸਨ । ਘਰ ਦੀ ਸੱਸ ਅਤੇ ਸਹੁਰੇ ਦਾ ਚਰਿਤਰ ਸਾਹਮਣੇ
ਰੱਖਿਆ ਜਾਂਦਾ ਸੀ । ਕਰਮ ਗਤੀ ਨੂੰ ਮੁੱਖ ਰੱਖਕੇ ਕਈ ਤਸੀਹੇ ਵੀ ਸਹੇ ਜਾਂਦੇ ਸਨ । ਇਸ ਲੋਕ ਪ੍ਰਵਿਰਤੀ ਨੂੰ ਟਿਵਾਣਾ ਆਪਣੀ ਲੇਖਣੀ ਵਿਚ ਚਿਤਰਨ ਕਰਦੀ ਹੈ।

*ਤੂੰ ਬਲਵੰਤ ਕੁਰੇ ਕਮਲੀ ਹੋਈ ਧੀਆਂ ਦੇ ਸਾਕ ਕਿਤੇ ਇਉਂ ਕੀਤੇ ਜਾਂਦੇ ਨੇ। ਠੀਕ ਐ ਉਹ ਤਗੜੇ ਸਰਦਾਰ ਨੇ ਪਰ ਮਾਂ ਮੁੰਡੇ ਦੀ ਹੈ ਨੀ ਤੇ ਪਿਉ ਸ਼ਰਾਬੀ ਐ। ਉਸ ਘਰ ਮੈਂ ਆਪਣੀ ਪੋਤੀ ਵਿਆਹ ਦਿਆਂ ਖੂਹ 'ਚ ਧੱਕਾ ਦੇ ਦੁੱਏਦੂ ਮੈਂ। ਬਾਬਾ ਜੀ ਨੇ ਹਰਖ ਹੋ ਕੇ ਕਿਹਾ।*

ਕੁੜੀ ਦਾ ਸਾਕ ਕਰਨ ਤੋਂ ਪਹਿਲਾਂ ਘਰ ਦੀ ਪੂਰੀ ਘੋਖ ਕੀਤੀ ਜਾਂਦੀ ਹੈ। ਘਰ ਦੀ ਮਰਯਾਦਾ ਦੀ ਚਾਲਕ ਸੱਸ ਹੁੰਦੀ ਹੈ ਅਤੇ ਉਹ ਨੂੰਹ ਨੂੰ ਪੂਰੀ ਤਰ੍ਹਾਂ ਹਰ ਪੱਖ ਤੋਂ ਤਾਕ ਕਰ ਦੇਂਦੀ ਹੈ। ਜੇ ਸਹੁਰਾ ਸ਼ਰਾਬੀ ਹੋਵੇ ਤਾਂ ਘਰ ਨੂੰ ਸੇਧ ਦੇਣ ਵਾਲਾ ਕੌਣ ਹੋਵੇਗਾ। ਪਿੰਡ ਵਿਚ ਉਸ ਘਰ ਦੀ ਨੂੰਹ ਫਿਰ ਕਿਸੇ ਨਾ ਕਿਸੇ ਰੂਪ ਵਿਚ ਨਸਰ ਜਾਂਦੀ ਹੈ। ਉਸ ਦਾ ਪੇਕਾ ਖਾਨਦਾਨ ਵੀ ਪੁੰਡਿਆ ਜਾਂਦਾ ਹੈ।

ਕਰਮਾਂ ਉੱਤੇ ਵਿਸ਼ਵਾਸ ਸਾਡੇ ਕਿਰਸਾਣੀ ਜੀਵਨ ਦਾ ਮੁੱਖ ਕੇਂਦਰ ਰਿਹਾ ਹੈ। ਸਾਡੇ ਦੁਖ ਸੁਖ ਕਰਮਾਂ ਦੀ ਗਤੀ ਅਨੁਸਾਰ ਹੀ ਵਾਪਰਦੇ ਹਨ। ਧੀਆਂ ਜੋ ਸਹੁਰੇ ਘਰ ਜਾ ਕੇ ਸੰਤਾਪ ਭੋਗਦੀਆਂ ਹਨ ਤਾਂ ਉਹ ਵੀ ਕਰਮਾਂ ਦਾ ਹੀ ਫਲ ਹੈ। ਪਿਛਲੇ ਜੀਵਨ ਦੇ ਕਰਮ ਹੁਣ ਭੋਗ

ਜਾਂਦੇ ਹਨ। ਧੀ ਨੂੰ ਦਾਦੀ ਮਾਂ ਸਿੱਖਿਆ ਦੇਂਦੀ ਹੈ। ਦਾਦੀ ਮਾਂ ਦਾ ਵਿਸ਼ਵਾਸ ਕਰਮਾ ਉਤੇ ਬਹੁਤ ਹੈ। ਧੀਆਂ ਨੇ ਤਾਂ ਆਪਣੇ ਕੈਰਮ ਖਾਣੇ ਹੁੰਦੇ ਹਨ। ਮਾਪੇ ਕੁਝ ਨੀ ਕਰ ਸਕਦੇ ਹੁੰਦੇ। ਸੀਤਾ ਏਡੇ ਧਰਮੀ ਰਾਜੇ ਜਨਕ ਦੀ ਧੀ ਸੀ, ਫੇਰ ਵੀ ਦੇਖ ਲੈ ਕੀ ਦਸੋਟੇ ਕੱਟੇ। ਤੇਰੇ ਜੇਹੇ ਲੇਖ ਹੋਣਗੇ ਵਰਤਲੋ। ਦਾਦੀ ਮਾਂ ਝੂਰਦੀ ਹੋਈ ਉਹ ਨੂੰ ਦਸ ਰਹੀ ਸੀ।

ਲੋਕ ਵਿਸ਼ਵਾਸ ਕਿ ਕਰਮਾਂ ਦਾ ਫਲ ਧਰਮ ਰਾਜ ਦੀ ਕਚਹਿਰੀ ਵਿਚੋਂ ਭੁਗਤਨਾ ਪੈਦਾ ਹੈ। ਇਹ ਵਿਸ਼ਵਾਸ ਅਨੈਤਿਕਤਾ ਨੂੰ ਦੂਰ ਕਰਨ ਲਈ ਲੋਕ ਮਨ ਨੇ ਘੜਿਆ ਸੀ। ਕੀਤੇ ਕੰਮ ਦਾ ਫਲ ਅਵੱਸ਼ ਮਿਲਣ ਦੇ ਵਿਚਾਰ ਨੂੰ ਮੁੱਖ ਰੱਖ ਕੇ ਅਪਰਾਧਾਂ ਦੀ ਗਿਣਤੀ ਕਾਫ਼ੀ ਘਟ ਜਾਂਦੀ ਸੀ। ਇਹ ਵਿਚਾਰ ਲੋਕ ਸਿਮਰਤੀ ਵਿਚ ਸਮਾ ਗਿਆ। ਲੋਕ ਹਰ ਸਮੇਂ ਇਸ ਨੂੰ ਆਪਣੀ ਸਿਮਰਤੀ ਵਿਚ ਰੱਖਦੇ। ਲੇਖਿਕਾ ਲੋਕ ਵਿਸ਼ਵਾਸਾਂ ਦਾ ਵੀ ਵਰਣਨ ਆਪਣੀ ਸਵੈ - ਜੀਵਨੀ ਵਿਚ ਕਰਦੀ ਹੈ।

ਬੰਦੇ ਨੂੰ ਧਰਮਰਾਜ ਕੋਲ ਪਾਈ ਪਾਈ ਦਾ ਹਿਸਾਬ ਦੇਣਾ ਪੈਂਦਾ, ਪਿਛਲੇ ਕਰਮ ਭੋਗਦੇ ਆ ਤੇ ਹੁਣ ਦੇ ਗਾਹਾ ਭੁਗਤਾਂਗੇ। ਉਹ ਡਾਢੇ ਤੋਂ ਸਭ ਵੇਲੇ ਡਰਾਏ, ਨਿਊ ਕੇ ਰਹੀਏ, ਧਰਤੀ ਅਸਮਾਨ ਸਭ ਸਬਰੇ ਹੀ ਬੰਨ੍ਹ ਖੜ੍ਹੇ ਨੇ । ਸ਼ਾਮ ਵੇਲੇ ਫੁਲਕਾਰੀ ਕੱਢਣ ਤੋਂ ਰੋਕਣ ਲਈ ਦਾਦੀ ਮਾਂ ਲੋਕ ਵਿਸ਼ਵਾਸ ਦਾ ਸਹਾਰਾ ਲੈਂਦੀ ਹੈ। ਜਿਸ ਨਾਲ ਲੇਖਿਕਾ ਦੀ ਮਾਤਾ ਉਤੇ ਇਸ ਵਿਸ਼ਵਾਸ ਦਾ ਪ੍ਰਭਾਵ ਆਪਣੇ ਆਪ ਮਨ ਉਤੇ ਪੈ ਜਾਂਦਾ ਹੈ। ਇਹ ਵਹਿਮ ਭਰਮ ਜਾਨਵਰਾਂ ਦੀਆਂ ਅੱਖਾਂ ਸੂਈ ਦੀ ਦੂਰੋਂ ਹੀ ਚੋਭ ਨਾਲ ਨਿਕਲ ਜਾਂਦੀਆਂ ਹਨ।

ਬਸ ਕਰ ਬਹੁ ਐਰਵੈਰ ਮਿਲਦੇ ਨੀ ਜਾਨਵਰਾਂ ਦੀਆਂ ਅੱਖਾਂ ਵਿਨ੍ਹ ਦੀਆਂ, ਐਸ ਵੇਲੇ ਤਾਂ ਦਰਿਆ ਵੀ ਖੜ੍ਹ ਜਾਂਦੇ ਹਨ। ਦਾਦੀ ਮਾਂ ਨੇ ਬੀਬੀ ਨੂੰ ਫੁਲਕਾਰੀ ਕੱਢਣ ਤੋਂ ਰੋਕਦਿਆਂ ਆਖਿਆ। ਇਸਤਰੀਆਂ ਬਾਰੇ ਵੀ ਲੋਕ ਵਿਸ਼ਵਾਸ ਹੈ ਕਿ ਉਨ੍ਹਾਂ ਨੂੰ ਮਲਾਈ ਨਹੀਂ ਖਾਣੀ ਚਾਹੀਦੀ ਜਾਂ ਉਹ ਮਲਾਈ ਖਾਂਦੀ ਹੈ ਤਾਂ ਘਰ ਨਹੀਂ ਬਣ ਸਕਦਾ। ਇਸ ਦਾ ਮੇਲ ਬਦਲੀ ਨਾਲ ਕਰਕੇ ਇਕ ਅਟਲ ਸਚਿਆਈ ਬਣ ਗਈ ਹੈ।

ਸਿਆਣਿਆਂ ਦੀਆਂ ਕਥੀਆਂ ਨੇ ਅਖੇ ਤਿਤ੍ਰ ਖੰਭੀ ਬਦਲੀ ਰੰਨ ਮਲਾਈ ਖਾਏ, ਉਹ ਵੱਸੇ ਉਹ ਉਜੜੇ ਕਦੇ ਨਾ ਖਾਲੀ ਜਾਏ। ਇਸਤਰੀ ਹੀ ਇਸਤਰੀ ਦੀ ਵਿਰੋਧਤਾ ਕਰਦੀ ਹੈ। ਮਲਾਈ ਖਾਣਾ ਕੋਈ ਧੀਆ ਭੈਣਾ ਦੇ ਕੰਮ ਨੇ, ਜਿਥੇ ਤੀਮੀਆਂ ਦੀ ਚੱਲੇ ਉਥੇ ਨਾ ਭਦਰਕਾਰੀ ਹੁੰਦੀ ਤੀਮੀਆਂ ਤਾਂ ਚੰਗੇ ਭਲੇ ਬੰਦਿਆਂ ਦੀ ਮਤ ਮਾਰ ਦਿੰਦੀਆਂ ਨੇ, ਬਾਪੂ ਜੀ ਪਹਿਲਾਂ ਹੀ ਆਖਦੇ ਹੁੰਦੇ ਸੀ ਅਪ ਕੀ ਮਾਂ ਮੁੰਡੇ ਦੀ ਤੇਜ ਐ ਲੋਕਾਂ ਨੂੰ ਪਤਾ ਲਗੂ ਤਾਂ ਸੋ ਸੋ ਗੱਲਾਂ ਹੋਣਗੀਆਂ ਅਖੋ ਇਨ੍ਹਾਂ ਦੀ ਥਾਂ ਤੇਲ ਧਰੇ ਛੱਡਤੀ ਖ਼ਬਰਨੀ ਕੀ ਔਬਵੈਲ ਸੀ।

ਅੱਜ ਭਾਵੇਂ ਇਸ ਖਿਤੇ ਦੇ ਵਾਸੀ ਵਿਦਿਆ ਦੇ ਪਸਾਰੇ ਨਾਲ ਕਾਫੀ ਸਿਖਸਿਤ ਹੋ ਗਏ ਹਨ ਫਿਰ ਵੀ ਲੋਕ ਤਜਰਬੇ ਵਿਚੋਂ ਬਣੇ ਉਕਤ ਵਿਸ਼ਵਾਸ ਕਿਸੇ ਨਾ ਕਿਸੇ ਰੂਪ ਵਿਚ ਉਨ੍ਹਾਂ ਦੇ ਜੀਵਨ ਨੂੰ ਪ੍ਰਭਾਵਤ ਕਰਦੇ ਹਨ। ਸਦੀਆਂ ਤੋਂ ਚਲੇ ਆ ਰਹੇ ਲੋਕ ਵਿਸ਼ਵਾਸ ਜੀਵਨ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਤ ਜਰੂਰ ਕਰਦੇ ਹਨ। ਇਹ ਸਾਰੇ ਲੋਕ ਵਿਸ਼ਵਾਸ ਟਿਵਾਣਾ ਨੇ ਸਹਿਜ ਸੁਭਾ ਹੀ ਆਪਣੀ ਜੀਵਨੀ ਵਿਚ ਚਿਤਰੇ ਹਨ। ਇਨ੍ਹਾਂ ਵਿਸ਼ਵਾਸਾਂ ਦੇ ਵਰਣਨ ਕਾਰਨ ਉਹ ਆਪਣੇ ਅਤੀਤ ਨਾਲ ਜੁੜੀ ਹੋਈ ਹੈ। ਉਸ ਦੀ ਸਵੇ ਜੀਵਨੀ ਅਤੀਤ ਵਿਚੋਂ ਸਫਰ ਕਰਦੀ ਵਰਤਮਾਨ ਵਿਚ ਪ੍ਰਵੇਸ਼ ਕਰਦੀ ਹੈ। ਉਹ ਪੁਰਾਤਨਤਾ ਅਤੇ ਆਧੁਨਿਕਤਾ ਦਾ ਸੰਗਮ ਹੈ। ਉਹ ਆਧੁਨਿਕਤਾ ਦੇ ਨਾਲ-ਨਾਲ ਆਪਣੇ ਪੁਰਖਾਂ ਦੀਆਂ ਕਥਨੀਆਂ ਤੋਂ ਵੱਖ ਨਹੀਂ ਹੋ ਸਕੀ। ਇਹ ਉਸ ਦਾ ਆਪਣੇ ਵਿਰਸੇ ਨਾਲ ਜੁੜੇ ਹੋਣਾ ਹੈ।

ਉਸ ਦੇ ਗਲਪ ਦੇ ਪਾਤਰਾਂ ਨਾਲ ਉਸ ਦਾ ਆਪੇ ਸੰਬੰਧ ਸਥਾਪਤ ਹੋ ਜਾਂਦਾ ਹੈ। ਕੋਈ ਵੀ ਸਾਹਿਤਕਾਰ ਸਮਾਜ ਤੋਂ ਵੱਖਰਾ ਨਹੀਂ ਹੋ ਸਕਦਾ। ਉਸ ਦੀ ਸੋਚਣੀ ਉਸ ਦੇ ਆਲੇ ਦੁਆਲੇ ਤੋਂ ਪ੍ਰਭਾਵਤ ਹੋ ਕੇ ਵਿਸ਼ਵ ਦੀ ਸੋਚ ਨਾਲ ਜਾ ਜੁੜਦੀ ਹੈ। ਉਹ ਸੋਚ ਇਕ ਸਾਹਿਤਕਾਰ ਨੂੰ ਸਿਰਜਦੀ ਹੈ।

ਟਿਵਾਣਾ ਦੀ ਇਹ ਸੋਚ ਸਮਾਜ ਦੀ ਸੋਚ ਹੁੰਦੀ ਹੋਈ ਇਕ ਖਿਤੇ ਦੀ ਅਤੇ ਉਸ ਤੋਂ ਅਗੇ ਵਿਸ਼ਵ ਦੀ ਸੋਚ ਬਣ ਗਈ ਹੈ। ਉਹ ਆਪਣੇ ਵਿਰਸੇ ਨਾਲੋਂ ਕਿਸੇ ਸਮੇਂ ਵੀ ਨਹੀਂ ਟੁਟੀ ਉਸ ਦੀ ਸਿਰਜਣਾ ਉਸ ਦੇ ਵਿਰਸੇ ਵਿਚੋਂ ਹੈ ਉਥੋਂ ਹੀ ਉਸ ਦੇ ਗਲਪ ਦੇ ਪਾਤਰ ਕਿਸੇ ਨਾ ਕਿਸੇ ਰੂਪ ਵਿਚ ਨਿਸਰਦੇ ਹਨ। ਵਿਰਸੇ ਵਿਚੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਵਿਸ਼ਾ ਵਸਤੂ ਨਿਸਰਦਾ ਹੈ। ਉਹ ਲੋਕ ਜੀਵਨ ਨੂੰ ਆਪਣੇ ਗਲਪ ਜਗਤ ਵਿਚ ਸਿਰਜ ਦੇਂਦੀ ਹੈ। ਉਸ ਨੂੰ ਕੋਈ ਉਚੇਚ ਨਹੀਂ ਕਰਨੀ ਪੈਂਦੀ।

ਟਿਵਾਣਾ ਆਪਣੀ ਸਵੈ-ਜੀਵਨੀ ਵਿਚ ਇਸਤਰੀ ਦਾ ਸਮਾਜ ਵਿਚ ਸਥਾਨ ਉਤੇ ਵੀ ਆਪਣੇ ਮਨੋਭਾਵਾਂ ਦਾ ਪ੍ਰਗਟਾ ਕਰਦੀ ਹੈ। ਇਸਤਰੀ ਚੇਤਨਤਾ ਨੂੰ ਉਭਾਰਨ ਦਾ ਇਸ ਵਿਚ ਪ੍ਰਯਤਨ ਮਿਲਦਾ ਹੈ। ਇਹ ਸੰਵੇਦਨਸ਼ੀਲ ਇਸਤਰੀ ਦੀ ਸਵੈ ਜੀਵਨੀ ਹੈ ਜਿਹੜੀ ਮਰਦ ਪ੍ਰਧਾਨ ਦੇ ਇਸਤਰੀ ਪ੍ਰਤੀ ਮਾਪ ਡੰਡਾ ਨੂੰ ਹਮਲਾ ਮਾਰ ਕੇ ਤੜ ਦੇਣਾ ਚਾਹੁੰਦੀ ਹੈ ਅਤੇ ਆਪਣਾ ਜੀਵਨ ਦਾ ਨਿਵੇਕਲਾ ਰਾਹ ਬਣਾਉਣਾ ਚਾਹੁੰਦੀ ਹੈ। ਉਹ ਦਰਸਾਉਣਾ ਚਾਹੁੰਦੀ ਹੈ ਕਿ ਇਸਤਰੀ ਵੀ ਸਮਾਜ ਦਾ ਨਰੋਆ ਅੰਗ ਹੈ। ਉਸ ਨੂੰ ਵੀ ਜਿਉਣ ਦਾ ਹੱਕ ਹੈ ਉਹ ਕਿਸੇ ਦੇ ਪ੍ਰਭਾਵ ਹੇਠ ਨਹੀਂ ਉਸਰਦੀ ਸਗੋਂ ਉਸ ਵਿਚ ਵੀ ਬੁੱਧੀ ਤੱਤ ਹੈ। ਇਸ ਤਰ੍ਹਾਂ ਇਹ ਇਸਤਰੀ ਮਨ ਦੀ ਆਵਾਜ਼ ਹੋ ਨਿਬੜਦੀ ਹੈ।

ਡਾਕਟਰ ਜਸਪਾਲ ਕੌਰ ਕਾਂਗ ਲਿਖਦੀ ਹੈ ਕਿ ਉਸ ਦੀ ਇਹ ਸਵੈ-ਜੀਵਨੀ 'ਨੰਗੇ ਪੈਰਾਂ ਦਾ ਸਫ਼ਰ' ਪੰਜਾਬੀ ਦੇ ਸਵੈ-ਜੀਵਨੀ ਸਾਹਿਤ ਵਿਚ ਇਕ ਅਜਿਹੀ ਪ੍ਰਮਾਣਿਕ ਰਚਨ ਨੂੰ ਹੈ ਜਿਸ ਵਿਚ ਗੱਲ ਨਿੱਜ ਤੋਂ ਸ਼ੁਰੂ ਹੋ ਕੇ ਇਕ ਵਿਆਪਕ ਸਿਸਟਮ ਦੇ ਅੰਤਰਗਤ ਫੈਲਦੀ ਹੈ। ਇਹੀ ਕਾਰਨ ਹੈ ਕਿ ਇਸ ਰਚਨਾ ਦੀ ਨਿੱਜ ਰੋਮਾਨੀ ਜਗਤ ਦਾ ਸਿਰਜਨ ਨਹੀਂ ਕਰਦੀ ਅਤੇ ਨਾ ਹੀ ਆਪਣੀ ਜ਼ਿੰਦਗੀ ਵਿਚ ਵਾਪਰੀਆਂ ਘਟਨਾਵਾਂ ਨੂੰ ਸਨਸਨੀਖੇਜ ਬਣਾ ਕੇ ਥਲਹਿ ਨੰਗੇ ਪੈਰਾਂ ਦਾ ਸਫਰ ਇਕ ਅਜਿਹਾ ਦਸਤਾਵੇਜ਼ ਹੈ ਜਿਸ ਦੀ ਹਰ ਘਟਨਾ, ਹਰ ਸਥਿਤੀ ਪੂਰੇ ਸਿਸਟਮ ਦਾ ਵਿਸ਼ਲੇਸ਼ਣ ਹੈ" ਨੰਗੇ ਪੈਰਾਂ ਦੇ ਸਫ਼ਰ ਦਾ ਅਗਲਾ ਭਾਗ ਉਸ ਸਿਖਰ ਦੁਪਹਿਰ ਲਿਖਣਾ ਸੀ ਜਿਸ ਨੂੰ ਉਹ ਅਜੇ ਤਕ ਲਿਖ ਨਹੀਂ ਸਕੀ। ਉਹ ਲਿਖਦੀ ਹੈ ਆਪਣੀ ਜ਼ਿੰਦਗੀ ਦੇ ਤੱਥਾਂ ਬਾਰੇ ਮੈਂ ਆਪਣੀ ਸਵੈ-ਜੀਵਨੀ ਨੰਗੇ ਪੈਰਾਂ ਦਾ ਸਫਰ ਵਿਚ ਲਿਖ ਚੁੱਕੀ ਹਾਂ ਇਸ ਲਈ ਉਨ੍ਹਾਂ ਨੂੰ ਸਿਰਫ਼ ਬਿਆਨ ਕਰਨਾ ਸੀ । ਏਡੇ ਸਵਖਤੇ ਇਸੇ ਲਈ ਉਹ ਤੱਥ ਬਿਆਨ ਕਰ ਦਿੱਤੇ ਸਨ ਕਿ ਅਜੇ ਤਾਂ ਗਵਾਹੀ ਦੇਣ ਜੋਗੇ ਪਾਤਰ ਜਿਉਂਦੇ ਸਨ।

ਉਨ੍ਹਾਂ ਤੱਥਾਂ ਵਿਚੋਂ ਦੀ ਮੈਂ ਕਿਵੇਂ ਲੰਘੀ। ਉਨ੍ਹਾਂ ਵਿਚੋਂ ਦੀ ਲੰਘਦਿਆਂ ਮੇਰੇ ਮਨ ਨੇ ਕਿਹੜੇ ਸੱਚ ਨੂੰ ਸਮੋਇਆ ਕਿਹੜੇ ਸੱਚ ਦਾ ਸਹਾਰਾ ਲਿਆ। ਇਹ ਮੇਰੀ ਸਮਰਥਾ ਦਾ ਇਮਤਿਹਾਨ ਸੀ।

ਮੇਰੀ ਸਾਹਿਤਕ ਯਾਤਰਾ ਦਾ ਆਦਿ ਅੰਤ ਵੀ ਇਨ੍ਹਾਂ ਤੱਥਾਂ ਵਿਚ ਹੀ ਨਿਹਿੱਤ ਹੈ।

ਮੈਂ ਸੋਚਣ ਲੱਗ ਜਾਂਦੀ ਹਾਂ ਨੰਗੇ ਪੈਰਾਂ ਦਾ ਸਫ਼ਰ ਦਾ ਅਗਲਾ ਹਿੱਸਾ ਸਿਖ਼ਰ ਦੁਪਹਿਰ ਸੀ। ਸਿਖਰ ਦੁਪਹਿਰ ਨੂੰ ਤਾਂ ਮੈਂ ਜਿਵੇਂ ਭੁੱਲ ਜਾਣਾ ਚਾਹੁੰਦੀ ਹਾਂ। ਫੁੱਲਾਂ ਦੇ ਕਾਫ਼ਲੇ ਜਦੋਂ ਤੱਤ ਥਲਾਂ ਵਿਚੋਂ ਲੰਘਦੇ ਨੇ, ਉਥੇ ਕੋਹਾਂ ਦੇ ਕੋਹ ਤਪਦਾ ਰੇਗਿਸਤਾਨ ਵੀ ਹੁੰਦਾ ਹੈ ਤੇ ਤੱਤਾ ਰੇਤਾ ਦੂਰੋਂ ਪਾਣੀ ਦਿਸਦਾ ਮਰੀਚਕਾ ਬਣ ਮੋਹਦਾ ਵੀ ਹੈ। ਬੀਆਬਾਨ ਉਜਾੜ ਵਿਚ ਡਾਚੀ ਤਾਂ ਕੀ ਤੁਹਾਡੀਆਂ ਆਪਣੀਆਂ ਪੈੜਾਂ ਵੀ ਨਾਲੋ ਨਾਲ ਮਿਟਦੀਆਂ ਜਾਂਦੀਆਂ ਹਨ ਉਦੋਂ ਹੀ ਤਾਂ ਮੈਂ ਲਿਖਿਆ ਸੀ।

*ਨਿਤ ਸੂਰਜ ਆ ਕੇ ਪੁੱਛਦਾ,*
*ਅੱਜ ਦਾ ਦਿਨ ਕਿਸ ਲੇਖੇ ਲਾਉਣਾ*
*ਨਿਤ ਤਾਰਿਆਂ ਨੂੰ ਮੈਂ ਦਸਦੀ*
*ਅੱਜ ਦਾ ਦਿਨ ਬੇਅਰਥ ਗਵਾਇਆ*

*ਅਰਥ ਤੇ ਬੇਅਰਥ ਤਕ ਦਾ*
*ਪੈਂਡਾ ਮੈਂ ਨਿਤ ਹੰਢਾਵਾਂ।*

ਤੁਸੀਂ ਪੁਛੋਗੇ ਉਮਰ ਦੀ ਇਹ ਸਿਖਰ ਦੁਪਹਿਰ ਮੈਂ ਕਿਵੇਂ ਲੰਘਾਈ ਮੈਂ ਜਿਹੜੀ ਆਖਦੀ ਸੀ ਭੁੱਖੀ ਬੈਠੀ ਰਹਿ ਸਕਦੀ ਹਾਂ, ਜੂਠੀਆਂ ਥਾਲੀਆਂ ਵਿਚੋਂ ਬੁਰਕੀਆਂ ਨਹੀਂ ਖਾ ਸਕਦੀ ਆਪਣੀ ਭੁੱਖ ਤਰੇਹ ਦੀ ਕੋਈ ਗੱਲ ਕਿਵੇਂ ਕਰਾਂ।

ਸਚ ਪੁਛੋ ਤਾਂ ਮੈਂ ਬਹੁਤ ਦੂਰ ਲੰਘ ਆਈ ਹਾਂ ਹੁਣ ਤਾਂ ਕੁਝ ਕੁ ਉਹ ਛਿਨ ਹੀ ਯਾਦ ਹਨ। ਜਦੋਂ ਜ਼ਿੰਦਗੀ ਦੇਣ ਜ਼ਿੰਦਗੀ ਲੈਣ ਵਾਲੀ ਅਗਨੀ ਕਿਸੇ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਹੈ। ਇਸ ਲਈ ਯਾਦ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ ਕਿਥੋਂ ਤੁਰੀ ਸੀ ਰਾਹ ਕਿਥੋਂ ਛੂਟ ਲੈਂਦੀ ਹੈ। ਆਪਣੀ ਆਪ ਕਰਨ ਨਣੇ ਤੇ ਆਪਣੇ ਆਪ ਨੂੰ ਭੁੱਲਣ ਦਾ ਕਰਮ ਇਕ ਵੱਲੋਂ ਕਿਵੇਂ ਤੁਰ ਪਿਆ ਸੀ।

ਸੋ ਕਾਹਦੇ ਲਈ ਲਿਖਾ, ਆਪਣੇ ਸੁਪਨਿਆਂ ਦੀ ਸਮਰਥਾ ਬਾਰੇ ਜਾਂ ਹਕੀਕਤ ਦੇ ਪਾਲੀਪਣ ਬਾਰੇ, ਜਿੰਦਗੀ ਦੇ ਕਰਮ ਬਾਰੇ ਜਾਂ ਜ਼ਿੰਦਗੀ ਦੇ ਕਹਿਰ ਬਾਰੇ, ਬਾਹਰਲੇ ਜਗਤ ਬਾਰੇ ਜਾਂ ਆਪਣੇ ਅੰਦਰਲੇ ਸੰਸਾਰ ਬਾਰੇ, ਔਰਤ ਹੋਣ ਬਾਰੇ ਜਾਂ ਔਰਤਤਵ ਬਾਰੇ, ਆਪਣੇ ਹਾਸੇ ਬਾਰੇ ਜਾਂ ਹਾਸੇ ਨਾਲ ਢਕੀ ਜਾਣ ਵਾਲੀ ਉਦਾਸੀ ਬਾਰੇ । ਕੋਈ ਹੋਰ ਬਣ ਦੀ ਮੈਨੂੰ ਬਥੇਰੀ ਜਾਚ ਸੀ । ਇਸ ਜਾਚ ਬਾਰੇ ਨਾ ਗੱਲ ਕਰੀਏ ਤੁਸੀਂ ਕਦੇ ਧਿਆਨ ਨਹੀਂ ਦਿੱਤਾ ਹੋਣਾ ਮੈਂ ਕਦੇ ਆਪਣੀ ਗੱਲ ਨਹੀਂ ਕਰਦੀ, ਹਰ ਵੇਲੇ ਕਿਸੇ ਹੋਰ ਦੀ ਹੀ ਗੱਲ ਕਰ ਰਹੀ ਹੁੰਦੀ ਹਾਂ। ਮੈਂ ਅਸਲ ਵਿਚ ਕੌਣ ਹਾਂ। ਇਹ ਸੁਆਲ ਵੀ ਮੈਂ ਆਪਣੇ ਆਪ ਨੂੰ ਕਈ ਵਾਰ ਪੁੱਛਿਆ ਹੈ।"

ਉਸ ਦੇ ਸੁਭਾਅ ਵਿਚ ਜੁਰਮਤ ਹੈ । ਉਹ ਆਪਣੀ ਪੁਸਤਕ 'ਪੂਛਤੇ ਹੋ ਤੋ ਸੁਨੋ' ਵਿਚ ਲਿਖਦੀ ਹੈ। ਤੈਰ ਲੈਣਾ, ਬੰਦੂਕ ਚਲਾ ਲੈਣੀ, ਘੋੜ ਸਵਾਰੀ ਕਰ ਲੈਣੀ ਤੇ ਕਾਰ ਚਲਾ ਲੈਣੀ ਇਹ ਕੋਈ ਆਮ ਕੁੜੀਆਂ ਵਾਲੇ ਕੰਮ ਥੋੜ੍ਹੇ ਹੀ ਨੇ.....

ਉਹ ਆਪਣੇ ਸਾਹਸ ਦੀ ਗੱਲ ਕਰਦੀ ਲਿਖਦੀ ਹੈ ਬੀਰ ਨੂੰ ਇਕ ਕਰਨਲ ਨੇ ਜਦੋਂ ਮਰਵਾਉਣ ਦੀ ਸਲਾਹ ਬਣਾ ਲਈ ਸੀ ਤਾਂ ਮੈਂ ਜਾਂਦੇ ਨੂੰ ਸੜਕ ਉਪਰ ਰੋਕ ਕੇ ਆਖਿਆ ਸੀ ਮਿਸਟਰ ਕਰਨਲ ਬੀਰੇ ਨੂੰ ਅਗਰ ਕੁਛ ਹੋ ਗਿਆ ਤਾਂ ਤੁਸੀਂ ਨਾ ਤਾਂ ਅਸਮਾਨ ਪੁਰ ਚੜ੍ਹ ਜਾਉਗੇ ਤੇ ਨਾ ਹੀ ਪਾਤਾਲ ਵਿਚ ਉਤਰ ਜਾਉਗੇ। ਬਾਕੀ ਇਸ ਧਰਤੀ ਉਪਰ ਤਾਂ ਅਸੀਂ ਤੁਹਾਨੂੰ ਖ਼ਾਨਦਾਨ ਸਮੇਤ ਜਿਉਂਦਿਆਂ ਛੱਡਣਾ ਨਹੀਂ।

ਕਰਨਲ ਕੁਮਾਰ ਘਬਰਾ ਗਿਆ ਸੀ। ਜਿਨ੍ਹਾਂ ਦੀ ਲੜਕੀ ਇਉ ਆਖਦੀ ਹੈ ਉਸ ਪਰਿਵਾਰ ਦੇ ਬੰਦੇ ਕਿਹੋ ਜਿਹੇ ਹੋਣਗੇ।

ਹਾਂ ਇਹ ਸਭ ਗੱਲਾਂ ਵੀ ਮੇਰੀ ਜ਼ਿੰਦਗੀ ਦਾ ਸੱਚ ਹਨ ਪਰ ਇਹ ਵੀ ਸੱਚ ਹੈ ਕਿ ਕੋਈ ਉਚੀ ਵੀ ਬੋਲੇ ਤਾਂ ਸਾਂ ਸਾਂ ਕਰਕੇ ਖੂਨ ਮੇਰੇ ਸਿਰ ਨੂੰ ਚੜ੍ਹ ਜਾਂਦਾ ਹੈ । ਏਅਰ ਗੰਨ ਨਾਲ ਕੋਈ ਬੰਦਾ ਘੁੱਗੀਆਂ ਚਿੜੀਆਂ ਨੂੰ ਮਾਰ ਰਿਹਾ ਹੋਵੇ ਤਾਂ ਮੇਰਾ ਸਾਹ ਸੁੱਕਣ ਲੱਗ ਜਾਂਦਾ ਹੈ ।

ਉਹ ਆਪਣੀ ਜ਼ਿੰਦਗੀ ਦੀ ਤਲਖ਼ ਹਕੀਕਤ ਨੂੰ ਯਾਦ ਕਰਕੇ ਮੁੜ ਉਦਾਸ ਨਹੀਂ ਹੋਣਾ ਚਾਹੁੰਦੀ। ਉਸ ਦੀ ਫੁੱਲ ਵਰਗੀ ਜ਼ਿੰਦਗੀ ਤੱਤੇ ਥਲਾਂ ਵਿਚੋਂ ਲੰਘਦੀ ਪਰ ਉਸ ਆਪਣੇ ਆਪੇ ਨੂੰ ਸੇਕ ਲਗਦਿਆਂ ਵੀ ਆਪਣੀ ਲੇਖਣੀ ਵਿਚ ਰੁਝਾਈ ਰੱਖਿਆ ਅਤੇ ਉਸ ਦੀਆਂ ਲਿਖਤਾਂ ਥਲਾਂ ਵਿਚੋਂ ਲੰਘਦਿਆਂ ਇਹ ਦਰਿਆਵਾਂ, ਝੀਲਾਂ ਚਸ਼ਮਿਆਂ ਦੇ ਸੁਪਨੇ ਹੀ ਤਾਂ ਹਨ ਤੇ ਮੈਨੂੰ ਪਤਾ ਹੈ ਕਿ ਅੱਜ ਦਾ ਸੁਪਨਾ ਹੀ ਕਲ੍ਹ ਦਾ ਯਥਾਰਥ ਬਣਦਾ ਹੈ। ਇਸੇ ਆਸ ਤੇ ਇਸ ਰਾਹ ਤੇ ਤੁਰ ਪਈ ਹਾਂ।

## ਪੰਜਾਬੀ ਨਾਵਲ
## (ਸਮਾਜਿਕ ਸੰਦਰਭ ਅਤੇ ਮਨੋਵਿਗਿਆਨਕ ਪਿਛੋਕੜ)

ਪੰਜਾਬੀ ਨਾਵਲ ਦੀ ਉਤਪਤੀ ਪਿਛਲੇ ਇਕ ਸੌ ਸਾਲ ਤੋਂ ਮੰਨੀ ਜਾਂਦੀ ਹੈ। ਇਹ ਸ਼ੀਘਰ ਹੀ ਇਕ ਅਜਿਹਾ ਸਮਰੱਥ ਰਚਨਾਤਮਕ ਮਾਧਿਅਮ ਬਣ ਗਿਆ ਜਿਸ ਰਾਹੀਂ ਮਾਨਵੀ ਜੀਵਨ ਦੀ ਜਟਿਲਤਾ ਨੂੰ ਇਕ ਅਰਥ ਭਰਪੂਰ ਬਿੰਬ ਰਾਹੀਂ ਪ੍ਰਗਟਾਇਆ ਜਾ ਸਕਦਾ ਹੈ। ਸਾਹਿਤ ਦੇ ਦੂਸਰੇ ਰੂਪ ਜਿੰਦਗੀ ਦੀ ਸਮੁੱਚਤਾਂ ਨੂੰ ਪ੍ਰਗਟ ਕਰਨ ਦੇ ਸਮਰੱਥ ਨਹੀਂ। ਇਸੇ ਕਰਕੇ ਆਧੁਨਿਕ ਮਸ਼ੀਨੀ ਯੁੱਗ ਵਿਚ ਵੀ ਇਸ ਦੀ ਹੋਂਦ ਕਾਇਮ ਹੈ।

ਹਰ ਸਾਹਿਤ ਉਸ ਸਮਾਜ ਦੀ ਪ੍ਰਤਿਭਾ ਦੇ ਮਾਪਤੋਲਾ ਦੀ ਸਥਾਪਨਾ ਕਰਦਾ ਹੈ। ਜੀਵਨ ਦੇ ਵਿਕਾਸ ਦੇ ਨਾਲ-ਨਾਲ ਹੀ ਉਸ ਦੀ ਦ੍ਰਿਸ਼ਟੀ ਦਾ ਪੱਧਰ ਤੇ ਸਮੱਸਿਆਵਾਂ ਦੇ ਅਧਿਐਨ ਵਿਚ ਵੀ ਵਿਕਾਸ ਹੁੰਦਾ ਜਾਂਦਾ ਹੈ ।

ਪੰਜਾਬ ਵਿਚ ਨਾਵਲ ਸਾਹਿਤ ਰੂਪਕਾਰ ਵਜੋਂ ਪੱਛਮੀ ਪ੍ਰਭਾਵ ਹੇਠ ਨਿਸਰਿਆ ਹੈ ਪਰ ਇਸ ਦੀ ਰੂਪ ਰਚਨਾ ਵਿਚ ਪੰਜਾਬ ਦੇ ਮੱਧਕਾਲੀਨ ਸਾਹਿਤ ਦੀਆਂ ਕਥਾਵਾਂ ਅਤੇ ਕਥਾਨਕ ਰੂੜੀਆਂ ਨਿਰੰਤਰ ਕਾਰਜਸ਼ੀਲ ਰਹੀਆਂ ਹਨ। ਅਜਿਹਾ ਹੋਣਾ ਕੁਦਰਤੀ ਸੀ ਕਿਉਂਕਿ ਵਿਅਕਤੀ ਆਪਣੀ ਪਰੰਪਰਾ ਵਿਚੋਂ ਹੀ ਆਪਣਾ ਮੁਹਾਂਦਰਾ ਪ੍ਰਾਪਤ ਕਰਦਾ ਹੈ। ਪਰੰਪਰਾ ਨਾਲ ਵਿਅਕਤੀ ਭਾਵੁਕ ਪੱਧਰ ਉਤੇ ਜੁੜਿਆ ਹੁੰਦਾ ਹੈ। ਇਸ ਲਈ ਨਵੇਂ ਰੂਪਾਕਾਰਾਂ ਦੇ ਪ੍ਰਵੇਸ਼ ਤਾਂ ਨਿਰੰਤਰ ਹੁੰਦੇ ਰਹੇ ਪਰ ਇਨ੍ਹਾਂ ਨਵੇਂ ਸਾਹਿਤ-ਰੂਪਕਾਰਾਂ ਵਿਚ ਪਰੰਪਰਾ ਦਾ ਹੀ ਰੂਪਾਂਤਰ ਹੁੰਦਾ ਰਿਹਾ ਹੈ।

ਭਾਰਤ ਵਿਚ ਨਾਵਲ ਦੇ ਉਦਭਵ ਨੂੰ ਭਾਵੇਂ ਅੰਗਰੇਜ਼ੀ ਨਾਵਲ ਦੇ ਪ੍ਰਭਾਵ ਦਾ ਸਿੱਟਾ ਮੰਨਿਆ ਜਾਂਦਾ ਹੈ ਪਰ ਸਾਡੀ ਗਲਪ ਸੰਵੇਦਨਾ ਵਿਚ ਪ੍ਰਵੇਸ਼ ਕਰਨ ਲਈ ਆਰੰਭਵਿਚ ਸਾਡੇ ਭਾਵ ਬੋਧ ਦੀ ਇਤਿਹਾਸਕਤਾ ਨੂੰ ਚੌਖਟੇ ਵਿਚ ਢਲਣਾ ਪਿਆ। ਇਸ ਦਾ ਕਾਰਨ ਸੀ ਕਿ ਪੰਜਾਬ ਵਿਚ ਅੰਗਰੇਜ਼ੀ ਰਾਜ ਦੇ ਪਾਸਾਰ ਨੇ ਪੰਜਾਬੀਆਂ ਦੀ ਸੋਚ ਵਿਚ ਨਵੀਂ * ਨੁਹਾਰ ਨੁਹਾ

ਤਾਂ ਲੈ ਆਂਦੀ ਸੀ, ਵਿਦਿਆ ਦਾ ਪਾਸਾਰ, ਨਿਆਂ ਪਾਲਕਾਵਾਂ ਦੀ ਸਥਾਪਨਾ ਤੇ ਹਸਪਤਾਲਾਂ ਦੇ ਖੁੱਲ੍ਹਣ ਨਾਲ ਗਿਆਨ ਦਾ ਪਾਸਾਰਾ ਅਤੇ ਜੀਵਨ ਲਈ ਬਹੁਤ ਸਾਰੀਆਂ ਸਹੂਲਤਾਂ ਮਿਲ ਗਈਆਂ ਸਨ ਪਰ ਪੰਜਾਬੀ-ਮਨ ਆਜ਼ਾਦੀ ਦੇ ਖੁਸ ਜਾਣ ਕਰਕੇ ਮਾਨਸਿਕ ਰੂਪ ਵਿਚ ਪੀੜਿਰ ਸੀ। ਉਸ ਨੂੰ ਆਸ ਨਹੀਂ ਸੀ ਕਿ ਏਨੇ ਮਜ਼ਬੂਤ ਰਾਜ ਦੀ ਹੋਂਦ ਕਰਕੇ ਕਿਸੇ ਹੋਰ ਸ਼ਕਤੀ ਦੇ ਪੰਜਾਬ ਵਿਚ ਆਉਣ ਦੀ ਸੰਭਾਵਨਾ ਕੀਤੀ ਜਾਂਦੀ ਕਿਉਂਕਿ ਹਰ ਪੰਜਾਬੀ ਨੇ ਆਪਣੇ ਸੀਸ ਦੀ ਭੇਟਾ ਦੇ ਕੇ ਇਸ ਆਜ਼ਾਦੀ ਨੂੰ ਵਿਹਾਜਿਆ ਸੀ ਪਰ ਅਚਿੰਤ ਬਾਜ ਪਏ ਵਾਂਗ ਰਾਜਸੀ ਸਾਜਿਸ਼ਾਂ ਦਾ ਸ਼ਿਕਾਰ ਹੋਣ ਤੇ ਉਹ ਫਿਰ ਬਾਹਰਲੀ ਹਕੂਮਤ ਦਾ ਗੁਲਾਮ ਹੋ ਗਿਆ ਸੀ। ਅੰਗਰੇਜ਼ਾਂ ਵੱਲੋਂ ਦਿੱਤੇ ਸੁੱਖਾਂ ਦੇ ਸਮਤੁਲ ਉਸ ਨੂੰ ਗੁਲਾਮੀ ਦਾ ਸਲ ਕਿਤੇ ਭਾਰੀ ਸੀ। ਉਹ ਪੀੜਿਤ ਮਾਨਸਿਕਤਾ ਨਾਲ ਵਿਚਰ ਰਿਹਾ ਸੀ । ਉਸ ਨੂੰ ਜੀਵਨ ਦੀ ਨਿਰਾਰਥਕਤਾ ਦਾ ਅਹਿਸਾਸ ਚੁਭ ਰਿਹਾ ਸੀ । ਗਰੀਬ ਜਨਤਾ ਪਿਸ ਰਹੀ ਸੀ ।ਮੁੜ ਸਵਤੰਤਰਤਾ ਪ੍ਰਾਪਤੀ ਦੇ ਮਾਰਗ ਸਭ ਲੋਪ ਹੋ ਗਏ ਸਨ।

ਸਿੰਘ ਸਭਾ ਲਹਿਰ ਦੇ ਆਰੰਭ ਨਾਲ ਪੰਜਾਬ ਵਿਚ ਜਾਗ੍ਰਿਤੀ ਲਹਿਰ ਦਾ ਆਰੰਭਹੋਇਆ। ਪੰਜਾਬ ਵਿਚ ਵੱਸਦੇ ਸਾਰੇ ਵਿਰਕਿਆਂ, ਨੂੰ ਆਪਣੀ ਸੰਭਾਲ ਦੀ ਸੋਝੀ ਹੋਈ। ਇਸ ਲਹਿਰ ਦੇ ਪ੍ਰਭਾਵ ਅਧੀਨ ਜੰਮੇ-ਪਲੇ ਪੰਜਾਬੀਆਂ ਦੀ ਭਾਵੁਕ ਸਭਿਆਚਾਰਕ ਮੰਗ ਨੂੰ ਪੂਰਾ ਕਰਨ ਲਈ ਭਾਈ ਵੀਰ ਸਿੰਘ, ਚਰਨ ਸਿੰਘ ਸ਼ਹੀਦ ਅਤੇ ਭਾਈ ਮੋਹਨ ਸਿੰਘ ਵੈਦ ਨੇ ਨਾਵਲ ਲਿਖੇ।

ਭਾਈ ਵੀਰ ਸਿੰਘ ਪੰਜਾਬੀ ਦੇ ਮੋਢੀ ਨਾਵਲਕਾਰ ਹਨ। ਉਨ੍ਹਾਂ ਸਾਹਮਣੇ ਪੰਜਾਬੀ ਵਿਚ ਲਿਖੇ ਇਤਿਹਾਸਕ ਨਾਵਲ ਦਾ ਕੋਈ ਮਾਡਲ ਨਹੀਂ ਸੀ, ਉਨ੍ਹਾਂ ਤਿੰਨ ਨਾਵਲ ਸੁੰਦਰੀ, ਸਤਵੰਤ ਕੌਰ ਤੇ ਬਿਜੇ ਸਿੰਘ ਲਿਖ ਕੇ ਪੰਜਾਬੀ ਵਿਚ ਨਾਵਲ ਦੀ ਕਾਫ਼ੀ ਹੱਦ ਤਕ ਸਫਲ ਲੀਹ ਤੋਰੀ। ਇਤਿਹਾਸਕ ਨਾਵਲਕਾਰ ਇਤਿਹਾਸਕਾਰ ਵਾਂਗ ਤੱਥਾਂ ਦਾ ਵਰਣਨ ਨਹੀਂ ਕਰਦਾ ਉਹ ਤੱਥਾਂ ਦੇ ਅੰਦਰ ਉਤਰਦਾ ਹੈ। ਉਹ ਸਥਿਤੀਆਂ ਨੂੰ ਮਹਿਸੂਸਦਾ ਹੈ ਅਤੇ ਅਸਲ ਵਿਚ ਉਹ ਆਪ ਵੀ ਸਥਿਤੀਆਂ ਸਿਰਜਦਾ ਹੈ। ਉਨ੍ਹਾਂ ਵਿਚ ਸਮੇਂ ਦੇ ਇਤਿਹਾਸ ਦੀ ਭਾਵਨਾ ਜਾਂ ਦ੍ਰਿਸ਼ਟੀ ਜ਼ਰੂਰ ਰਹਿੰਦੀ ਹੈ। ਇਤਿਹਾਸਕ ਨਾਵਲ ਗਲਪ ਹੁੰਦਾ ਹੋਇਆ ਇਤਿਹਾਸਕ ਸੱਚ ਦੇ ਨੇੜੇ ਹੁੰਦਾ ਹੈ। ਉਸ ਦੇ ਸਿਰਜੇ ਮਨੋਕਲਪਿਤ ਨਾਇਕਾਂ ਵਿਚੋਂ ਸਮੇਂ ਦੀ ਰੂਹ ਬੋਲਦੀ ਹੈ।

ਭਾਈ ਵੀਰ ਸਿੰਘ ਨੇ ਪੰਜਾਬੀਆਂ ਦੀ ਭਾਵੁਕ ਸਭਿਆਚਾਰਕ ਮੰਗ ਨੂੰ ਪੂਰਾ ਕਰਨ ਲਈ ਨਾਵਲ ਲਿਖੇ ਜਿਨ੍ਹਾਂ ਵਿਚ ਅਠਾਰਵੀਂ ਸਦੀ ਦੇ ਸਿੱਖ ਮੁਗ਼ਲ ਘੋਲ ਨੂੰ ਜਾਂ ਪੰਜਾਬ ਦੀ ਪ੍ਰਾਧੀਨਤਾ ਦੇ ਬਾਅਦ ਬਦਲੇ ਹੋਏ ਪਰਿਪੇਖ ਅਨੁਸਾਰ ਧਾਰਮਿਕ-ਸੰਪਰਦਾਈ ਤਕਾਜ਼ਿਆਂ

ਅਤੇ ਸਿੱਖੀ ਆਦਰਸ਼ਾਂ ਨੂੰ ਦਰਸਾਉਂਦੇ ਹੋਏ ਕਥਾਨਕ ਨੂੰ ਅਦਭੁਤ ਚਮਤਕਾਰ, ਪੂਰਨ ਰਹੱਸਮਈ ਤੇ ਰੌਚਿਕ ਰੰਗ ਦੇ ਕੇ ਲਿਖਿਆ ਹੈ। ਇਸ ਦਾ ਮੁੱਖ ਉਦੇਸ਼ ਸਿੱਖੀ ਭਾਵਨਾ, ਸਿੱਖੀ ਸ਼ਰਧਾ, ਸਿੱਖੀ ਗੌਰਵ ਨੂੰ ਬਲਵਾਨ ਕਰਨਾ ਸੀ ਜੋ ਪੜ੍ਹੇ-ਲਿਖੇ ਸਿੱਖ ਜਗਤ ਦੀ ਮੰਗ ਤੇ ਉਮੰਗ ਸੀ।

ਭਾਈ ਵੀਰ ਸਿੰਘ ਨੇ ਅਠਾਰਵੀਂ ਸਦੀ ਦੇ ਇਤਿਹਾਸਕ ਸਿੱਖ ਵਿਰਸੇ ਨੂੰ ਹੀ ਕਿਉਂ ਚੁਣਿਆ ? ਇਸ ਦਾ ਇਕ ਵਿਸ਼ੇਸ਼ ਕਾਰਨ ਸੀ। ਅਠਾਰਵੀਂ ਸਦੀ ਦਾ ਇਤਿਹਾਸ ਕੇਵਲ ਪੰਜਾਬ ਦਾ ਹੀ ਇਤਿਹਾਸ ਨਹੀਂ ਸੀ ਸਗੋਂ ਭਾਰਤ ਦੀ ਆਜ਼ਾਦੀ ਲਈ ਇਕ ਬੜੀ ਸ਼ਕਤੀਸ਼ਾਲੀ ਜਦੋ-ਜਹਿਦ ਅਤੇ ਗੁਲਾਮੀ ਦਾ ਜੂਲਾ ਆਪਣੇ ਉਤੋਂ ਲਾਹੁਣ ਲਈ ਆਪਣੇ ਸੀਸ ਤਲੀ ਉਤੇ ਰੱਖ ਕੇ ਸੁਤੰਤਰਤਾ ਨੂੰ ਪ੍ਰਾਪਤ ਕਰਨ ਲਈ ਇਕ ਬਲਵਾਨ ਹੰਭਲਾ ਸੀ ਜਿਸ ਵਿਚ ਮੁਸਲਮਾਨਾਂ ਨੂੰ ਛੱਡ ਕੇ (ਕਿਉਂਕਿ ਰਾਜ ਸੱਤਾ ਉਨ੍ਹਾਂ ਦੇ ਹੱਥ ਵਿਚ ਸੀ ਅਤੇ ਉਨ੍ਹਾਂ ਪਾਸੋਂ ਖੁਸ ਰਹੀ ਸੀ) ਸਾਰੇ ਪੰਜਾਬੀ ਵੱਖੋ ਵੱਖ ਮੁਹਾਜਾਂ 'ਤੇ ਇਕਮੁੱਠ ਹੋ ਕੇ ਲੜੇ। ਉਸ ਸਮੇਂ ਬਲਵਾਨ ਫ਼ੌਜ ਸਿੱਖ ਸਰੂਪ ਵਿਚ ਸੀ ਇਸ ਕਰਕੇ ਸਿੱਖ ਸਰੂਪ ਧਾਰ ਕੇ ਮਰਜੀਵੜੇ ਬਿਨਾਂ ਕਿਸੇ ਨਿਜੀ ਸਵਾਰਥ ਦੇ ਕੌਮੀ ਆਜ਼ਾਦੀ ਦੀ ਖਾਤਰ ਆਪਾ ਵਾਰਦੇ ਰਹੇ। ਇਹ ਲੜਾਈ ਬਹੁਤ ਵੱਡੇ ਉਦੇਸ਼ ਦੀ ਖਾਤਰ ਲੜੀ ਜਾ ਰਹੀ ਸੀ। ਉਹ ਸੁਤੰਤਰਤਾ ਪ੍ਰਾਪਤੀ ਲਈ ਕਦਮ ਕਦਮ ਅੱਗੇ ਵਧੇ।

ਭਾਈ ਵੀਰ ਸਿੰਘ ਦੇ ਸਮੇਂ ਵੀ ਲਗਭਗ ਪੰਜਾਬ ਦੀ ਸਥਿਤੀ ਉਹੀ ਸੀ। ਉਸ ਨੇ ਆਜ਼ਾਦੀ ਦੇ ਪ੍ਰਵਾਨਿਆਂ ਦਾ ਇਤਿਹਾਸ ਦੁਹਰਾਅ ਕੇ ਇਹ ਸੋਝੀ ਕਰਵਾਈ ਹੈ ਕਿ ਉਸ ਮਹਾਨ ਇਤਿਹਾਸ ਦੀ ਸਿਰਜਣਾ ਕਰਨ ਵਾਲੇ ਤੁਹਾਡੇ ਹੀ ਪਿਤਾਮਾ ਸਨ। ਇਕ ਸਾਂਝੀ ਜਦੋ-ਜਹਿਦ ਨਾਲ ਸੁਤੰਤਰਤਾ ਮੁੜ ਵਿਹਾਜੀ ਜਾ ਸਕਦੀ ਸੀ। ਭਾਈ ਵੀਰ ਸਿੰਘ ਦੀ ਪੰਜਾਬੀਆਂ ਨੂੰ ਸੋਝੀ ਕਰਵਾਉਣ ਵਿਚ ਬਹੁਤ ਵੱਡੀ ਦੇਣ ਹੈ। ਉਹ ਇਤਿਹਾਸਕ ਨਾਵਲ ਸਿਰਜ ਕੇ ਪੰਜਾਬੀਆਂ ਵਿਚ ਨਵੀਂ ਰੂਹ ਫੂਕ ਕੇ ਉਹ ਸਿੱਖੀ ਦੇ ਪ੍ਰਚਾਰਕ ਦੇ ਰੂਪ ਵਿਚ ਸੁਤੰਤਰਤਾ ਪ੍ਰਾਪਤ ਕਰਨ ਲਈ ਨਵੇਂ ਉਭਾਰ ਲਿਆ ਰਿਹਾ ਸੀ ਪਰ ਉਸ ਨੂੰ ਸਿੱਖ ਪ੍ਰਚਾਰਕ ਦੇ ਰੂਪ ਵਿਚ ਪੇਸ਼ ਕਰਕੇ ਉਸ ਨੂੰ ਕੌਮੀ ਸਾਹਿਤ ਸਿਰਜਕ ਦੀ ਥਾਂ ਕੇਵਲ ਸਿੱਖ ਇਤਿਹਾਸ ਸਿਰਜਕ ਤਕ ਹੀ ਸੀਮਿਤ ਕਰ ਦਿੱਤਾ ਗਿਆ। ਇਸ ਤਰ੍ਹਾਂ ਉਸ ਦੀ ਮਹਾਨ ਦੇਣ ਨੂੰ ਛੁਟਿਆਇਆ ਗਿਆ ਹੈ। ਉਸ ਸਮੇਂ ਉਚੇ ਆਚਰਣ ਅਤੇ ਨਿਰਸੁਆਰਥ ਦੀ ਭਾਵਨਾ ਦੀ ਲੋੜ ਸੀ। ਇਹ ਭਾਵਨਾ ਇਤਿਹਾਸ ਨੂੰ ਦੁਬਾਰਾ ਚਿੱਤਰ ਕੇ ਹੀ ਪੂਰੀ ਹੋ ਸਕਦੀ ਸੀ। ਉਸ ਨੇ ਅੰਗਰੇਜ਼ ਦੀ ਅੱਖ ਤੋਂ ਵੀ ਬਚਣਾ ਸੀ ਜਿਸ ਸਾਹਿਤਕਾਰ ਦੇ ਹਰ ਅੱਖਰ ਨੂੰ ਉਸ ਦੀ ਤਹਿ ਤਕ ਪੁੱਜ ਕੇ ਵੇਖਣਾ ਸੀ ਕਿ

ਇਸ ਵਿਚ ਬਗ਼ਾਵਤ ਲਈ ਕੋਈ ਸੱਦਾ ਤਾਂ ਨਹੀਂ ਨਿਕਲਦਾ। ਇਹ ਮਾਣ ਭਾਈ ਵੀਰ ਸਿੰਘ ਨੂੰ ਜਾਂਦਾ ਹੈ ਕਿ ਉਸ ਸੁਤੰਤਰਤਾ ਦੀ ਭਾਵਨਾ ਨੂੰ ਸਜੀਵ ਰੱਖਿਆ ਅਤੇ ਇਸ ਦੀ ਪ੍ਰਾਪਤੀ ਲਈ ਹੋ ਚੁੱਕਾ ਮਹਾਨ ਮਾਰਗ ਦੁਹਰਾਇਆ।

ਨਾਨਕ ਸਿੰਘ ਦੇ ਸਮੇਂ ਤਕ ਰਾਸ਼ਟਰਵਾਦ, ਸਮਾਜ ਸੁਧਾਰ ਤੇ ਇਕ ਸੈਕੂਲਰ ਭਾਈਚਾਰੇ ਦੇ ਨਿਰਮਾਣ ਦੀ ਭਾਵਨਾ ਲੋਕ-ਮਾਨਸ ਵਿਚ ਪ੍ਰਵੇਸ਼ ਕਰ ਚੁੱਕੀ ਸੀ। ਉਹ ਸਮਕਾਲੀ ਜੀਵਨ ਦੀਆਂ ਸਮੱਸਿਆਵਾਂ ਵੱਲ ਰੁਚਿਤ ਹੁੰਦਾ ਹੈ। ਉਸ ਦਾ ਗਲਪ ਯਥਾਰਥ ਦੀ ਧਰਾਤਲ ’ਤੇ ਉੱਸਰਿਆ। ਪਹਿਲੇ ਵਿਸ਼ਵ ਯੁੱਧ ਦੇ ਸਮਾਪਤ ਹੋਣ ਤੇ ਦੂਸਰੇ ਵਿਸ਼ਵ ਯੁੱਧ ਦੇ ਆਰੰਭ ਹੋਣ ਤਕ (1914 ਤੋਂ 1939) ਦਾ ਪੰਝੀ ਸਾਲਾਂ ਦਾ ਸਮਾਂ ਅਜਿਹਾ ਸੀ ਜਿਸ ਵਿਚ ਅੰਤਰ-ਰਾਸ਼ਟਰੀ ਤੇ ਰਾਸ਼ਟਰੀ ਪੱਧਰ 'ਤੇ ਵੱਡੇ ਰਾਜਸੀ-ਸਮਾਜਿਕ-ਸਭਿਆਚਾਰਕ ਪਰਿਵਰਤਨ ਹੋਏ ਅਤੇ ਨਾਨਕ ਸਿੰਘ ਮੁੱਢਲੇ ਨਾਵਲਕਾਰ ਦੇ ਰੂਪ ਵਿਚ ਸਾਹਮਣੇ ਆਇਆ। ਇਸ ਕਾਲ ਵਿਚ ਕੌਮੀ ਲਹਿਰ, ਅਕਾਲੀ ਲਹਿਰ, ਕਿਰਤੀ ਕਿਸਾਨ ਲਹਿਰ ਦਾ ਪ੍ਰਭਾਵ ਪੰਜਾਬ ਦੇ ਸਮਾਜਿਕ ਜੀਵਨ ਉਤੇ ਪਿਆ। ਸਮੁੱਚੇ ਰੂਪ ਵਿਚ ਦੇਸ਼ ਦਾ ਭਾਵਾਤਮਕ ਵਾਤਾਵਰਣ ਰਾਸ਼ਟਰਵਾਦ-ਆਦਰਸ਼ਵਾਦ-ਸੁਧਾਰਵਾਦ ਤੋਂ ਪ੍ਰੇਰਿਤ ਸੀ । ਇਸੇ ਲਈ ਨਾਨਕ ਸਿੰਘ ਦੇ ਨਾਵਲਾਂ ਵਿਚ ਮੱਧਕਾਲੀਨ, ਰੋਮਾਂਚਿਕ ਵਿਸ਼ਵਾਸਾਂ ਦਾ ਪ੍ਰਭਾਵ ਹੈ ਜਿਵੇਂ 'ਅੰਤ ਬੁਰੇ ਦਾ ਬੁਰਾ' ਜਾਂ 'ਅੱਤ ਭਲੇ ਦਾ ਭਲਾ' ਆਦਿ। ਇਸੇ ਭਾਵਨਾ ਦੇ ਅੰਤਰਗਤ ਹੀ ਉਸ ਅਵਿਦਿਆ, ਛੂਤ-ਛਾਤ, ਨਸ਼ਿਆਂ ਦਾ ਸੇਵਨ, ਅਨਜੋੜ ਵਿਆਹ, ਧਰਮ ਸਥਾਨਾਂ ਵਿਚ ਵਿਭਚਾਰ, ਦੰਭ, ਮੁਕੱਦਮੇਬਾਜ਼ੀ, ਯਤੀਮ ਅਨਾਥ ਵਿਧਵਾ ਉਤੇ ਜ਼ੁਲਮ, ਧਾਰਮਿਕ ਸਮਾਜਿਕ ਠੇਕੇਦਾਰਾਂ ਦੀਆਂ ਕੁਰੀਤੀਆਂ ਆਦਿ ਸਮਾਜਿਕ ਬੁਰਿਆਈਆਂ ਜਿਹੇ ਵਿਸ਼ੇ ਲਏ ਹਨ। ਉਸ ਦੇ ਰਚਨਾ-ਸੰਸਾਰ ਦਾ ਸਿਰਜਨ ਵਧੇਰੇ ਆਦਰਸ਼ਬੋਧ ਦੀ ਸਹਾਇਤਾ ਨਾਲ ਹੁੰਦਾ ਹੈ। ਉਸ ਆਪਣੇ ਸਮੇਂ ਨੂੰ ਚਿੱਤਰ ਕੇ ਇਹ ਸੋਝੀ ਕਰਵਾਈ ਹੈ ਕਿ ਇਹ ਸਥਿਤੀ ਬਦਲਣਯੋਗ ਹੈ। ਉਸ ਵਿਚ ਪਾਠਕ-ਮਨ ਵਿਚ ਭਾਵ ਉਪਜਾਣ ਦੀ ਸ਼ਕਤੀ ਹੈ।

ਪੰਜਾਬ ਵਿਚ ਪਹਿਲਾ ਅਕਾਲੀ ਅੰਦੋਲਨ ਪੂਰਨ ਸ਼ਾਂਤਮਈ ਢੰਗ ਨਾਲ ਚਲਿਆ ਸੀ ਇਸ ਦੀ ਅਗਵਾਈ ਗਰੀਬ ਜਨਤਾ ਦੇ ਹੱਥ ਵਿਚ ਸੀ। ਸਾਡੀ ਕੌਮੀ ਲਹਿਰ ਦੀ ਅਗਵਾਈ ਮੁੱਖ ਰੂਪ ਵਿਚ ਕੌਮੀ ਸਰਮਾਏਦਾਰੀ ਦੇ ਹੱਥ ਸੀ ਜਿਸ ਦਾ ਮੁੱਖ ਨਿਰਦੇਸ਼ਕ ਮਹਾਤਮਾ ਗਾਂਧੀ ਹਿਰਦਾ-ਪਰਿਵਰਤਨ ਜਾਂ ਵਿਅਕਤੀ-ਪਰਿਵਰਤਨ ਦੇ ਸਿਧਾਂਤ ਦਾ ਉਪਾਸ਼ਕ ਸੀ ਜਿਸ ਰਾਹੀਂ ਸ਼ਾਂਤਮਈ ਸਤਿਆਗ੍ਰਹਿ ਨੂੰ ਅਪਣਾ ਕੇ ਵਿਦੇਸ਼ੀ ਹਾਕਮਾਂ ਦਾ ਹਿਰਦਾ-ਪਰਿਵਰਤਨ ਅਤੇ

ਉਨ੍ਹਾਂ ਪਾਸੋਂ ਸਵਰਾਜ ਦੀ ਪ੍ਰਾਪਤੀ ਸੰਭਵ ਸੀ। ਇਸੇ ਵਿਚਾਰ ਅਨੁਸਾਰ ਹੀ ਮਜ਼ਦੂਰ-ਮਹਾਜਨ ਦੇ ਝਗੜੇ ਨੂੰ ਵੀ ਹਿਰਦਾ-ਪਰਿਵਰਤਨ ਰਾਹੀਂ ਸ਼ਾਂਤੀ ਪੂਰਵਕ ਹੱਲ ਕਰਨ ਦਾ ਦਾਅਵਾ ਤੇ ਵਾਅਦਾ ਕੀਤਾ ਗਿਆ ਸੀ। ਇਸ ਅਹਿੰਸਾਵਾਦੀ ਪਰਿਵਰਤਨ ਦਾ ਪ੍ਰਭਾਵ ਸਾਨੂੰ ਨਾਨਕ ਸਿੰਘ ਦੇ ਨਾਵਲਾਂ ਵਿਚ ਮਿਲਦਾ ਹੈ ਜਿਸ ਦੀ ਸਰਬੋਤਮ ਉਦਾਹਰਣ 'ਚਿੱਟਾ ਲਹੂ' ਨਾਵਲ ਹੈ। ਨਾਵਲ ਦੀ ਨਾਇਕਾ ਸੁੰਦਰੀ ਹਿੰਸਾਤਮਕ ਢੰਗ ਨਾਲ ਖਲਨਾਇਕ ਪਾਲ ਸਿੰਘ ਨੂੰ ਕਤਲ ਕਰਦੀ ਹੈ ਪਰ ਅਧੂਰੇ ਕਾਂਡ ਦੇ ਬਾਕੀ ਹਿੱਸੇ ਵਿਚ ਪਤਾ ਲਗਦਾ ਹੈ ਕਿ ਅਧੂਰੇ ਕਾਂਡ ਦਾ ਗੁਪਤੇਸ਼ਵਰ ਦੇ ਰੂਪ ਵਿਚ ਸੁੰਦਰੀ ਲੁਕੀ ਹੋਈ ਹੈ ਜੋ ਸਮਾਜ ਨੂੰ ਸ਼ਾਂਤਮਈ ਵਿਧੀ ਦੁਆਰਾ ਬਦਲਣ ਦੀ ਪ੍ਰੇਰਨਾ ਦਿੰਦੀ ਹੈ। ਨਾਨਕ ਸਿੰਘ ਨੇ ਇਸ ਨਾਵਲ ਵਿਚ ਸਮਾਜ ਨੂੰ ਮਾਨਵੀ ਭਾਵਨਾ ਤੋਂ ਕੋਰਾ ਵਿਖਾਇਆ ਹੈ। ਇਸੇ ਲਈ ਇਸ ਨਾਵਲ ਦਾ ਨਾਮ 'ਚਿੱਟਾ ਲਹੂ" ਹੈ।

ਨਾਨਕ ਸਿੰਘ ਬੁਨਿਆਦੀ ਰੂਪ ਵਿਚ ਸਮਾਜ ਸੁਧਾਰਕ ਹੈ ਅਤੇ ਉਸ ਦੇ ਯਥਾਰਥ ਦਾ ਚਿਤਰਣ ਵੀ ਇਸੇ ਉਦੇਸ਼ ਨੂੰ ਮੁੱਖ ਰੱਖ ਕੇ ਹੋਇਆ ਹੈ। ਉਹ ਪੰਜਾਬੀ ਸਮਾਜ ਦੇ ਸੁਧਾਰਕ ਰੂਪ ਵਿਚ ਪ੍ਰਗਟ ਹੋਇਆ। ਉਸ ਨੇ ਆਪਣੀ ਨਾਵਲ-ਕਲਾ ਰਾਹੀਂ ਪੰਜਾਬੀ ਜੀਵਨ ਨੂੰ ਇਕ ਸੇਧ ਦਿੱਤੀ। ਉਹ ਇਕ ਸੱਚੇ, ਸੁੱਚੇ ਬੇਇਨਸਾਫ਼ੀ ਵਿਰੁੱਧ ਖੜੇ ਸਮਾਜ ਦੀ ਉਸਾਰੀ ਦਾ ਇੱਛੁਕ ਸੀ। ਉਹ ਜਿਸ ਸਮੇਂ ਦੀ ਦੇਣ ਹੈ ਉਸ ਸਮੇਂ ਦੀ ਸਮਾਜਿਕ ਸਥਿਤੀ ਤੇ ਅਜੋਕੀ ਸਮਾਜਿਕ ਸਥਿਤੀ ਦਾ ਬਹੁਤ ਅੰਤਰ ਹੈ। ਸਮਾਜ ਨੂੰ ਅਜੋਕੀ ਸਥਿਤੀ ਦੀ ਪ੍ਰਾਪਤੀ ਵੱਲ ਸ਼ਾਂਤਮਈ ਅੰਦੋਲਨ ਨਾਲ ਮੋੜਨਾ ਇਹ ਨਾਨਕ ਸਿੰਘ ਦਾ ਹੀ ਯਤਨ ਤੇ ਸਾਹਿਤਕ ਅੰਦੋਲਨ ਸੀ। ਉਸ ਗਰੀਬ ਘਰਾਣਿਆਂ ਦੇ ਚਿੱਤਰ ਬੜੀ ਵਾਸਤਵਿਕਤਾ ਨਾਲ ਪੇਸ਼ ਕਰਕੇ ਸਮਾਜ ਦੀਆਂ ਜਿਥੇ ਅੱਖਾਂ ਖੋਲ੍ਹੀਆਂ ਹਨ ਉਥੇ ਗਰੀਬ ਨੂੰ ਵੀ ਸੋਝੀ ਕਰਵਾਈ ਹੈ ਕਿ ਜਿਸ ਸਥਿਤੀ ਵਿਚ ਉਹ ਰਹਿ ਰਿਹਾ ਹੈ ਉਹ ਉਸ ਦੇ ਰਹਿਣ ਦੇ ਯੋਗ ਨਹੀਂ। ਉਹ ਉਸ ਨੂੰ ਬਦਲਣ ਲਈ ਕਲਾ ਦੇ ਮਾਧਿਅਮ ਰਾਹੀਂ ਸੁਝਾਅ ਦਿੰਦਾ ਹੈ। ਉਹ ਭਾਈ ਵੀਰ ਸਿੰਘ ਵਾਂਗ ਪੰਜਾਬ, ਪੰਜਾਬੀ ਅਤੇ -- ਪੰਜਾਬੀਅਤ ਦਾ ਪ੍ਰਚਾਰਕ ਹੈ। ਨਾਨਕ ਸਿੰਘ ਨੇ ਪੰਜਾਬੀ ਨਾਵਲ ਦੇ ਖੇਤਰ ਵਿਚ ਇਸ ਨੂੰ ਸਮਾਜਿਕ ਘੇਰੇ ਵਿਚ ਰੱਖ ਕੇ ਜੋ ਪੂਰਨੇ ਪਾਏ ਹਨ ਉਸ ਦੀ ਇਸ ਦੇਣ ਨੂੰ ਅੱਖੋਂ ਪਰੋਖੇ ਨਹੀਂ ਕੀਤਾ-ਜਾ ਸਕਦਾ। ਉਸ ਪੰਜਾਬੀ ਪਾਠਕ ਪੈਦਾ ਕੀਤੇ ਹਨ। ਉਸ ਪੰਜਾਬੀ-ਮਨ ਵਿਚ ਸਾਹਿਤਕ ਰੁਚੀ ਉਪਜਾਈ ਹੈ।

ਨਾਨਕ ਸਿੰਘ ਤੋਂ ਬਾਅਦ ਹੋਂਦ ਵਿਚ ਆਏ ਨਾਵਲ-ਰਚਨਹਾਰੇ ਵਧੇਰੇ ਪੱਛਮੀ ਨਾਵਲ ਦੀ ਵਿਉਂਤ ਤੋਂ ਪ੍ਰੇਰਿਤ ਹਨ। ਇਹ ਰਚਨਹਾਰ ਤੇ ਰਚਨਾਵਾਂ ਹਨ, ਸੰਤ ਸਿੰਘ ਸੇਖੋਂ ਦਾ "ਲਹੂ ਮਿੱਟੀ", ਬਲਵੰਤ ਗਾਰਗੀ ਦਾ ਸਵੈ-ਜੀਵਨੀਪਰਕ ਨਾਵਲੈਟ "ਕੱਕਾ ਰੇਤਾ" ਅਤੇ ਕਰਤਾਰ

ਸਿੰਘ ਦੁੱਗਲ ਦਾ "ਆਂਦਰਾਂ"। ਇਹ ਲੇਖਕ ਪੱਛਮੀ ਸਿਧਾਂਤਾਂ ਤੋਂ ਵਧੇਰੇ ਪ੍ਰਭਵਤ ਸਨ। ਸੰਤ ਸਿੰਘ ਸੇਖੋਂ ਉਤੇ ਸਮਾਜਵਾਦੀ ਯਥਾਰਥਵਾਦ, ਗਾਰਗੀ ਉਤੇ ਯਥਾਰਥਵਾਦ, ਦੁੱਗਲ ਉਤੇ ਪ੍ਰਕਿਰਤੀਵਾਦ ਅਤੇ ਫਰਾਇਡਵਾਦ ਦਾ ਪ੍ਰਭਾਵ ਹੈ। ਇਨ੍ਹਾਂ ਨੇ ਆਪਣੇ ਪੂਰਵ ਨਾਵਲਕਾਰਾਂ ਦੀ ਵਿਉਂਤਬੰਦੀ ਦੀ ਕੋਈ ਪ੍ਰਵਾਹ ਨਹੀਂ ਕੀਤੀ ਤੇ ਨਾ ਹੀ ਕਥਾ-ਰੂੜ੍ਹੀ ਅਤੇ ਲੋਕ-ਮਾਨਸਿਕਤਾ ਨੂੰ ਹੀ ਦ੍ਰਿਸ਼ਟੀ ਵਿਚ ਰੱਖਿਆ ਹੈ। ਕਰਤਾਰ ਸਿੰਘ ਦੁੱਗਲ ਦੇ ਨਾਵਲਾਂ ਵਿਚ ਆਮ ਜਨਤਾ ਦੀਆਂ ਭਾਵਨਾਵਾਂ ਦਾ ਅਭਾਵ ਹੈ। ਉਹਦੇ ਨਾਵਲਾਂ ਵਿਚ ਮੁੰਡੇ-ਕੁੜੀਆਂ ਸਾਧਾਰਨ ਰੂਪ ਵਿਚ ਨਹੀਂ, ਪਿਆਰ ਵਿਚ ਗੜੂੰਦ ਹਨ। ਮੁੰਡੇ ਤੇ ਕੁੜੀਆਂ ਸੁੰਦਰ ਤੇ ਸੁਡੋਲ ਹਨ। ਸੁਖੀ ਜੀਵਨ ਕਾਰਨ ਪੋਠੋਹਾਰੀ ਤੇ ਪੋਠੋਹਾਰਨਾਂ ਨੂੰ ਇਸ਼ਕ ਦੇ ਛੁੱਟ ਹੋਰ ਕੋਈ ਜੀਵਨ ਦਾ ਨਿਸ਼ਾਨਾ ਨਹੀਂ। ਉਸ ਦੇ ਗਲਪ ਵਿਚੋਂ ਸਮਾਜ ਨੂੰ ਕੋਈ ਅਗਵਾਈ ਪ੍ਰਾਪਤ ਨਾ ਹੋ ਸਕੀ। ਉਹ ਕੇਵਲ ਹੁਨਰ ਹੁਨਰ ਲਈ ਦੇ ਸਿਧਾਂਤ 'ਤੇ ਆਪਣੀ ਰਚਨਾ ਸਿਰਜਦਾ ਰਿਹਾ।

ਦੇਸ਼ ਦੀ ਵੰਡ ਨੇ ਪੋਠੋਹਾਰ ਦੇ ਜੀਵਨ ਦੀਆਂ ਨੀਹਾਂ ਹਿਲਾ ਦਿੱਤੀਆਂ। ਦੇਸ਼ ਦੀ ਵੰਡ ਤੇ ਅੱਗ ਦੁੱਗਲ ਆਪਣਾ ਦ੍ਰਿਸ਼ਟੀਕੋਣ ਨਹੀਂ ਲੈ ਜਾ ਸਕਿਆ। ਉਸ ਦੇ ਵਰਣਨ ਵਿਚ ਉਪਭਾਵਕਤਾ ਹੈ। ਸਮਾਜ ਸਾਹਿਤਕਾਰ ਪਾਸੋਂ ਜੀਵਨ ਅਗਵਾਈ ਅਤੇ ਉੱਜਲ ਭਵਿੱਖ ਅਤੇ ਸਭਿਆਚਾਰ ਨੂੰ ਉਸਾਰਨ ਲਈ ਸੋਧ ਢੂੰਡਦਾ ਹੈ। ਉਹ ਜੀਵਨ ਵਿਚ ਆ ਰਹੀ ਨਿਰਾਰਥਕਤਾ ਤੇ ਸਵੈ ਦੀ ਭਾਲ ਦੇ ਲਕਸ਼ ਦੇ ਨਾਲ ਸੁਹਜ ਸੁਆਦ ਦੀ ਮੰਗ ਕਰਦਾ ਹੈ। ਦੁੱਗਲ ਆਪਣੇ ਪਾਠਕਾਂ ਦੀਆਂ ਭਾਵੁਕ ਤੇ ਕਾਮੁਕ ਰੁੱਖਾਂ ਨੂੰ ਤ੍ਰਿਪਤ ਕਰਨ ਵਿਚ ਸਫ਼ਲ ਹੈ। ਉਸ ਦੀ ਕਲਪਨਾ ਦੀਆਂ ਨੀਹਾਂ ਨਿਗੁਣੀ ਮੱਧ ਸ਼੍ਰੇਣੀ ਦੇ ਵਿਰਸੇ ਵਿਚ ਹਨ। ਇਸੇ ਕਰਕੇ ਇਨ੍ਹਾਂ ਤਿੰਨਾਂ ਨਾਵਲਕਾਰਾਂ ਨੂੰ ਭਾਈ ਵੀਰ ਸਿੰਘ ਅਤੇ ਨਾਨਕ ਸਿੰਘ ਦੇ ਪਾਠਕਾਂ ਵਾਲਾ ਵੱਡਾ ਘੇਰਾ ਪ੍ਰਾਪਤ ਨਹੀਂ ਹੋਇਆ।

ਨਾਵਲਕਾਰ ਦਾ ਦ੍ਰਿਸ਼ਟੀਕੋਣ ਮਨੋਵਿਗਿਆਨਕ ਸਮਾਜਿਕ ਕਦਰਾਂ-ਕੀਮਤਾਂ ਪ੍ਰਤੀ ਸੁਚੇਤ ਤੇ ਵਿਸ਼ਵ ਦ੍ਰਿਸ਼ਟੀਕੋਣ ਦਾ ਭਾਗੀ ਹੋਣਾ ਉਚਿਤ ਹੈ। ਇਨ੍ਹਾਂ ਤਿੰਨਾਂ ਦ੍ਰਿਸ਼ਟੀਕੋਣਾਂ ਵਿਚ ਜੇ ਇਕ ਦ੍ਰਿਸ਼ਟੀ ਦੀ ਘਾਟ ਵੀ ਉਸ ਦੀ ਸਿਰਜਨਾ ਵਿਚ ਰਹਿ ਜਾਵੇ ਤਾਂ ਉਸ ਦੀ ਸਿਰਜਨਾ ਹਰਮਨ ਪਿਆਰੀ ਨਹੀਂ ਹੋ ਸਕੇਗੀ।

ਅੰਮ੍ਰਿਤਾ ਪ੍ਰੀਤਮ ਦਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਉਸ ਦੇ ਗਲਪ ਵਿਚ ਵਧੇਰੇ ਥਿੜਕਿਆ ਹੈ। ਮਨੋਵਿਗਿਆਨ ਪੱਖ ਤੋਂ ਉਸ ਦੀ ਸਾਰੀ ਰਚਨਾ ਇਸਤਰੀ ਦੇ ਦ੍ਰਿਸ਼ਟੀਕੋਣ ਤੋਂ ਇਸ਼ਕ ਦੀ ਵਿਆਖਿਆ ਹੈ ਤੇ ਇਸ ਵਿਆਖਿਆ ਵਿਚ ਇਸਤਰੀ ਨਿਰੰਤਰ ਭਟਕਣ ਦਾ ਸ਼ਿਕਾਰ ਹੈ। ਉਹ ਆਪਣੇ ਜੀਵਨ ਅਨੁਸਾਰ ਆਪਣੀਆਂ ਰਚਨਾਵਾਂ ਨੂੰ ਵਿਉਂਤਦੀ ਹੈ। ਉਸ ਦੀ ਭਾਵੁਕਤਾ ਤੇ ਰੋਮਾਂਸ ਦੀਆਂ ਜੜ੍ਹਾਂ ਮੱਧ ਸ਼੍ਰੇਣੀ ਦੇ ਜੀਵਨ ਵਿਚ ਹਨ। ਭਾਵੇਂ ਉਸ ਦੀਆਂ

ਰਚਨਾਵਾਂ ਮੱਧ ਸ੍ਰੇਣੀ, ਜੀਵਨ ਦੀਆਂ ਤੰਦਾਂ, ਬੰਧਨਾਂ ਨੂੰ ਹੀ ਤੋੜਨ ਦੀ ਪ੍ਰਕਿਰਿਆ ਨੂੰ ਪੇਸ਼ ਕਰਦੀਆਂ ਹਨ ਪਰ ਉਸ ਦੇ ਨਾਵਲਾਂ ਦੀਆਂ ਬਹੁਤੀਆਂ ਕਹਾਣੀਆਂ ਜੀਵਨ ਪ੍ਰਤੀ ਵਿਅਕਤੀਗਤ ਤੇ ਖਿੜਕੇ ਹੋਏ ਜੀਵਨ ਨੂੰ ਪੇਸ਼ ਕਰਦੀਆਂ ਹਨ।

ਸ. ਗੁਰਬਖਸ਼ ਸਿੰਘ ਨੇ ਨਾਨਕ ਸਿੰਘ ਵਾਂਗ ਹੀ ਸੁਧਾਰਵਾਦੀ ਪ੍ਰੀਤ ਫਲਸਫ਼ੇ ਦੇ ਜਜ਼ਬੇ ਅਧੀਨ ਭਾਵਨਾ ਮੂਲਕ ਪਾਤਰ ਸੰਕਲਪ ਅਤੇ ਹਿਰਦਾ-ਪਰਿਵਰਤਨ ਦਾ ਸਹਾਰਾ ਲੈ ਕੇ ਸਥਿਤੀ ਬੋਧ ਨਾਲੋਂ ਵਧੇਰੇ ਆਦਰਸ਼-ਬੋਧ ਨੂੰ ਅਪਨਾਇਆ ਅਤੇ 'ਅਣਵਿਆਹੀ ਮਾਂ' ਦੀ ਕਹਾਣੀ ਨੂੰ ਅਦਭੁਤ ਰੋਚਿਕਤਾ ਨਾਲ ਪੇਸ਼ ਕਰਕੇ ਉਸ ਸਮੇਂ ਦੇ ਪਾਠਕਾਂ ਵਿਚ ਉਪਲਬਧ ਲੋਕ-ਮਾਨਸਿਕਤਾ ਨੂੰ ਮੁੱਖ ਰੱਖਿਆ। "ਰੁੱਖਾਂ ਦੀ ਜੀਰਾਂਦ' ਵਿਚ ਵੀ ਰੋਮਾਂਚਿਕ ਆਦਰਸ਼ਵਾਦ ਤੇ ਯਥਾਰਥ ਦਾ ਸੁਮੇਲ ਕੀਤਾ ਹੈ ਜੋ ਸਫ਼ਲ ਨਹੀਂ ਹੋਇਆ।

ਇਤਿਹਾਸਕ ਖੇਤਰ ਵਿਚ ਨਰਿੰਦਰਪਾਲ ਸਿੰਘ ਦਾ ਨਾਮ ਵਿਸ਼ੇਸ਼ ਧਿਆਨ ਦਾ ਪਾਤਰ ਹੈ। ਉਸ ਨੇ ਚਾਰ ਨਾਵਲ ਸਿੱਖ ਇਤਿਹਾਸ ਬਾਰੇ "ਖੰਨਿਓ ਤਿੱਖੀ ਵਾਲਹੁ ਨਿੱਕੀ", "ਏਤਿ ਮਾਰਗ ਜਾਣਾ" ਅਤੇ "ਇਕ ਸਰਕਾਰ ਬਾਝੋਂ" ਲਿਖੇ ਹਨ। ਸਿੱਖ ਇਤਿਹਾਸ ਨੂੰ ਉਸ ਨੇ ਬੜੇ ਸੋਹਣੇ ਤਰੀਕੇ ਨਾਲ ਚਿਤਰਿਆ ਹੈ। ਉਹ ਰਾਜਪੂਤੀ ਪਿਛੋਕੜ ਵਾਲੇ ਨਾਵਲ ਵੀ ਲਿਖ ਚੁੱਕਾ ਹੈ। ਉਸ ਨੇ ਆਪਣੇ ਦੋ ਨਾਵਲਾਂ "ਏਤਿ ਮਾਰਗ ਜਾਣਾ" ਅਤੇ "ਇਕ ਸਰਕਾਰ ਬਾਝੋਂ" ਵਿਚ ਆਪਣੀ ਕਲਾ ਨੂੰ ਵਿਕਸਿਤ ਕੀਤਾ ਹੈ। ਉਸ ਦੇ ਆਧੁਨਿਕ ਨਾਵਲ "ਟ "ਬਾ-ਮੁਲਾਹਿਜਾ ਹੁਸ਼ਿਆਰ" ਆਦਿ ਜੀਵਨ ਦੀ ਅਗਾਂਹ ਵਧੂ ਦ੍ਰਿਸ਼ਟੀ ਪੇਸ਼ ਕਰਦੇ ਹਨ।

ਪਾਤਰਾਂ ਦੀ ਮਨੋਸਥਿਤੀ ਦੇ ਚਿਤਰਣ ਦੀ ਲਹਿਰ ਨੂੰ ਫਰਾਇਡ ਦੇ ਮਨ ਵਿਸ਼ਲੇਸਣ ਅਤੇ ਸਪਨਿਆਂ ਦੀ ਵਿਆਖਿਆ ਦੇ ਸਿਧਾਂਤ ਨੇ ਪ੍ਰਭਾਵਤ ਕੀਤਾ ਹੈ। ਇਉਂ ਨਾਵਲ ਦੀ ਤਕਨੀਕ ਵਿਚ ਵੱਡੀ ਤਬਦੀਲੀ ਲਿਆਂਦੇ ਬਿਨਾਂ ਪੰਜਾਬੀ ਨਾਵਲਕਾਰ ਮਨ ਦੀਆਂ ਗਹਿਰਾਈਆਂ ਤਕ ਅਪੜਣ ਤਕ ਪੰਜਣ ਦੀ ਕੋਸ਼ਿਸ਼ ਕਰਨ ਲੱਗੇ। ਸ. ਸ. ਨਰੂਲਾ ਨੇ ਆਪਣੇ ਨਾਵਲ "ਪਿਉ ਪੁੱਤਰ" ਵਿਚ ਮੁੱਖ ਪਾਤਰ ਹੀਰੇ ਦੀ ਮਾਨਸਿਕ ਅਵਸਥਾ ਬਾਰੇ ਪਾਠਕ ਨੂੰ ਪਰਿਚਿਤ ਕਰਵਾਇਆ ਹੈ।

ਗਿਆਨੀ ਕੇਸਰ ਸਿੰਘ ਨੇ ਗਦਰ ਦੇ ਮਹਾਨ ਨਾਇਕਾਂ ਦੀ ਦੇਸ਼ ਪ੍ਰਤੀ ਕੀਤੀ ਕੁਰਬਾਨੀ ਨੂੰ ਬੜੇ ਸੁਯੋਗ ਢੰਗ ਨਾਲ ਚਿੱਤਰ ਕੇ ਪੰਜਾਬ ਦੇ ਮਹਾਨ ਕ੍ਰਾਂਤੀਕਾਰਾਂ ਨੂੰ ਜਨਤਾ ਸਾਹਮਣੇ ਲਿਆ ਕੇ ਉਨ੍ਹਾਂ ਦੀ ਕੁਰਬਾਨੀ ਨੂੰ ਨਿਖਾਰਿਆ। ਉਨ੍ਹਾਂ ਸਤੰਤਰਤਾ ਨੂੰ ਪ੍ਰਾਪਤ ਕਰਨ ਲਈ ਆਪਣਾ ਸਭ ਕੁਝ ਵਾਰ ਦਿੱਤਾ। ਆਜ਼ਾਦੀ ਦੇ ਇਨ੍ਹਾਂ ਪਰਵਾਨਿਆਂ ਨੇ ਆਪਣੀ ਕੁਰਬਾਨੀ ਨਾਲ ਦੇਸ਼ ਦੀ ਆਜ਼ਾਦੀ ਨੂੰ ਹੋਰ ਨੇੜੇ ਲਿਆਂਦਾ।

ਲੋਕ-ਮਾਨਸਿਕਤਾ ਅਤੇ ਯੁੱਗ ਬੋਧ ਨੂੰ ਮੁੱਖ ਰੱਖ ਕੇ ਜਿਥੋਂ ਤਕ ਤੁਰਨ ਦਾ ਸੰਬੰਧ ਹੈ, ਨਾਨਕ ਸਿੰਘ ਤੋਂ ਬਾਅਦ ਜਸਵੰਤ ਸਿੰਘ ਕੰਵਲ ਦਾ ਨਾਮ ਆਉਂਦਾ ਹੈ। "ਸੱਚ ਨੂੰ ਫਾਂਸੀ" ਦੀ ਆਦਰਸ਼ ਪ੍ਰੇਰਨਾ ਤੋਂ ਆਰੰਭ ਹੋ ਕੇ ਉਹ "ਰਾਤੀ ਬਾਕੀ ਹੈ" ਵਿਚਲੇ ਮਾਰਕਸਵਾਦੀ ਵਿਚਾਰਧਾਰਾ ਤਕ ਦਾ ਸਫ਼ਰ ਸ਼ੀਘਰ ਹੀ ਤਹਿ ਕਰ ਗਿਆ। ਉਹ ਆਦਰਸ਼ਵਾਦੀ ਵਿਅਕਤੀ ਪਰਿਵਰਤਨ ਵਿਚ ਨਾਨਕ ਸਿੰਘ ਵਾਂਗ ਰੁਚਿਤ ਹੈ। ਉਹ ਆਪਣੇ ਕਥਾਨਕ ਵਿਚ ਪੇਂਡੂ ਜੀਵਨ ਦੀਆਂ ਵਾਸਤਵਿਕ ਸਮੱਸਿਆਵਾਂ ਨੂੰ ਲੈ ਕੇ ਤੁਰਦਾ ਹੈ। ਉਹ ਉਦੇਸ਼ ਪੂਰਤੀ ਲਈ ਆਦੇਸ਼ਾਤਮਕ ਵਿਵੇਕ ਤੋਂ ਕੰਮ ਲੈਂਦਾ ਹੋਇਆ ਕਥਾਨਕ ਨੂੰ ਪ੍ਰਤੀਮਾਨ ਵਿਧੀ ਅਨੁਸਾਰ ਢਾਲਦਾ ਹੈ ਅਤੇ ਆਪਣੇ ਪਾਤਰਾਂ ਦੇ ਕਾਰਜ ਨੂੰ ਉਨ੍ਹਾਂ ਦੀ ਨਿਜੀ ਚੋਣ ਦੇ ਵਿਕਾਰ ਨਾਲ ਇਸ ਤਰ੍ਹਾਂ ਜੋੜਦਾ ਹੈ ਕਿ ਸਥਿਤੀ ਦੇ ਸੰਕਟ ਵਿਚੋਂ ਵਿਅਕਤੀ ਦਾ ਸੰਕਟ ਉਭਰਨ ਦੀ ਥਾਂ ਵਿਅਕਤੀ ਦੇ ਸੰਕਟ ਵਿਚੋਂ ਸਥਿਤੀ ਦਾ ਸੰਕਟ ਉਭਰਦਾ ਪ੍ਰਤੀਤ ਹੁੰਦਾ ਹੈ।

"ਰਾਤ ਬਾਕੀ ਹੈ" ਅਤੇ "ਲਹੂ ਦੀ ਲੋਅ" ਵਿਚ ਮਾਰਕਸਵਾਦ ਦਾ ਸਤਈ ਰੂਪ *ਵਧੇਰੇ ਹੈ। ਇਨ੍ਹਾਂ ਵਿਚ ਭੂਮੀਗਤ ਜੀਵਨ ਦਾ ਰੁਮਾਂਸਵਾਦ ਵਧੇਰੇ ਹੈ ਪਰ ਕੰਵਲ ਨੇ ਨਾਨਕ ਸਿੰਘ ਵਾਂਗ ਕਿਰਸਾਨੀ ਜੀਵਨ ਦੇ ਯਥਾਰਥ ਨੂੰ ਚਿੱਤਰ ਕੇ ਨਿਮਨ ਕਿਰਸਾਨੀ ਜੀਵਨ ਦੇ ਦੁਖਾਂ ਦੀ ਦਾਸਤਾਂ ਨੂੰ ਪੇਸ਼ ਕੀਤਾ ਹੈ। ਜਾਗੀਰਦਾਰ ਨਿਮਨ ਪੱਧਰ ਨੂੰ ਨਿਗਲਦੇ ਹਨ ਤੇ ਉਨ੍ਹਾਂ ਦੇ ਜੀਵਨ ਨੂੰ ਨਰਕ ਬਣਾ ਦੇਂਦੇ ਹਨ। ਮਰਦ ਔਰਤ 'ਤੇ ਜ਼ੁਲਮ ਕਰਦਾ ਹੈ। ਉਹ ਸਾਰੀ ਉਮਰ ਉਸ ਤੋਂ ਵਧ ਹੱਡ ਭੰਨ ਕੇ ਕੰਮ ਕਰਦੀ ਹੈ, ਉਸ ਦੇ ਨਸ਼ੇ ਪਾਣੀ ਪੂਰੇ ਕਰਦੀ ਹੈ ਫਿਰ ਉਸ ਅੱਗੇ ਬੋਲ ਨਹੀਂ ਸਕਦੀ। ਕਰਜ਼ਾ ਪੇਂਡੂ ਜੀਵਨ ਨੂੰ ਘੁਣ ਵਾਂਗ ਖਾਂਦਾ ਹੈ। ਉਹ ਸਾਰੀ ਉਮਰ ਕਰਜ਼ੇ ਵਿਚ ਹੀ ਗ੍ਰਸੇ ਰਹਿੰਦੇ ਹਨ। ਪੁਲਿਸ ਵੀ ਉਨ੍ਹਾਂ 'ਤੇ ਜ਼ੁਲਮ ਕਰਦੀ ਹੈ। ਉਹ ਸਾਰੀ ਉਮਰ ਝੂਠੇ ਕੇਸਾਂ ਵਿਚ ਹੀ ਪਿਸਦੇ ਰਹਿੰਦੇ ਹਨ। ਇਸ ਨਾਲ ਤ੍ਰਾਸਦਿਕ ਭਾਵਨਾ ਉਸਰਦੀ ਹੈ ਜੋ ਪਾਠਕ ਮਨ ਨੂੰ ਆਪਣੇ ਵਹਾ ਨਾਲ ਵਹਾ ਕੇ ਲੈ ਜਾਂਦੀ ਹੈ। ਉਹ ਸੋਚਦਾ ਹੈ ਕਿ ਇਹੋ ਹੀ ਜੀਵਨ ਹੈ ਅਤੇ ਇਹੋ ਹੀ ਇਸ ਦਾ ਲਕਸ਼ । ਕੀ ਵਿਅਕਤੀ ਦੁਖ ਭੋਗ ਕੇ ਹੀ ਸੰਸਾਰ ਯਾਤਰਾ ਪੂਰੀ ਕਰ ਜਾਂਦਾ ਹੈ। ਜੇ ਅਜਿਹੀ ਦਸ਼ਾ ਹੀ ਹੈ ਤਾਂ ਇਸ ਨੂੰ ਬਦਲਣਾ ਪਵੇਗਾ। ਹਰ ਇਨਸਾਨ ਨੂੰ ਜਿਉਣ ਤੇ ਥੀਨ ਦਾ ਹੱਕ ਹੈ । ਹੱਕ ਖੋਹਣ ਵਾਲਿਆਂ ਨੂੰ ਹੱਕ ਖੋਹਣ ਤੋਂ ਵਰਜਣਾ ਪਵੇਗਾ।

ਉਸ ਨੇ ਪਿੰਡ ਦੇ ਰਸਮ-ਰਿਵਾਜ, ਧਰਮ, ਵਿਆਹ, ਤਿਉਹਾਰ, ਮੇਲੇ, ਅੰਧ-ਵਿਸ਼ਵਾਸ, ਲੋਕ ਗੀਤ ਅਤੇ ਪੇਂਡੂ ਲੋਕਾਂ ਦੇ ਖੁੱਲ੍ਹੇ ਡੁੱਲ੍ਹੇ ਸੁਭਾਅ ਦਾ ਪ੍ਰਗਟਾਵਾ ਕੀਤਾ ਹੈ। ਉਸ ਨੇ ਆਪਣੇ

ਨਾਵਲਾਂ ਵਿਚ ਨਿਮਨ ਪੱਧਰ ਸ਼੍ਰੇਣੀ ਦੀ ਮਨੋ ਪੀੜਾ ਨੂੰ ਦਰਸਾ ਕੇ ਲੋਕ-ਮਾਨਸ ਦੀ ਆਤਮਾ ਨੂੰ ਹਲੂਣਿਆ ਹੈ ਕਿ ਸਮਾਜ ਦਾ ਮੁੱਖ ਅੰਗ ਨਰਕ ਭੋਗ ਰਿਹਾ ਹੈ। ਉਥੇ ਨਾਲ ਹੀ ਉਸ ਨਿਮਨ ਪੱਧਰ ਦੀ ਆਤਮਾ ਨੂੰ ਵੀ ਜਗਾਇਆ ਹੈ। ਉਹ ਇਹ ਮਾਲੀ ਦਸ਼ਾ ਬਦਲਣ ਦੇ ਸਮਰੱਥ ਹਨ। ਕੰਵਲ ਨੇ ਇਸ ਤਰ੍ਹਾਂ ਪੇਂਡੂ ਭਾਈਚਾਰੇ ਨੂੰ ਉਨ੍ਹਾਂ ਦਾ ਗੁਆਚਾ ਮਾਰਗ ਲੱਭ ਕੇ ਦਿੱਤਾ ਹੈ। ਉਨ੍ਹਾਂ ਨੂੰ ਆਪੇ ਦੀ ਸੋਝੀ ਕਰਵਾਈ ਹੈ।

ਨਾਨਕ ਸਿੰਘ ਦੇ ਕਹਾਣੀ ਪ੍ਰਧਾਨ ਕਹਾਣੀ-ਪ੍ਰਥਾ ਦੇ ਪ੍ਰਭਾਵ ਦੇ ਘੇਰੇ ਵਿਚ ਕੰਵਲ ਤੋਂ ਬਾਅਦ ਗੁਰਦਿਆਲ ਸਿੰਘ ਦਾ ਨਾਮ ਆਉਂਦਾ ਹੈ। ਉਸ ਦੇ ਬਹੁ-ਚਰਚਿਤ ਨਾਵਲਾਂ "ਮੜ੍ਹੀ ਦਾ ਦੀਵਾ" ਅਤੇ "ਅਣਹੋਏ" ਦੇ ਕਥਾਨਕਾਂ ਦਾ ਪ੍ਰਵਾਹ ਬਾਹਰਮੁਖੀ ਨਹੀਂ, ਸਗੋਂ ਪਾਤਰਾਂ ਦੀ ਮਨੋਸਥਿਤੀ, ਵਿਸ਼ੇਸ਼ ਸਮਾਜਿਕ ਰਿਸ਼ਤਿਆਂ ਦੇ ਸਭਿਆਚਾਰਕ ਸੰਦਰਭ ਵਿਚ ਉਨ੍ਹਾਂ ਦੇ ਆਪਸੀ ਜਟਿਲ ਸੰਬੰਧਾਂ ਦੀ ਗੁੱਥੀ ਦਾ ਉਲਝਣਾ ਅਤੇ ਨਿਸਚਿਤ ਪਦਾਰਥਕ ਹਾਲਤਾਂ ਦੇ ਪ੍ਰਸੰਗ ਵਿਚ ਉਨ੍ਹਾਂ ਦੀ ਹੋਣੀ ਦਾ ਘਟਨਾ ਚੱਕਰ ਹੈ। ਜਗਸੀਰ ਅਤੇ ਬਿਸ਼ਨੇ ਦੇ ਰੂਪ ਵਿਚ ਅਜਿਹੇ ਪਾਤਰਾਂ ਦੀ ਸਿਰਜਣਾ ਹੁੰਦੀ ਹੈ ਜਿਹੜੇ ਵਿਅਕਤੀ ਦੀ ਹੋਣੀ ਜਾਂ ਉਸ ਦੇ ਵਿਚਰਨ ਤੇ ਜੂਝਣ, ਪੁੰਨ-ਪਾਪ, ਧਰਮ-ਕਰਮ, ਮਿਹਰ-ਕ੍ਰੋਪੀ, ਪ੍ਰੇਮ-ਰੋਸੇ, ਜੀਨ ਤੇ ਥੀਨ ਆਦਿ ਬੁਨਿਆਦੀ ਪ੍ਰਸ਼ਨ ਉਸ ਸਾਹਮਣੇ ਲਿਆ ਖੜ੍ਹੇ ਕੀਤੇ ਹਨ।

ਕੁਝ ਆਲੋਚਕ ਗੁਰਦਿਆਲ ਸਿੰਘ ਤੇ ਦਲੀਪ ਕੌਰ ਟਿਵਾਣਾ ਨੂੰ ਖੜੋਤ, ਡਰਪੋਕ ਤੇ ਤ੍ਰਾਸਦਿਕ ਪਾਤਰਾਂ ਦੇ ਉਦਾਸੀਨਤਾ ਤੇ ਭਾਜਵਾਦ ਦੇ ਚਿਤੇਰੇ ਕਹਿੰਦੇ ਹਨ। ਗੁਰਦਿਆਲ ਸਿੰਘ ਦੀ ਇਹ ਅਪ੍ਰਤੀਬੱਧਤਾ ਉਸ ਦੇ ਨਾਵਲਾਂ ਵਿਚ ਨਾਇਕ ਨਾ ਹੋਣ ਦਾ ਕਾਰਨ ਬਣਦੀ ਹੈ। ਨਾਇਕ ਤਾਂ ਪ੍ਰਤੀਨਿਧ ਹੋ ਕੇ ਹੀ ਸਿਰਜਿਆ ਜਾ ਸਕਦਾ ਹੈ - ਮਨੁੱਖ ਦੀ ਪ੍ਰਾਪਤ ਯਥਾਰਥ ਨਾਲ ਜਦੋਂ ਟੱਕਰ ਹੁੰਦੀ ਹੈ ਤਾਂ ਮਨੁੱਖ ਆਪਣੇ ਆਲੇ-ਦੁਆਲੇ ਅਨੁਸਾਰ ਨਹੀ ਢਲਦਾ ਸਗੋਂ ਆਪਣੇ ਆਲੇ ਦੁਆਲੇ ਨੂੰ ਆਪਣੇ ਅਨੁਸਾਰ ਢਾਲਦਾ ਹੈ। '

ਗੁਰਦਿਆਲ ਸਿੰਘ ਅਤੇ ਦਲੀਪ ਕੌਰ ਟਿਵਾਣਾ, ਪੰਜਾਬ ਦੇ ਇਕ ਖਿੱਤੇ, ਮਾਲਵੇ ਦੇ ਵਿਆਪਕ ਜੀਵਨ ਭਾਤੀ ਦੇ ਕੁਝ ਅਣਗੋਲੇ ਵਿਅਕਤੀਆਂ ਦੀ ਹੋਣੀ ਦੇ ਪਸੰਗ ਵਿਚ ਉਨ੍ਹਾਂ ਦੇ ਹਾਵ ਭਾਵ ਹੀ ਨਹੀਂ, ਸਗੋਂ ਇਸ ਜੀਵਨ ਝਾਤੀ ਦੇ ਵਾਯੂ ਤੇ ਹੇਠਾਂ ਇਸ ਦੇ ਪਾਤਾਲ ਤਕ ਨੂੰ ਵੀ ਬੜੀ ਨੀਝ ਨਾਲ ਚਿਤਰਦੇ ਹਨ। ਸਮਾਜਿਕ ਜੀਵਨ ਵਿਚ ਏਨਾ ਦੁਖ, ਦਲਿੱਦਰ ਆਤਮਾ ਨੂੰ ਕੁਚਲਣ ਵਾਲੀਆਂ ਦੁਖਦਾਈ ਘਟਨਾਵਾਂ ਵਾਪਰ ਕੇ ਮਨੁੱਖੀ ਜੀਵਨ ਨੂੰ ਨਰਕ ਸਮਾਨ ਬਣਾ ਦੇਣਾ, ਤੇ ਜੀਵਨ ਗਤੀ ਨਿਘਾਰਤਾ ਵੱਲ ਜਾ ਰਹੀ ਹੋਵੇ, ਉਸ ਨਿਘਾਰਤਾ ਦੇ ਜੀਵਨ ਨੂੰ

ਚਿਤਰਣ ਲੱਗਿਆਂ ਲੇਖਕ ਨੇ ਯਥਾਰਥ ਦਾ ਪੱਲਾ ਨਾ ਛੱਡਿਆ ਹੋਵੇ ਤਾਂ ਜਦੋ ਉਹ ਹਨ੍ਹੇਰੀਆਂ ਡੂੰਘਾਣਾਂ ਦੇ ਚਿਤਰਣ ਦਾ ਚਿਤੇਰਾ ਹੋਵੇ, ਤਾਂ ਉਨ੍ਹਾਂ ਦੇ ਚਿਤਰੇ ਚਿੱਤਰਾ ਵਿਚ ਸਮਾਜ ਦੀ ਸਹੀ ਤਸਵੀਰ ਦ੍ਰਿਸ਼ਟਮਾਨ ਹੋਵੇ ਤਾਂ ਉਨ੍ਹਾਂ ਨੂੰ ਦੇਖ ਕੇ ਉਨ੍ਹਾਂ ਦੀ ਤਕਦੀਰ ਬਦਲਣ ਦੀ ਥਾਂ ਇਹ ਆਸ ਕੀਤੀ ਜਾਵੇ ਕਿ ਇਹ ਸਾਡਾ ਅਸਲ ਰੂਪ ਦਿਖਾਉਣ ਦੀ ਥਾਂ ਸਾਨੂੰ ਇਹ ਦਿਹੁੰ ਚੜ੍ਹਦੇ ਦੀ ਲਾਲੀ ਕਿਉਂ ਨਹੀਂ ਦਰਸਾਉਂਦੇ ਤਾਂ ਇਹ ਉਨ੍ਹਾਂ ਦੀ ਕਲਾ ਨਾਲ ਬੜੀ ਵਧੀਕੀ ਹੈ। ਪੰਜਾਬੀ ਨਾਵਲ ਨੇ ਜਿਥੇ ਪਾਠਕ ਵਰਗ ਨੂੰ ਸੁਹਜ-ਸੁਆਦ ਕਹਾਣੀ ਰਸ ਅਤੇ ਮਨੁੱਖ ਦੀ ਮਾਨਸਿਕਤਾ ਅਤੇ ਸ਼ਹਿਰੀਕਰਣ ਨੂੰ ਦਰਸਾਇਆ ਹੈ ਉਥੇ ਉਸ ਨੇ ਸਮਾਜ ਉਸਾਰੀ ਵਿਚ ਵੀ ਮਹੱਤਵਪੂਰਨ ਯੋਗਦਾਨ ਕਲਾ ਦੇ ਮਾਧਿਅਮ ਦੁਆਰਾ ਪਾਇਆ ਹੈ।

ਅਸੀਂ ਇਸ ਅਧਿਐਨ ਵਿਚ ਕੁਝ ਨਵ-ਸਥਾਪਤ ਹੋਏ ਨਾਵਲਕਾਰਾਂ ਦਾ ਜ਼ਿਕਰ ਨਹੀਂ ਕਰ ਰਹੇ ਕਿਉਂਕਿ ਉਨ੍ਹਾਂ ਬਾਰੇ ਤਜ਼ਕਰਾ ਆਧੁਨਿਕ ਤੇ ਉਦਯੋਗੀ ਜਟਿਲਤਾਵਾਂ ਨਾਲ ਸੰਬੰਧਿਤ ਹੈ। ਇਸ ਪ੍ਰਸੰਗ ਵਿਚ ਸੁਰਜੀਤ ਸਿੰਘ ਸੇਠੀ, ਨਰਿੰਦਰਪਾਲ ਸਿੰਘ, ਅਜੀਤ ਕੌਰ, ਨਰਿੰਜਨ ਤਸਨੀਮ, ਰਾਮ ਸਰੂਪ ਅਣਖੀ, ਬਲਦੇਵ ਸਿੰਘ, ਕਰਮਜੀਤ ਕੁੱਸਾ, ਡਾ. ਮਹੀਪ ਸਿੰਘ, ਜਸਵੰਤ ਰਾਹੀ ਆਦਿਕ ਨਾਵਲਕਾਰਾਂ ਨੇ ਵਧੇਰੇ ਮੈਕਾਨਕੀ ਜ਼ਿੰਦਗੀ ਦੀਆ ਸਮੱਸਿਆਵਾਂ ਨੂੰ ਆਪਣਾ ਖੇਤਰ ਬਣਾਇਆ ਹੈ ਜਦ ਕਿ ਦਲੀਪ ਕੌਰ ਟਿਵਾਣਾ ਦੇ ਨਾਵਲ ਜਾਗੀਰਦਾਰੀ ਰੂੜ੍ਹੀਗਤ ਵਿਚ ਰੁਲ ਰਹੀਆਂ ਕੀਮਤਾਂ ਨਾਲ ਵਧੇਰੇ ਸੰਬੰਧਿਤ ਹਨ। ਉਪਰੋਕਤ ਲੇਖਿਕਾ ਨੇ ਪੰਜਾਬੀ ਨਾਵਲ ਦੇ ਵਿਕਾਸ ਵਿਚ ਭਰਪੂਰ ਹਿੱਸਾ ਪਾਇਆ ਹੈ ਪਰ ਉਨ੍ਹਾਂ ਬਾਰੇ ਵਿਸਤ੍ਰਿਤ ਵਰਣਨ ਆਧੁਨਿਕ ਸੰਦਰਭ ਵਿਚ ਵਧੇਰੇ ਜਚਦਾ ਹੈ।

ਸਾਡੇ ਨਾਵਲਕਾਰਾਂ ਨੇ ਸਮਾਜ ਦੀ ਸਿਰਜਣਾ ਵਿਚ ਜੋ ਅਛੋਪਲੇ ਜਿਹੇ ਪਰ ਮਹੱਤਵਪੂਰਨ ਯੋਗਦਾਨ ਪਾਇਆ ਹੈ ਉਹ ਸਮਾਜ ਪ੍ਰਤੀ ਉਨ੍ਹਾਂ ਦੀ ਬਹੁਤ ਵੱਡੀ ਦੇਣ ਹੈ। ਨਾਵਲਕਾਰ ਜੀਵਨ ਦੀਆਂ ਧੁਰ ਅੰਦਰਲੀਆਂ ਤੈਹਾਂ ਫਰੋਲ ਕੇ ਸਮਾਜ ਨੂੰ ਉਸ ਦਾ ਅਸਲ ਰੂਪ ਦਿਖਾਉਣ ਦੇ ਸਮਰੱਥ ਹੁੰਦਾ ਹੈ। ਨਾਵਲਕਾਰ ਇਕ ਅਨੁਭਵੀ ਵਿਅਕਤੀ ਹੁੰਦਾ ਹੈ ਜੋ ਆਪਣੇ ਅਨੁਭਵ ਦੁਆਰਾ ਜੀਵਨ ਦੀਆਂ ਘਾਟਾਂ ਨੂੰ ਜੋ ਆਦਿ ਕਾਲ ਤੋਂ ਰਹਿ ਗਈਆਂ ਹਨ, ਨੂੰ ਸਮਾਜ ਸਾਹਮਣੇ ਲਿਆ ਕੇ ਉਨ੍ਹਾਂ ਨੂੰ ਕੱਢਣ ਲਈ ਲੋਕ-ਮਾਨਸ ਨੂੰ ਉਤਸ਼ਾਹਿਤ ਹੀ ਨਹੀਂ ਕਰਦਾ ਸਗੋਂ ਭਵਿੱਖ ਦੇ ਉਜਾਲੇ ਵੀ ਸਿਰਜਦਾ ਹੈ। ਉਹ ਭਾਸ਼ਣਕਾਰ ਨਹੀਂ ਸਗੋਂ ਉਸ ਵਿਚ ਕਲਾ ਦੇ ਮਾਧਿਅਮ ਦੁਆਰਾ ਜੀਵਨ ਨੂੰ ਸੇਧ ਦੇਣ ਦੀ ਸ਼ਕਤੀ ਹੈ।

ਸੋ ਪੰਜਾਬੀ ਨਾਵਲ ਨੇ ਨਵ-ਜੀਵਨ ਸਿਰਜਣ ਲਈ ਤੇ ਸਮਾਜ ਦੀ ਉਸਾਰੀ ਲਈ ਹਰ ਖੇਤਰ ਵਿਚ ਜੋ ਯੋਗਦਾਨ ਪਾਇਆ ਹੈ ਇਸ ਦੇ ਸਿਰਜਣਹਾਰਿਆਂ ਦੀ ਦੇਣ ਬਹੁਤ ਮਹਾਨ ਹੈ।

## ਡਾ. ਦਲੀਪ ਕੌਰ ਟਿਵਾਣਾ ਦੇ ਨਾਵਲ
## (ਇਕ ਆਲੋਚਨਾਤਮਕ ਪੰਛੀ ਝਾਤ)

ਡਾ. ਦਲੀਪ ਕੌਰ ਟਿਵਾਣਾ ਨੇ ਗਲਪ ਖੇਤਰ ਵਿਚ ਆਪਣੀ ਇਕ ਨਿਵੇਕਲੀ ਥਾਂ ਬਣਾ ਲਈ ਹੈ। ਉਹ ਹੁਣ ਤਕ ਪੰਜਾਬੀ ਸਾਹਿਤ ਨੂੰ ਵੀਹ ਦੇ ਕਰੀਬ ਨਾਵਲ ਦੇ ਚੁੱਕੀ ਹੈ। ਉਸ ਦੇ ਨਾਵਲ ਇਸ ਤਰ੍ਹਾਂ ਮਨ ਦੀ ਪੀੜਾ ਨੂੰ ਦਰਸਾਉਂਦੇ ਹੋਏ ਛੋਪਲੇ ਜਿਹੇ ਸਾਰੇ ਮਾਨਵ ਨੂੰ ਇਕ ਸੁਨੇਹਾ ਦੇਂਦੇ ਹਨ ਕਿ ਜੇ ਮਰਦ ਦੀ ਸਾਥਣ ਇਸਤਰੀ ਸੰਤਾਪ ਭੋਗ ਰਹੀ ਹੈ ਤਾਂ ਇਹ ਸੰਤਾਪ ਉਸ ਇਕੱਲੀ ਦਾ ਨਹੀਂ ਸਗੋਂ ਸਾਰੇ ਸਮਾਜ ਦਾ ਹੈ। ਸਮਾਜ ਉਨਾ ਚਿਰ ਨਵਾਂ ਨਰੋਆ ਨਹੀਂ ਹੋ ਸਕਦਾ ਜਿੰਨਾਂ ਚਿਰ ਉਸ ਦਾ ਅੱਧਾ ਅੰਗ ਨਰੋਆ ਨਹੀਂ। ਉਸ ਦੇ ਨਾਵਲਾਂ ਵਿਚ ਜੀਵਨ ਤੋਂ ਪਾਰ ਅਸੀਮ ਤਕ ਪੁੱਜਣ ਦੀ ਤਲਾਸ਼ ਹੈ। ਵਿਅਕਤੀ ਆਪਣੇ ਸਵੇ ਦੀ ਭਾਲ ਵਿਚ ਨਿਕਲਿਆ ਹੋਇਆ ਹੈ। ਉਸ ਦਾ ਆਪਣੇ ਆਪੇ ਤੇ ਪ੍ਰਸ਼ਨ ਹੈ ਉਹ ਕੌਣ ਹੈ?

ਸਾਹਿਤ ਦਾ ਨਿਰਮਾਣ ਉਸ ਨੇ ਆਪਣੇ ਵਿਦਿਆਰਥੀ ਜੀਵਨ ਵਿਚ ਨਿੱਕੀ ਕਹਾਣੀ ਤੋਂ ਆਰੰਭ ਕੀਤਾ। 1967 ਵਿਚ ਉਸ ਨੇ ਆਪਣਾ ਪਹਿਲਾ ਨਾਵਲ "ਅਗਨੀ ਪ੍ਰੀਖਿਆ" ਲਿਖਿਆ। ਹੁਣ ਤਕ ਉਹ ਗਲਪ ਦੀ ਰਚਨਾ ਕਰਦੀ ਆ ਰਹੀ ਹੈ। ਉਹ ਵਿਚਾਰਾਂ ਦੀ ਪਹਿਲੀ ਪਉੜੀ ਤੋਂ ਆਰੰਭ ਹੋ ਕੇ ਸਿਖ਼ਰ ਵੱਲ ਹੌਲੀ ਹੌਲੀ ਵਧੀ ਜਾ ਰਹੀ ਹੈ। ਉਸ ਦੇ ਹੁਣ ਤਕ ਛਪੇ ਨਾਵਲਾਂ ਨੂੰ ਚਾਰ ਸੈਂਚੀਆਂ ਵਿਚ ਸੰਮਿਲਤ ਕਰਕੇ ਛਾਪਿਆ ਗਿਆ ਹੈ । ਹਰ ਸੈਂਚੀ ਵਿਚ ਪੰਜ-ਪੰਜ ਨਾਵਲ ਹਨ। ਪਹਿਲੀ ਸੈਂਚੀ ਵਿਚ 1. ਅਗਨੀ ਪ੍ਰੀਖਿਆ, 2. ਏਹੁ ਹਮਾਰਾ ਜੀਵਣਾ, 3. ਵਾਟ ਹਮਾਰੀ, 4. ਸੂਰਜ ਤੇ ਸਮੁੰਦਰ ਅਤੇ 5. ਤੀਲੀ ਦਾ ਨਿਸ਼ਾਨ। ਦੂਜੀ ਸੈਂਚੀ 6. ਦੂਸਰੀ ਸੀਤਾ, 7. ਲੰਮੀ ਉਡਾਰੀ, 8. ਸਰਕੰਡਿਆਂ ਦਾ ਦੇਸ਼, 9. ਸਭ ਦੇਸ਼ ਪਰਾਇਆ ਅਤੇ 10 ਧੁੱਪ ਛਾਂ ਤੇ ਰੁੱਖ। ਤੀਜੀ ਸੈਂਚੀ-11 ਰਿਣ ਪਿਤਰਾਂ ਦਾ, 12. ਪੀਲੇ ਪੱਤਿਆਂ ਦੀ ਦਾਸਤਾਨ, 13. ਐਰ ਵੈਰ ਮਿਲਦਿਆਂ, 14. ਲੰਘ ਗਏ ਦਰਿਆ ਅਤੇ 15. ਵਿਦ ਇਨ ਵਿਦ ਆਊਟ। ਚੌਥੀ ਸੈਂਚੀ-16. ਦੁਨੀਆ ਸੁਹਾਵਾ ਬਾਗ਼, 17. ਕਥਾ ਕੁਕਨਸ ਦੀ, 18. ਹਸਤਾਖਰ, 19. ਪੈੜ ਚਾਲ ਅਤੇ, 20. ਜਿਮੀਂ ਪੁਛੇ ਅਸਮਾਨ।

ਇਨ੍ਹਾਂ ਸਾਰੇ ਨਾਵਲਾਂ ਨੂੰ ਅਸੀਂ ਵਿਸ਼ੇ ਤੇ ਵਸਤੂ ਦੇ ਪੱਖ ਤੋਂ ਵਿਚਾਰਿਆ ਹੈ। ਉਹ ਇਨ੍ਹਾਂ ਰਾਹੀਂ ਜੀਵਨ ਪ੍ਰਤੀ ਕੀ ਸੁਨੇਹਾ/ਉਦੇਸ਼/ਪ੍ਰਯੋਜਨ ਦੇਣਾ ਚਾਹੁੰਦੀ ਹੈ ? ਬੜੀ ਸੰਖਿਪਤ ਰੂਪ ਵਿਚ ਉਸ ਦੇ ਵਿਸ਼ੇ ਤਕ ਪੁੱਜਣ ਦਾ ਯਤਨ ਕੀਤਾ ਹੈ। ਅਸੀਂ ਹੇਠਾਂ ਉਸ ਦੇ ਨਾਵਲਾਂ ਨੂੰ ਵਿਚਾਰਦੇ ਹੋਏ ਸੰਖਿਪਤ ਚਰਚਾ ਕਰਦੇ ਹਾਂ।

**ਅਗਨੀ ਪ੍ਰੀਖਿਆ :**

ਦਲੀਪ ਕੌਰ ਟਿਵਾਣਾ ਦਾ ਪਹਿਲਾ ਨਾਵਲ 'ਅਗਨੀ ਪ੍ਰੀਖਿਆ' ਹੈ। ਇਸ ਨਾਵਲ ਨਾਲ ਉਸ ਨੇ ਪੰਜਾਬੀ ਸਾਹਿਤ ਦੇ ਗਲਪ ਸੰਸਾਰ ਵਿਚ ਪ੍ਰਵੇਸ਼ ਕੀਤਾ। ਉਸ ਦਾ ਇਹ ਨਾਵਲ ਸਾਡੇ ਭਾਰਤੀ ਸਮਾਜ ਵਿਚ ਅਨੇਕਾਂ 'ਅਗਨੀ ਪ੍ਰੀਖਿਆ' ਦੇ ਇਸਤਰੀ ਵੱਲੋਂ ਦਿੱਤੇ ਬਲੀਦਾਨਾਂ ਨੂੰ ਸਾਡੇ ਸਨਮੁਖ ਲੈ ਆਉਂਦਾ ਹੈ। ਇਸਤਰੀ ਭਾਵੇਂ ਸੀਤਾ ਵਰਗੀ ਹੀ ਕਿਉਂ ਨਾ ਹੋਵੇ ਉਸ ਨੂੰ ਵੀ ਇਸ ਪ੍ਰੀਖਿਆ ਵਿਚੋਂ ਲੰਘਣਾ ਪੈਂਦਾ ਹੈ, ਇਨ੍ਹਾਂ ਸਾਰਿਆਂ ਦੀ ਪਿੱਠਭੂਮੀ ਵਿਚ ਜ਼ੁਲਮ ਦੇ ਮਹੱਤਵਪੂਰਨ ਪ੍ਰਸੰਗ ਇਤਿਹਾਸਕ ਤੇ ਸਾਂਸਕ੍ਰਿਤਕ ਰੂਪ ਵਿਚ ਲੁਪਤ ਹਨ, ਜਿਨ੍ਹਾਂ ਨੇ ਸਾਡੀ ਪਰੰਪਰਾ ਨੂੰ ਬੜੇ ਸਾਰਥਿਕ ਮੋੜ ਦਿੱਤੇ ਹਨ। ਇਸਤਰੀ ਇਹ ਬਲੀਦਾਨ ਦੇਦੀ ਹੁਣ ਉਸ ਮੋੜ ਤੇ ਉਸ ਦੀ ਸੋਚ ਆ ਖੜ੍ਹੀ ਹੋਈ ਹੈ ਕਿ ਉਸ ਦੀ ਮੰਜ਼ਲ ਕੀ ਹੈ ? ਉਹ ਕੌਣ ਹੈ?

'ਅਗਨੀ ਪ੍ਰੀਖਿਆ' ਦੀ ਨਾਇਕਾ ਮਨਦੀਪ ਦੀ ਇਹ ਜੀਵਨ ਗਾਥਾ ਹੈ ਜਿਸ ਨੂੰ ਜਨਮ ਤੋਂ ਹੀ ਇਸ ਪ੍ਰੀਖਿਆ ਵਿਚੋਂ ਲੰਘਣਾ ਪਿਆ ਹੈ। ਇਸ ਸਬਰ ਤੇ ਸਿਤਮ ਦੇ ਘੋਲ ਵਿਚ ਸਬਰ ਜੀਵਨ ਨੂੰ ਕਈ ਮੋੜ ਦੇ ਗਿਆ ਜਿਸ ਨਾਲ ਉਹ ਆਪਣੀ ਪ੍ਰੀਖਿਆ ਸਮੇਂ ਹਰ ਸਿਤਮ ਆਪਣੇ ਸੀਨੇ ਉਤੇ ਜਰਦੀ ਹੈ।

ਡਾ. ਦਲੀਪ ਕੌਰ ਟਿਵਾਣਾ ਆਪਣੇ ਇਸੇ ਨਾਵਲ ਵਿਚ ਅਗਨੀ ਪ੍ਰੀਖਿਆ ਦਾ ਵਾਤਾਵਰਣ ਤਾਂ ਉਸਾਰਦੀ ਹੈ ਪਰ ਉਸ ਦਾ ਸਾਰਾ ਕਾਰਜ ਕੁਝ ਕੁ ਉਪਭਾਵਕ ਚਿੱਤਰ ਉਸਾਰਨ ਤਕ ਹੀ ਸੀਮਤ ਰਹਿ ਜਾਂਦਾ ਹੈ। ਸਮਾਜਿਕ ਜੀਵਨ ਵਿਚ ਨਾਰੀ ਦੀ ਮਾਂ ਦੀ ਸਥਿਤੀ ਪੂਰਨ ਰੂਪ ਵਿਚ ਪਾਠਕ ਦੇ ਸਨਮੁਖ ਨਹੀਂ ਹੁੰਦੀ । ਉਹ ਇਹ ਭਾਵ ਤਾਂ ਉਸਾਰ ਸਕੀ ਹੈ ਕਿ ਨਾਰੀ ਇਸ ਸਮਾਜ ਵਿਚ ਕੇਵਲ ਦੁਖਾਂ ਦੀ ਪਟਾਰੀ ਹੀ ਆਪਣੇ ਨਾਲ ਲੈ ਕੇ ਆਈ ਹੈ ਅਤੇ ਉਸੇ ਪਟਾਰੀ ਵਿਚੋਂ ਨਿਕਲੇ ਦੁਖਾਂ ਨੂੰ ਸਹਿ ਕੇ ਉਸ ਨਾਲ ਹੀ ਆਪਣਾ ਦਮ ਤੋੜ ਦੇਂਦੀ ਹੈ। ਉਸ ਦੀ ਸਿਰਜੀ ਉਪਭਾਵਕ ਪ੍ਰਕਿਆ ਨਾਰੀ ਵਿਸ਼ਾਦ ਦਾ ਵਿਆਪਕ ਕਰਮ ਹੈ ਕਿਸੇ ਪ੍ਰਕਾਰ ਦੀ ਸਿਰਜਣਾਤਮਕ ਗੁਲਾਮੀ ਦੀ ਸ਼ਾਦੀ ਨਹੀਂ ਮਿਲਦੀ।

ਨਾਵਲਕਾਰ ਨੇ ਆਪਣੇ ਵਿਚਾਰ ਨੂੰ ਮਨਦੀਪ ਦੇ ਜੀਵਨ ਦੇ ਤੱਥ ਵਿਚੋਂ ਚਿਤਰਿਆ ਹੈ। ਮਨਦੀਪ ਦੀ ਆਪਣੇ ਸਵੇ ਦੀ ਭਾਲ ਉਸ ਨੂੰ ਹਰਦੇਵ ਦੇ ਸਾਥ ਵਿਚੋਂ ਪੂਰੀ ਹੁੰਦੀ ਲਗਦੀ ਹੈ। ਉਸ ਨੇ ਆਪਣੀ ਮਨੋ ਤ੍ਰਿਪਤੀ ਦਾ ਇਕ ਸੁੰਦਰ ਚਿੱਤਰ ਆਪਣੇ ਅੰਦਰ ਸਿਰਜ ਲਿਆ। ਹੈ। ਉਸ ਦਾ ਇਹ ਭਾਵੁਕ ਚਿੱਤਰ ਖਲਨਾਇਕ ਦੇ ਅਭਿਨੈ ਨਾਲ ਚੂਰ ਹੋ ਜਾਂਦਾ ਹੈ। ਉਸ ਨੂੰ ਇਕ ਮੇਲ ਤੋਂ ਇਨਕਾਰ ਹੋ ਜਾਣ ਨਾਲ ਉਹ ਮਾਨਸਿਕ ਰੂਪ ਵਿਚ ਸੱਖਣੀ ਹੋ ਜਾਂਦੀ ਹੈ। ਹਰਦੇਵ ਉਸ ਦੀ ਮਾਨਸਿਕਤਾ ਵਿਚ ਆਪਣਾ ਪੱਕਾ ਸਥਾਨ ਬਣਾ ਬੈਠਾ ਹੈ। ਉਸ ਜਿਹਾ ਹੋਰ ਉਸ ਨੂੰ ਭਾਲ ਕਰਨ ਤੇ ਵੀ ਦਿਲ ਦਾ ਮਹਿਰਮ ਨਹੀਂ ਮਿਲਦਾ। ਉਸ ਦੇ ਮਨ ਦਰਪਣ ਉਤੇ ਉਕਰੀ ਭਾਵੁਕ ਤਸਵੀਰ ਕਿਸੇ ਤਰ੍ਹਾਂ ਵੀ ਖੰਡਿਤ ਨਹੀਂ ਹੁੰਦੀ।

ਸਮਾਜ ਦੁਆਰਾ ਸਿਰਜਿਆ ਉਸ ਦਾ ਗ੍ਰਹਿਸਤੀ ਸੰਸਾਰ ਜਗੀਰਦਾਰੀ ਸਿਸਟਮ ਦੇ ਕਈ ਕੋਹੜਾਂ ਵਿਚ ਗ੍ਰਸਤ ਹੋਣ ਕਰਕੇ ਉਸ ਦੀ ਆਤਮਾ ਸੱਖਣੀ ਹੋ ਗਈ। ਜੀਵਨ ਦੀ ਭਾਲ ਦਾ ਲਕਸ਼ ਢਹਿ ਢੇਰੀ ਹੋ ਗਿਆ। ਉਹ ਆਪਣੀ ਮਨੋਭਾਵਨਾ ਨੂੰ ਸਮੇਟ ਕੇ ਆਪਣੇ ਘਰ ਆ ਗਈ। ਉਸ ਨੇ ਜਸਬੀਰ ਵਿਚੋਂ ਹਰਦੇਵ ਨੂੰ ਢੂੰਡਣਾ ਚਾਹਿਆ। ਉਸ ਨੇ ਪਹਿਲਾਂ ਹੀ ਜਿਹੜਾ ਵਾਤਾਵਰਨ ਉਸਾਰਿਆ ਸੀ ਉਸ ਦੀ ਧੁੰਦ ਵਿਚ ਹੀ ਜਸਬੀਰ ਦੀ ਮੂਰਤ ਲੋਪ ਹੋ ਗਈ। ਹਰਦੇਵ ਪਹਿਲੇ ਦੀ ਤਰ੍ਹਾਂ ਹੀ ਮਨ ਵਿਚ ਸਜੀਵ ਰਿਹਾ। ਜਦ ਉਹ ਨੌਕਰੀ ਲਈ ਸ਼ਿਮਲੇ ਇਸ ਸਾਰੇ ਵਾਤਾਵਰਨ ਨੂੰ ਭੁੱਲਣ ਲਈ ਚਲੀ ਗਈ ਤਾਂ ਉਥੇ ਇਕ ਪ੍ਰੋਫੈਸਰ ਹਰਿੰਦਰ ਉਸ ਦੇ ਵੀਰਾਨ ਜੀਵਨ ਵਿਚ ਆਇਆ। ਉਹ ਵੀ ਉਸ ਦੇ ਮਨ ਦੀ ਜਵਾਲਾ ਨੂੰ ਸ਼ਾਂਤ ਨਾ ਕਰ ਸਕਿਆ। ਉਸ ਵਿਚੋਂ ਉਹ ਹਰਦੇਵ ਦਾ ਬਦਲ ਲੱਭਦੀ ਸੀ । ਉਸ ਦੀ ਅਸ਼ਾਂਤ ਆਤਮ ਦੀ ਭਟਕਣ ਸ਼ਾਂਤ ਨਾ ਹੋ ਸਕੀ। ਉਹ ਵੀ ਉਸ ਨੂੰ ਇਕ ਝੱਲਕ ਦੇ ਕੇ ਹੀ ਉਡਾਰੀ ਮਾਰ ਗਿਆ। ਉਹ ਅਗਨੀ-ਪ੍ਰੀਖਿਆ ਵਿਚ ਹੀ ਜਲਦੀ ਰਹੀ। ਉਹ ਇਹ ਸੱਲ ਵੀ ਸਹਿਨ ਕਰਕੇ ਆਪਣੇ ਸਵੈ ਦੀ ਭਾਲ ਵਿਚ ਨਿਕਲਦੀ ਹੈ। ਉਸ ਦੇ ਜੀਵਨ ਵਿਚ ਸ਼ਿਵ ਨਾਮ ਦਾ ਇੱਕ
ਚਿੱਤਰਕਾਰ ਆਉਂਦਾ ਹੈ। ਉਸ ਦਾ ਵਿਅਕਤਿਤਵ ਵੀ ਹਰਦੇਵ ਦੇ ਵਿਅਕਤਿਤਵ ਨੂੰ ਉਸ ਦੇ ਸੀਨੇ ਵਿਚੋਂ ਨਾ ਕੱਢ ਸਕਿਆ। ਉਸ ਦੀ ਜੀਵਨ ਦੀ ਤਲਾਸ਼ ਜਿਥੋਂ ਚੱਲੀ ਸੀ ਉਥੇ ਦੀ ਉਥੇ ਹੀ ਖੜ੍ਹੀ ਰਹੀ। ਮਨਦੀਪ ਦੇ ਸਾਹਮਣੇ ਆਪਣੇ ਮਨ ਦੇ ਖਲਾਅ ਨੂੰ ਭਰਨ ਲਈ ਕਈ ਮੌਕੇ ਆਏ। ਉਸ ਨੇ ਇਕ ਆਦਰਸ਼ ਨਾਰੀ ਦੀ ਨਸ਼ਕ੍ਰਿਅਤਾ ਦਾ ਚਰਿਤਰ ਧਾਰਨ ਕੀਤਾ ਹੋਇਆ ਸੀ। ਇਸ ਕਰਕੇ ਉਸ ਪਾਸ ਨਵ ਉਸਰੀਆਂ ਸਥਿਤੀਆਂ ਉਤੇ ਤੁਰਨ ਦੀ ਪ੍ਰਤੀਯੋਗਤਾ ਨਹੀਂ ਸੀ। ਇਥੇ ਲੇਖਕ ਦੀ ਮਾਨਸਿਕਤਾ ਪਰੰਪਰਾਗਤ ਨਾਰੀ ਦੀ ਸਮੁੱਚੀ ਪ੍ਰਕ੍ਰਿਤੀ ਉਤੇ ਅਧਾਰਿਤ ਹੈ। ਇਹ ਉਸ ਦੇ ਗਲਪ ਨਿਰਮਾਣ ਦੀ ਅਜਿਹੀ ਪਿੱਠਭੂਮੀ ਹੈ ਜਿਸ ਵਿਚੋਂ ਉਹ ਨਾਰੀ ਦੇ

ਚਰਿਤਰ ਨੂੰ ਉਘਾੜਦੀ ਹੈ। ਉਸ ਦੇ ਇਸ ਸਹਿਜ ਵਿਚੋਂ ਹੀ ਉਸ ਦਾ ਗਲਪ ਨਿਸਰਦਾ ਹੈ। ਅਗਨੀ ਪ੍ਰੀਖਿਆ ਨਾਰੀ ਪ੍ਰਤੀ ਉਪਭਾਵੁਕ ਦ੍ਰਿਸ਼ਟੀ ਰੱਖਣ ਵਾਲੀ ਲੇਖਿਕਾ ਦੇ ਸਹਿਜ ਵਿਚੋਂ ਉਪਜਿਆ ਨਾਵਲ ਹੈ। ਇਸ ਲਈ ਸਾਰਥਕ ਪ੍ਰਵਰਤਨ ਦੇ ਪਦ ਤੋਂ ਬਹੁਤ ਉਰ੍ਹਾਂ ਦੀ ਵਸਤੂ ਹੈ।

ਡਾ. ਦਲੀਪ ਕੌਰ ਟਿਵਾਣਾ ਆਪਣੀ ਸਾਹਿਤਕ ਸਵੈ ਜੀਵਨੀ 'ਪੂਛਤੇ ਹੋ ਤੋ ਸੁਨੋ' ਵਿਚ ਲਿਖਦੀ ਹੈ "ਨਾਵਲ ਪੜ੍ਹ ਕੇ ਡਾ. ਜਸਵੰਤ ਸਿੰਘ ਨੇਕੀ ਨੇ ਲਿਖਿਆ, ਇਸ ਨਾਵਲ ਦੀ ਨਾਇਕਾ ਮਨਦੀਪ ਦੇ ਮਨ ਦੀ ਜੋ ਦਸ਼ਾ ਤੂੰ ਬਿਆਨ ਕੀਤੀ ਹੈ ਮੈਂ ਹੈਰਾਨ ਹਾਂ, ਕਿ ਤੈਨੂੰ ਉਸ ਦਾ ਕਿਵੇਂ ਪਤਾ ਹੈ। ਉਹ ਸ਼ਾਇਦ ਇਕ ਵੱਡੇ ਮਨੋਵਿਗਿਆਨੀ ਹੋਣ ਕਰਕੇ ਇਹ ਸੋਚ ਰਹੇ ਸਨ।

ਉਹ ਨਾਵਲ ਮੈਨੂੰ ਆਪਣੀ ਕੋਈ ਪ੍ਰਾਪਤੀ ਨਹੀਂ ਸੀ ਲੱਗਿਆ ਸਗੋਂ ਲੱਗਿਆ ਜਿਵੇਂ ਚਲਦੀ ਕਾਰ ਦੇ ਅੰਦਰ ਸਾਹਾਂ ਨਾਲ ਸ਼ੀਸਿਆਂ ਉਪਰ ਪਈ ਧੁੰਦ ਨੂੰ ਮੈਂ ਹੱਥਾਂ ਨਾਲ ਸਾਫ਼ ਕਰ ਰਹੀ ਹਾਂ।

ਇਸ ਨਾਵਲ ਵਿਚ ਉਸ ਦੇ ਆਪੇ ਦੀ ਝਲਕ ਮਿਲਦੀ ਹੈ ਜਿਸ ਨੂੰ ਉਸ ਆਪਣੀ ਸਵੈ ਜੀਵਨੀ 'ਨੰਗੇ ਪੈਰਾਂ ਦਾ ਸਫ਼ਰ' ਵਿਚ ਚਿਤਰਿਆ ਹੈ। ਲੇਖਿਕਾ ਨੇ ਇਸ ਵਿਚ ਇਹ ਵੀ ਪ੍ਰਗਟ ਕੀਤਾ ਹੈ ਕਿ ਜਿਥੇ ਜਗੀਰਦਾਰੀ ਪ੍ਰਬੰਧ ਵਿਚ ਇਸ ਤਰੀ ਹੀ ਮਰਦ ਦੇ ਜ਼ੁਲਮ ਦਾ ਸ਼ਿਕਾਰ ਹੁੰਦੀ ਹੈ ਉਥੇ ਇਸਤਰੀ ਵੀ ਇਸਤਰੀ ਦੀ ਵੈਰਨ ਹੈ। ਦੁਖਾਂ ਦੀ ਧਰਾਤਲ ਉਤੇ ਜੇ ਮਰਦ ਉਸ ਨੂੰ ਲਿਆ ਖੜ੍ਹਾ ਕਰਦਾ ਹੈ ਤਾਂ ਇਸਤਰੀ ਉਸ ਨੂੰ ਸਿਖਰ ਵੱਲ ਧੱਕ ਕੇ ਅਜਿਹੇ ਮੋੜ ਉਤੇ ਜਾ ਖੜ੍ਹਾ ਕਰਦੀ ਹੈ ਕਿ ਉਹ ਯਤਨ ਕਰਨ ਤੇ ਵੀ ਉਸ ਅਗਨੀ ਵਿਚੋਂ ਨਿਕਲਣ ਤੋਂ ਅਸਮਰੱਥ ਹੈ ਅਤੇ ਉਸੇ ਵਿਚ ਹੀ ਆਪਣੀ ਅਹੂਤੀ ਦੇ ਦੇਂਦੀ ਹੈ।

ਇਸ ਸਾਰੇ ਨਾਵਲ ਵਿਚ ਮਨਦੀਪ ਦਾ ਖਿਆਰ, ਜਾਂ ਵਿਆਹ ਇਕ ਸਮਾਜਿਕ, ਪਰਿਵਾਰਿਕ ਤੇ ਸਾਂਸਕ੍ਰਿਤਕ ਸਥਿਤੀ ਦਾ ਰੂਪ ਨਾ ਧਾਰ ਕੇ ਸਾਰੀ ਗੱਲ ਹੀ ਅਧੂਰੀ ਰਹਿ ਜਾਂਦੀ ਹੈ। ਮਨਦੀਪ ਪਾਸ ਜੀਵਨ ਨੂੰ ਨਵਾਂ ਮੋੜ ਦੇਣ ਲਈ ਬੜੇ ਅਵਸਰ ਆਉਂਦੇ ਹਨ ਪਰ ਉਨ੍ਹਾਂ ਅਵਸਰਾਂ ਨੂੰ ਅਪਨਾਉਣ ਲਈ ਉਸ ਪਾਸ ਯੋਗਤਾ/ਉਪਯੋਗਤਾ ਨਹੀਂ। ਉਸ ਨੇ ਇਕ ਆਦਰਸ਼ ਨਾਰੀ ਦਾ ਚਰਿਤਰ ਗ੍ਰਹਿਣ ਕੀਤਾ ਹੋਇਆ ਹੈ। ਉਹ ਕਿਸੇ ਵੀ ਸਥਿਤੀ ਵਿਚ ਆਪਣੇ ਆਪ ਨੂੰ ਢਾਲਣ ਦੀ ਬਜਾਏ ਉਹ ਪ੍ਰਗੀਤਕ ਪ੍ਰਤੀ ਉੱਤਰ ਦੇਂਦੀ ਹੈ। ਇਹ ਲੇਖਿਕਾ ਦਾ ਆਪਣਾ ਅਵਚੇਤਨ ਪਰੰਪਰਾਗਤ ਨਾਰੀ ਦੀ ਸਮੁੱਚੀ ਪ੍ਰਕ੍ਰਿਤੀ ਉਤੇ ਅਧਾਰਿਤ ਹੈ ਤੇ ਉਸ ਨਾਲ ਇਕ ਸੁਰ ਹੈ। ਉਸ ਦੀ ਇਹ ਪ੍ਰਵਿਰਤੀ ਉਸ ਦੇ ਗਲਪ ਨਿਰਮਾਣ ਦੀ ਇਕ ਅਜਿਹੀ

ਪੱਧਰ ਹੈ ਜਿਸ ਰਾਹੀਂ ਉਹ ਨਾਰੀ ਦੇ ਕਿਰਦਾਰ ਨੂੰ ਨਿਖਾਰਦੀ ਹੈ। ਇਹ ਉਸ ਦਾ ਅਪਣਾ ਸਹਿਜ ਹੈ ਇਸੇ ਸਹਿਜ ਵਿਚੋਂ ਉਸ ਦਾ ਗਲਪ ਰੂਪਮਾਨ ਹੁੰਦਾ ਹੈ। ਉਸ ਦਾ ਇਹ ਨਾਵਲ ਨਾਰੀ ਤਰਾਸਦੀ ਦੀ ਭਾਵਕ ਦ੍ਰਿਸ਼ਟੀ ਰੱਖਣ ਵਾਲੀ ਲੇਖਿਕਾ ਦੇ ਸਹਿਜ ਦੀ ਦੇਣ ਹੈ। ਇਸ ਲਈ ਸਾਰਥਕ ਪ੍ਰਵਰਨ ਦੇ ਪਦ ਤੋਂ ਬਹੁਤ ਪਿਛੇ ਰਹਿ ਗਿਆ ਹੈ।

**ਏਹੁ ਹਮਾਰਾ ਜੀਵਣਾ :**

*ਇਹ ਨਾਵਲ ਬਾਬਾ ਫ਼ਰੀਦ ਦੇ ਸਲੋਕ,*

*ਚਿੰਤ ਖਟੋਲਾ ਵਾਣ ਦੁਖ ਬਿਰਹੋ ਵਿਛਾਵਣ ਲੇਫ,*

*ਏਹੁ ਹਮਾਰਾ ਜੀਵਣਾ ਤੂੰ ਸਾਹਿਬ ਸੱਚੇ ਵੇਖ॥*

ਇਸ ਸਲੋਕ ਦੀ ਅੱਧੀ ਤੁਕ ਉਪਰ ਲੇਖਿਕਾ ਨੇ ਆਪਣਾ ਗਲਪੀ ਵਾਤਾਵਰਣ ਉਸਾਰਿਆ ਹੈ। ਬਾਬਾ ਫ਼ਰੀਦ ਜੀ ਨੇ ਇਸ ਤੁਕ ਵਿਚ ਆਪਣਾ ਭਾਵ ਜਗਤ ਉਸਾਰਿਆ ਹੈ। ਇਸ ਵਿਚ ਉਨ੍ਹਾਂ ਦਾ ਆਪਾ ਬੋਲ ਉਠਦਾ ਹੈ। ਉਹ ਪ੍ਰਮਾਤਮਾ ਨੂੰ ਇਹ ਆਤਮਕ ਦਸ਼ਾ ਦਰਸਾ ਕੇ ਇਸ ਵਿਚੋਂ ਕੱਢਣ ਲਈ ਮਿੰਨਤਾਂ ਤੇ ਅਰਜੋਈਆਂ ਕਰਦੇ ਹਨ। ਟਿਵਾਣਾ ਨੇ ਇਸ ਤੁਕ ਉਤੇ ਭਾਨੇ ਦੀ ਜ਼ਿੰਦਗੀ ਦੇ ਦੁਖਾਂ ਨੂੰ ਰੂਪਮਾਨ ਕੀਤਾ ਹੈ। ਭਾਨੇ ਦੇ ਜੀਵਨ ਦੁਖਾਂ ਦੀ ਅਜਿਹੀ ਦਰਦੀਲੀ ਵਾਰਤਾ ਹੈ, ਜਿਸ ਵਿਚ ਹਰ ਕਦਮ ਤੇ ਦੁਖ ਉਸ ਦਾ ਸਵਾਗਤ ਕਰਦੇ ਹਨ। ਇਹ ਦੁਖ ਕਈ ਵਾਰੀ ਜੀਵਨ ਤੇ ਭਾਰੂ ਹੋ ਕੇ ਬਾਹਰਮੁਖੀ ਰੂਪ ਧਾਰ ਕੇ ਵਹਿਣ ਬਣਨਾ ਲੋੜਦੇ ਹਨ ਪਰ ਉਸ ਪਾਸ ਜੀਵਨ ਦੀ ਏਡੀ ਵੱਡੀ ਵਿਸ਼ਾਲਤਾ ਹੈ ਕਿ ਉਹ ਮਨ ਵਿਚ ਆਏ ਜਵਾਰ-ਬਾਟਾ ਨੂੰ ਅੰਦਰੇ ਅੰਦਰ ਸਮੇਟਣ ਦੇ ਸਮਰੱਥ ਹੈ। ਪਾਠਕ ਮਨ ਉਸ ਦੀ ਤਰਾਸਦੀ ਨੂੰ ਮਹਿਸੂਸ ਕੇ ਦਰਵ ਜਾਂਦਾ ਹੈ ਅਤੇ ਉਨ੍ਹਾਂ ਦੇ ਮਨ ਵਿਚੋਂ ਕਰੁਣਾ ਦੀ ਭਾਵਨਾ ਉਤੇਜਿਤ ਹੁੰਦੀ ਹੈ।

ਟਿਵਾਣਾ ਇਸ ਨਾਵਲ ਕਲਾ ਨੂੰ ਜ਼ਿੰਦਗੀ ਵਿਚ ਪਿਘਲਾ ਕੇ ਕਰੁਣਾ ਵਿਚ ਢਾਲ ਦੇਣ ਵਿਚ ਸਫ਼ਲ ਹੈ। ਪੁਨਰ ਸਥਾਪਨਾ ਉਹਦੀ ਕਲਪਨਾ ਦੀ ਪੱਧਰ ਉਤੇ ਪੇਸ਼ਕਾਰੀ ਹੈ। ਇਹ-ਪੇਸ਼ਕਾਰੀ ਵਾਸਵਿਕਤਾ ਨਾਲੋਂ ਕਲਪਨਾ ਤੇ ਸਿਮਰਤੀ ਦੇ ਨੇੜੇ ਹੈ। ਇਕ ਘਟਨਾ ਦੀ ਵਾਸਤਵਿਕਤਾ ਹੈ ਤੇ ਦੂਸਰਾ ਪੁਨਰ ਸਿਮਰਨ। ਘਟਨਾਵਾਂ ਪਾਠਕ ਨੂੰ ਟੁੰਬਦੀਆਂ ਹਨ। ਕਰੁਣਾ ਲੋਕ ਦਰਦ ਦਾ ਰੂਪ ਧਾਰ ਲੈਂਦੀ ਹੈ।

ਇਸ ਨਾਵਲ ਵਿਚ ਜਾਗੀਰਦਾਰੀ ਪ੍ਰਬੰਧ ਦੀ ਖਾਸ ਕਰਕੇ ਉਸ ਸਮੇਂ ਦੇ ਰਿਆਸਤੀ ਪ੍ਰਬੰਧ ਵਿਚ ਇਸਤਰੀ ਦੀ ਸਥਿਤੀ ਦਾ ਵਰਣਨ ਕੀਤਾ ਗਿਆ ਹੈ। ਜਾਗੀਰਦਾਰੀ ਪ੍ਰਬੰਧ ਦੇ ਹਿੱਤ ਸੁਰੱਖਿਅਤ ਹਨ ਜਿਸ ਵਿਚ ਇਸਤਰੀ ਉਸੇ ਪ੍ਰਬੰਧ ਵਿਚ ਜਿਉਣ ਤੇ ਮਜਬੂਰ ਹੈ। ਇਹ ਸਥਿਤੀ ਸਹਿਜ ਭਾਵ ਵਿਚੋਂ ਉਪਜਦੀ ਹੈ।

ਨਾਵਲ ਦੀ ਵਿਵਸਥਾ ਭਾਨੋ, ਨਰੈਣ ਤੇ ਸਰਵਣ ਦੇ ਵਿਚਕਾਰ ਲਟਕਦੀ ਹੈ। ਸਰਵਣ ਉਸ ਦੀ ਆਤਮਾ ਹੈ। ਨਰੇਣ ਉਸ ਦਾ ਸਰੀਰ। ਉਹ ਦੋਹਾਂ ਵਿਚਕਾਰ ਲਟਕ ਰਹੀ ਹੈ ਪਰ ਉਹ ਨਰੈਣ ਨੂੰ ਬੱਚਾ ਪੈਦਾ ਕਰਕੇ ਦੇਣ ਤੋਂ ਅਸਮਰੱਥ ਹੋਣ ਦੇ ਕਾਰਨ ਉਸ ਤੋਂ ਟੁੱਟ ਜਾਂਦੀ ਹੈ। ਉਹ ਇਸ ਸਥਿਤੀ ਵਿਚੋਂ ਉਪਜੇ ਦੁਖਾਂ ਨਾਲ ਸਮਝੌਤਾ ਕਰਨ ਦੇ ਸਮਰੱਥ ਹੈ। ਭਾਨੋ ਇਸ ਸਥਿਤੀ ਵਿਚ ਵੀ ਵਿਦਰੋਹ ਨਹੀਂ ਕਰਦੀ । ਯਥਾਰਥ ਸਾਰਥਕਤਾ ਨੂੰ ਨਹੀਂ ਉਭਾਰਦੀ। ਇਹ ਉਸ ਦੇ ਮਨ ਦੀ ਵਿਸ਼ਾਲਤਾ ਹੈ। ਉਹ ਮੁੱਲ ਦੀ ਵਸਤੂ ਹੋਣ ਕਰਕੇ ਸਮਾਜ ਵਿਚ ਤ੍ਰਿਸਕਾਰ ਦੀ ਪਾਤਰ ਹੈ।

ਭਾਨੋ ਮਾਪਿਆਂ ਦੀ ਇਕਲੌਤੀ ਕੁੜੀ ਹੈ। ਉਸ ਦੀ ਮਾਂ ਬਚਪਨ ਵਿਚ ਹੀ ਉਸ ਨੂੰ ਛੱਡ ਗਈ। ਉਸ ਦਾ ਭਰਾ ਜਰਗ ਦੇ ਮੇਲੇ ਵਿਚ ਜਾ ਕੇ ਆਪਣੇ ਹਾਣੀਆਂ ਨਾਲ ਸ਼ਰਾਬ ਪੀ ਲੈਂਦਾ ਹੈ। ਸ਼ਰਾਬ ਕਾਲਜੇ ਨੂੰ ਲੱਗ ਜਾਂਦੀ ਹੈ ਤੇ ਉਹ ਮੰਜੀ ਤੇ ਪੈ ਜਾਂਦਾ ਹੈ ਉਸ ਦੇ ਪਿਤਾ ਨੂੰ ਉਹਦੇ ਇਲਾਜ ਲਈ ਜ਼ਮੀਨ ਵੇਚਣੀ ਪੈਂਦੀ ਹੈ।

ਲੋੜ ਦੀ ਪੂਰਤੀ ਕਾਰਨ ਪੈਸੇ ਲੈ ਕੇ ਉਹਦਾ ਪਿਤਾ ਉਹਨੂੰ ਮੋਰਾਂਵਾਲੀ ਦੇ ਸਵਰਣ ਨਾਲ ਵਿਆਹ ਦੇਂਦਾ ਹੈ। ਸਰਵਣ ਦਾ ਪਰਿਵਾਰ ਵੀ ਛੋਟੀ ਕਿਰਸਾਨੀ ਵਿਚੋਂ ਹੈ ਜਿਹੜਾ ਪੈਸੇ ਦੇ ਕੇ ਹੀ ਲੜਕੇ ਨੂੰ ਵਿਆਹੁਦੇ ਹਨ। ਬਾਕੀ ਦੇ ਲੜਕੇ ਨਹੀਂ ਵਿਆਹੇ ਜਾ ਸਕਦੇ ਜਿਸ ਕਰਕੇ ਮੁੱਲ ਦੀ ਵਸਤੂ ਹੋਣ ਕਰਕੇ ਸਰਵਣ ਦੇ ਭਰਾ ਵੀ ਉਸ ਉਤੇ ਆਪਣਾ ਹੱਕ ਸਮਝਦੇ ਹਨ ਪਰ ਜਾਨੋ ਕੇਵਲ ਸਰਵਣ ਨੂੰ ਹੀ ਚਾਹੁੰਦੀ ਹੈ। ਉਹ ਹੋਰ ਕਿਸੇ ਨੂੰ ਸਰਵਣ ਦਾ ਹੱਕ ਨਹੀਂ ਦੇਣਾ ਚਾਹੁੰਦੀ। ਇਸ ਕਰਕੇ ਉਹ ਆਪਣਾ ਵੱਖਰਾ ਘਰ ਬਣਾ ਲੈਂਦੀ ਹੈ। ਸਰਵਣ ਦੇ ਭਰਾਵਾਂ ਨੂੰ ਇਹ ਭਾਉਂਦਾ ਨਹੀਂ। ਉਹ ਕਿੜ ਕੱਢਣ ਲਈ ਬਹਾਨਾ ਢੂੰਡ ਕੇ ਸਰਵਣ ਨੂੰ ਸੱਟਾਂ ਲਾ ਦੇਂਦੇ ਹਨ ਜਿਸ ਕਾਰਨ ਉਸ ਦੀ ਮੌਤ ਹੋ ਜਾਂਦੀ ਹੈ। ਨਵੀਂ ਸਥਿਤੀ ਵਿਚ ਸਰਵਣ ਦੇ ਭਰਾ ਉਸ ਨੂੰ ਮੁੜ ਆਪਣੀ ਵਲਗਣ ਵਿਚ ਲੈਣਾ ਚਾਹੁੰਦੇ ਹਨ ਪਰ ਉਹ ਸਰਵਣ ਦਾ ਹੱਕ ਉਨ੍ਹਾਂ ਨੂੰ ਕਿਸੇ ਤਰ੍ਹਾਂ ਨਹੀਂ ਦੇਣਾ ਚਾਹੁੰਦੀ। ਉਹ ਤਾਂ ਉਸ ਦੇ ਘਰ ਵਾਲੇ ਦਾ ਕਤਲ ਕਰ ਦੇਂਦੇ ਹਨ, ਕਾਤਲ ਹਨ, ਇਸ ਕਰਕੇ ਉਹ ਆਪਣਾ ਘਰ ਤਿਆਗ ਕੇ ਆਪਣੇ ਬਾਪੂ ਪਾਸ ਆ ਜਾਂਦੀ ਹੈ।

ਭਾਨੋ ਦਾ ਪਿਤਾ ਉਪਜੀਵਕਤਾ ਦਾ ਕੋਈ ਸਾਧਨ ਨਾ ਹੋਣ ਕਰਕੇ ਉਸ ਨੂੰ ਸਹਾਰਾ ਦੇਣ ਤੋਂ ਅਸਮਰੱਥ ਹੈ, ਉਹ ਤਾਨੇ ਨੂੰ ਕਿਸੇ ਹੋਰ ਨਾਲ ਤੋਰਨ ਦੇ ਆਹਰ ਵਿਚ ਹੈ ਪਰ ਭਾਨੋ - ਨੂੰ ਇਹ ਮਨਜੂਰ ਨਹੀਂ।

ਭਾਨੋ ਲਈ ਜੀਵਨ ਮਾਰਗ ਦੇ ਸਭ ਰਸਤੇ ਬੰਦ ਹੋ ਗਏ ਹਨ। ਉਹ ਕਿਸੇ ਦੀ ਰਖੇਲ ਬਣ ਕੇ ਜਿਊਣਾ ਨਹੀਂ ਚਾਹੁੰਦੀ। ਉਹ ਦੁਬਾਰਾ ਵਿਕਣਾ ਨਹੀਂ ਚਾਹੁੰਦੀ ਕਿਉਂਕਿ ਉਸ ਆਪਣੇ ਜੀਵਨ ਦੀ ਕੁਰਬਾਨੀ ਕੇਵਲ ਭਰਾ ਦੀ ਬੀਮਾਰੀ ਕਾਰਨ ਦਿੱਤੀ ਸੀ । ਹੁਣ ਦੁਬਾਰਾ ਕਿਉਂ ਵਿਕੇ? ਉਸ ਨੂੰ ਅਗੋਂ ਹਨੇਰਾ ਨਜ਼ਰ ਆਉਂਦਾ ਸੀ। ਮਾਰਗ ਨਾ ਮਿਲਣ ਕਾਰਨ ਨਿਰਾਸਤਾ ਵਿਚ ਗੰਗਾ ਵਿਚ ਛਾਲ ਮਾਰ ਕੇ ਜੀਵਨ ਸਮਾਪਤ ਕਰ ਦੇਣਾ ਚਾਹੁੰਦੀ ਹੈ, ਗੰਗਾ ਕੰਢੇ ਖੜ੍ਹੇ ਨਰੈਣ ਨੇ ਉਸ ਦੀ ਇਹ ਯੋਜਨਾ ਅਸਫ਼ਲ ਬਣਾ ਦਿੱਤੀ। ਉਸ ਨੇ ਦੋ ਵਿਅਕਤੀਆਂ ਦੀ ਸਹਾਇਤਾ ਨਾਲ ਉਸ ਨੂੰ ਬਚਾ ਲਿਆ।

ਭਾਨੋ ਨੂੰ ਨਰੈਣ ਸਹਾਰੇ ਦੇ ਰੂਪ ਵਿਚ ਦਿਸਿਆ। ਉਸ ਨੇ ਨਰੈਣ ਪਾਸ ਰਹਿਣ ਦਾ ਮਨ ਬਣਾ ਲਿਆ। ਨਰੇਣ ਅਮਲੀ ਸੀ। ਉਹ ਉਮਰ ਦਾ ਸੁਨਹਿਰੀ ਸਮਾਂ ਲੰਘਾ ਚੁੱਕਾ ਸੀ। ਫਿਰ ਵੀ ਉਸ ਉਤੇ ਉਸ ਵਿਸ਼ਵਾਸ ਕਰ ਲਿਆ।

ਭਾਨੋ ਨੇ ਨਰੈਣ ਦੇ ਘਰ ਨੂੰ ਆਪਣਾ ਘਰ ਸਮਝ ਲਿਆ ਪਰ ਆਢਣਾਂ ਗੁਆਂਢਣਾਂ ਉਸ ਨੂੰ ਅਜੇ ਪਰਵਾਨ ਨਹੀਂ ਕਰਦੀਆਂ। ਉਹ ਉਸ ਨੂੰ ਮੁੱਲ ਦੀ ਆਈ ਹੋਈ ਹੀ ਸਮਝਦੀਆਂ ਹਨ। ਦਿਆਲੋ ਤੇ ਬਚਨੀ ਉਸ ਦੀਆਂ ਸੂਹਾਂ ਕੱਢਦੀਆਂ ਹਨ। ਭਾਨੋ ਆਪਣੀ ਸਥਿਤੀ ਬੇਤੀ ਨੂੰ ਸਪਸ਼ਟ ਕਰਦੀ ਹੋਈ ਕਹਿੰਦੀ ਹੈ ਕਿ ਉਸ ਦੇ ਮਾਪੇ ਅਜਿਹੇ ਨਹੀਂ।

ਭਾਨੋ ਨਰੈਣ ਦੇ ਘਰ ਆ ਕੇ ਵੀ ਸਰਵਣ ਨੂੰ ਨਹੀਂ ਭੁੱਲੀ। ਉਹ ਸਦਾ ਸਰਵਣ ਦੇ ਅੰਗ ਸੰਗ ਹੀ ਆਪਣੇ ਆਪ ਨੂੰ ਸਮਝਦੀ ਹੈ। ਉਹ ਕਿਸੇ ਨਾ ਕਿਸੇ ਰੂਪ ਵਿਚ ਰੋਜ਼ ਉਸ ਦਾ ਜ਼ਿਕਰ ਨਰੈਣ ਅੱਗੇ ਕਰ ਦੇਂਦੀ ਹੈ। ਨਰੈਣ ਨੂੰ ਸਰਵਣ ਦਾ ਨਾਮ ਸੁਣ ਕੇ ਹੋਠੀ ਜਿਹੀ ਮਹਿਸੂਸ ਹੁੰਦੀ ਹੈ। ਉਹ ਇਸ ਤੋਂ ਕੌੜ ਜਿਹੀ ਕਰਦਾ ਹੈ। ਉਸ ਦੀ ਮਨੋ ਪੀੜਾ ਉਸੇ ਤਰ੍ਹਾਂ ਹੀ ਪ੍ਰਬਲ ਹੈ। ਹੋਣੀ ਇਥੇ ਵੀ ਉਸ ਉਤੇ ਹਸਦੀ ਹੈ। ਉਸ ਦੀ ਕੁੱਖ ਵਲੀ ਨਹੀਂ। ਨਰੈਣ ਦਾ ਦੋਸਤ ਅਤੇ ਗੁਰਦੁਆਰੇ ਦਾ ਭਾਈ ਉਸ ਦੀ ਔਲਾਦ ਦੀ ਘਾਟ ਪੂਰੀ ਕਰਨਾ ਚਾਹੁੰਦੇ ਹਨ ਪਰ ਉਸ ਦੇ ਅੰਦਰ ਦੁਆਰੇ ਦਾ ਭਾਈਏ ਨੇਜ਼ਿਕ ਅਜੇ ਜਿਉਂਦਾ ਹੈ। ਉਹ ਜਾਗਰ ਵੱਲੋਂ ਝੂਠੀ ਤੋਹਮਤ ਲਗਦਾ ਹੋਈ ਨਗਣ ਦੇ ਗੁੱਸੇ ਦਾ ਸ਼ਿਕਾਰ ਹੋ ਜਾਣਾ ਪਰਵਾਨ ਕਰਦੀ ਹੈ ਪਰ ਆਪਣੇ ਮਨ ਦੀ ਵਡੱਤਣ ਨੂੰ ਨੀਵਾਂ ਨਹੀਂ ਹੋਣ ਦਿੰਦੀ।

ਇਥੇ ਉਸ ਦੀ ਸਰੀਰਕ ਸਥਿਤੀ ਵੀ ਭਲੀਭਾਂਤ ਸਾਡੇ ਸਨਮੁਖ ਆ ਜਾਂਦੀ ਹੈ। ਸਰਵਣ ਕੋਲ ਉਹ ਕੁਝ ਸਮਾਂ ਰਹੀ ਸੀ । ਉਹ ਤਾਂ ਉਸ ਦੇ ਅੰਦਰ ਬੈਠੀ ਇਸਤਰੀ ਦੀ ਆਤਮਾ ਨੂੰ ਤ੍ਰਿਪਤ ਕਰ ਸਕਦਾ ਸੀ। ਉਸ ਕੋਲ ਰਹਿੰਦਿਆਂ ਵੀ ਉਸ ਦਾ ਇਸਤਰੀਤਤਵ ਪ੍ਰਫੁਲਤ ਨਹੀਂ ਹੋ ਸਕਿਆ। ਇਸ ਦਾ ਇਹ ਅਰਥ ਨਹੀਂ ਕਿ ਉਹ ਬਾਂਝ ਹੈ। ਨਰੈਣ ਪਾਸ ਵੀ ਆ ਕੇ ਉਸ ਦੀ

ਦਸ਼ਾ ਅਨੁਪਾਤ ਹੈ। ਉਸ ਦੇ ਰੋਮ ਰੋਮ ਵਿਚ ਸਰਵਣ ਸਮਾਇਆ ਹੋਇਆ ਹੈ। ਇਸ ਕਰਕੇ ਉਸ ਦੀ ਕੁੱਖ ਵਿਚ ਨਰੈਣ ਦਾ ਬੱਚਾ ਪਲਰਨਾ ਅਸੰਭਵ ਹੋ ਗਿਆ ਹੈ।

ਕਈ ਅਲੋਚਕਾਂ ਖਾਸ ਕਰ ਟੀ.ਆਰ. ਵਿਨੋਦ ਨੇ ਨਰੈਣ ਨੂੰ ਸਰੀਰਕ ਤੌਰ ਤੇ ਨਿਪੁੰਸ਼ਕ ਪ੍ਰਗਟ ਕੀਤਾ ਹੈ ਪਰ ਉਸ ਵੱਲੋਂ ਕਈ ਥਾਵਾਂ ਤੇ ਪ੍ਰਗਟ ਕੀਤੀਆਂ ਆਪਣੀਆਂ ਮਨੋਭਾਵਨਾਵਾਂ ਉਸ ਨੂੰ ਸਰੀਰਕ ਰੂਪ ਤੋਂ ਨਿਪੁੰਸ਼ਕ ਪ੍ਰਗਟ ਨਹੀਂ ਕਰਦੀਆਂ। ਉਹ ਭਾਗਵੰਤੀ ਲਈ ਵੀ ਤਾਂ ਬੇਮਤਲਬ ਸਿੱਧ ਹੋ ਸਕਦਾ ਸੀ। ਭਾਨੋ ਵਿਚ ਇਕ ਰਚਨਾਤਮਕ ਉਛਾਲ ਹੈ। ਉਸ ਦੇ ਮੇਚ ਵਿਚ ਨਰੈਣ ਨਹੀਂ ਆਉਂਦਾ। ਉਹ ਨਰੈਣ ਨੂੰ ਸੰਤੁਸ਼ਟ ਨਹੀਂ ਕਰ ਸਕੀ। ਨਰੈਣ ਉਸ ਦੀ ਆਤਮਾ ਨੂੰ ਟੁੰਬ ਨਹੀਂ ਸਕਿਆ। ਇਸ ਕਰਕੇ ਉਸ ਦੀ ਆਤਮਾ ਅਤ੍ਰਿਪਤ ਹੀ ਰਹਿਣ ਕਰਕੇ ਉਸ ਦੀ ਕੁੱਖ ਵਲ ਨਹੀਂ ਸਕੀ।

ਸਮਾਜ ਦੀ ਹੋਣੀ ਅਜੇ ਵੀ ਉਸ ਉਤੇ ਹੱਸਦੀ ਹੈ। ਭਾਨੋ ਤਾਂ ਹਾਲਾਤ ਨਾਲ ਸਮਝੌਤਾ ਕਰਕੇ ਨਰੈਣ ਕੋਲ ਦਿਨ ਕਟ ਰਹੀ ਹੈ ਪਰ ਨਰੈਣ ਦੀ ਭੈਣ ਕਰਤਾਰੀ ਨੂੰ ਇਹ ਨਹੀਂ ਭਾਉਂਦਾ ਕਿ ਉਸ ਦੇ ਭਰਾ ਦੇ ਵਿਹੜੇ ਵਿਚ ਬੱਚਾ ਨਾ ਖੇਡੇ। ਨਰੈਣ ਦੀ ਰੀਝ ਨੂੰ ਉਸ ਦੀ ਭੈਣ ਕਰਤਾਰੀ ਨੇ ਪ੍ਰਬਲ ਕਰ ਦਿੱਤਾ ਅਤੇ ਉਹ ਹੋਰ ਵਿਆਹ ਕਰਵਾਉਣ ਲਈ ਤਿਆਰ ਹੋ ਗਿਆ। ਜਿਥੇ ਮਰਦ ਪ੍ਰਧਾਨ ਸਮਾਜ ਇਸਤਰੀ ਨੂੰ ਦੱਬ ਕੇ ਰੱਖਦਾ ਹੈ ਉਥੇ ਕਰਤਾਰੀ ਇਸਤਰੀ ਹੁੰਦਿਆਂ ਵੀ ਉਸ ਦਾ ਹੱਕ ਮਾਰ ਦੇਂਦੀ ਹੈ। ਜੇ ਭਾਨੋ ਚਾਹੁੰਦੀ ਤਾਂ ਉਹ ਕਰਤਾਰੀ ਨੂੰ ਆਪਣੇ ਘਰ ਕੁੜੀ ਦਾ ਵਿਆਹ ਕਰਨ ਦੀ ਆਗਿਆ ਨਾ ਦੇਂਦੀ। ਭਾਨੋ ਨੂੰ ਕੁਦਰਤ ਨੇ ਵਿਸ਼ਾਲ ਹਿਰਦਾ ਦਿੱਤਾ ਸੀ। ਉਸ ਦੇ ਮਨ ਵਿਚ ਕੋਈ ਮੇਰ ਤੇਰ ਨਹੀਂ ਸੀ। ਇਸ ਕਰਕੇ ਉਸ ਨੇ ਆਪਣੇ ਘਰ ਦੇ ਦਰਵਾਜ਼ਿਆਂ ਸਮੇਤ ਆਪਣੇ ਮਨ ਦੇ ਦਰਵਾਜ਼ੇ ਵੀ ਆਪਣੀ ਨੰਨਦ ਵਾਸਤੇ ਖੁੱਲ੍ਹੇ ਰੱਖੇ। ਉਸ ਦੀ ਖੁੱਲ੍ਹਦਿਲੀ, ਵਿਸ਼ਾਲ ਹਿਰਦੇ ਅਤੇ ਸੇਵਾ ਭਾਵ ਦਾ ਕਰਤਾਰੀ ਨੇ ਉਸ ਨੂੰ ਆਪਣੇ ਭਰਾ ਦਾ ਹੋਰ ਵਿਆਹ ਕਰਵਾਉਣ ਦੇ ਰੂਪ ਵਿਚ ਇਨਾਮ ਦਿੱਤਾ।

ਭਾਨੋ ਬੰਤੀ ਨਾਲ ਸੰਵਾਦ ਕਰਨ ਸਮੇਂ ਆਪਣੇ ਮਨ ਦੀ ਹਵਾੜ ਇਸ ਤਰ੍ਹਾਂ ਕਢਦੀ ਹੈ ਕਿ ਬੇਬੇ, ਉਹ ਉਸ ਨੂੰ ਬੱਚਾ ਹੋਣ ਦੀ ਅਸੀਸ ਦੇਂਦੀ ਹੈ। ਉਹ ਕਹਿੰਦੀ ਹੈ- ਲੈ ਜੀ ਹੁਣ ਕਰਕ ਬੈਠ ਕੇ ਤੇ ਉਠਿਆ ਨਹੀਂ ਜਾਂਦਾ ਤੇਰੇ ਅਮਲੀ ਤੋਂ-ਤੂੰ ਤਾਂ ਕਮਲੀ ਐਂ ਬੇਬੇ। ਕਦੇ ਸੁੱਕੇ ਦਰਖਤ ਵੀ ਹਰੇ ਹੋਏ ਨੇ। ਫੁੱਲਿਆ ਤਾਂ ਪਿਆ ਉਹ ਅਮਲਾਂ ਦਾ ਉਤੇ ਕਾਨੋ ਦੀ ਇਹ ਮਨ ਦੀ ਹਵਾੜ ਔਲਾਦ ਨਾ ਪੈਦਾ ਕਰ ਸਕਣ ਦੀ ਸਥਿਤੀ ਉਤੇ ਝਾਤ ਪਾਉਂਦੀ ਹੈ। ਉਸ ਦਿਲ ਦੇ ਸ਼ਰਮ ਨੂੰ ਕੌਣ ਜਾਣੇ। ਜੇ ਭਾਨੇ ਗਹਿਰ ਗੰਭੀਰ ਖੁਲ੍ਹੇ ਦਿਲ ਵਾਲੀ ਅਤੇ ਸਬਰ ਵਾਲੀ ਇਸਤਰੀ ਨਾ ਹੁੰਦੀ ਤਾਂ ਉਹ ਨਰੈਣ ਨੂੰ ਪਿੰਡ ਵਿਚ ਨਸ਼ਰ ਕਰ ਸਕਦੀ ਸੀ। ਉਹ ਹਰ ਹਾਲਾਤ ਨਾਲ

ਸਮਝੌਤਾ ਕਰ ਸਕਦੀ ਹੈ। ਉਸ ਵਿਚ ਵਗਦੇ ਤੂਫਾਨ ਨੂੰ ਵੀ ਆਪਣੇ ਵਿਚ ਸਮੋਣ ਦੀ ਸ਼ਕਤੀ ਹੈ। ਉਹ ਅਡੋਲ ਤੇ ਅਹਿਲ ਇਸਤਰੀ ਹੈ।

ਹੋਣੀ ਉਸ ਨਾਲ ਫਿਰ ਖੇਡ ਖੇਡਦੀ ਹੈ। ਜਦ ਉਹ ਇਕ ਦਿਨ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਹੁੰਦੀ ਹੈ। ਉਹ ਹਨੇਰੀ ਮੀਂਹ ਹੋਣ ਕਰਕੇ ਮਘੋਰਾ ਕੱਜਣ ਲਈ ਕੋਠੇ ਉੱਤੇ ਗਈ। ਚੱਕਰ ਆਉਣ ਕਾਰਨ ਛੱਤ ਤੋਂ ਹੇਠਾਂ ਡਿੱਗ ਕੇ ਜਖ਼ਮੀ ਹੋ ਜਾਂਦੀ ਹੈ ਅਤੇ ਹਸਪਤਾਲ ਦਾਖਲ ਹੋ ਜਾਂਦੀ ਹੈ। ਉਸ ਦੀ ਗੈਰ ਹਾਜ਼ਰੀ ਵਿਚ ਹੀ ਨਰੈਣ ਭਾਗਵੰਤੀ ਨੂੰ ਲੈ ਆਉਂਦਾ ਹੈ। ਉਸ ਨੇ ਤਿਣਕਾ ਤਿਣਕਾ ਜੋੜ ਕੇ ਜਿਹੜਾ ਨਵਾਂ ਆਹਲਣਾ ਬਣਾਇਆ ਸੀ ਉਹ ਵੀ ਵਗੇ ਤੂਫਾਨ ਵਿਚ ਉਡ ਗਿਆ। ਉਸ ਦੇ ਸਾਹਮਣੇ ਰਹਿ ਗਏ ਬਿਖਰੇ ਕੁਝ ਤੀਲੇ। ਉਸ ਦਾ ਸਹਾਰਾ ਟੁੱਟ ਗਿਆ। ਹੁਣ ਘਰ ਦੀ ਮਾਲਕਣ ਭਾਗਵੰਤੀ ਬਣ ਗਈ। ਉਹ ਚੁਪਚਾਪ ਸਮਾਜ ਦਾ ਬਪੇੜਾ ਵੀ ਸਹਿ ਗਈ। ਆਪਣੇ ਸੀਨੇ ਤੇ ਲੱਗੇ ਇਸ ਜ਼ਖ਼ਮ ਨੂੰ ਵੀ ਉਸ ਉਨ੍ਹਾਂ ਜ਼ਖ਼ਮਾਂ ਨਾਲ ਵਿਚੇ ਹੀ ਸਮੋਅ ਲਿਆ।

ਨਰੈਣ ਦਾ ਇਥੇ ਕਿਰਦਾਰ ਬਹੁਤ ਘਿਣੋਣਾ ਉਘੜਦਾ ਹੈ ਜਦੋਂ ਉਹ ਭਾਨੇ ਨੂੰ ਕੇਵਲ ਘਰੋਂ ਹੀ ਨਹੀਂ ਕੱਢਦਾ ਸਗੋਂ ਉਸ ਦਾ ਮੁੱਲ ਵੀ ਵੱਟ ਲੈਂਦਾ ਹੈ। ਭਾਨੇ ਜਿਹੜੀ ਸਰਵਣ ਦੇ ਭਰਾਵਾਂ ਨਾਲ ਰਹਿਣਾ ਪਸੰਦ ਨਹੀਂ ਕਰਦੀ ਪਿਤਾ ਵੱਲੋਂ ਦੋਬਾਰਾ ਵਚੇ ਜਾਣ ਨੂੰ ਸਵੀਕਾਰ ਨਹੀਂ ਕਰਦੀ ਪਤਾ ਨਹੀਂ ਕਿਉਂ ਚੁਪਚਾਪ ਨਰੈਣ ਦੀ ਗੱਲ ਮੰਨ ਜਾਂਦੀ ਹੈ। ਇਥੇ ਦਲੀਪ ਕੌਰ ਭਾਨੋ ਦੀ ਮਨੋਦਸ਼ਾ ਦਾ ਪ੍ਰਗਟਾ ਇਨ੍ਹਾਂ ਸ਼ਬਦਾਂ ਨਾਲ ਕਰਦੀ ਹੈ - ਉਸ ਦੇ ਵੇਖਦਿਆਂ ਵੇਖਦਿਆਂ ਬਿੱਲੀ ਨੇ ਅਲਮਾਰੀ ਉਤੇ ਛਾਲ ਮਾਰੀ ਅਤੇ ਚਿੜੀ ਨੂੰ ਮਰੋੜ ਕੇ ਮੂੰਹ ਵਿਚ ਲੈ ਕ ਬਾਹਰ ਨੂੰ ਤੁਰ ਗਈ। ਭਾਨੇ ਦੀ ਵੀ ਬਿਲਕੁਲ ਅਜਿਹੀ ਸਥਿਤੀ ਹੈ। ਉਹ ਨਰੈਣ ਦੀ ਛੱਤ ਹੇਠਾਂ ਆਪਣਾ ਰੈਣ ਬਸੇਰਾ ਕਰ ਰਹੀ ਸੀ ਕਿ ਅਚਿੰਤੇ ਬਾਜ ਆ ਪਏ ਅਤੇ ਉਹ ਆਪਾ ਸਾਂਭਣ ਤੋਂ ਪਹਿਲਾਂ ਹੀ ਹੋਣੀ ਦਾ ਸ਼ਿਕਾਰ ਹੋ ਗਈ। ਉਸ ਦਾ ਆਸਰਾ ਅਤੇ ਆਸ ਸਮਾਪਤ ਹੋ ਗਈ। ਉਹ ਫਿਰ ਨਵਾਂ ਘਰ ਬਣਾਉਣ ਲਈ ਪਰਦੇਸੀਆਂ ਵਾਂਗ ਨਰੈਣ ਦੇ ਘਰੋਂ ਤੁਰ ਪਈ। ਹੁਣ ਉਸ ਨੂੰ ਇਸ ਪਿੰਡ ਦੀ ਮਰਯਾਦਾ ਦਾ ਕੋਈ ਵਿਚਾਰ ਨਹੀਂ ਸੀ। ਉਹ ਸਭ ਕੁਝ ਭੁੱਲ à ਉਥੋਂ ਤੁਰ ਪਈ ਜਿਵੇਂ ਇਸ ਪਿੰਡ ਨਾਲ ਉਸ ਦਾ ਕੋਈ ਸੰਬੰਧ ਨਾ ਹੋਵੇ। ਲੇਖਕ ਦੇ ਸ਼ਬਦਾ ਵਿਚ ਬਿਨਾਂ ਘੱਗਰੇ ਤੋਂ, ਬਿਨਾਂ ਘੁੰਡ ਕੱਢਿਆਂ ਅੱਜ ਭਾਨੋ ਸੱਥ ਵਿਚੋਂ ਦੀ ਪਰਦੇਸਣਾਂ ਵਾਂਗ ਲੰਘਦੀ ਜਾ ਰਹੀ ਸੀ।

ਡਾ. ਦਲੀਪ ਕੌਰ ਟਿਵਾਣਾ ਦਾ ਇਹ ਨਾਵਲ ਇਸਤਰੀ ਦੀ ਸਮਾਜਿਕ ਸਥਿਤੀ ਦਾ ਵਰਣਨ ਕਰਦਾ ਹੈ। ਪਰਿਵਾਰ, ਸਮਾਜ ਅਤੇ ਜਾਗੀਰਦਾਰੀ ਪਬੰਧ ਇਸਤਰੀ ਨੂੰ ਜੀਵਨ ਦਾ ਹੱਕ ਨਹੀਂ ਦੇਂਦੇ। ਨਾਵਲਕਾਰ ਭਾਨੋ ਦੀ ਜੀਵਨ ਕਹਾਣੀ ਨੂੰ ਧੀਰੇ ਧੀਰੇ ਉਸਾਰ ਕੇ ਸ਼ਿਖ਼ਰ ਕੇ ਲੈ ਜਾਂਦੀ ਹੈ ਜਿਥੇ ਪਹੁੰਚ ਕੇ ਵਿਅਕਤੀ ਇਹ ਸੋਚਣ ਤੇ ਮਜਬੂਰ ਹੋ ਜਾਂਦਾ ਹੈ ਕਿ ਇਸਤਰੀ ਇਕ ਜੂਨ ਭੁਗਤ ਰਹੀ ਹੈ। ਉਸ ਦੀ ਆਪਣੀ ਕੋਈ ਮਰਜ਼ੀ, ਕੋਈ ਰੀਝ, ਕੋਈ ਸੋਚ ਨਹੀਂ ਉਸ ਨੂੰ ਜਿਵੇਂ ਚਾਹੇ ਰੋਲਿਆ ਜਾ ਸਕਦਾ ਹੈ। ਉਸ ਨੂੰ ਸਮਾਜ ਵਿਚ ਕੋਈ ਹੱਕ ਨਹੀਂ। ਉਸ ਨੂੰ ਆਪਣੇ ਸੀਨੇ ਉਤੇ ਲੱਗੇ ਘਾਉ ਨੂੰ ਪ੍ਰਗਟ ਕਰਨ ਦਾ ਵੀ ਕੋਈ ਅਧਿਕਾਰ ਨਹੀਂ। ਮਰਦ ਭਾਵੇਂ ਅਮਲੀ ਹੋਵੇ ਭਾਵੇਂ ਮਾਨਸਿਕ ਰੂਪ ਵਿਚ ਬੀਮਾਰ ਹੋਵੇ ਫਿਰ ਵੀ ਉਹ ਵਿਸ਼ੇਸ਼ ਹੱਕ ਰੱਖਦਾ ਹੈ। ਉਹ ਜਦ ਚਾਹੇ ਇਸਤਰੀ ਨੂੰ ਧੱਕਾ ਦੇ ਕੇ ਦੂਸਰੀ ਤੇ ਤੀਸਰੀ ਇਸਤਰੀ ਲਿਆ ਸਕਦਾ ਹੈ।

ਭਾਨੋ ਸਰਵਣ ਦੇ ਮਰ ਜਾਣ ਉਪਰੰਤ ਆਪਣੇ ਪਰ ਫੜ ਫੜਾਉਂਦੀ ਹੈ ਪਰ ਅੰਤ ਉਤੇ ਉਸ ਦੀ ਆਤਮਾ ਨੂੰ ਦਬੋਚ ਲਿਆ ਜਾਂਦਾ ਹੈ । ਅੰਤ ਉਤੇ ਰਾਤ ਦਾ ਹਨੇਰਾ, ਉਸ ਦੇ ਜੀਵਨ ਦਾ ਅੰਧੇਰਾ ਹੈ। ਹੋਣੀ ਉਸ ਨੂੰ ਪੈਰ ਪੈਰ ਤੇ ਪਿਛਾੜਦੀ ਹੈ । ਉਸ ਨੂੰ ਦਰ ਦਰ ਰੋਲਦੀ ਹੈ।

'ਏਹੁ ਹਮਾਰਾ ਜੀਵਣਾ' ਨਾਮੀ ਨਾਵਲ ਸਾਡੇ ਮਨਾਂ ਵਿਚ ਕਰੁਣਾ ਦੇ ਭਾਵ ਉਤਪੰਨ ਕਰਦਾ ਹੈ। ਲੇਖਿਕਾ ਆਪਣੇ ਵਿਸ਼ੇ ਤੇ ਭਾਵ ਪ੍ਰਗਟਾਉਣ ਵਿਚ ਪੂਰੀ ਤਰ੍ਹਾਂ ਸਫ਼ਲ ਨਹੀਂ ਕਹੀ ਜਾ ਸਕਦੀ। ਉਸ ਦੀ ਇਹ ਪੇਸ਼ਕਾਰੀ ਵਾਸਤਵਿਕਤਾ ਨਾਲੋਂ ਕਲਪਨਾ ਦੇ ਵਧੇਰੇ ਨੇੜੇ ਪੁੱਜ ਜਾਂਦੀ ਹੈ। ਉਸ ਦੀ ਕਲਪਨਾ ਵਾਸਤਵਿਕਤਾ ਦਾ ਬੋਧ ਕਰਾਉਂਦੀ ਹੈ, ਭਾਵ ਪਾਠਕ ਮਨ ਨੂੰ ਟੁੰਬਦੇ ਹਨ ਅਤੇ ਕਰੁਣਾ ਸਭ ਦੀ ਹੋ ਨਿਬੜਦੀ ਹੈ। ਭਾਨੋ ਦੀ ਮਨੋਦਸ਼ਾ ਸਰਵਣ ਤੇ ਨਰੈਣ ਦੇ ਦੋਹਾਂ ਪੋਲਾਂ ਦੁਆਲੇ ਲਟਕ ਰਹੀ ਹੈ। ਸਰਵਣ ਉਸ ਦੀ ਮਨੋਭਾਵਨਾ ਦੀ ਚੜ੍ਹਤ ਹੈ ਅਤੇ ਨਰੈਣ ਕਰੁਣਾ ਭਾਵ ਦੀ ਖਾਈ। ਭਾਨੋ ਦੋਹਾਂ ਸਥਿਤੀਆਂ ਨਾਲ ਹੀ ਆਪਣੇ ਮਨ ਦੀ ਵਡੱਤਣ ਕਰਕੇ ਸਮਝੌਤਾ ਕਰ ਲੈਂਦੀ ਹੈ। ਉਸ ਦਾ ਕੀਤਾ ਸਮਝੌਤਾ ਜਾਗੀਰਦਾਰੀ ਪ੍ਰਬੰਧ ਨੂੰ ਮਨਜ਼ੂਰ ਨਹੀਂ। ਉਹ ਉਸ ਵੱਲੋਂ ਮਨ ਨਾਲ ਕੀਤੇ ਸਮਝੌਤੇ ਦਾ ਪਾਬੰਦ ਨਹੀਂ। ਭਾਨੋ ਦੀ ਇਹ ਤਰਾਸਦੀ ਨਹੀਂ ਕਿ ਉਹ ਆਪਣੇ ਪ੍ਰਯਤਨਾਂ ਵਿਚ ਅਸਫ਼ਲ ਰਹੀ ਸਗੋਂ ਉਸ ਦੇ ਯਤਨਾਂ ਵਿਚ ਉਹਦੀ ਕਿਸੇ ਵੀ ਸਹਾਇਤਾ ਨਾ ਕੀਤੀ।

ਅੰਤ ਉਤੇ ਨਾਵਲਕਾਰ ਨੇ ਭਾਨੋ ਨੂੰ ਸਮਾਜ ਦੇ ਰਸਮੋ-ਰਿਵਾਜ, ਤਜਦਿਆਂ ਦਿਖਾਇਆ ਹੈ। ਉਹ ਖੋਖਲੇ ਸਮਾਜ ਦੀਆਂ ਖੋਖਲੀਆਂ ਰੀਤਾਂ ਨੂੰ ਛੱਡ ਕੇ ਇੱਕਲੀ ਨਰੈਣ ਦੇ ਘਰੋਂ ਜਾ ਰਹੀ ਹੈ। ਉਹ ਸਭ ਰੀਤਾਂ ਨੂੰ ਤੱਜ ਕੇ ਆਪਣੇ ਭਵਿੱਖ ਦੀ ਨਵੀਂ ਪੈੜ ਪਾਉਣ ਲਈ ਘਰੋਂ ਨੰਗੇ ਮੂੰਹ ਤੁਰ ਪੈਂਦੀ ਹੈ। ਸ਼ਾਇਦ ਉਹ ਨਵਾਂ ਇਤਿਹਾਸ ਸਿਰਜ ਸਕੇ ਜਿਸ ਕਰੁਣਾ ਭਰੇ

ਇਤਿਹਾਸ ਨੂੰ ਇਸਤਰੀ ਨੇ ਆਪਣੇ ਪਿੰਡੇ ਉਤੇ ਹੰਢਾਇਆ ਹੈ। ਇਸ ਨਾਵਲ ਵਿਚੋਂ ਇਸਤਰੀ ਪ੍ਰਤੀ ਸਮਾਜ ਦਾ ਇਤਿਹਾਸ ਮੁੜ ਦੁਹਰਾਉਂਦਾ ਦਿਸਦਾ ਹੈ ਅਤੇ ਮੂਕ ਰੂਪ ਵਿਚ ਇਸ ਕਰੁਣਾ ਭਰਪੂਰ ਇਤਿਹਾਸ ਨੂੰ ਬਦਲਣ ਲਈ ਇਕ ਸੁਝਾਉ ਦੇਂਦਾ ਹੈ। ਇਸ ਮੰਤਵ ਵਿਚ ਨਾਵਲਕਾਰ ਪੂਰੀ ਤਰ੍ਹਾਂ ਸਫ਼ਲ ਹੈ।

**ਵਾਟ ਹਮਾਰੀ :**

ਵਾਟ ਹਮਾਰੀ ਨਾਵਲ ਵਿਚ ਦਲੀਪ ਕੌਰ ਟਿਵਾਣਾ ਨੇ ਇਸਤਰੀ ਜਾਤੀ ਦੀ ਅਰਥਹੀਣਤਾ ਵਿਚੋਂ ਉਪਜੀ ਮਾਨਸਿਕਤਾ ਦਾ ਵਿਸ਼ਲੇਸ਼ਣ ਕੀਤਾਹੈ। ਇਸ ਦੀ ਨਾਇਕਾ ਕੇਵਲ ਦੀ ਜੁਆਨੀ ਤੋਂ ਪਤਨ ਤੀਕ ਦੀ ਅਰਥਹੀਨਤਾ ਦੇ ਭਾਵਾਂ ਨੂੰ ਆਪਣੇ ਆਪ ਵਿਚ ਸਮੋਈ ਚੁਪਚਾਪ ਹੰਢਾ ਰਹੀ ਹੈ। ਉਸ ਦਾ ਸਿਲੋਨਾ ਰੰਗ ਹੋਣ ਕਾਰਨ ਉਹ ਜੀਵਨ ਨੂੰ ਕਿਸੇ ਖਾਸ ਬਿੰਦੂ ਤੋਂ ਵੇਖਣ ਵਾਲੀ ਚੇਤਨਾ ਦੀ ਮਾਨਸਿਕ ਹਾਰ ਨੂੰ ਹੰਢਾ ਰਹੀ ਹੈ। ਉਹ ਜੀਵਨ ਦੀ ਪਹਿਲੀ ਹਾਰ ਤੋਂ ਬੇਵਸੀ ਵਿਚ ਹੀ ਆਪਣੇ ਚੌਗਿਰਦੇ ਅਰਥਹੀਨਤਾ ਦੀ ਲਪੇਟ ਵਿਚ ਆ ਜਾਂਦੀ ਹੈ। ਉਹ ਕਿਸੇ ਮਰਦ ਦੇ ਤਰਸ ਦਾ ਪਾਤਰ ਬਣਕੇ ਜਿਉਣ ਨਾਲੋਂ ਇਕਲਿਆਂ ਜੀਵਨ ਨਿਭਾ ਕਰਨ ਨੂੰ ਪਹਿਲ ਦੇਂਦੀ ਹੈ। ਸਮਾਜਿਕ ਪ੍ਰਸਥਿਤੀਆਂ ਇਸ ਇੱਛਾ ਦੇ ਪ੍ਰਤੀਕੂਲ ਹਨ। ਉਸ ਦਾ ਚੋਗਿਰਦਾ ਉਸ ਨੂੰ ਆਪਣੇ ਦੁਆਲੇ ਬਣੇ ਮੱਕੜੀ ਜਾਲ ਵਿਚੋਂ ਨਿਕਲਣ ਦੀ ਸਲਾਹ ਦੇਂਦਾ ਹੈ। ਉਸ ਦੇ ਘਰ ਦੀ ਨੌਕਰਾਣੀ ਵੀ ਉਸ ਨੂੰ ਨਸੀਹਤ ਕਰਨੀ ਆਪਣਾ ਫ਼ਰਜ਼ ਸਮਝਦੀ ਹੈ।

"ਕੱਲੇ ਬੰਦੇ ਦੀ ਕਾਹਦੀ ਜੂਨ ਹੁੰਦੀ ਹੈ। ਥੋੜੇ ਕੋਲੋਂ ਕਾਹਦਾ ਲੁਕੋ ਐ। ਨਾਲੇ ਚਾਰ ਜੁਵਾਕਾਂ ਦੀ ਮਾਂ ਸੀ ਮੈਂ ਜਦੋਂ ਫੁੰਮਣ ਮਰਿਆ। ਸੋਚਿਆ ਮਨਾ ਸਿਰ ਢੱਕਣ ਬਿਨਾਂ ਨਹੀਂ ਸਰਦਾ। ਭਾਵੇਂ ਇਹ ਹੁਣ ਅਮਲੀ ਸਮਲੀ ਐ ਪਰ ਘਰ ਆਦਮੀ ਤਾਂ ਹੈ, ਨਹੀਂ ਤਾਂ ਕੁੱਤੇ ਨਹੀਂ ਮਾਣ ਹੁੰਦੇ। ਨਾਲੇ ਭਰਾ ਥੋਡਾ ਚੌਹਾਂ ਭਾਈਆਂ ਵਿਚ ਖੜ੍ਹ ਕੇ ਗੱਲ ਕਰਨ ਯੋਗਾ ਨੀ। ਕਹਿੰਦਾ ਲੋਕ ਆਖਣਗੇ ਦੇਖ ਲੋ ਬਣਿਆ ਫਿਰਦਾ ਫੰਨੇ ਖਾਂ ਭੈਣ ਬਾਰੋਂ ਨਹੀਂ ਉਠਾਲ ਹੋਈ।"

ਲੇਖਿਕਾ ਨੇ ਨੌਕਰਾਣੀ ਦੇ ਮੂੰਹੋਂ ਸਮਾਜ ਦੀ ਗੱਲ ਕਹਿ ਦਿੱਤੀ ਹੈ। ਅੱਜ ਭਾਵੇਂ ਇਹ ਸਥਿਤੀ ਬਦਲਦੀ ਜਾ ਰਹੀ ਹੈ ਪਰ ਲੜਕੀ ਦੀ ਵੱਡੀ ਉਮਰ ਹੋ ਜਾਣ ਤੇ ਪੇਕੇ ਘਰ ਰਹਿਣ ਨੂੰ ਅਜੇ ਵੀ ਚੰਗਾ ਨਹੀਂ ਸਮਝਿਆ ਜਾਂਦਾ।

ਲੇਖਿਕਾ ਨੇ ਇਸ ਨਾਵਲ ਨੂੰ ਤਿੰਨ ਭੈਣਾਂ ਕੰਵਲ, ਮਧੂ ਅਤੇ ਕਿਰਨ ਦੀ ਜੀਵਨ ਦੀ ਤਲਾਸ਼ ਉਤੇ ਉਸਾਰਿਆ ਹੈ। ਪਿਤਾ ਦਾ ਹੱਥ ਬਚਪਨ ਵਿਚ ਹੀ ਸਿਰ ਤੋਂ ਉਠ ਗਿਆ। ਕੰਵਲ ਦੀ ਮਨੋਕਾਮਨਾ ਬਹੁਤਾ ਪੜ੍ਹ ਕੇ ਪ੍ਰੋਫ਼ੈਸਰ ਬਣਨ ਦੀ ਹੈ। ਦੂਜੀਆਂ ਦੋਵੇਂ ਜਲਦੀ ਵਿਆਹ ਕਰਵਾ ਕੇ ਘਰ ਵਸਾ ਲੈਂਦੀਆਂ ਹਨ। ਮਧੂ ਦਿੱਲੀ ਦੇ ਇਕ ਫੌਜੀ ਅਫ਼ਸਰ ਨਾਲ ਤੇ ਕਿਰਨ ਵਿਦੇਸ਼ ਵਿਚ ਵਸਦੇ ਇਕ ਯੁਵਕ ਨਾਲ ਵਿਆਹੀ ਜਾਂਦੀ ਹੈ। ਇਹ ਦੋਵੇਂ ਪਰੰਪਰਾ ਨਾਲ ਜੁੜੀਆਂ ਹੋਈਆਂ ਹਨ ਪਰ ਕੰਵਲ ਕਿਸੇ ਦੇ ਆਸਰੇ ਜਿਉਣ ਦਾ ਸੰਕਲਪ ਨਹੀਂ ਰਖਦੀ। ਉਹ ਆਪਣੇ ਸਵੈ ਨੂੰ ਉਚਾ ਰੱਖ ਕੇ ਜਿਉਣਾ ਚਾਹੁੰਦੀ ਹੈ। ਇਸੇ ਕਰਕੇ ਉਸ ਦੇ ਜੀਵਨ ਵਿਚ ਆਉਣ ਵਾਲਾ ਹਰ ਮਰਦ ਉਸ ਦੇ ਸਵੈ ਅੱਗੇ ਠਹਿਰ ਨਹੀਂ ਸਕਿਆ। ਰਵੀ, ਸੁਰਿੰਦਰ, ਪ੍ਰੋ. ਅਮਰਜੀਤ ਆਦਿ ਉਸ ਦੇ ਵਿਚਾਰ ਸਾਹਮਣੇ ਸਾਵੇਂ ਨਹੀਂ ਉਤਰ ਸਕੇ। ਉਸ ਬਾਰੇ ਟਿੱਪਣੀ ਕਰਦਾ ਹੋਇਆ ਪ੍ਰੋ. ਅਮਰਜੀਤ ਸਿੰਘ ਕਹਿੰਦਾ ਹੈ "ਹਾਂ, ਪਰ ਤੂੰ ਇਹ ਨਹੀਂ ਚਾਹੁੰਦੀ। ਤੈਨੂੰ ਆਪਣੀ ਤਾਕਤ ਦਾ ਪਤਾ ਹੈ ਤੂੰ ਲੋਕਾਂ ਨੂੰ ਉੱਲੂ ਬਣਦਾ ਵੇਖ ਕੇ ਜੀ ਵਿਚ ਖੁਸ਼ ਹੁੰਦੀ ਹੈ। ਇਸੇ ਲਈ ਕਿਸੇ ਇਕ ਦੀ ਬਣ ਕੇ ਜਿਉਣਾ ਤੈਨੂੰ ਪਰਵਾਨ ਨਹੀਂ।"

ਅਮਰਜੀਤ ਦੇ ਦਿੱਲੀ ਚਲੇ ਜਾਣ ਤੇ ਕੰਵਲ ਨੂੰ ਇਕੱਲੀ ਇਸਤਰੀ ਦੇ ਪ੍ਰਨਾਮ ਦਾ ਗਿਆਨ ਹੁੰਦਾ ਹੈ। ਬਸੰਤ ਪੰਚਮੀ ਤੇ ਗੁ ਦੁਖਨਿਵਾਰਨ ਵਿਖੇ ਮੱਥਾ ਟੇਕਣ ਗਿਆ ਉਥੇ ਉਸ ਨੂੰ ਬਚਪਨ ਦੀ ਸਹੇਲੀ ਦੀਪ ਮਿਲ ਜਾਂਦੀ ਹੈ ਨਾਲ ਹੀ ਉਸ ਦਾ ਭਰਾ ਹਰਨੇਕ ਹੁੰਦਾ ਹੈ। ਦੀਪ ਦਸਦੀ ਹੈ ਕਿ ਹਰਨੇਕ ਦੀ ਪਤਨੀ ਛੋਟਾ ਜਿਹਾ ਬੱਚਾ ਛੱਡ ਕੇ ਮਰ ਗਈ ਸੀ। ਹਰਨੇਕ ਕੰਵਲ ਨੂੰ ਭਾਅ ਜਾਂਦਾ ਹੈ। ਦੋਵੇਂ ਵਿਆਹ ਕਰਨ ਦਾ ਫੈਸਲਾ ਕਰ ਲੈਂਦੇ ਹਨ।

ਹਰਨੇਕ ਦੇ ਮਾਮੇ ਨੂੰ ਸਗਣ ਦੀ ਮੋਟਰ ਲੈ ਕੇ ਆਇਆ ਵੇਖ ਕੇ ਕੇਵਲ ਦਾ ਭਰਾ ਕੰਵਲ ਦੇ ਫੈਸਲੇ ਤੇ ਹੈਰਾਨ ਹੁੰਦਾ ਹੈ। ਕੇਵਲ 'ਹਾਂ' ਕਰ ਦੇਂਦੀ ਹੈ। ਵਿਆਹ ਹੋਣ ਤੋਂ ਬਾਅਦ ਕੰਵਲ ਹਰਨੇਕ ਨੂੰ ਆਪਾ ਅਰਪਣ ਕਰ ਦਿੰਦੀ ਹੈ। ਉਹ ਘਰ ਦੇ ਸਾਰੇ ਕੰਮ ਕਰਦੀ ਹੈ। ਉਸ ਦੀ ਭੈਣ ਕਿਰਨ ਅਤੇ ਉਸ ਦਾ ਪਤੀ ਉਸ ਦੇ ਘਰ ਗਿਆ ਕੰਵਲ ਨੂੰ ਖੁਸ਼ ਵੇਖਦੇ ਹਨ। ਇਹ ਕੰਵਲ ਦੀ ਆਪਣੀ ਚੋਣ ਸੀ। ਹਰਨੇਕ ਵੀ ਉਸ ਨੂੰ ਆਪਾ ਸਮਰਪਿਤ ਕਰ ਦੇਂਦਾ ਹੈ। ਉਹ , ਪਤਨੀ ਦੀ ਭਾਵਨਾ ਦਾ ਸਤਿਕਾਰ ਕਰਦਾ ਹੈ,

ਇਸ ਨਾਵਲ ਵਿਚ ਕੰਵਲ ਕਾਲੇ ਰੰਗ ਦੇ ਅਹਿਸਾਸ ਨੂੰ ਤਿੱਖੇ ਭਾਵ ਨਾਲ ਆਪਣੇ ਮਨ ਵਿਚ ਉਸਾਰਦੀ ਹੈ। ਉਸ ਦੇ ਮਨ ਵਿਚ ਅਰਥਹੀਨਤਾ ਦੇ ਭਾਵ ਉਘੜਦੇ ਹਨ। ਹਰਿੰਦਰ ਸਿੰਘ ਮਹਿਬੂਬ ਦੇ ਸ਼ਬਦਾਂ ਵਿਚ:- ਕੰਵਲ ਦੀ ਸ਼ਖ਼ਸੀਅਤ ਨੂੰ ਠੰਢੀ ਸਿਲ ਵਿਚ ਬਦਲ ਰਹੀ ਅਰਥਹੀਨਤਾ ਕੇਵਲ ਇਕ ਨੁਕਤੇ ਉਤੇ ਹੀ ਨਹੀਂ ਸੁੰਗੜੀ ਹੋਈ ਸਗੋਂ ਇਸ ਦੀਆਂ ਸਰਾਪੀਆਂ

ਤੰਦਾਂ ਜ਼ਿੰਦਗੀ ਦੇ ਧੁਰ ਅੰਦਰ ਨੂੰ ਵਿੰਨ੍ਹਦੀਆਂ ਜਾ ਰਹੀਆਂ ਹਨ-ਠਰ ਚੁੱਕੇ ਕਾਮ ਦੀ ਤ੍ਰਿਸ਼ਨਾ (ਪ੍ਰੋ. ਅਮਰਜੀਤ ਸਿੰਘ ਦੇ ਠਰਕ (ਕੱਚੇ ਇਸ਼ਕ ਉਤੇ ਕੇਂਦਰਿਤ) ਹਿਰਸ ਅਤੇ ਹੰਕਾਰ ਵਿਚੋਂ ਉਡਦੀ ਹਿਸਾ (ਜੰਗ) ਮਾਸੂਮੀਅਤ ਨਾ ਬੇਕਿਰਕ ਦੰਭ (ਚੇਤਨ ਦਾ ਜੀਭ ਨੂੰ ਦਿੱਤਾ ਮੁਕਤੀ ਦਾ ਲਾਰਾ) ਸਿਰਜਨਾ ਵਿਰੋਧੀ ਕਚੇ ਅਮਲ (ਚੇਤਨ ਦਾ ਹਮਲ
ਗਿਰਾਉਣਾ) ਹਊਮੇਵਾਦੀ ਸੁਆਰਥੀ ਕਠੋਰਤਾ ਦੀਆਂ ਸਿਖ਼ਰਾਂ (ਜੀਤੂ ਦੇ ਅੰਤਲੇ ਦਿਨ) ਸੈੱਲ ਕੀ ਕੁਮਲਾ ਰਹੀ ਜ਼ਿੰਦਗੀ ਦੇ ਸਮੁੱਚੇ ਕਰੂਪ ਪਹਿਲੂ ਮੁੱਖ ਨਾਇਕਾ ਦੇ ਮਨ ਅੰਤਰ ਨੂੰ ਸੁੰਨ ਅਤੇ ਬੇਹਰਕਤ ਕਰ ਰਹੇ ਹਨ।

ਜੀਵਨ ਵਿਚ ਘਟੀਆਂ ਘਟਨਾਵਾਂ ਦੇ ਪ੍ਰਨਾਮ ਵਿਚੋਂ ਨਾਰੀ ਦੇ ਜੀਵਨ ਵਿਚ ਉਪਜੀ ਅਰਥਹੀਨਤਾ ਵਿਚੋਂ ਜੀਵਨ ਦਾ ਹੁਲਾਰਾ ਵੀ ਕਿਤੇ ਅੰਗੜਾਈ ਲੈਂਦਾ ਹੈ ਕਿਤੇ ਸਵੈ ਦੀ ਭਾਲ ਵਿਚ ਜੀਵਨ ਦੀ ਲੋਅ ਅਤੇ ਧੜਕਣ ਕਿਸੇ ਨਾ ਕਿਸੇ ਰੂਪ ਵਿਚ ਆਪ ਮੁਹਾਰੇ ਫੁੱਟ ਪੈਂਦੀ ਹੈ। ਜੀਵਨ ਦੀ ਸੁੰਦਰਤਾ ਅਦਿੱਖ ਰੂਪ ਵਿਚ ਪ੍ਰਗਟ ਹੁੰਦੀ ਹੈ।

ਸਾਡੇ ਸਮਾਜ ਵਿਚ ਅੱਜ ਵੀ ਇਸਤਰੀ ਦੇ ਗੁਣਾਂ ਦੀ ਨਹੀਂ ਸਗੋਂ ਕੱਦ ਬੁਤ ਜਾਂ ਉਸ ਦੇ ਚੇਹਰੇ ਮੋਹਰੇ ਤੇ ਰੂਪ ਰੰਗ ਨੂੰ ਵੇਖ ਕੇ ਹੀ ਉਸ ਨੂੰ ਪਰਵਾਨ ਜਾਂ ਅਪਰਵਾਨ ਕੀਤਾ ਜਾਂਦਾ ਹੈ। ਕੰਵਲ ਨੇ ਵੀ ਜੀਵਨ ਦੇ ਕਈ ਸੁਪਨੇ ਆਪਣੇ ਮਨ ਵਿਚ ਸਾਂਭੇ ਹੋਏ ਸਨ ਪਰ ਉਸ ਦੇ ਸੁਪਨਿਆਂ ਦਾ ਵਣਜਾਰਾ ਉਸ ਨੂੰ ਕੋਈ ਨਾ ਮਿਲਿਆ। ਅੰਤ ਉਹ ਆਪਣੀਆਂ ਉਡਾਨਾਂ ਮਨ ਵਿਚ ਹੀ ਸਮੇਟ ਕੇ ਹਰਨੇਕ ਨਾਲ ਜੀਵਨ ਦੀ ਸਾਂਝ ਕਰਨ ਤੇ ਅੰਤਰਮੁਖੀ ਮਜਬੂਰ ਹੈ।

ਇਸ ਨਾਵਲ ਵਿਚ ਕੇਵਲ ਇਸਤਰੀ ਹੀ ਜੀਵਨ ਦਾ ਸਰਾਪ ਨਹੀਂ ਭੁਗਤਦੀ ਸਗੋਂ ਜੀਤੂ ਵਰਗੇ ਪਰਿਵਾਰ ਦੇ ਖੈਰਖਾਹ ਨੌਕਰ ਵੀ ਜੀਵਨ ਦਾ ਸੰਤਾਪ ਭੁਗਤਦੇ ਹਨ। ਆਪਣੇ ਮਾਪਿਆ ਨਾਲੋਂ ਵਿਛੜ ਕੇ ਰੋਟੀ ਦੀ ਖਾਤਰ ਦੁਖਦਾਈ ਜੀਵਨ ਭੋਗਣਾ ਇਸ ਨਾਵਲ ਦਾ ਦੂਸਰਾ ਅੰਗ ਹੈ। ਇਸ ਨਾਵਲ ਦਾ ਆਦਿ ਤੇ ਅੰਤ ਜੀਤੂ ਦੇ ਕਰੁਣਾਮਈ ਜੀਵਨ ਨੂੰ ਹੀ ਪ੍ਰਗਟ ਕਰਦਾ ਹੈ। ਜਿਥੇ ਕੰਵਲ ਆਪਣੇ ਸਵੈ ਦੀ ਭਾਲ ਕਰਦੀ ਆਪਣੇ ਅਕੀਦੇ ਤੋਂ ਹਾਰ ਕੇ ਹਰਨੇਕ ਪਾਸ ਸਹਾਰਾ ਲੈਂਦੀ ਹੈ, ਉਥੇ ਜੀਤੂ ਆਪਣੀਆਂ ਸਾਰੀਆਂ ਇਛਾਵਾਂ ਤੇ ਸੁਪਨੇ ਸਰਦਾਰਨੀ ਤੇ ਉਸ ਦੇ ਪਰਿਵਾਰ ਦੀ ਖੁਸ਼ੀ ਕਾਰਨ ਕੁਰਬਾਨ ਕਰ ਦੇਂਦਾ ਹੈ। ਇਸ ਦਾ ਇਵਜ ਉਸ ਨੂੰ ਨਿਰਾਦਰ ਦੇ ਰੂਪ ਵਿਚ ਮਿਲਦਾ ਹੈ। ਉਸ ਦੇ ਬਾਦੀ ਬਾਰੇ ਸੁਪਨੇ ਭਾਬੀ ਚੇਤਨਾ। ਉਸਾਰਦੀ ਹੈ। ਜਦ ਸਚਿਆਈ ਉਸ ਦੇ ਸਾਹਮਣੇ ਆਉਂਦੀ ਹੈ ਤਾਂ ਉਹ ਉਸ ਦਾ ਸਾਹਮਣਾ ਨਹੀਂ ਕਰ ਸਕਦਾ। ਸਗੋਂ ਇਹ ਮਨ ਤੇ ਲੱਗਾ ਘਾਉ ਭੁੱਲਣ ਲਈ ਸ਼ਰਾਬ ਦਾ ਸਹਾਰਾ ਲੈਂਦਾ ਹੈ, ਉਸ ਨੂੰ ਘਰ ਛੱਡਣਾ ਪੈਂਦਾ ਹੈ। ਉਹ ਭਟਕਦਾ ਟੀ ਬੀ. ਦੀ ਬੀਮਾਰੀ ਨਾਲ ਇਸ ਸੰਸਾਰ ਤੋਂ ਇਕ ਟੁੱਟੇ ਵਿਅਕਤੀ ਵਾਂਗ ਤੁਰ ਜਾਂਦਾ ਹੈ।

'ਵਾਟ ਹਮਾਰੀ' ਨਾਵਲ ਜਾਗੀਰਦਾਰੀ ਪ੍ਰਬੰਧ ਦੇ ਪਤਨ ਦਾ ਸੂਚਕ ਹੈ। ਇਸ ਵਿਚੋਂ ਸਰਮਾਏਦਾਰੀ ਪ੍ਰਬੰਧ ਦੀ ਨਿਘਰ ਰਹੀ ਲੋਅ ਵੀ ਨਜ਼ਰ ਆਉਂਦੀ ਹੈ। ਇਸਤਰੀ ਦੋਹਾਂ ਪ੍ਰਬੰਧਾਂ ਵਿਚ ਹੀ ਪੀੜਤ ਹੈ। ਇਸਤਰੀ ਭਾਵੇਂ ਅਤਿਅੰਤ ਸੁਘੜ ਸਵੇਦਨਸ਼ੀਲ ਅਤੇ ਪੜ੍ਹੀ ਲਿਖੀ ਹੋਵੇ, ਉਹ ਸਮਾਜ ਵਿਚ ਨਪੀੜੀ ਜਾਂਦੀ ਹੈ। ਲੇਖਿਕਾ ਨੇ ਇਸ ਵਿਚਾਰ ਨੂੰ ਇਸ ਨਾਵਲ ਵਿਚ ਉਘੇੜ ਕੇ ਸਮਾਜ ਦਾ ਧਿਆਨ ਇਸ ਪਾਸੇ ਕੇਂਦਰਿਤ ਕੀਤਾ ਹੈ।

**ਸੂਰਜ ਤੇ ਸਮੁੰਦਰ :**

ਡਾ. ਦਲੀਪ ਕੌਰ ਟਿਵਾਣਾ ਆਪਣੇ ਨਾਵਲ "ਸੂਰਜ ਤੇ ਸਮੁੰਦਰ" ਵਿਚ ਨਿਰਾਰਥਕ ਜੀਵਨ ਵਿਚੋਂ ਸਵੈ ਦੀ ਤਲਾਸ਼, ਸਵੈ ਦੀ ਪਹਿਚਾਣ, ਸਵੈ ਦੀ ਪ੍ਰਾਪਤੀ ਦੀ ਯਾਤਰਾ ਤੇ ਤੁਰੇ ਸਵੈ ਰਾਹੀਂ ਪਰ ਤੇ ਕਦੇ ਪਰ ਰਾਹੀਂ ਸਵੈ ਤਕ ਪਹੁੰਚਣ ਦੇ ਯਤਨ ਵਿਚ ਹੈ।

ਉਹ ਆਪਣੀ ਸਾਹਿਤਕ ਸਵੈ-ਜੀਵਨੀ ਵਿਚ ਲਿਖਦੀ ਹੈ ਕਿ ਸੂਰਜ ਤੇ ਸਮੁੰਦਰ ਦੇ ਸਾਰੇ ਪਾਤਰ ਸਵੈ-ਸਿੱਧੀ ਲਈ ਵੱਖਰੇ ਰਾਹ ਤੁਰਦੇ ਹਨ। ਪ੍ਰੋਫੈਸਰ ਸਾਹਿਤ ਰਚਨਾ ਰਾਹੀਂ ਸਵੇ ਸਿੱਧੀ ਤਕ ਪਹੁੰਚਣਾ ਚਾਹੁੰਦਾ ਹੈ ਪਰ ਉਹ ਪਹੁੰਚ ਨਹੀਂ ਸਕਦਾ, ਕਿਉਂਕਿ ਉਹ ਸਾਹਿਤ ਰਚਦਾ ਹੈ, ਸਾਹਿਤ ਜਿਉਂਦਾ ਨਹੀਂ। ਅਜੀਤ ਦੇਹ ਰਾਹੀਂ ਸਵੈ ਦੀ ਸੰਤੁਸ਼ਟਤਾ ਚਾਹੁੰਦਾ ਹੈ ਪਰ ਹੁੰਦੀ ਨਹੀਂ, ਕਿਉਂਕਿ ਦੇਹ ਤਾਂ ਸਾਧਨ ਹੈ ਲਕਸ਼ ਨਹੀਂ। ਸੋਨਾ ਧਰਮ ਰਾਹੀਂ ਸਵੇ ਤੋਂ ਪਾਰ ਲੰਘ ਜਾਣ ਦੀ ਕੋਸ਼ਿਸ਼ ਕਰਦੀ ਹੈ ਪਰ ਉਸ ਨੂੰ ਉਦੋਂ ਧੱਕਾ ਲਗਦਾ ਹੈ ਜਦੋਂ ਦੇਖਦੀ ਹੈ ਕਿ ਧਰਮ ਨੂੰ ਲੋਕਾਂ ਨੇ ਆਪਣੀ ਪੱਧਰ ਉਪਰ ਉਤਾਰ ਲਿਆ ਹੈ। ਇਉਂ ਚਕਰਾਂ ਵਿਚ ਪਏ ਉਹ ਆਪਣੀ ਆਪਣੀ ਥਾਂ ਬਦਲ ਲੈਂਦੇ ਹਨ। ਸੋਨਾ ਜਿਹੜੀ ਕਿਸੇ ਵੇਲੇ ਜਾਣ ਬੁੱਝ ਕੇ ਅਜੀਤ ਨੂੰ ਦੂਰ ਭੇਜਦੀ ਹੈ, ਹੁਣ ਉਸ ਦੇ ਕੋਲ ਬੈਠੀ ਹੈ ਅਜੀਤ ਜਿਹੜਾ ਕਦੇ ਭਾਬੀ ਨੂੰ ਸਾਰੇ ਰਿਸ਼ਤਿਆਂ ਦਾ ਜਵਾਬ ਬਣਾ ਲੈਣਾ ਚਾਹੁੰਦਾ ਹੈ। ਆਖਦਾ ਹੈ, ਭਾਬੀ ਹੁਣ ਤੂੰ ਮੇਰੇ ਲਈ ਸਿਰਫ਼ ਇਕ ਔਰਤ ਨਹੀਂ।

ਇਉਂ ਇਹ ਨਾਵਲ ਸੋਨਾ ਨੂੰ ਮਨ ਦਾ ਪ੍ਰਤੀਕ, ਪ੍ਰੋਫ਼ੈਸਰ ਨੂੰ ਵਚਨ ਦਾ ਪ੍ਰਤੀਕ, ਅਜੀਤ ਨੂੰ ਕਰਮ ਦਾ ਪ੍ਰਤੀਕ ਬਣਾ ਕੇ ਆਪਣੇ ਆਪਣੇ ਥਾਂ ਭਟਕਦੇ ਵਿਖਾ ਕੇ ਸਪਸ਼ਟ ਕਰਦਾ ਹੈ ਕਿ ਸਵੈ-ਸਿੱਧੀ ਲਈ ਮਨ-ਕਰਮ-ਬਚਨ ਦੀ ਇਕਸੁਰਤਾ ਚਾਹੀਦੀ ਹੈ।

ਆਪਣੇ ਇਸ ਵਿਚਾਰ ਨੂੰ ਲੇਖਿਕਾ ਨੇ ਇਕ ਕਹਾਣੀ ਵਿਚ ਰੂਪਮਾਨ ਕੀਤਾ ਹੈ। ਇਸ ਕਹਾਣੀ ਦਾ ਪਾਤਰ ਇੰਦਰ ਪ੍ਰੋਫ਼ੈਸਰ ਵੀ ਹੈ ਤੇ ਲੇਖਕ ਵੀ। ਸਾਹਿਤ ਉਹ ਰਚਦਾ ਹੈ, ਜਿਉਂਦਾ ਨਹੀਂ। ਉਸ ਦੇ ਜੀਵਨ ਵਿਚ ਇਕ ਰਾਣੀ ਨਾਂ ਦੀ ਯੁਵਤੀ ਆਉਂਦੀ ਹੈ, ਜਿਸ ਨਾਲ ਉਹ ਇਸ਼ਕ ਕਰਦਾ ਹੈ। ਉਸ ਦੇ ਇਸ਼ਕ ਕਾਰਨ ਉਸ ਦੀ ਪਤਨੀ ਸੋਨਾ ਉਸ ਦੇ ਪਿਆਰ ਤੇ ਧਿਆਨ ਤੋਂ ਵੰਚਿਤ ਹੋ ਜਾਂਦੀ ਹੈ। ਉਸ ਦੇ ਪਤੀ ਦਾ ਰਵੱਈਆ ਉਸ ਪ੍ਰਤੀ ਅਪਮਾਨਜਨਕ ਹੈ ਪਰ ਉਹ ਸਭ ਕੁਝ ਚੁਪ-ਚਾਪ ਸਹਿਣ ਕਰ ਲੈਂਦੀ ਹੈ।

ਅਜੀਤ, ਪ੍ਰੋਫ਼ੈਸਰ ਦਾ ਛੋਟਾ ਭਰਾ, ਵੱਡੇ ਭਰਾ ਦੇ ਆਪਣੀ ਭਾਬੀ ਨਾਲ ਅਪਮਾਨਜਨਕ ਵਤੀਰੇ ਤੋਂ ਨਾ ਖੁਸ਼ ਹੈ ਅਤੇ ਉਹ ਮਨ ਵਿਚ ਆਪਣੇ ਭਰਾ ਪ੍ਰਤੀ ਰੋਸ ਦਬੀ ਬੈਠਾ ਹੈ ਪਰ ਉਹ ਭਾਬੀ ਨੂੰ ਉਸ ਦਾ ਹੱਕ ਦਿਵਾਉਣ ਤੋਂ ਅਸਮਰੱਥ ਹੈ। ਭਾਬੀ ਦੀ ਇਹ ਅਪਮਾਨਜਨਕ ਦਸ਼ਾ ਅਜੀਤ ਦੇ ਮਨ ਵਿਚ ਉਸ ਪ੍ਰਤੀ ਹਮਦਰਦੀ ਦੇ ਭਾਵ ਉਪਜਾਂਦੀ ਹੈ ਅਤੇ ਇਹ ਭਾਵ ਮੋਹ ਵਿਚ ਵਟ ਜਾਂਦੇ ਹਨ।

ਸੋਨਾ ਇਸ ਮੋਹ ਤੋਂ ਸੁਚੇਤ ਹੈ। ਸੋਨਾ ਆਪਣੇ ਪਤੀ ਦੇ ਰਾਹ ਨੂੰ ਅਪਨਾਉਣਾ ਨਹੀਂ ਚਾਹੁੰਦੀ। ਉਹ ਇਸ ਮੋਹ ਤੋਂ ਮੁਕਤ ਹੋਣ ਲਈ ਅਤੇ ਅਜੀਤ ਨੂੰ ਉਜਲ ਭਵਿੱਖ ਲਈ ਵਿਦੇਸ਼ ਭੇਜਣ ਵਿਚ ਉਸ ਦੀ ਮਦਦ ਕਰਦੀ ਹੈ। ਉਹ ਆਪਣੇ ਅੰਦਰ ਬੈਠੀ ਇਸਤਰੀ ਦੇ ਭਾਵਾਂ ਨੂੰ ਜਾਗਣ ਤੋਂ ਰੋਕਦੀ ਹੈ।

ਵਿਦੇਸ਼ ਜਾਣ ਤੋਂ ਇਕ ਦਿਨ ਪਹਿਲਾਂ ਜਦ ਇੰਦਰ ਆਪਣੀ ਪ੍ਰੇਮਿਕਾ ਪਾਸ ਗਿਆ ਹੋਇਆ ਹੈ ਤਾਂ ਅਜੀਤ ਭਾਵੁਕਤਾ ਵੱਸ ਆਪਣੀ ਭਾਬੀ ਸੋਨਾ ਨਾਲ ਸਾਰੀਆਂ ਵਿੱਥਾਂ ਮਿਟਾਉਣ ਦੀ ਇੱਛਾ ਕਰਦਾ ਹੈ ਪਰ ਸੋਨਾ ਇਨ੍ਹਾਂ ਵਿੱਥਾਂ ਨੂੰ ਕਾਇਮ ਰੱਖਣਾ ਚਾਹੁੰਦੀ ਹੈ ਉਹ ਉਸ ਦੀ ਇੱਛਾ ਤੋਂ ਇਨਕਾਰੀ ਹੈ।

ਅਜੀਤ ਦੇ ਵਿਦੇਸ਼ ਚਲੇ ਜਾਣ ਤੋਂ ਬਾਅਦ ਉਹ ਆਪਣੇ ਮਨ ਦੇ ਜ਼ਖ਼ਮ ਨੂੰ ਧਰਮ ਦੀ ਮਲ੍ਹਮ ਨਾਲ ਭਰਨਾ ਚਾਹੁੰਦੀ ਹੈ। ਉਹ ਪਾਠ ਪੂਜਾ ਵਿਚ ਲੱਗ ਕੇ ਆਪਾ ਭੁੱਲਣਾ ਚਾਹੁੰਦੀ ਹੈ। ਇਸੇ ਕਰਕੇ ਉਹ ਧਾਰਮਿਕ ਯਾਤਰਾ ਤੇ ਸਤਿਸੰਗ ਨਾਲ ਜਾਂਦੀ ਹੈ। ਯਾਤਰਾ ਸਮੇਂ ਜਿਸ ਮਹਾਤਮਾ ਨੂੰ ਉਹ ਆਤਮਿਕ ਸੱਤਾ ਤੋਂ ਬਹੁਤ ਉਚਾ ਆਪਣੇ ਮਨ ਵਿਚ ਸਮਝ ਲੈਂਦੀ ਹੈ ਅਤੇ ਤੇ ਉਸ ਦੇ ਸਾਥ ਨਾਲ ਉਸ ਦੇ ਮਨ ਨੂੰ ਸ਼ਾਂਤੀ ਮਿਲਦੀ ਹੈ, ਜਦ ਉਹ ਉਸ ਮਹਾਤਮਾ ਦਾ

ਅਸਲ ਮੋਹ ਮਾਇਆ ਵਿਚ ਲੁਪਤ ਰੂਪ ਵੇਖਦੀ ਹੈ ਅਤੇ ਉਸ ਦੀ ਹਵਸ ਦਾ ਸ਼ਿਕਾਰ ਹੁੰਦੀ ਹੈ ਤਾਂ ਉਸ ਦੀ ਮਾਨਸਿਕਤ ਖੰਡਤ ਹੋ ਜਾਂਦੀ ਹੈ।

ਵਿਦੇਸ਼ ਵਿਚ ਅਜੀਤ ਆਪਣੀ ਮਨੋ ਤ੍ਰਿਪਤੀ ਲਈ ਕਈ ਇਸਤਰੀਆਂ ਦਾ ਸਾਥ ਮਾਣਦਾ ਹੈ। ਉਨ੍ਹਾਂ ਨਾਲ ਸਰੀਰਕ ਸੰਬੰਧ ਜੋੜਦਾ ਤੇ ਤੋੜਦਾ ਹੈ। ਉਸ ਦੇ ਮਨ ਦੀ ਤ੍ਰਿਪਤੀ ਕਿਸੇ ਇਸਤਰੀ ਦੇ ਸਾਥ ਤੋਂ ਨਹੀਂ ਹੁੰਦੀ। ਉਹ ਉਸ ਦੀ ਸਰੀਰਕ ਭੁੱਖ ਹੀ ਮਿਟਾ ਸਕਦੀਆਂ ਸਨ, ਮਾਨਸਿਕ ਤਣਾਓ ਨੂੰ ਘਟਾ ਨਹੀਂ ਸਕੀਆਂ। ਉਸ ਦੇ ਮਾਨਸਿਕ ਤਣਾਓ ਦਾ ਮਨੋਵਿਗਿਆਨੀਆਂ ਪਾਸ ਵੀ ਇਲਾਜ ਨਹੀਂ।

ਸੋਨਾ ਦਾ ਮਹਾਤਮਾ ਵੱਲੋਂ ਉਚੀ ਆਤਮਿਕ ਸੱਤਾ ਤੋਂ ਡਿੱਗ ਪੈਣ ਕਾਰਨ, ਉਸ ਦੇ ਮਨ ਨੂੰ ਜੋ ਧੱਕਾ ਲਗਦਾ ਹੈ ਉਸ ਨਾਲ ਉਹ ਆਪਣਾ ਸੰਤੁਲਨ ਖੋ ਲੈਂਦੀ ਹੈ। ਡਾਕਟਰ ਤੇ ਸਿਆਣੇ ਉਸ ਦੇ ਅੰਦਰ ਬੈਠੀ ਜ਼ਖ਼ਮੀ ਇਸਤਰੀ ਦੀ ਕਰੁਣਾ ਨੂੰ ਸ਼ਾਂਤ ਕਰਨ ਤੋਂ ਅਸਮਰੱਥ ਹਨ ਉਸ ਦਾ ਤਾਂ ਸਵੈ ਗੁਆਚ ਗਿਆ ਹੈ।

ਰਾਣੀ, ਇੰਦਰ ਦੇ ਸਾਹਿਤ ਵਿਚੋਂ ਉਸ ਦਾ ਇਕ ਆਦਰਸ਼ਕ ਚਿੱਤਰ ਆਪਣੇ ਮਨ ਵਿਚ ਸਿਰਜ ਕੇ ਭਾਵੁਕਤਾ ਦੇ ਵਹਿਣ ਵਿਚ ਆਪਣਾ ਡਾਕਟਰ ਪਤੀ ਛੱਡ ਕੇ ਉਸ ਪਾਸ ਆ ਕੇ ਆਪਣੇ ਆਦਰਸ਼ ਦੀ ਪੂਰਤੀ ਭਾਲਦੀ ਹੈ। ਇੰਦਰ ਉਸ ਨੂੰ ਦਸਦਾ ਹੈ ਕਿ ਉਹ ਸਾਹਿਤ ਰਚਦਾ ਹੈ ਜਿਉਂਦਾ ਨਹੀਂ। ਉਹ ਉਸ ਨੂੰ ਉਸ ਦੇ ਪਤੀ ਪਾਸ ਵਾਪਸ ਤੇਰ ਦੇਂਦਾ ਹੈ।

ਭਾਬੀ ਦੀ ਮਾਨਸਿਕਤਾ ਖੋ ਜਾਣ ਦੀ ਖ਼ਬਰ ਸੁਣ ਕੇ ਅਜੀਤ ਵਿਦੇਸ਼ ਤੋਂ ਪਰਤ ਆਉਂਦਾ ਹੈ। ਉਸ ਦੇ ਘਰ ਪਰਤ ਆਉਣ ਤੇ ਇੰਦਰ ਰਾਣੀ ਨੂੰ ਮਿਲਣ ਲਈ ਚਲਾ ਜਾਂਦਾ ਹੈ। ਉਸ ਰਾਤ ਸੋਨਾ ਅਜੀਤ ਦੇ ਮੰਜੇ ਤੇ ਆਪ ਆ ਕੇ ਉਸ ਵਿਚੋਂ ਆਪਣੀ ਗੁਆਚੀ ਆਤਮਿਕ ਸ਼ਾਂਤੀ ਭਾਲਣ ਦਾ ਯਤਨ ਕਰਦੀ ਹੈ, ਅਜੀਤ ਉਸ ਦੇ ਕੋਲ ਬੈਠੀ ਤੋਂ ਹੀ ਉਘਦਾ ਜਾਂਦਾ ਹੈ। ਉਸ ਦੇ ਪੁੱਛਣ ਤੇ ਕਿ ਉਸ ਨੂੰ ਉਹਦੇ ਨਾਲ ਹੁਣ ਪਿਆਰ ਨਹੀਂ ਰਿਹਾ? ਉਹ ਉੱਤਰ ਦੇਂਦਾ ਹੈ ਕਿ ਤੂੰ ਮੇਰੇ ਲਈ ਸਿਰਫ਼ ਇਕ ਔਰਤ ਨਹੀਂ ਉਹ ਉਸ ਦੇ ਨੇੜ ਮੈਂ ਜਾਂਦਾ ਹੈ।

ਲੇਖਿਕਾ ਅਨੁਸਾਰ - ਸੂਰਜ ਤੇ ਸਮੁੰਦਰ ਪ੍ਰਤੀਕ ਹਨ ਦੋ ਵੱਡੀਆਂ ਸ਼ਕਤੀਆਂ ਦੇ। ਇਹ ਸ਼ਕਤੀਆਂ ਸੰਸਾਰ ਦਾ ਆਦਿ ਵੀ ਹਨ ਤੇ ਅੰਤ ਵੀ| ਅਗੋਂ ਸੂਰਜ ਜਿਸ ਦਾ ਪ੍ਰਤੀਕ ਹੈ, ਜ਼ਿੰਦਗੀ ਦੇਣ ਤੇ ਜ਼ਿੰਦਗੀ ਲੈਣ ਦਾ ਕਾਰਨ ਬਣਦੀ ਹੈ। ਪਾਣੀ, ਸਮੁੰਦਰ ਜਿਸ ਦਾ ਪ੍ਰਤੀਕ ਹੈ, ਜ਼ਿੰਦਗੀ ਨੂੰ ਕਾਇਮ ਰੱਖਣ ਤੇ ਅਗਾਂਹ ਤੋਰਨ ਦਾ ਸਾਧਨ ਹੈ।

ਇਹ ਸ਼ਕਤੀਆਂ ਆਪਣੇ ਆਪਣੇ ਥਾਂ ਬਹੁਤ ਜਰੂਰੀ ਹਨ ਪਰ ਜੇ ਇਕ ਦੂਜੇ ਦੇ ਨੇੜੇ ਆਉਣ ਤਾਂ ਇਕ ਦੂਜੇ ਦੇ ਵਿਕਾਸ ਦਾ ਹੇਤੂ ਵੀ ਹਨ। ਮਰਦ ਜੇ ਸੂਰਜ ਹੈ ਤਾਂ ਔਰਤ ਇਕ - ਸਮੁੰਦਰ ਹੈ। ਸਮੁੰਦਰ ਜਿਸ ਵਿਚ ਨਿਤ ਸੂਰਜ ਡੁੱਬਦਾ ਹੈ ਤੇ ਜਿਸ ਵਿਚ ਨਿਤ-ਸੂਰਜ ਚੜ੍ਹਦਾ ਹੈ। ਸਮੁੰਦਰ ਜਿਸ ਵਿਚ ਜਹਿਰੀਲੇ ਜਾਨਵਰ ਵੀ ਹਨ ਤੇ ਸੁੱਚੇ ਮੋਤੀ ਵੀ । ਸਮੁੰਦਰ ਜਿਸ ਵਿਚ ਜਲ ਪਰੀਆਂ ਰਹਿੰਦੀਆਂ ਹਨ ਜਿਨ੍ਹਾਂ ਦੇ ਗੀਤ ਸੁਣ ਕੇ ਮਲਾਹ ਰਾਹ ਭੁੱਲ ਜਾਂਦੇ ਹਨ।

ਜਹਾਜ਼ਾਂ ਨੂੰ ਡੋਬ ਦੇਣ ਵਾਲਾ ਤੇ ਜਹਾਜ਼ਾਂ ਨੂੰ ਪਾਰ ਲਾ ਦੇਣ ਵਾਲਾ ਸਮੁੰਦਰ ਜਿਸ ਨੂੰ ਦੇਵਤਿਆਂ ਤੇ ਦੇਤਾਂ ਨੇ ਜਦੋਂ ਰਿੜਕਿਆ ਸੀ ਤਾਂ ਵਿਚੋਂ ਜ਼ਹਿਰ ਵੀ ਨਿਕਲੀ ਸੀ ਤੇ ਅੰਮ੍ਰਿਤ ਵੀ।

**ਤੀਲੀ ਦਾ ਨਿਸ਼ਾਨ :**

ਡਾ. ਦਲੀਪ ਕੌਰ ਟਿਵਾਣਾ ਨੇ ਆਪਣਾ ਨਾਵਲ 'ਤੀਲੀ ਦਾ ਨਿਸ਼ਾਨ' ਜੀਵਨ ਦੀ ਅਰਥਹੀਨਤਾ ਅਤੇ ਸਵੇ ਦੀ ਭਾਲ ਤੇ ਵਿਸਥਾਰ ਉਤੇ ਉਸਾਰਿਆ ਹੈ। ਇਸ ਦੀ ਨਾਇਕਾ ਕਿਰਨਜੀਤ ਆਪਣੇ ਫੌਜੀ ਪਤੀ ਨੂੰ ਜਿਸ ਸੰਗ ਉਸ ਨੇ ਜੀਵਨ ਦੇ ਕੁਝ ਪਲ ਵੀ ਗੁਜ਼ਾਰੇ ਸਨ, ਉਸ ਦੇ ਮਰ ਜਾਣ ਤੇ ਵੀ ਉਸ ਦੀ ਚੇਤਨਾ ਵਿਚ ਉਹ ਅਜੇ ਵੀ ਜਿਉਂ ਰਿਹਾ ਹੈ। ਉਹ ਆਪਣੇ ਪਤੀ ਦੇ ਸਦਮੇ ਤੋਂ ਉਸ ਦੀ ਮਾਨਸਿਕਤਾ ਵਿਚ ਅਜੇ ਵੀ ਮਿਲਾਪ ਦੀਆਂ ਘੜੀਆਂ ਦੀ ਖ਼ੁਸ਼ਬੂ ਪਲਰੀ ਪਈ ਹੈ ਅਤੇ ਉਹ ਸੁਪਨੇ ਵਿਚ ਸਮੋਈਆਂ ਰੀਝਾਂ ਦੇ ਲੜ ਲੱਗੀ ਜਾਪਦੀ ਹੈ ਅਤੇ ਵਕਤ ਦੀਆਂ ਗਹਿਰਾਈਆਂ ਤਕ ਉਸ ਦੀ ਮਨੋਕਾਮਨਾ ਆਪਣਾ ਪੱਲਾ ਛੋਹ ਰਹੀ ਹੈ। ਉਹ ਉਸ ਸੁਪਨੇ ਨੂੰ ਆਪਣੇ ਮਨ ਵਿਚ ਜੀਵਤ ਰੱਖ ਰਹੀ ਹੈ।

ਕਿਰਨਜੀਤ ਦੀ ਇਹ ਮਾਨਸਿਕਤਾ ਜਾਗੀਰਦਾਰੀ ਸਮਾਜਿਕ ਪ੍ਰਥਾ ਦੇ ਵਿਰੁੱਧ ਹੈ । ਤੀਲੀ ਸੁਹਾਗਣ ਦੀ ਨਿਸ਼ਾਨੀ ਸਮਝੀ ਜਾਂਦੀ ਹੈ, ਵਿਧਵਾ ਨੂੰ ਇਸ ਦੇ ਪਹਿਨਣ ਦਾ ਅਧਿਕਾਰ ਸਮਾਜ ਉਸੇ ਸਮੇਂ ਖੋਹ ਲੈਂਦਾ ਹੈ। ਸਮਾਜ ਦਾ ਵਿਅਕਤੀ ਦੇ ਅੰਦਰ ਸੁੱਤੀਆਂ ਅਲੋਕਿਕ ਸ਼ਕਤੀਆਂ ਨੂੰ ਜਗਾਏ ਬਿਨਾਂ ਸਾਬਤ ਸੁਖਾਂਤਮਈ ਜਿੰਦਗੀ ਨੂੰ ਚਿੱਤਰੀ ਜਾਣਾ ਕਲਾਤਮਕ ਕਰਮ ਨਹੀਂ । ਕਲਾ ਦਾ ਧਰਮ ਬਹੁ ਪਰਤਾਂ ਵਾਲੀ ਹੋਂਦ ਦੇ ਡੂੰਘੇ ਤੋਂ ਡੂੰਘੇ ਅਰਥ ਉਜਾਗਰ ਕਰਨਾ ਹੁੰਦਾ ਹੈ। ਸੁਖਾਂਤਕ ਜਾਂ ਦੁਖਾਂਤਕ ਵਾਤਾਵਰਨ ਸਿਰਜਣਾ ਉਸ ਦਾ ਲਕਸ਼ ਨਹੀਂ। ਜੀਵਨ ਦੀ ਸਹਿਜ-ਭਾਵੁਕਤਾ ਵਿਚ ਹੀ ਸਾਹਿਤ ਦੀ ਆਤਮਾ ਧੜਕਦੀ ਹੈ ਅਤੇ ਅਰਥਾਂ ਦਾ ਸੰਚਾਰ ਕਰਦੀ ਹੈ। ਇਸੇ ਤੋਂ ਹੀ ਦੁਖਾਂਤਕ ਤੇ ਸੁਖਾਂਤਕ ਭਾਵਾਂ ਦਾ ਉਦੇ ਹੁੰਦਾ ਹੈ।

ਇਸ ਨਾਵਲ ਦੇ ਪਹਿਲੇ ਗਿਆਰਾਂ ਕਾਂਡਾਂ ਵਿਚ ਕਿਰਨਜੀਤ ਦਾ ਜੀਵਨ ਇਕਸਾਰ ਚਲਦਾ ਲਗਦਾ ਹੈ। ਉਸ ਦੇ ਜੀਵਨ ਵਿਚ ਵਾਪਰੀ ਘਟਨਾ ਦਾ ਉਸ ਦੇ ਮਨ ਉਤੇ ਕੋਈ ਪ੍ਰਤੀਕਰਮ ਦਿਖਾਈ ਨਹੀਂ ਦੇਂਦਾ। ਉਹ ਆਪਣੇ ਪਤੀ ਨੂੰ ਅੰਗ ਸੰਗ ਸਮਝਦੀ ਹੈ। ਉਹ ਚੰਚਲ ਸ਼ੌਕ ਅਤੇ ਚਾਵਾਂ ਨਾਲ ਛਲਕ ਕੇ ਅੱਗੇ ਵਧਦੀ ਜ਼ਿੰਦਗੀ ਦੇ ਲੜ ਲੱਗ ਜਾਂਦੀ ਹੈ ਵਕਤ ਦੀਆਂ ਗਹਿਰਾਈਆਂ ਤਕ ਉਸ ਦਾ ਸ਼ੌਂਕ ਪੁੱਜ ਜਾਂਦਾ ਹੈ। ਉਸ ਦੇ ਮਨ ਵਿਚ ਇਕਾ ਇਕ ਜਵਾਰ ਭਾਟਾ ਆ ਜਾਂਦਾ ਹੈ ਜਦੋਂ ਉਹ ਸਰਾਧਾ ਦੇ ਦਿਨਾਂ ਵਿਚ ਆਪਣੀ ਮਾਂ ਨਾਲ ਪਿਤਾ ਦੀ ਗਤੀ ਕਰਵਾਉਣ ਪਹੋਏ ਆਈ ਅਚਨਚੇਤ ਤੇਜਵੰਤ ਦੀ ਵਿਛੜੀ ਰੂਹ ਨੇ ਉਸ ਦੇ ਅੰਦਰ ਅਨੰਤ ਖਲਾਅ ਪੈਦਾ ਕਰ ਦਿੱਤਾ। ਤੇਜਵੰਤ ਦੇ ਵਿਛੋੜੇ ਦੇ ਭਾਵ ਨੇ ਉਸ ਦੀ ਚੇਤਨਾ ਨੂੰ ਜਗਾ ਦਿੱਤਾ। ਉਹ ਪਹਿਲੇ ਵਾਂਗ ਹੀ ਸਹਿਜਭਾਵੀ ਤੇ ਅਡੋਲ ਇਹ ਸਭ ਕੁਝ ਕਰਨ ਲਈ ਤਿਆਰ ਹੋ ਜਾਂਦਾ ਹੈ। ਉਹ ਮਨ ਦੇ ਘਾਵਾਂ ਨੂੰ ਹਵਾ ਨਹੀਂ ਲੱਗਣ ਦੇਂਦੀ, ਉਸ ਦੇ ਜੀਵਨ ਦਾ ਇਹ ਅਚਾਨਕ ਉਭਾਰ ਉਸ ਦੁਆਲੇ ਉਸਰਿਆ ਖਲਾਅ ਪਾਰ ਨਹੀਂ ਕਰਦੀ ਸਗੋਂ ਉਸੇ ਜਾਲ ਵਿਚ ਹੀ ਅਡੋਲ ਬੈਠੀ ਹੈ। ਉਹ ਆਪਣੀ ਨੁਹਾਰ ਨੂੰ ਗਿਰਾ ਨਹੀਂ ਸਕੀ। ਉਸ ਦੇ ਇਹ ਸਿਰਜੇ ਸ਼ਾਂਤ ਵਾਤਾਵਰਨ ਵਿਚ ਇਕ ਭਿਆਨਕ ਤੂਫ਼ਾਨ ਦੀ ਗਰਜ ਉਭਰਦੀ ਹੈ ਉਸ ਦੇ ਮਨ ਵਿਚ ਜਿਊਣ ਦੀ ਇਕ ਇੱਛਾ ਹੈ। ਸਮਾਜ ਦੀ ਪ੍ਰਥਾ ਨੇ ਉਸ ਦੀ ਇੱਛਾ ਦਾ ਗਲਾ ਘੁਟ ਦਿੱਤਾ ਹੈ। ਉਹ ਜ਼ਖ਼ਮੀ ਘੁੱਗੀ ਵਾਂਗ ਅੰਦਰੇ ਹੀ ਅੰਦਰ ਤੜਫ ਕੇ ਰਹਿ ਗਈ ਹੈ। ਉਸ ਨੂੰ ਇਸ ਦਸ਼ਾ ਵਿਚੋਂ ਕੱਢਣ ਵਾਲਾ ਕੋਈ ਨਹੀਂ ਦਿਸਦਾ।

ਲੇਖਿਕਾ ਅਜਿਹੀਆਂ ਹੁਨਰੀ ਛੋਹਾਂ ਨਾਲ ਭਾਵ ਜਗਤ ਨੂੰ ਸਿਰਜਦੀ ਹੈ ਕਿ ਕਿਰਨਜੀਤ ਦੇ ਅਹਿਲ ਤੇ ਸ਼ਾਂਤ ਸਵੈ ਵਿਚੋਂ ਕਰੁਣਾਮਈ ਭਾਵਾਂ ਦਾ ਇਕ ਲਾਵਾ ਆਪ-ਮੁਹਾਰੇ ਫੁੱਟ ਪੈਂਦਾ ਹੈ, ਜਿਹੜਾ ਜੀਵਨ ਦੀ ਅਰਥਹੀਨਤਾ ਵਿਚ ਅਰਥ ਸਮੋਅ ਦੇਂਦਾ ਹੈ। ਤੀਲੀ ਇਹ ਪ੍ਰਗਟਾਉਂਦੀ ਹੈ ਕਿ ਉਸ ਦੇ ਅੰਦਰ ਬੈਠੀ ਇਸਤਰੀ ਅਜੇ ਜਿਉਂਦੀ ਹੈ।

ਲੇਖਿਕਾ ਆਪਣੀ ਸਾਹਿਤਕ ਸਵੈ-ਜੀਵਨੀ "ਪੂਛਤੇ ਹੋ ਤੇ ਸੁਨ" ਦੇ ਅੱਠਵੇਂ ਕਾਂਡ ਵਿਚ ਆਪਣੇ ਨਾਵਲਾਂ ਦੀ ਸਿਰਜਨਾ ਬਾਰੇ ਲਿਖਦੀ ਹੈ :-

ਮਿਸਾਲ ਵਜੋਂ ਬੇਜੀ ਇਕ ਦਿਨ ਆਖ ਰਹੇ ਸਨ - ਦੇਖ ਲੋ ਅਜਿਹੇ ਵੀ ਲੋਕ ਪਏ ਨੇ, ਆਦਮੀ ਮਰ ਗਿਆ ਪਰ ਵੀਰਪਾਲ ਨੇ ਨੱਕ ਵਿਚੋਂ ਤੀਲੀ ਨਹੀਂ ਲਾਹੀ।

ਗੱਲ ਸੁਣ ਕੇ ਵੀਰਪਾਲ ਦਾ ਚੇਹਰਾ ਮੇਰੇ ਜੇਹਨ ਵਿਚ ਆਇਆ। ਮੈਂ ਜਿਵੇਂ ਪੁਛਿਆ, 'ਵੀਰਪਾਲ' ਉਹ ਅਗੋਂ ਆਖਣ ਲੱਗੀ ਉਹ ਮਰ ਗਿਆ। ਮੈਂ ਤੇ ਨਹੀਂ ਮਰੀ। ਗੱਲ ਭੁੱਲ ਗਈ। ਕਈ ਮਹੀਨਿਆਂ ਮਗਰੋਂ ਸਰਾਧਾਂ ਦੇ ਦਿਨ ਆਏ। ਮੈਂ ਤੇ ਬੇਜੀ ਪਹੋਏ ਗਏ । ਪਹੋਏ

ਲੋਕ ਮਰਿਆਂ ਦੀ ਗਰੀ ਕਰਾਉਣ ਜਾਂਦੇ ਹਨ। ਉਸੇ ਬਸ ਵਿਚ ਵੀਰਪਾਲ ਵੀ ਸੀ। ਮੈਂ ਜਿਵੇਂ ਵਿਰ ਪੁੱਛਿਆ 'ਵੀਰਪਾਲ' ਉਸ ਨੇ ਨਜ਼ਰਾਂ ਝੁਕਾ ਲਈਆਂ ਤੇ ਹੋ ਪਈ । ਗੱਲ ਫਿਰ ਆਈ ਗਈ ਹੈ। ਗਈ। ਉਨ੍ਹਾਂ ਹੀ ਦਿਨਾਂ ਵਿਚ ਕਦੇ ਕਦੇ ਮੈਂ ਡਾਇਰੀ ਲਿਖਦੀ ਹੁੰਦੀ ਸੀ ਮੈਂ ਲਿਖਿਆ:-

*ਮੈਂ ਆਪਣੇ ਆਪ ਨੂੰ ਕਿਥੇ ਭੁੱਲ ਆਈ ਹਾਂ,*

*ਇਸ ਘਰ ਦੇ ਸਭ ਲੋਕ ਕਿਧਰ ਚਲੇ ਗਏ ਨੇ,*

*ਏਨੀ ਸੁੰਨਸਾਨ ਕਿਸ ਲਈ ਹੈ,*

*ਕੌਣ ਹੋ ਰਿਹਾ ਹੈ ?*

*-ਕਿਤੇ ਮੈਂ ਤੇ ਨਹੀਂ ਮਰ ਗਈ?*

*ਰਾਤ ਅੱਧ ਵਿਚਕਾਰ ਕਿਉਂ ਖਲੋ ਗਈ ਹੈ,*

*-ਕਾਲ ਨੂੰ ਕਿਸ ਪਾਵੇ ਨਾਲ ਬੰਨ੍ਹ ਲਿਆ ਹੈ?*

*ਕੀ ਹੁਣ ਪਹਿਰਾ ਨਹੀਂ ਬਦਲੇਗਾ ?*

*- ਕੋਈ ਚੰਡੀ ਹੋਰ ਉਗਾਓ?*

*ਕੋਈ ਰਾਮ ਹੋਰ ਲਿਆਵੇ ।*

*ਰਾਤ ਅੱਧ ਵਿਚਕਾਰ ਖਲੋ ਗਈ ਹੈ।*

ਇਸ ਤਰ੍ਹਾਂ ਲਿਖੀ ਸਾਰੀ ਡਾਇਰੀ ਜਦੋਂ ਮੈਂ ਮੁੜ ਕੇ ਪੜ੍ਹੀ ਤਾਂ ਲੱਗਿਆ ਇਹ ਡਾਇਰੀ ਮੈਂ ਨਹੀਂ ਵੀਰਪਾਲ ਨੇ ਲਿਖੀ ਹੈ। ਇਸ ਡਾਇਰੀ ਦੀ ਲੇਖਿਕਾ ਦੀ ਕਹਾਣੀ ਜਦੋਂ ਮੈਂ ਲਿਖੀ ਤਾਂ ਉਸ ਕਿਤਾਬ ਦਾ ਨਾਂ ਰੱਖਿਆ 'ਤੀਲੀ ਦਾ ਨਿਸ਼ਾਨ' ਤੇ ਵੀਰਪਾਲ ਦਾ ਨਾਂ ਕਿਰਨਜੀਤ ਹੋ ਗਿਆ।

ਕਿਰਨਜੀਤ ਦਾ ਇਹ ਸਿਹਤਮੰਦ ਰੁਝਾਨ ਰੋਜ਼ਾਨਾ ਜੀਵਨ ਦੀ ਸ਼ਾਂਤੀ ਨੂੰ ਇਸ ਪੱਧਰ - ਤਕ ਪ੍ਰਭਾਵਿਤ ਕਰਦੇ ਹਨ ਕਿ ਕਈ ਲੋਕ ਟਪਲਾ ਖਾ ਜਾਂਦੇ ਹਨ। ਉਹ ਸਿਧਾਂਤਕ ਵਾਤਾਵਰਣ ਨੂੰ ਇਕ ਦਮ ਮੋੜ ਕੱਟਣ ਦੀ ਕਿਰਿਆ ਵੱਲ ਬਦਲਦਾ ਪ੍ਰਤੀਤ ਕਰਦੇ ਹਨ। ਉਹ ਸਮਝਦੇ ਹਨ ਕਿ ਲੇਖਿਕਾ ਇਸ ਮੋੜ ਨੂੰ ਕੱਟਣ ਤੋਂ ਬਚਾ ਸਕਦੀ ਸੀ। ਉਹ ਇਸ ਵਿਚਾਰ ਨੂੰ ਭੁੱਲ ਜਾਂਦੇ ਹਨ ਕਿ ਕਲਾ ਦਾ ਧਰਮ ਬਹੁ ਪਰਤਾ ਵਾਲੀ ਹੋਂਦ ਦੇ ਡੂੰਘੇ ਅਰਥਾਂ ਦਾ ਸੰਚਾਰ ਕਰਨਾ ਹੈ। ਉਸ ਦੀ ਜ਼ਿੰਮੇਵਾਰੀ ਇਸ ਨੂੰ ਸੁਖਾਂਤ ਜਾਂ ਦੁਖਾਂਤ ਵਿਚ ਬਦਲਣ ਦੀ ਨਹੀਂ।

ਜੀਵਨ ਦੀ ਗਤੀ ਦੇ ਲਹਾ/ਚੜਾ ਨੂੰ ਰੋਕਿਆ ਨਹੀਂ ਜਾ ਸਕਦਾ, ਨਾ ਹੀ ਮਨ ਦੀ ਅਵਸਥਾ ਇਕਸਾਰ ਰਹਿੰਦੀ ਹੈ। ਵਿਸ਼ੇ ਦੀ ਧੁਰ ਅੰਦਰਲੀ ਤਹਿ ਤਕ ਪੁਜਣਾ ਕਲਾ ਦਾ ਮੁੱਖ ਉਦੇਸ਼ ਹੁੰਦਾ ਹੈ। ਕਿਰਨਜੀਤ ਨੂੰ ਪਿਤਾ ਦੀ ਮੌਤ ਦੇ ਅਹਿਸਾਸ ਨੇ ਉਸ ਦੇ ਅੰਦਰ ਸੁਤੇ ਸਿਧ ਪਰੀ ਦੀ ਮੌਤ ਦੇ ਅਹਿਸਾਸ ਨੂੰ ਜਗਾ ਦਿੱਤਾ। ਮਾਂ ਦਾ ਸਿਰ ਤੋਂ ਪੱਲਾ ਲਹਿ ਜਾਣ ਨਾਲ ਉਸ ਨੂੰ ਆਪਣੇ ਲੱਬੇ ਪੱਲੇ ਦੀ ਯਾਦ ਆ ਗਈ। ਮਾਂ ਦੇ ਦਰਦ ਨੇ ਉਸ ਦੇ ਦਰਦ ਨੂੰ ਹਲੂਣ ਦਿੱਤਾ। ਉਸ ਅਚਾਨਕ ਤੇਜਵੰਤ ਦੀ ਵਿਛੜੀ ਰੂਹ ਸਾਹਮਣੇ ਅਨੰਤ ਪਲਾਂ ਨੂੰ ਚੇਰਨਾ ਦਾ ਛਪਿਆ ਹੋਇਆ ਮੌਲਿਕ ਰੂਪ ਪਰਦੇ ਤੋਂ ਬਾਹਰ ਆ ਜਾਂਦਾ ਹੈ। ਉਹ ਅਜੇ ਵੀ ਆਪਣੇ ਨਿਰਾਰਥਕ ਖਲਾਅ ਵਿਚੋਂ ਬਾਹਰ ਨਹੀਂ ਨਿਕਲਦੀ। ਅਜੇ ਉਸ ਦੀ ਚੇਤਨਾ ਅੰਤਮ ਅਰਥਾਂ ਵਾਲੀ ਨੁਹਾਰ ਵੀ ਨਹੀਂ ਸਿਰਜ ਸਕੀ।

**ਦੂਸਰੀ ਸੀਤਾ :**

ਇਸ ਨਾਵਲ ਵਿਚ ਲੇਖਿਕਾ ਨੇ ਨਿਮਨ ਪੱਧਰ ਦੇ ਜਾਗੀਰਵਾਦੀ ਪ੍ਰਬੰਧ ਵਿਚ ਵਾਪਰੇ ਦੁਖਾਂਤ ਨੂੰ ਪਰਗਟਾਇਆ ਹੈ। ਉਸ ਨਾਰੀ ਦੀ ਕਰੁਣਾਮਈ ਸਥਿਤੀ ਨੂੰ ਇਤਿਹਾਸਕ ਪ੍ਰਸੰਗ ਵਿਚ ਰੱਖ ਕੇ ਵੇਖਣ ਦਾ ਸਫਲ ਪ੍ਰਯਤਨ ਕੀਤਾ ਹੈ। ਇਸ ਨਾਵਲ ਦੇ ਆਦਿ ਤੋਂ ਹੀ ਕਰੁਣਾਮਈ ਸਥਿਤੀ ਉਪਜਦੀ ਹੈ ਅਤੇ ਇਹ ਭਾਵ ਕਰੁਣਾ ਦਾ ਅਲਾਂਬਾ ਬਣ ਜਾਂਦੇ ਹਨ। ਇਹ ਅਲਾਂਬਾ ਪਾਠਕ ਮਨ ਨੂੰ ਵੀ ਪਿਘਲਾ ਦੇਂਦਾ ਹੈ।

ਇਸ ਨਾਵਲ ਦੀ ਨਾਇਕਾ ਸੀਤਾ ਹੀ ਜਾਗੀਰਦਾਰੀ ਪ੍ਰਬੰਧ ਵਿਚ ਬਲੀ ਦਾ ਬੱਕਰਾ ਨਹੀਂ ਬਣਦੀ ਸਗੋਂ ਉਸ ਦਾ ਆਪਾ ਦਰਿਦਿਆ ਹਥੋਂ ਨੋਚਿਆ ਜਾਂਦਾ ਹੈ। ਉਸ ਦੇ ਨਾਲ ਸੰਬੰਧਿਤ ਵਿਅਕਤੀ ਵੀ ਉਸ ਦਾ ਸੰਤਾਪ ਭੋਗਦੇ ਹਨ। ਇਸ ਨਾਵਲ ਵਿਚ ਮਾਨਵੀ ਹੋਣੀ ਦੀ ਕਰੁਣਾਮਈ ਵਾਰਤਾ ਏਨੀ ਦਿਲ ਹਲੂਣੀ ਹੈ ਕਿ ਸਮਕਾਲੀ ਜੀਵਨ ਦੇ ਅੰਤਰ ਵਿਰੋਧਾ ਅਤੇ ਵਿਸੰਗਤੀਆਂ ਪ੍ਰਤੀ ਪਾਠਕ ਦੇ ਮਨ ਵਿਚ ਤ੍ਰਾਸਦੀ ਉਤਪੰਨ ਹੁੰਦੀ ਹੈ।

ਇਸ ਨਾਵਲ ਦੀ ਕਹਾਣੀ ਪਿੰਡ ਲਸਾੜੇ ਦੀ ਕਹਾਣੀ ਹੈ। ਇਸ ਪਿੰਡ ਵਿਚ ਸੰਤਾ ਨਾਈ ਅਤੇ ਉਹਦਾ ਪਰਿਵਾਰ ਵੱਸਦਾ ਸੀ। ਉਹ ਪਿੰਡ ਵਿਚ ਲੋਕਾਂ ਦੇ ਕੰਮ ਤੇ ਦਵਾ ਦ ਕਰਦਾ ਸੀ। ਉਹ ਵੇਹਲੇ ਸਮੇਂ ਅਧਿਆਤਮਕ ਗ੍ਰੰਥਾਂ ਦਾ ਪਾਠ ਕਰਦਾ। ਉਸ ਦੀ ਪਤਨੀ ਰੱਖੀ ਨੇ ਵੀ ਪਿੰਡ ਵਿਚ ਬਣਾਈ ਹੋਈ ਸੀ। ਸੰਤੇ ਨੇ ਆਪਣੇ ਲੜਕੇ ਨਾਥ ਦਾ ਵਿਆਹ ਸਲਾਰ ਪਿੰਡ ਦੀ ਕੁੜੀ ਸੀਤਾ ਨਾਲ ਕਰ ਦਿੱਤਾ। ਉਸ ਨੇ ਦਿਆਲ ਨਾਮ ਦੇ ਪੁੱਤਰ ਨੂੰ ਜਨਮ ਦਿੱਤਾ। ਉਹ ਆਪਣੇ ਘਰ ਸਬਰ ਸ਼ੁਕਰ ਨਾਲ ਰਹਿ ਰਹੀ ਸੀ ਪਰ ਹੋਣੀ ਉਸ ਨੂੰ ਸ਼ਾਂਤ ਜੀਵਨ ਬਤੀਤ ਕਰਦਿਆਂ ਵੇਖ ਪ੍ਰਸੰਨ ਨਹੀਂ ਸੀ।

ਅੱਸੂ-ਕੱਤੇ ਦੀ ਇਕ ਸ਼ਾਮ, ਮੀਂਹ ਕਣੀ ਦੇ ਦਿਨ ਉਹ ਖੇਤਾਂ ਨੂੰ ਗਈ ਘਰ ਵਾਪਸ ਨਾ ਮੁੜੀ। ਪਿੰਡ ਦੇ ਜ਼ੈਲਦਾਰ ਦਾ ਮੁੰਡਾ ਬਲਦੇਵ ਸਿੰਘ ਉਸ ਨੂੰ ਆਪਣੇ ਬੰਦਿਆਂ ਰਾਹੀਂ ਚੁਕਵਾ ਕੇ ਮੂੰਹ ਵਿਚ ਕਪੜਾ ਤੁੰਨ ਕੇ ਆਪਣੇ ਖੂਹ ਤੇ ਬਣੇ ਕਮਰੇ ਵਿਚ ਲੈ ਗਿਆ ਅਤੇ ਸਾਰੀ ਰਾਤ ਉਸ ਨਾਲ ਜ਼ਬਰਦਸਤੀ ਕੀਤੀ। ਉਸ ਸੀਤਾ ਨੂੰ ਸ਼ੇਰ ਸਿੰਘ ਨਾਮੀ ਡਰਾਈਵਰ ਨਾਲ ਉਸ ਨੂੰ ਕਿਸੇ ਹੋਰ ਪਾਸ ਵੇਚ ਦੇਣ ਲਈ ਭੇਜ ਦਿੱਤਾ। ਸ਼ੇਰ ਸਿੰਘ ਦਾ ਇਸਤਰੀਆਂ ਵੇਚਣ ਦਾ ਹੀ ਧੰਦਾ ਸੀ। ਉਹ ਉਸ ਬਾਰੇ ਗੱਲਬਾਤ ਕਰਨ ਆਪਣੇ ਇਕ ਮਿੱਤਰ ਮਾਘੀ ਪਾਸ ਧੂਰੀ ਗਿਆ।

ਦਿਆਲੋ ਚਾਹ ਦੇਣ ਲਈ ਅਗਲੀ ਸਵੇਰ ਸੀਤਾ ਪਾਸ ਖੂਹ ਤੋ ਗਈ। ਦਿਆਲੋ ਨੂੰ ਉਸ ਦੇ ਭੋਲੇਪਣ ਤੇ ਤਰਸ ਆ ਗਿਆ। ਉਹ ਹਮਦਰਦੀ ਵਿਚ ਉਸ ਨੂੰ ਭੱਜਣ ਲਈ ਬਾਹ ਜਾਣ ਦਾ ਰਸਤਾ ਦੱਸ ਜਾਂਦੀ ਹੈ। ਉਹ ਰਾਤ ਨੂੰ ਘਰ ਜਾਣ ਦੀ ਬਜਾਏ ਹਰਿਦੁਆਰ ਜਾਣ ਵਾਲੀ ਗੱਡੀ ਵਿਚ ਸਵਾਰ ਹੋ ਗਈ। ਰਸਤੇ ਵਿਚ ਇਕ ਟਿਕਟ ਚੈਂਕਰ ਨੇ ਉਸ ਨੂੰ ਕਿਸੇ ਸਟੇਸ਼ਨ ਤੇ ਲਾਹ ਲਿਆ ਅਤੇ ਕੁਝ ਦਿਨ ਆਪਣੇ ਪਾਸ ਰੱਖਿਆ।

ਉਹ ਜਾਣਾ ਤਾਂ ਆਪਣੇ ਘਰ ਚਾਹੁੰਦੀ ਸੀ ਪਰ ਸਮਾਜ ਦੀਆਂ ਨਜ਼ਰਾਂ ਵਿਚ ਉਹ ਦੋਸ਼ੀ ਨਾ ਹੁੰਦੀ ਹੋਈ ਵੀ ਦੋਸ਼ੀ ਸੀ। ਦੂਸਰੇ ਮਰਦ ਨੇ ਉਸ ਦੀ ਮਾਣ ਮਰਿਯਾਦਾ ਨੂੰ ਭੰਗ ਕਰ ਦਿੱਤਾ ਸੀ। ਉਹ ਹੁਣ ਆਪਣੇ ਭਾਈਚਾਰੇ ਵਿਚ ਪਹਿਲੇ ਵਾਲਾ ਮਾਣ ਪ੍ਰਾਪਤ ਨਹੀਂ ਕਰ ਸਕਦੀ ਸੀ। ਉਸ ਹਰਿਦੁਆਰ ਵਿਚ ਇਕ ਸਾਧੂ ਦੀ ਕੁਟੀਆ ਵਿਚ ਸ਼ਰਨ ਲਈ ਤੇ ਆਪਣੇ ਮਨ ਤੇ ਲੱਗੀਆਂ ਨਸ਼ਤਰਾਂ ਦੇ ਘਾਵਾਂ ਨੂੰ ਪਾਠ ਪੂਜਾ ਦੀ ਮਲ੍ਹਮ ਨਾਲ ਭਰਨਾ ਚਾਹਿਆ ਪਰ ਵਲੂੰਧਰਿਆ ਮਨ ਕਿਸੇ ਵੀ ਮਲ੍ਹਮ ਨਾਲ ਰਾਜ਼ੀ ਨਹੀਂ ਹੁੰਦਾ। ਉਸ ਦੇ ਘਾਉ ਸਦਾ ਰਿਸਦੇ ਰਹਿੰਦੇ ਹਨ।

ਸੀਤਾ ਦੇ ਜ਼ਬਰਦਸਤੀ ਚੁੱਕੇ ਜਾਣ ਵਾਲੀ ਰਾਤ ਸੰਤੇ ਅਤੇ ਨਾਥ ਨਾਲ ਮਿਲ ਕੇ ਪਿੰਡ ਦੇ ਕੁਝ ਲੋਕ ਉਸ ਦੀ ਭਾਲ ਵਿਚ ਨਿਕਲਦੇ ਹਨ। ਉਹ ਲੱਭਦੇ ਜ਼ੈਲਦਾਰਾਂ ਦੇ ਖੂਹ ਤਕ ਪੁੱਜ ਜਾਂਦੇ ਹਨ। ਅਤੇ ਛਾਇਰ ਹੋਣ ਤੇ ਉਹ ਡਰ ਕੇ ਇਧਰ ਉਧਰ ਭਾਤੀ ਮਾਰ ਕੇ ਵਾਪਸ ਪਰਤ ਆਉਂਦੇ ਹਨ। ਉਹ ਜ਼ੈਲਦਾਰ ਉਤੇ ਸ਼ੱਕ ਕਰਕੇ ਆਪਣੇ ਆਪ ਨੂੰ ਕਿਸੇ ਪ੍ਰਕਾਰ ਦੇ ਖਤਰੇ ਵਿਚ ਨਹੀਂ ਪਾਉਣਾ ਚਾਹੁੰਦੇ।

ਅਗਲੇ ਦਿਨ ਸੰਤਾ, ਨਾਥ, ਉਹਦਾ ਧਰਮ ਭਰਾ ਬਚਨਾ ਤੇ ਚੌਕੀਦਾਰ ਥਾਣੇ ਸੀਤਾ ਦੇ ਗੁੰਮ ਹੋਣ ਦੀ ਰਿਪੋਰਟ ਦਰਜ ਕਰਵਾਉਣ ਗਏ। ਥਾਣੇਦਾਰ ਨੇ ਰਿਪੋਰਟ ਹੀ ਦਰਜ ਨਾ

ਕੀਤੀ। ਉਸ ਦੀ ਮੁੱਠੀ ਤਾਂ ਪਹਿਲਾਂ ਹੀ ਜ਼ੈਲਦਾਰ ਬਲਵੰਤ ਸਿੰਘ ਨੇ ਗਰਮ ਕਰ ਦਿੱਤੀ ਸੀ, ਵਿਚਾਰੇ ਨਿਰਾਸ ਪਰਤ ਆਏ।

ਸੀਤਾ ਦੇ ਭਰਾ ਮੇਘ ਨੂੰ ਇਸ ਘਟਨਾ ਦਾ ਪਤਾ ਲੱਗਣ ਤੇ ਉਹ ਆਪਣੇ ਪਿਤਾ ਨੂੰ ਨਾਲ ਲੈ ਕੇ ਲਸਾੜੇ ਪੁਜਦਾ ਹੈ। ਪਿੰਡ ਦੀ ਪੰਚਾਇਤ ਵੀ ਉਹਨਾਂ ਨੂੰ ਕੋਈ ਨਿਆ ਨਹੀਂ ਦੇਂਦੀ। ਬਲਵੰਤ ਸਿੰਘ ਭਰੀ ਪੰਚਾਇਤ ਵਿਚ ਸੀਤਾ ਦੇ ਚਰਿੱਤਰ ਉਤੇ ਧੱਬਾ ਲਾਉਂਦਾ ਹੈ। ਮੇਘ ਤੇ ਉਸ ਦਾ ਪਿਤਾ ਨਿਰਾਸ਼ ਹੋ ਕੇ ਵਾਪਸ ਪਰਤ ਜਾਂਦੇ ਹਨ। ਮੇਘ ਪਿਤਾ ਪਾਸ ਬਦਲੇ ਦੀ ਭਾਵਨਾ ਦਾ ਪ੍ਰਗਟਾ ਕਰਦਾ ਹੈ ਪਰ ਪਿਤਾ ਉਸ ਨੂੰ ਅਜਿਹਾ ਕਰਨ ਤੋਂ ਰੋਕ ਦੇਂਦਾ ਹੈ।

ਸਾਰੇ ਪਿੰਡ ਨੂੰ ਪਤਾ ਲੱਗ ਜਾਂਦਾ ਹੈ ਕਿ ਬਲਵੰਤ ਸਿੰਘ ਨੇ ਸੀਤਾ ਦਾ ਉਧਾਲਾ ਕੀਤਾ ਹੈ। ਪਿੰਡ ਵਾਲੇ ਉਸ ਤੇ ਡਰਦੇ ਕੁਝ ਕਰਨ ਤੋਂ ਅਸਮਰੱਥ ਹਨ। ਨਾਥ ਆਪਣੇ ਮਨ ਦੇ ਘਾਉ ਭੁੱਲਣ ਲਈ ਗਿਆਨ ਦਾਸ ਦੀ ਕੁਟੀਆ ਵਿਚ ਜਾ ਕੇ ਭੰਗ ਦਾ ਆਸਰਾ ਲੈਂਦਾ ਹੈ। ਸੰਤਾ ਤੇ ਉਸ ਦੀ ਪਤਨੀ ਇਹ ਸਮਝ ਚੁੱਕੇ ਹਨ ਕਿ ਉਹਨਾਂ ਦਾ ਪਿੰਡ ਵਿਚ ਜਿਉਣਾ ਵਿਅਰਥ ਹੈ।

ਇਕ ਦਿਨ ਬਚਨਾ ਤੇ ਨਾਥ ਸਰਾਬ ਵਿਚ ਗੁੱਟ ਹੁੰਦੇ ਹਨ। ਨਾਥ ਬਚਨੇ ਨੂੰ ਦੱਸ ਜਾਂਦਾ ਹੈ ਕਿ ਸੀਤਾ ਨੂੰ ਜ਼ੈਲਦਾਰ ਨੇ ਉਧਾਇਆ ਹੈ। ਬਚਨਾ ਗੁੱਸੇ ਵਿਚ ਜ਼ੈਲਦਾਰ ਨੂੰ ਦੋ ਤਿੰਨ ਗਾਹਲਾ ਕੱਢਦਾ ਹੈ। ਬਚਨੇ ਨੂੰ ਪਿੰਡ ਵੱਲ ਜਾਂਦਿਆਂ ਜੈਲਦਾਰ ਉਸ ਨੂੰ ਮਰਵਾ ਦਿੰਦਾ ਹੈ। ਸੋਤਾ ਵੀ ਮਰ ਜਾਂਦਾ ਹੈ।

ਸੰਤੇ ਦੇ ਫੁੱਲ ਤਾਰਨ ਹਰਿਦੁਆਰ ਗਿਆ ਰੱਖੀ ਨੂੰ ਸੀਤਾ ਉਥੇ ਮਿਲਦੀ ਹੈ, ਉਹ ਉਸ ਨੂੰ ਆਪਣੀ ਹੱਡ-ਬੀਤੀ ਦਸਦੀ ਹੈ ਅਤੇ ਰੱਖੀ ਨੂੰ ਇਕ ਵਾਰ ਪਿੰਡ ਲੈ ਜਾਣ ਲਈ ਕਰਨਾ ਮਾਰਦੀ ਹੈ ਪਰ ਰੱਖੀ ਸਮਾਜ ਦੀ ਪੰਥਾ ਤੋੜਨ ਤੋਂ ਅਸਮਰੱਥ ਹੈ। ਸੀਤਾ ਨਿਰਾਸ਼ ਹੋਈ ਗੰਗਾ ਵਿਚ ਛਾਲ ਮਾਰ ਕੇ ਆਤਮ ਹੱਤਿਆ ਕਰ ਲੈਂਦੀ ਹੈ।

"ਦੂਸਰੀ ਸੀਤਾ" ਨਾਵਲ ਦੀ ਸਿਰਜਣਾ ਇਕ ਪੋਰਾਣਿਕ ਕਥਾ ਰਾਮ ਤੇ ਸੀਤਾ ਦੇ ਆਧਾਰ ਤੇ ਸਿਰਜੀ ਗਈ ਹੈ। ਸੀਤਾ ਨੂੰ ਰਾਵਣ ਹਰ ਲੈਂਦਾ ਹੈ। ਸੀਤਾ ਦੀ ਸ਼ੀਲ, ਸੰਜਮ ਅਤੇ ਸਤ ਰਾਵਣ ਦੇ ਬਾਹੂਬਲ ਨੂੰ ਉਸ ਉਤੇ ਪ੍ਰਭਾਵਿਤ ਨਹੀਂ ਹੋਣ ਦੇਂਦਾ। ਉਹ ਸਤੀ ਸਵਿਤਰੀ ਨਹੀ। ਰਾਮ ਨੇ ਰਾਵਣ ਨੂੰ ਮਾਰ ਕੇ ਲੰਕਾ ਜਿੱਤ ਲਈ ਤੇ ਸੀਤਾ ਆਜਾਦ ਹੋ ਗਈ।

ਡਾ. ਦਲੀਪ ਕੌਰ ਟਿਵਾਣਾ ਨੇ ਪੈਰਾਣਿਕ ਕਥਾ ਦੇ ਵਿਪਰੀਤ ਆਪਣੀ ਵੱਖਰੀ ਕਥਾ ਸਿਰਜੀ ਹੈ। ਇਥੇ ਨਾਥ ਰਾਜੇ ਦਾ ਨਹੀਂ, ਨਾਈ ਸੰਤੇ ਦਾ ਪੁੱਤਰ ਹੈ। ਉਹ ਪਿੰਡ ਦਾ ਲਾਗੀ ਹੋਣ ਕਰਕੇ ਪਿੰਡ ਦੇ ਦਾਨ ਉਤੇ ਪਲਦਾ ਹੈ। ਨਾਥ ਦੀ ਪਤਨੀ ਸੀਤਾ ਸੁਸ਼ੀਲ ਹੈ। ਉਸ ਦਾ ਹਰਨ ਜਾਗੀਰਦਾਰ ਕਰਕੇ ਉਸ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦਾ ਹੈ। ਨਾਥ ਦੀ

ਕੋਈ ਕੂਕ ਫ਼ਰਿਆਦ ਨਹੀਂ ਸੁਣਦਾ। ਉਹ ਇਸੇ ਦੁਖ ਵਿਚ ਸਾਧਾਂ ਦੀ ਕੁਟੀਆ ਵਿਚ ਜਾ ਡੇਰਾ ਲਾਉਂਦਾ ਹੈ। ਸੀਤਾ ਅੰਤ ਵਿਚ ਲੱਭ ਪੈਂਦੀ ਹੈ ਪਰ ਸਮਾਜ ਉਸ ਨੂੰ ਕਬੂਲ ਨਹੀਂ ਕਰਦਾ। ਉਹ ਨਿਰਾਸ਼ ਹੈ ਆਤਮ-ਹੱਤਿਆ ਕਰ ਲੈਂਦੀ ਹੈ।

ਇਹ ਨਾਵਲ ਪਾਠਕ ਮਨ ਵਿਚ ਕਰੁਣਾ ਦੇ ਭਾਵ ਉਜਾਗਰ ਕਰਦਾ ਹੈ। ਭਾਰਤੀ ਨਾਰੀ ਦੀ ਕਰੁਣਾਮਈ ਸਥਿਤੀ ਨੂੰ ਇਸ ਦੇ ਇਤਿਹਾਸਕ ਪ੍ਰਸੰਗ ਵਿਚ ਰੱਖ ਕੇ ਉਸ ਦਾ ਸਫਲ ਉਲੇਖ ਕੀਤਾ ਗਿਆ ਹੈ। ਮਾਨਵੀ ਹੋਣੀ ਦੇ ਕਰੁਣਾਮਈ ਪ੍ਰਸੰਗ ਏਨੇ ਡਰਾਉਣੇ ਹਨ। ਕਿ ਸਮਕਾਲੀ ਜੀਵਨ ਦੇ ਅੰਤਰ ਵਿਰੋਧਾ ਅਤੇ ਵਿਸੰਗਤੀਆਂ ਪ੍ਰਤੀ ਪਾਠਕ ਦੇ ਮਨ ਵਿਚ ਇਕ ਤ੍ਰਾਸਦੀ ਪੈਦਾ ਹੋ ਜਾਂਦੀ ਹੈ। ਇਸ ਨਾਲ ਮਾਨਵ ਦੀ ਰੂਹ ਝੰਜੋੜੀ ਜਾਂਦੀ ਹੈ। ਇਹ ਇਸ ਨਾਵਲ ਦਾ ਸਫਲ ਕਰੁਣਾ ਬੋਧ ਹੈ।

**ਲੰਮੀ ਉਡਾਰੀ :**

ਟਿਵਾਣਾ ਨੇ ਲੰਮੀ ਉਡਾਰੀ ਨਾਵਲ 'ਬਗਾਨੇ ਮੁਲਕਾਂ ਵਿਚ ਰਹਿੰਦੇ ਆਪਣੇ ਲੋਕਾਂ' ਨੂੰ ਸਮਰਪਿਤ ਕੀਤਾ ਹੈ। ਇਹ ਨਾਵਲ ਲੋਕ ਗੀਤਾਂ ਦੀ ਸਤਰ:

*ਸਾਡਾ ਚਿੜੀਆ ਦਾ ਚੰਬਾ ਵੇ ਬਾਬਲ ਅਸਾਂ ਉਡ ਜਾਣਾ।*
*ਸਾਡੀ ਲੰਮੀ ਉਡਾਰੀ ਵੇ ਬਾਬਲ ਅਸਾਂ ਉਡ ਜਾਣਾ।*

ਇਸ ਰਾਹੀਂ ਉਸ ਨੇ ਵਿਆਹ ਕੇ ਪ੍ਰਦੇਸ ਗਈ ਧੀ ਦੇ ਵਿਛੋੜੇ ਦੇ ਭਾਵ ਅਤੇ ਵਿਦੇਸ਼ ਵਿਚ ਮਾਪਿਆਂ ਦੀ ਯਾਦ ਦਾ ਵੇਰਵਾ ਦਿੱਤਾ ਹੈ। ਵਿਦੇਸ਼ ਵਿਚ ਰਹਿੰਦੀ ਨਾਰੀ ਵੀ ਸੰਤਾਪ ਭੋਗਦੀ ਹੈ। ਉਥੋਂ ਦੀ ਨਾਰੀ ਆਜਾਦ ਹੈ ਪਰ ਉਸ ਦੀ ਕੀਮਤ ਵੀ ਕੇਵਲ ਢਾਈ ਸੁਲਿੰਗ ਹੀ ਹੈ। ਭਾਰਤੀ ਮਰਦ ਉਨ੍ਹਾਂ ਮਗਰ ਲੱਗ ਕੇ ਆਪਣੀ ਇਸਤਰੀ ਨੂੰ ਵਿਸਾਰਦੇ ਹਨ । ਵਿਦੇਸ਼ ਵਿਚ ਉਹ ਆਪਣੇ ਮਨ ਦੀ ਪੀੜਾ ਵੀ ਕਿਸੇ ਨਾਲ ਸਾਂਝੀ ਨਹੀਂ ਕਰ ਸਕਦੀ। ਹਰ ਭਾਰਤੀ ਉਥੇ ਪੈਸੇ ਕਮਾਉਣ ਲਈ ਗਿਆ ਹੈ। ਉਨ੍ਹਾਂ ਦੀ ਮਨੋਬਿਰਤੀ ਪੈਸੇ ਕਮਾ ਕੇ ਬੱਚਿਆਂ ਨੂੰ ਉਥੇ ਸੈਟਲ ਕਰਕੇ ਵਾਪਸ ਆਪਣੇ ਦੇਸ਼ ਪਰਤਣ ਦੀ ਹੈ। ਭਾਵੇਂ ਉਥੇ ਉਹ ਸੈਕਿੰਡ (ਦੂਸਰੇ) ਦਰਜੇ ਦੇ ਹੀ ਸ਼ਹਿਰੀ ਹਨ। ਉਹ ਦੇਸ਼ ਨਹੀਂ ਮੁੜ ਸਕਦੇ। ਉਥੋਂ ਦੇ ਵਾਸੀ ਉਨਾਂ ਨਾਲ ਨਫ਼ਰਤ ਕਰਦੇ ਹਨ।

ਇਹ ਨਾਵਲ ਵਲੈਤ ਆਈ ਨੀਰਸ ਦੇ ਆਪਣੇ ਪਤੀ ਨੂੰ ਸਭ ਕੁਝ ਸਮਝ ਦੇ ਮਾਪਿਆ ਨੂੰ ਵਿਸਰ ਜਾਣ ਦੇ ਪ੍ਰਸੰਗ ਨਾਲ ਆਰੰਭ ਹੁੰਦਾ ਹੈ। ਲੇਖਿਕਾ ਦੀ ਡਾਕਟਰ ਸਹੇਲੀ ਨੇ ਉਹਨੂੰ ਨੀਰਸ ਨੂੰ ਮਿਲ ਆਉਣ ਅਤੇ ਆਪਣਾ ਚੈਕਅੱਪ ਉਥੇ ਕਰਵਾਉਣ ਦੀ ਸਲਾਹ ਦਿੱਤੀ। ਉਸ ਸਲਾਹ ਮੰਨ ਕੇ ਤਿਆਰੀ ਆਰੰਭ ਦਿੱਤੀ।

ਲੇਖਿਕਾ ਨੇ ਐਂਟਰੀ ਸਰਟੀਫੀਕੇਟ ਲੈਣ ਲਈ ਕਿੰਨੇ ਹੀ ਸਵਾਲ ਪੁੱਛੇ ਗਏ। ਉਸ ਨੇ ਸਰਟੀਫੀਕੇਟ ਮਿਲ ਗਿਆ। ਉਸ ਏਰੀਆਨਾ ਅਫ਼ਗਾਨ ਏਅਰਵੇਜ਼ ਦਾ ਟਿਕਟ ਲਿਆ। ਇਕ ਤੇਈ ਮਈ ਨੂੰ ਉਡਣਾ ਸੀ। ਉਡਣ ਦਾ ਦਿਨ ਆ ਗਿਆ। ਕਸਟਮ ਤੋਂ ਵੇਹਲੇ ਹੋ ਕੇ ਜਹਾਜ਼ ਦੀ ਉਡਾਣ ਸ਼ੁਰੂ ਹੋਈ। ਚਾਰ ਵਜੇ ਕਾਬਲ ਪੁੱਜ ਗਈ। ਲੇਖਿਕਾ ਨੂੰ ਕਾਬਲ ਚਾਰ ਇਜ ਰੁਕਣਾ ਪਿਆ। ਉਥੇ ਉਸ ਨੂੰ ਜੋਤੀ ਨਾਮ ਦੀ ਇਕ ਕੁੜੀ ਮਿਲੀ ਚੌਥੇ ਦਿਨ ਵੀ ਜਹਾਜ਼ ਵਿਚ ਮੁਸ਼ਕਲ ਨਾਲ ਸੀਟ ਮਿਲੀ। ਜਹਾਜ਼ ਫ਼ਰਾਂਸ ਰੁਕਿਆ। ਫਿਰ ਲੰਡਨ ਪੁੱਜ ਕੇ ਨੀਰਸ ਤੇ ਹਰਚੰਦ ਨੂੰ ਮਿਲੀ। ਉਥੇ ਉਸ ਨੂੰ ਇਕ ਸਹੇਲੀ ਸੀਤਾ ਵੀ ਮਿਲੀ। ਏਅਰ ਪੋਰਟ ਤੋਂ ਉਸ ਕੁਲਜੀਤ ਕਾਰ ਰਾਹੀਂ ਘਰ ਲਿਆਇਆ।

ਰਾਣੀ ਨੇ ਉਸ ਨੂੰ ਦੱਸਿਆ ਕਿ ਇਸ ਦੇਸ਼ ਦੀਆਂ ਔਰਤਾਂ ਔਰਤਾਂ ਹੀ ਨਹੀਂ, ਇਥੇ ਇਕ ਗੋਰੀ ਦਾ ਮੁੱਲ ਢਾਈ ਸ਼ਲਿੰਗ ਹੈ। ਉਸ ਨੇ ਹਿਰਖ ਕੇ ਕਿਹਾ ਸਾਡੇ ਮਰਦ ਸਾਡਾ ਏਨਾ ਮੁੱਲ ਵੀ ਨਹੀਂ ਸਮਝਦੇ। ਇਹ ਉਸ ਦੀ ਮਨੋਪੀੜਾ ਸੀ। ਉਥੇ ਪ੍ਰਦੇਸ਼ ਵਿਚ ਇਸਤਰੀ ਦੀ ਮਾਨਸਿਕ ਤਣਾਉ ਦੀ ਸਥਿਤੀ ਸੀ । ਉਥੇ ਰਹਿਣ ਵਾਲੀਆਂ ਬਹੁਤੀਆਂ ਭਾਰਤੀ ਇਸਤਰੀਆ ਇਸ ਦਾ ਸ਼ਿਕਾਰ ਸਨ।

ਲੇਖਿਕਾ ਸਾਉਥ ਹਾਲ ਵਿਚ ਘੁੰਮੀ। ਫਿਰ ਨੀਰਸ ਦੇ ਘਰ ਗਲਾਸਗੋ ਪੁੱਜੀ। ਸਾਰ ਸੁਥਰਾ ਘਰ ਸੀ। ਉਸ ਦੇ ਬੱਚੇ ਵੀ ਸਾਫ਼ ਸੁਥਰੇ ਤੇ ਸਾਰੇ ਘਰ ਹੀ ਇਕੋ ਜਿਹੇ ਸਨ। ਘਰਾਂ ਵਿਚ ਫੁੱਲ ਮਹਿਕਦੇ ਹਨ। ਘਰ ਵਿਚ ਮਰਦ ਵੀ ਕੰਮ ਕਰਦੇ ਹਨ।

ਲੇਖਿਕਾ ਸ਼ਨੀਵਾਰ ਨੂੰ ਗਲਾਸਗੋ ਗਈ। ਲੋਕ ਬਾਰਾਂ ਵਜੇ ਗੁਰਦੁਆਰੇ ਆਉਂਦੇ ਹਨ। ਉਥੇ ਇਸਤਰੀਆਂ ਕੀਰਤਨ ਕਰ ਰਹੀਆਂ ਸਨ। ਗੁਰਦੁਆਰੇ ਵਿਚ ਪੰਜਾਬ ਵਰਗਾ ਮਾਹੌਲ ਸੀ। ਲੇਖਿਕਾ ਨੇ ਉਥੇ ਜੁੜੀ ਸੰਗਤ ਨੂੰ ਵੀ ਸੰਬੋਧਨ ਕੀਤਾ। ਫਿਰ ਉਹ ਤੀਹ ਮੀਲ ਦੂਰ ਰੋਬਰਟ ਬਰਨਜ਼ ਦਾ ਜਨਮ ਸਥਾਨ ਵੇਖਣ ਲਈ ਏਅਰ ਗਈ। ਸ਼ਹਿਰ ਦੇ ਵਿਚਕਾਰ ਬਰਨ ਦਾ ਬੱਤ ਲੱਗਾ ਹੋਇਆ ਸੀ। ਨੇੜੇ ਹੀ ਇਕ ਅਨਨੋਨ ਸੋਲਜ਼ਰ ਦਾ ਬੁੱਤ ਲੱਗਾ ਹੋਇਆ ਹੈ। ਇਹ ਲੋਕ ਸਾਹਿਤਕਾਰ ਦੇ ਨਾਲ ਦੇਸ਼ ਤੋਂ ਆਪਾ ਵਾਰਨ ਵਾਲੇ ਸਿਪਾਹੀ ਨੂੰ ਵੀ ਯਾਦ ਰਖਦੇ ਹਨ।

ਬਰਨਜ਼ ਦਾ ਘਰ ਕੱਚੀਆਂ ਕੰਧਾਂ ਵਾਲਾ ਫੂਸ ਦੀ ਛੱਤ ਵਾਲਾ ਪੁਰਾਣਾ ਸੀ। ਇਹ ਉਸ ਦੇ ਜਨਮ ਤੋਂ ਭਾਵ 25 ਜਨਵਰੀ 1759 ਈ. ਤੋਂ ਸਾਂਭ ਕੇ ਰੱਖਿਆ ਹੋਇਆ ਸੀ। ਉਸੇ ਤਰ੍ਹਾਂ ਚੀਜ਼ਾਂ ਪਈਆਂ ਸਨ। ਨਾਲ ਹੀ ਬਣੇ ਮਿਊਜ਼ੀਅਮ ਵਿਚ ਬਨਰਜ਼ ਦੀਆਂ ਕਿਤਾਬਾਂ, ਖਰੜੇ,

ਤਰਜ਼ਮੇ, ਉਹਦੇ ਬੁੱਤ ਤੇ ਤਸਵੀਰਾਂ, ਖ਼ਤ ਆਦਿ ਪਏ ਸਨ। ਲੋਕ ਬੜੇ ਸਤਿਕਾਰ ਨਾਲ ਉਥੇ ਦੇਖ ਰਹੇ ਸਨ। ਲੇਖਿਕਾ ਨੇ ਮਨ ਹੀ ਮਨ ਵਿਚ ਉਸ ਨੂੰ ਸਿਜਦਾ ਕੀਤਾ।

ਉਹ ਹਾਰਡੀ ਦਾ ਪਿੰਡ ਡਰਚੈਸਫਰ ਵੀ ਵੇਖਣ ਗਈ। ਉਹ ਰਾਤ ਬਹੁਤ ਦੇਰ ਨਾਲ ਉਥੇ ਪਹੁੰਚੇ। ਅੱਗੇ ਗੁਰਮੁਖ ਸਿੰਘ ਤੇ ਉਸ ਦੀ ਪਤਨੀ ਇੰਤਜ਼ਾਰ ਕਰ ਰਹੇ ਸਨ। ਦੂਜੇ ਦਿਨ ਸਵੇਰੇ ਗੁਰਮੁਖ ਸਿੰਘ ਨੇ ਉਸ ਨੂੰ ਹਾਰਡੀ ਦੀ ਲਾਇਬਰੇਰੀ ਦਿਖਾਈ ਜਿਸ ਵਿਚ ਹਾਰਡੀ ਬਾਰੇ ਹੁਣ ਤਕ ਜੋ ਛਪਿਆ ਸੀ ਉਥੇ ਸੁਰੱਖਿਅਤ ਸੀ। ਛੋਟੀ ਜਿੰਨੀ ਲਾਇਬਰੇਰੀ ਵਿਚ ਸੰਸਾਰ ਬਾਰੇ ਗਿਆਨ ਉਪਲਬਧ ਸੀ। ਅਗਲੇ ਦਿਨ ਉਹ ਧੁੱਪ ਹੋਣ ਕਰਕੇ ਬੀਚ ਤੇ ਗਈ। ਸਮੁੰਦਰ ਉਸ ਨੂੰ ਅਨੰਤ ਦਾ ਝੋਲਾ ਦੇਣ ਲੱਗਾ। ਉਸ ਪਹਿਲੀ ਵਾਰ ਉਸ ਨੂੰ ਦੇਖਿਆ ਸੀ। ਸਵਾਨੇਜ਼ ਬੀਚ ਤੇ ਲੋਕ ਆਪਣੀ ਮੌਜ ਵਿਚ ਨਹਾ ਰਹੇ ਸਨ। ਧੁੱਪ ਦਾ ਅਨੰਦ ਲੈ ਰਹੇ ਸਨ।

ਅਗਲੇ ਦਿਨ ਮੀਂਹ ਵਿਚ ਵੀ ਉਹ ਹਾਰਡੀ ਦਾ ਘਰ ਵੇਖਣ ਗਈ। ਫੂਸ ਦੀ ਛੱਤ ਵਾਲਾ ਦੋ ਮੰਜ਼ਲਾ ਘਰ। ਘਰ ਦੇ ਅੱਗੇ ਫੁੱਲਾਂ, ਬੂਟਿਆਂ ਵਾਲੀਆਂ ਕਿਆਰੀਆਂ ਤੇ ਕਿਆਰੀਆਂ ਤੋਂ ਪਰੇ ਘਣਾ ਜੰਗਲ। ਘਰ ਦੇ ਅੰਦਰ ਹਾਰਡੀ ਦੀਆਂ ਚੀਜ਼ਾਂ ਉਸੇ ਤਰ੍ਹਾਂ ਪਈਆਂ ਸਨ। ਲੇਖਿਕਾ ਹਾਰਡੀ ਦੀ ਟੈਸ ਬਾਰੇ ਸੋਚਣ ਲੱਗ ਪਈ ਤੇ ਉਹ ਸੋਚ ਲੜੀ ਜੂਡ ਤਕ ਪੁੱਜ ਗਈ।

ਫੇਰ ਉਹ ਕਵੈਂਟਰੀ ਦੀ ਉਚੀਆਂ ਉਚੀਆਂ ਇਮਾਰਤਾਂ ਵਾਲੀ ਕੈਥੀਡਰਲ ਚਰਚ ਵੇਖਣ ਗਏ। ਜਰਮਨਾਂ ਦੇ ਬੰਬਾਂ ਨੇ ਇਮਾਰਤਾਂ ਗਿਰਾ ਦਿੱਤੀਆਂ ਸਨ। ਨਾਲ ਹੀ ਨਵੀਆਂ ਇਮਾਰਤਾਂ ਉਸਾਰ ਕੇ ਇਹ ਪ੍ਰਗਟਾਅ ਕੀਤਾ ਗਿਆ ਸੀ ਕਿ ਮੌਤ ਨਾਲ ਜੀਵਨ ਸਮਾਪਤ ਨਹੀਂ ਹੋ ਸਕਦਾ। ਇਥੇ ਦਾ ਬੁੱਤ ਏਂਜ਼ਲ ਦੈਂਤ ਨੂੰ ਮਾਰ ਰਿਹਾ ਹੈ। ਸ਼ਾਇਦ ਆਦਮੀ ਦੇ ਅੰਦਰਲੇ ਦੈਂਤ ਨੂੰ ਮਾਰਨ ਦੀ ਪ੍ਰੇਰਨਾ ਹੈ। ਕੈਥੀਡਰਲ ਕਲਾ ਪਖੋਂ ਬੇਮਿਸਾਲ ਹੈ। ਅੰਦਰ 72 ਫੁੱਟ ਉਚੀ 38 ਫੁੱਟ ਚੌੜੀ ਕਰਾਈਸ ਦੀ ਤਸਵੀਰ ਹੈ ਜਿਸ ਦੀਆਂ ਅੱਖਾਂ ਖੁਲ੍ਹੀਆਂ ਹਨ ਅਤੇ ਹੱਥ ਦੁਆ ਲਈ ਉਪਰ ਉਠੇ ਹੋਏ ਹਨ। ਉਹ ਗੌਡਾਈਵਾ ਦਾ ਬੁੱਤ ਵੇਖਣ ਵੀ ਗਈ ਅਤੇ ਘੰਟਾ ਘਰ ਵੀ ਵੇਖਿਆ। ਅੱਠ ਵਜੇ ਉਸ ਘੰਟੇ ਘਰ ਦੇ ਗੁੰਬਜ ਅੱਗੇ ਬਣੀ ਗੈਲਰੀ ਅਗੋਂ ਪਰਦਾ ਹਟ ਗਿਆ। ਇਕ ਨੰਗੀ ਔਰਤ ਘੋੜੇ ਤੇ ਸਵਾਰ ਉਸ ਵਿਚੋਂ ਨਿਕਲੀ ਅਤੇ ਇਕ ਆਦਮੀ ਨੇ ਉਸ ਨੂੰ ਵੇਖਕੇ ਅੱਖਾਂ ਅੱਗੇ ਹੱਥ ਰੱਖ ਲਏ ਤੇ ਦੂਸਰੇ ਬੂਹੇ ਉਹ ਅੰਦਰ ਵੜ ਗਿਆ। ਹਰ ਘੰਟਾ ਵੱਜਣ ਤੇ ਇਸ ਤਰ੍ਹਾਂ ਹੁੰਦਾ ਹੈ।

ਉਹ ਸ਼ੈਕਸਪੀਅਰ ਦਾ ਘਰ ਵੇਖਣ ਗਈ। ਸ਼ੈਕਸਪੀਅਰ ਦੇ ਘਰ ਵਿਚ ਉਸ ਵੇਖਿਆ ਉਸੇ ਤਰਾਂ ਚੀਜ਼ਾਂ ਸਾਂਭ ਕੇ ਰੱਖੀਆਂ ਹੋਈਆਂ ਸਨ। ਫੁੱਲ, ਬੂਟੇ, ਭਾਤੀਆਂ ਅਤੇ ਮਲਕਾ ਵੱਲੋਂ ਭੇਜਿਆ ਗੁਲਾਬ ਦਾ ਬੂਟਾ ਵੀ ਅਜੇ ਉਥੇ ਹੀ ਲੱਗਾ ਹੋਇਆ ਹੈ।

24 ਤਾਰੀਖ਼ ਨੂੰ ਲੇਖਿਕਾ ਨੇ ਵਾਪਸ ਦੇਸ਼ ਆਉਣਾ ਸੀ। ਸੀਤਾ ਹੁਣ ਠੀਕ ਸੀ। ਉਹ ਭਰੇ ਮਨ ਨਾਲ ਵਾਪਸ ਆ ਗਈ। ਇਹ ਨਾਵਲ ਦਲੀਪ ਕੌਰ ਟਿਵਾਣਾ ਦੀ ਇੰਗਲੇ ਯਾਤਰਾ ਦਾ ਵੇਰਵਾ ਹੈ। ਇਸ ਵਿਚ ਯਾਤਰਾ ਤੇ ਗਲਪ ਦਾ ਸਮੇਲ ਹੈ। ਉਹ ਯਾਤਰਾ ਸਮੇ ਜਿਸ ਜਿਸ ਥਾਂ ਤੇ ਵੀ ਗਈ, ਉਸ ਨੇ ਉਥੇ ਉਥੇ ਹੀ ਆਪਣੇ ਮਨੋਭਾਵਾਂ ਦਾ ਪ੍ਰਗਟਾਅ ਕੀਤਾ ਹੈ।

ਇਸ ਨਾਵਲ ਵਿਚ ਵੀ ਲੇਖਿਕਾ ਨੇ ਇਸਤਰੀਆਂ ਦੀ ਦਸ਼ਾ ਦਾ ਵਰਨਣ ਕੀਤਾ ਹੈ। ਇੰਗਲੈਂਡ ਵਿਚ ਰਹਿੰਦੀਆ ਇਸਤਰੀਆਂ ਦੀ ਵੱਖੋ ਵੱਖਰੀ ਮਨੋਦਸ਼ਾ ਹੈ। ਉਥੋਂ ਦੀਆਂ ਜਮੰਪਲ ਬਹੁਤ ਖਲਾਸੀਆਂ ਹਨ। ਉਨ੍ਹਾਂ ਨੂੰ ਮਰਦ ਨਾਲ ਸੰਬੰਧਾਂ ਤੇ ਕੋਈ ਨਿੰਦ ਵਿਚਾਰ ਨਹੀਂ। ਉਹ ਭਾਰਤੀਆਂ ਨੂੰ ਬਹੁਤਾ ਚੰਗਾ ਨਹੀਂ ਸਮਝਦੀਆਂ। ਭਾਰਤੀ ਮਰਦ ਨੂੰ ਉਕਸਾਣ ਲਈ ਉਹ ਆਪ ਪਹਿਲ ਕਰਦੀਆਂ ਹਨ। ਭਾਰਤੀ ਮਰਦ ਉਨ੍ਹਾਂ ਦੇ ਜਾਲ ਵਿਚ ਫਸ ਜਾਂਦੇ ਹਨ। ਹਿੰਦੁਸਤਾਨੀ ਪਤਨੀਆਂ ਪ੍ਰਦੇਸ਼ ਵਿਚ ਇਹ ਸਭ ਕੁਝ ਚੁਪਚਾਪ ਸਹਿਣ ਕਰਦੀਆਂ ਹਨ। ਉਨ੍ਹਾਂ ਅੱਗੇ ਹੋਰ ਕੋਈ ਰਾਹ ਨਹੀਂ। ਇਸ ਸਾਰੇ ਸੰਤਾਪ ਨੂੰ ਉਹ ਆਪਣੇ ਅੰਦਰ ਹੀ ਹੰਢਾਉਂਦੀਆਂ ਹਨ। ਉਸ ਦੀ ਭੈਣ ਨੀਰਸਾ ਉਨ੍ਹਾਂ ਇਸਤਰੀਆਂ ਵਿਚੋਂ ਇਕ ਹੈ। ਉਸ ਦੀ ਸਹੇਲੀ ਸੀਤਾ ਜੋ ਮਰਦ ਦੀ ਬੇਵਫ਼ਾਈ ਕਰਕੇ ਆਪਣਾ ਸੰਤੁਲਨ ਖੋ ਲੈਂਦੀ ਹੈ। ਉਹ ਵਿਸਕੀ ਪੀਂਦੀ ਹੈ ਅਤੇ ਸਿਗਰਟ ਵੀ ਪੀਂਦੀ ਹੈ। ਉਸ ਨੂੰ ਸਦਾ ਆਪਣੇ ਪਤੀ ਦਾ ਮੂੰਹ ਆਪਣੇ ਵੱਲ ਫੇਰਨ ਦਾ ਧਿਆਨ ਰਹਿੰਦਾ ਹੈ। ਉਸ ਦਾ ਮਨ ਆਪਣੇ ਸਰੀਰ ਦੇ ਅੰਗਾਂ ਨੂੰ ਆਪਣੇ ਪਤੀ ਦੀ ਪਸੰਦ ਅਨੁਸਾਰ ਕਰਵਾਉਣ ਲਈ ਇੱਛਾ ਰੱਖਦਾ ਹੈ ਪਰ ਕਰਵਾ ਨਹੀਂ ਸਕੀ। ਠੀਕ ਹੋਣ ਤੇ ਉਹ ਵੀ ਪੀਲੇ ਪਤਿਆਂ ਦੀ ਦਾਸਤਾਨ ਵਾਲੀ ਉਸ਼ਾ ਵਾਂਗ ਆਪਣਾ ਜੀਵਨ ਮਾਰਗ ਖੋ ਲੈਂਦੀ ਹੈ ਅਤੇ ਕਾਲ ਗਰਲ ਬਣ ਜਾਂਦੀ ਹੈ। ਲੇਖਿਕਾ ਨੇ ਸੀਤਾ ਦੀ ਇਹ ਭਟਕਣ ਦਰਸਾ ਕੇ ਇਸਤਰੀਆਂ ਦੀ ਸਮੱਸਿਆ ਦਾ ਕੋਈ ਹੱਲ ਨਹੀਂ ਦਿਖਾਇਆ ਸਗੋਂ ਦੋਹਾਂ ਨਾਵਲਾਂ ਵਿਚ ਇਸਤਰੀ ਨੂੰ ਇਕ ਅਜਿਹੇ ਮਾਰਗ ਉਤੇ ਚਲਦੀ ਦਰਸਾਇਆ ਹੈ ਜਿਸ ਮਾਰਗ ਤੇ ਚਲਦਿਆਂ ਇਸਤਰੀਆਂ ਦਾ ਸਤਿਕਾਰ ਨਹੀਂ ਵਧਦਾ, ਨਾ ਹੀ ਜੀਵਨ ਦੀ ਕੋਈ ਸੱਮਸਿਆ ਦਾ ਹੀ ਸਮਾਧਾਨ ਹੁੰਦਾ ਹੈ।

ਉਸ ਵਿਦੇਸ਼ ਵਿਚ ਸੁੱਰਖਿਅਤ ਸਾਹਿਤਕਾਰਾਂ ਅਤੇ ਦੇਸ਼ ਸੇਵਕਾਂ ਦੀਆਂ ਸਾਂਭੀਆਂ ਯਾਦਗਾਰਾਂ ਦਾ ਵੀ ਆਪਣੀ ਲੇਖਣੀ ਵਿਚ ਥਾਂ ਪਰ ਥਾਂ ਵਰਣਨ ਕੀਤਾ ਹੈ । ਲੇਖਕ ਦੇਸ ਦਾ ਵਡਮੁੱਲਾ ਖਜਾਨਾ ਹੁੰਦੇ ਹਨ। ਉਨ੍ਹਾਂ ਦੀ ਯਾਦ ਕੌਮਾਂ ਨੂੰ ਸਦਾ ਜੀਵਤ ਰਖਦੀ ਹੈ।

**ਸਰਕੰਡਿਆਂ ਦੇ ਦੇਸ਼ :**

ਡਾ. ਦਲੀਪ ਕੌਰ ਟਿਵਾਣਾ ਇਸ ਨਾਵਲ ਦੇ ਆਰੰਭ ਵਿਚ ਇਸ ਨਾਵਲ ਦਾ ਭਾਵ ਜਗਤ ਇਨ੍ਹਾਂ ਸ਼ਬਦਾਂ ਰਾਹੀਂ ਉਸਾਰਦੀ ਹੈ। ਦਿਨ ਚੜ੍ਹਦੇ ਛਿਪ ਜਾਂਦੇ, ਇਉਂ ਹੀ ਬੰਦੇ ਹੋ ਹੋ ਤੁਰੀ ਜਾਂਦੇ, ਉਹ ਦਰਸਾਉਂਦੀ ਹੈ ਕਿ ਬੰਦੇ ਦੇ ਜੀਵਨ ਦਾ ਕੋਈ ਮੁੱਲ ਨਹੀਂ ਜਿਸ ਤਰ੍ਹਾਂ ਦਿਨ ਰਾਤ ਆਉਂਦੇ ਤੇ ਜਾਂਦੇ ਹਨ ਇਹ ਕੁਦਰਤ ਦਾ ਨਿਯਮ ਹੈ ਇਸੇ ਤਰ੍ਹਾਂ ਹੀ ਸੰਸਾਰ ਦੀ ਗਤੀ ਚਲਦੀ ਰਹਿੰਦੀ ਹੈ। ਮਨੁੱਖ ਜਨਮਦੇ ਤੇ ਸੰਸਾਰ ਯਾਤਰਾ ਸਮਾਪਤ ਕਰਕੇ ਤੁਰੀ ਜਾਂਦੇ ਹਨ। ਕਿਸੇ ਦੇ ਤੁਰ ਜਾਣ ਨਾਲ ਸੰਸਾਰ ਦੀ ਕਿਰਿਆ ਵਿਚ ਕੋਈ ਅੰਤਰ ਨਹੀਂ। ਇਨਸਾਨ ਖ਼ਾਸ ਕਰਕੇ ਇਸਤਰੀ ਦੀ ਮੌਤ ਦਾ ਕੋਈ ਅਸਰ ਨਹੀਂ। ਉਹ ਚੁਪਚਾਪ ਗ਼ਮ ਦਿਲ ਵਿਚ ਹੀ ਲੈ ਕੇ ਤੁਰ ਜਾਂਦੀ ਹੈ ਪਰ ਕਿਸੇ ਨੂੰ ਵੀ ਆਪਣੇ ਦੁਖਾਂ ਦਾ ਦੋਸ਼ ਨਹੀਂ ਦੇਂਦੀ। ਇਹ ਸਦੀਆਂ ਤੋਂ ਚਲੀ ਆ ਰਹੀ ਦੁਖਾਂ ਦੀ ਕਰੁਣਾਮਈ ਗਾਥਾ ਹੈ ਜਿਸ ਨੂੰ ਅੱਗ ਲਾ ਕੇ, ਜ਼ਹਿਰ ਦੇ ਕੇ, ਦੋਸ਼ ਲਾ ਕੇ ਮਾਰਿਆ ਜਾ ਸਕਦਾ ਹੈ। ਉਹ ਚੁਪਚਾਪ ਇਹ ਅਨਿਆਂ ਵੀ ਸਹਿ ਜਾਂਦੀ ਹੈ। ਇਹ ਮਨੁੱਖ ਪ੍ਰਧਾਨ ਸਮਾਜ ਦੇ ਜ਼ਬਰ ਅਤੇ ਇਸਤਰੀ ਦੇ ਸਬਰ ਦੀ ਦਾਸਤਾਨ ਹੈ। ਜ਼ਬਰ ਭਾਵੇਂ ਕਿੰਨਾ ਵੀ ਜ਼ੋਰ ਅਜ਼ਮਾ ਲਏ ਉਹ ਸਬਰ ਨੂੰ ਆਪਣੇ ਅਕੀਦੇ ਤੋਂ ਡੁਲਾ ਨਹੀਂ ਸਕਦਾ।

ਲੇਖਿਕਾ ਇਸ ਨਾਵਲ ਬਾਰੇ ਲਿਖਦੀ ਹੈ ਸਰਕੰਡਿਆਂ ਦੇ ਦੇਸ਼ ਨਾਵਲ ਨੂੰ ਮੈਂ ਬਹੁਤ 1 ਪਰੇਸ਼ਾਨ ਹੋ ਕੇ ਲਿਖਿਆ ਸੀ। ਸਾਡੀ ਰਿਸ਼ਤੇਦਾਰ ਕੁੜੀ ਜਲ ਕੇ ਮਰ ਗਈ ਸੀ।

ਹਸਪਤਾਲ ਵਿਚ ਉਸ ਨੂੰ ਪੁਲਿਸ ਨੇ ਵੀ ਪੁੱਛਿਆ ਤੇ ਡਾਕਟਰਾਂ ਨੇ ਵੀ ਕਿ ਅੱਗ ਕਿਵੇਂ ਲੱਗੀ? ਉਸ ਨੇ ਬਸ ਏਨਾ ਹੀ ਆਖਿਆ, ਮੇਰੀ ਕਿਸਮਤ।

ਉਸ ਦੀਆਂ ਲੱਤਾਂ ਜਲ ਕੇ ਕੋਲੇ ਹੋ ਗਈਆਂ ਸਨ ਤੇ ਸਾਰੇ ਜਿਸਮ ਉਪਰ ਛਾਲੇ ਹੀ ਛਾਲੇ ਸਨ ਪਰ ਹੱਥਾਂ ਨੂੰ ਉੱਕਾ ਹੀ ਕੁਝ ਨਹੀਂ ਸੀ ਹੋਇਆ। ਸਧਾਰਨ ਤੌਰ ਉਪਰ ਕਿਧਰੇ ਅੱਗ ਲੱਗ ਜਾਵੇ ਤਾਂ ਹੱਥਾਂ ਨਾਲ ਤਾਂ ਸਭ ਤੋਂ ਪਹਿਲਾਂ ਬੁਝਾਣ ਦੀ ਕੋਸ਼ਿਸ਼ ਕਰਦੇ ਹਾਂ।

ਉਸ ਨੇ ਪੁਲਿਸ ਨੂੰ ਕਿਉਂ ਕੁਝ ਨਹੀਂ ਦਸਿਆ ਸੀ ? ਕਮਲੀ ਧੀ ਸੋਚਦੀ ਸੀ, ਸ਼ਾਇਦ ਬਚ ਜਾਵੇ ਤੇ ਉਸੇ ਘਰ ਜ਼ਿੰਦਗੀ ਕੱਟਣੀ ਪਵੇ, ਬੇਜੀ ਨੇ ਆਖਿਆ ਸੀ।

ਇਸ ਨਾਵਲ ਦੀ ਗਾਥਾ ਪ੍ਰੀਤੀ ਦੀ ਜੀਵਨ ਗਾਥਾ ਹੈ, ਜਿਹੜੀ ਸੱਤਾਂ ਸਾਲਾਂ ਦੀ ਉਮਰ ਵਿਚ ਮਾਪਿਆਂ ਦਾ ਸਿਰ ਤੋਂ ਹੱਥ ਉੱਠ ਜਾਣ ਕਰਕੇ ਚਾਚੇ ਕੋਲ ਹੀ ਪਲੀ ਸੀ। ਪ੍ਰੀਤੀ ਘਰ ਦਾ ਸਾਰਾ ਕੰਮ ਬੜੀ ਮੇਹਨਤ ਨਾਲ ਕਰਦੀ। ਇਸ ਦੇ ਨਾਲ ਆਪਣੀ ਕਾਲਜ ਦੀ ਪੜ੍ਹਾਈ ਵੀ ਕਰਦੀ।

ਉਸ ਦੇ ਚਾਚੇ ਨੇ ਆਪਣੇ ਕੁਲੀਗ ਦੇ ਭਰਾ ਨੂੰ ਉਸ ਦੇ ਪਤੀ ਵਜੋਂ ਚੁਣ ਲਿਆ। ਹਰਨਾਮ ਤੇ ਉਸ ਦੀ ਪਤਨੀ ਹੀ ਪ੍ਰੀਤੀ ਨੂੰ ਵੇਖਣ ਆਏ ਪਰ ਉਨ੍ਹਾਂ ਦੇ ਨਾਲ ਉਸ ਨੂੰ ਵੇਖਣ ਲਈ ਜਗਮੋਹਣ ਨਾ ਆਇਆ। ਬਾਪੂ ਜੀ (ਪ੍ਰੀਤੀ ਦਾ ਦਾਦਾ)ਜਗਮੋਹਣ ਨੂੰ ਵੇਖਣਾ ਚਾਹੁੰਦੇ ਸਨ ਦਾਦੀ ਦੇ ਇਹ ਕਹਿਣ ਤੇ ਕਿ ਲੜਕਾ ਉਸ ਵੇਖਿਆ ਹੋਇਆ ਹੈ। ਬਾਪੂ ਜੀ ਇਤਿਹਾਸ ਚੁਪ ਕਰ ਗਏ।

ਚਾਚੇ ਨੇ ਵਿਆਹ ਬੜੇ ਚਾਵਾਂ ਨਾਲ ਕੀਤਾ। ਉਹ ਸ੍ਰੀਨਗਰ ਹਨੀਮੂਨ ਲਈ ਗਏ ਤੇ ਪ੍ਰੀਰੀ ਮਿਲ ਕੇ ਸੰਗਰੂਰ ਗਈ। ਭੂਆ ਉਸ ਨੂੰ ਸੰਗਰੂਰ ਵਾਪਸ ਆਉਂਦਿਆਂ ਭੂਆ ਨੂੰ ਪ੍ਰੀਤ ਵਿਆਹ ਦੀਆਂ ਚੀਜ਼ਾਂ ਦੇਣ ਗਈ ਤਾਂ ਪ੍ਰੀਤੀ ਉਸ ਨੂੰ ਉਦਾਸ ਦਿਸੀ ਪਰ ਉਸ ਕੁਝ ਵੀ ਭੂਆ ਨੂੰ ਨਾ ਦਸਿਆ।

ਕੁਝ ਚਿਰ ਬਾਅਦ ਉਹਦਾ ਬੱਚਾ ਗਿਰਾ ਦਿੱਤਾ ਗਿਆ । ਉਹ ਬਹੁਤ ਬੀਮਾਰ ਹੋ ਗਈ। ਭੂਆ ਉਸ ਨੂੰ ਪਟਿਆਲੇ ਲੈ ਆਈ ਤੇ ਉਸ ਦਾ ਇਲਾਜ ਕੀਤਾ। ਉਹ ਮਸਾਂ ਹੀ ਬਚੀ। ਕੁਝ ਚਿਰ ਬਾਅਦ ਹੀ ਉਸ ਨੂੰ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ ਗਿਆ। ਉਹ ਹਸਪਤਾਲ ਵਿਚ ਦਮ ਤੋੜ ਗਈ।

ਇਸ ਨਾਵਲ ਦੀ ਨਾਇਕਾ ਜਿਥੇ ਆਪਣੇ ਪਤੀ ਦੇ ਜ਼ੁਲਮ ਦਾ ਸ਼ਿਕਾਰ ਬਣਦੀ ਹੈ ਉਥੇ ਉਸ ਦੀ ਜੇਠਾਣੀ ਵੀ, ਉਸ ਦੀ ਸਭ ਤੋਂ ਵੱਡੀ ਦੁਸ਼ਮਣ ਦੇ ਰੂਪ ਵਿਚ ਸਾਹਮਣੇ ਆਈ ਹੈ। ਇਸਤਰੀ ਹੀ ਇਸਤਰੀ ਦੀ ਵੱਡੀ ਵੇਰਨ ਹੈ। ਉਸ ਇਸ ਲੋਕੋਕਤੀ ਨੂੰ ਸਿੱਧ ਕਰ ਦਿੱਤਾ ਹੈ। ਬਸੰਤ ਦੇ ਆਪਣੇ ਦਿਉਰ ਜਗਮੋਹਣ ਨਾਲ ਸੰਬੰਧ ਸਨ। ਉਹ ਜਗਮੋਹਣ ਨੂੰ ਆਪਣੇ ਹਥੋਂ ਛੱਡਣਾ ਨਹੀਂ ਚਾਹੁੰਦੀ ਸੀ। ਉਸ ਨੇ ਪ੍ਰੀਤੀ ਨੂੰ ਆਪਣੇ ਰਸਤੇ ਵਿਚੋਂ ਹਟਾਉਣ ਲਈ ਦਿਉਰ ਨਾਲ ਮਿਲ ਕੇ ਸਾੜ ਕੇ ਆਪਣਾ ਰਸਤਾ ਸਾਫ ਕਰ ਲਿਆ।

ਸਮਾਜ ਦੀ ਪ੍ਰਥਾ ਅਨੁਸਾਰ ਉਹ ਜਗਮੋਹਣ ਨਾਲ ਖੁਲ੍ਹ ਕੇ ਨਹੀਂ ਰਹਿ ਸਕਦੀ ਸੀ। ਉਹ ਜਗਮੋਹਣ ਦੇ ਵਿਆਹ ਦੇ ਪੜਦੇ ਹੇਠ ਇਹ ਸਭ ਕੁਝ ਜਾਰੀ ਰੱਖਣਾ ਚਾਹੁੰਦੀ ਸੀ। ਪ੍ਰੀਤੀ ਦਾ ਰੂਪ ਅਤੇ ਉਸ ਦਾ ਸੁਸ਼ੀਲ ਸੁਭਾਅ ਉਸ ਦੇ ਰਸਤੇ ਦਾ ਕਦੀ ਵੀ ਰੋੜਾ ਬਣ ਸਕਦਾ ਸੀ। ਜਗਮੋਹਣ ਉਸ ਨੂੰ ਖੁਸਦਾ ਜਾਪਿਆ। ਉਸ ਨੇ ਪ੍ਰੀਤੀ ਨੂੰ ਸੜਵਾ ਕੇ ਆਪਣਾ ਰਸਤਾ ਸਾਫ਼ ਕਰਵਾ ਲਿਆ। ਉਹ ਕਤਲ ਕਰਕੇ ਵੀ ਸਮਾਜ ਦੀ ਨਜ਼ਰ ਵਿਚੋਂ ਬਚ ਨਿਕਲੇ। ਲੇਖਿਕਾ ਨੇ ਪ੍ਰੀਤੀ ਦੇ ਸਹੁਰੇ ਘਰ ਨੂੰ 'ਸਰਕੰਡਿਆਂ ਦਾ ਦੇਸ਼' ਦਸਿਆ ਹੈ। ਜਿਥੇ ਜਾ ਕੇ ਉਸ ਦਾ ਸਰਕੰਡਿਆਂ ਦੀਆਂ ਤਿੱਖੀਆਂ ਨੋਕਾਂ ਨਾਲ ਆਪਾ ਛਲਣੀ ਹੋ ਜਾਂਦਾ ਹੈ। ਉਹ ਪੀੜ ਨਾਲ ਅੰਦਰੇ ਅੰਦਰ ਕੁਰਲਾਂਦੀ ਹੈ ਪਰ ਬੁੱਲ੍ਹਾ ਤੇ ਸ਼ਿਕਵਾ ਨਹੀਂ।

ਇਸ ਨਾਵਲ ਰਾਹੀਂ ਉਸ ਸਮਾਜ ਨੂੰ ਹਲੂਣਿਆ ਹੈ। ਇਸਤਰੀ ਕਿੰਨਾ ਚਿਰ ਹੋਰ ਮਨੁੱਖ ਹੱਥੋਂ ਸੜਦੀ ਰਹੇਗੀ ? ਮਨੁੱਖ ਕਾਤਲ ਹੁੰਦਾ ਹੋਇਆ ਵੀ ਸਨਮਾਨ ਨਾਲ ਸਮਾਜ ਵਿਚ ਜੀਅ ਰਿਹਾ ਹੈ।

**ਸਭ ਦੇਸ਼ ਪਰਾਇਆ** :

ਇਸ ਨਾਵਲ ਦੇ ਆਰੰਭ ਵਿਚ ਲੇਖਿਕਾ ਆਪਣੇ ਵਿਚਾਰ ਪ੍ਰਗਟ ਕਰਦੀ ਹੋਈ ਇਸ ਦਾ ਭਾਵ ਪ੍ਰਗਟ ਕਰਦੀ ਹੈ। ਇਤਿਹਾਸ ਸਿਰਫ਼ ਇਤਿਹਾਸ ਦੀਆਂ ਪੁਸਤਕਾਂ ਵਿਚ ਨਹੀਂ ਹੁੰਦਾ। ਪੁਸਤਕਾਂ ਵਿਚ ਲਿਖੇ ਜਾਣ ਤੋਂ ਬਹੁਤ ਚਿਰ ਪਹਿਲਾਂ, ਇਤਿਹਾਸ ਕੁਝ ਲੋਕਾਂ ਦੇ ਪਿੰਡਿਆਂ ਉਤੇ ਲਿਖਿਆ ਜਾਂਦਾ ਹੈ। ਇਹ ਪੁਸਤਕ ਸਮਰਪਣ ਹੈ ਉਨ੍ਹਾਂ ਲੋਕਾਂ ਨੂੰ ਜਿਹੜੇ ਨੂੰ ਆਪਣੇ ਪਿੰਡਿਆ ਉਤੇ ਲਿਖਿਆ ਜਾਣਾ ਜਰਦੇ ਨੇ।

"ਸਭ ਦੇਸ਼ ਪਰਾਇਆ" ਨਾਵਲ ਇਸਤਰੀ ਤੇ ਪਤੀ ਦੇ ਸੰਬੰਧਾਂ ਵਿਚ ਆਈ ਤ੍ਰੇੜ ਤੋਂ ਆਰੰਭ ਹੁੰਦਾ ਹੈ। ਜੋਤੀ ਆਪਣੇ ਪਤੀ ਜਤਿੰਦਰ ਦੀ ਉਸ ਪ੍ਰਤੀ ਲਾਪ੍ਰਵਾਹੀ ਨੂ ਚੁਪ-ਚਾਪ ਸਹਿ ਰਹੀ ਹੈ। ਜੋਤੀ ਦਾ ਪਹਿਲਾ ਪਤੀ ਗੌਤਮ ਮਰ ਗਿਆ ਸੀ। ਜਤਿੰਦਰ ਨੇ ਉਸ ਨਾਲ ਵਿਆਹ ਕਰਵਾ ਲਿਆ। ਉਹ ਗੌਤਮ ਨੂੰ ਭੁੱਲ ਨਹੀਂ ਸਕੀ। ਉਸ ਦੇ ਮਨ ਵਿਚ ਉਸ ਦੇ ਬੱਚੇ ਦੇ ਵਿਛੋੜੇ ਦੀ ਚੀਸ ਹੈ। ਜਤਿੰਦਰ ਉਸ ਨੂੰ ਗੌਤਮ ਦੀ ਯਾਦ ਭੁਲਾਣ ਵਿਚ ਉਸ ਦਾ ਬਦਲ ਨਹੀਂ ਦੇ ਸਕਿਆ। ਉਹ ਆਪ ਸ਼ਰਾਬ ਦਾ ਸਹਾਰਾ ਲੈ ਕੇ ਆਪੇ ਨੂੰ ਭੁਲਾਂਦਾ ਹੈ। ਉਹ ਦੋਵੇਂ ਹੀ ਜੀਵਨ ਦਾ ਸੰਤਾਪ ਹੰਢਾ ਰਹੇ ਹਨ।

ਜੋਤੀ ਦਾ ਪਹਿਲਾ ਪਤੀ ਗੌਤਮ ਪ੍ਰੋਫੈਸਰ ਸੀ। ਉਹ ਪੁਲੀਸ ਨਾਲ ਕਾਲਜ ਵਿਚ ਮੁੰਡਿਆਂ ਦੀ ਹੋਈ ਮੁੱਠਭੇੜ ਸਮੇਂ ਉਸ ਦੀ ਗੋਲੀ ਦਾ ਸ਼ਿਕਾਰ ਹੋ ਗਿਆ। ਉਸ ਦੀ ਲਾਸ਼ ਵੀ ਨਾ ਲੱਭੀ।

ਜਤਿੰਦਰ ਗੌਤਮ ਦਾ ਦੋਸਤ ਸੀ। ਉਹ ਗੌਤਮ ਦਾ ਅਫ਼ਸੋਸ ਕਰਨ ਆਇਆ। ਉਸੇ ਦਿਨ ਪਾਕਿਸਤਾਨ ਨੇ ਭਾਰਤ ਉਤੇ ਹਮਲਾ ਕਰਨਾ ਸੀ। ਜਤਿੰਦਰ, ਜੋਤੀ ਤੇ ਉਸ ਦੇ ਕਰਨ ਨੂੰ ਲੈ ਕੇ ਦਿੱਲੀ ਚਲਾ ਗਿਆ। ਦਿੱਲੀ ਰਹਿੰਦਿਆਂ ਜਤਿੰਦਰ ਨੇ ਜੋਤੀ ਨਾਲ ਵਿਆਹ ਕਰਨ ਦੀ ਤਜਵੀਜ਼ ਰੱਖੀ ਜੋ ਉਸ ਨੇ ਮਨ ਵਿਚ ਪ੍ਰਵਾਨ ਕਰ ਲਈ। ਉਹ ਵਾਪਸ ਆਪਣੇ ਸ਼ਹਿਰ ਆ ਗਏ। ਦੋਹਾਂ ਨੇ ਸ਼ਾਦੀ ਕਰ ਲਈ।

ਜੋਤੀ ਦਾ ਅੱਠ ਸਾਲ ਦਾ ਲੜਕਾ ਜਤਿੰਦਰ ਨਾਲ ਖੁਸ਼ ਨਹੀਂ ਸੀ। ਉਹ ਉਸ ਨੂੰ ਬੀਮਾਰ ਹੋਣ ਕਰਕੇ ਹਸਪਤਾਲ ਦਾਖ਼ਲ ਹੋਣ ਦਾ ਬਹਾਨਾ ਕਰਕੇ ਜਤਿੰਦਰ ਕੋਲ ਚਲੀ ਗਈ ਸੀ। ਉਸ ਦਾ ਬੱਚਾ ਬਿੱਲੂ ਮਾਂ ਦਾ ਵਿਛੋੜਾ ਮਹਿਸੂਸ ਕਰਦਾ ਹੈ। ਉਸ ਦੇ ਦਾਦੇ ਨੇ ਉਸ ਨੂੰ ਆਪਣੀ ਲੜਕੀ ਨਾਲ ਕੈਨੇਡਾ ਭੇਜ ਦਿੱਤਾ। ਜਿੱਥੇ ਉਹ ਮਾਂ ਪਿਉ ਦੇ ਵਿਛੋੜੇ ਦਾ ਗਮ ਮਨ ਵਿਚ ਹੀ ਲਈ ਬੈਠਾ ਹੈ।

ਜੋਤੀ ਬਿੱਲੂ ਨੂੰ ਯਾਦ ਕਰਦੀ ਹੈ। ਉਸ ਨੂੰ ਲੱਗਦਾ ਹੈ ਬਿੱਲੂ ਬੀਮਾਰ ਹੈ । ਉਹ ਜਤਿੰਦਰ ਨੂੰ ਉਸ ਦੀ ਖ਼ਬਰ ਮੰਗਵਾਉਣ ਲਈ ਕਹਿੰਦੀ ਹੈ। ਉਹ ਅੱਗੋਂ ਰੁੱਖਾ ਉੱਤਰ ਦੇਂਦਾ ਹੈ ਜਿਸ ਨਾਲ ਵਿਚਾਰੀ ਚੁੱਪ ਹੋ ਕੇ ਰਹਿ ਜਾਂਦੀ ਹੈ।

ਜਤਿੰਦਰ ਉਸ ਨੂੰ ਕਹਿੰਦਾ ਹੈ, ਗੌਤਮ ਮਰਿਆ ਵੀ ਮੇਰੇ ਤੋਂ ਬਲਵਾਨ ਹੈ ਤੇ ਉਹ ਮੈਨੂੰ ਪਛਾੜੀ ਜਾ ਰਿਹਾ ਹੈ। ਮੇਰੇ ਰੁਮਾਲ ਨਹੀਂ ਲਿਆਈ ਪਰ ਬਿੱਲੂ ਲਈ ਬੇਟੇ ਲੈ ਆਈ। ਉਹ ਕਹਿੰਦਾ ਹੈ ਕਿ ਮੈਨੂੰ ਜਿਉਂਦੇ ਨੂੰ ਭਲਾ ਸਕਦੀ ਹੈ ਪਰ ਗੌਤਮ ਮਰੇ ਨੂੰ ਨਹੀਂ।

ਉਸ ਦਿਨ ਜੋਤੀ ਨੇ ਨੀਂਦ ਦੀਆਂ ਗੋਲੀਆਂ ਖਾ ਲਈਆਂ ਅਤੇ ਆਤਮ ਹੱਤਿਆ ਕਰਨ ਦਾ ਉਪਰਾਲਾ ਕੀਤਾ। ਗੋਲੀਆਂ ਖਾਣ ਤੋਂ ਪਹਿਲਾਂ ਉ ਬਿੱਲੂ ਦੇ ਨਾਂ ਇਕ ਚਿੱਠੀ ਲਿਖੀ ਜਿਸ ਵਿਚ ਉਸ ਨੇ ਆਪਣੀ ਮਨੋ ਦਸ਼ਾ ਦਾ ਪ੍ਰਗਟਾਅ ਕੀਤਾ। ਚਿੱਠੀ ਪੜ੍ਹ ਕੇ ਜਤਿੰਦਰ ਦਾ ਮਨ ਪਿਘਲ ਗਿਆ। ਉਹ ਜੋਤੀ ਦੇ ਜਿਊਣ ਲਈ ਡਾਕਟਰਾਂ ਅਤੇ ਰੱਬ ਅੱਗ ਤਰਲੇ ਕਰਦਾ ਹੈ।

ਨਾਵਲ ਦੀ ਨਾਇਕਾ ਗੌਤਮ ਦੀ ਮੌਤ ਪਿਛੋਂ ਆਪਣਾ ਸੰਤੁਲਨ ਕਾਇਮ ਨਹੀਂ ਰੱਖ ਸਕੀ। ਉਹ ਆਪਣੀ ਆਤਮ ਤਲਾਸ਼ ਦੀ ਮੰਜਲ ਜਤਿੰਦਰ ਦੀ ਹੋਂਦ ਵਿਚੋਂ ਭਾਲਦੀ ਹੈ। ਜਤਿੰਦਰ ਜੋਤੀ ਵਿਚੋਂ ਆਪਣੀ ਪ੍ਰੇਮਿਕਾ ਨੂੰ ਢੂੰਡਦਾ ਹੈ। ਉਹ ਭੁੱਲ ਜਾਂਦਾ ਹੈ ਕਿ ਇਸਤਰੀ ਆਪਣੇ ਮਨ ਮੰਦਰ ਵਿਚ ਕੇਵਲ ਇਕ ਦੇਵਤੇ ਨੂੰ ਹੀ ਸਥਾਪਤ ਕਰਦੀ ਹੈ। ਉਹ ਟੁੱਟ ਭਾਰੇ ਜਾਵੇ ਪਰ ਮਨ ਮੰਦਰ ਦੇ ਦੋਸਤ ਦੀ ਉਪਾਸਨਾ ਨੂੰ ਛੱਡਦੀ ਨਹੀਂ। ਇਸ ਕਰਕੇ ਉਸ ਪਾਸੇ ਵਫ਼ਾ ਦੀ ਆਸ ਤਾਂ ਰੱਖੀ ਜਾ ਸਕਦੀ ਹੈ, ਪ੍ਰੇਮ ਦੇ ਅਧੂਰੇਪਨ ਤੇ ਕੁਆਰੀਆਂ ਅਦਾਵਾਂ ਦੀ

ਆਸ ਨਹੀਂ ਕੀਤੀ ਜਾ ਸਕਦੀ। ਜੋਤੀ ਆਪਣੀਆਂ ਆਸ਼ਾਵਾਂ ਦੇ ਟੁੱਟੇ ਤਿਨਕੇ ਜਤਿੰਦਰ ਦੇ ਸਹਿਯੋਗ ਨਾਲ ਜੋੜ ਕੇ ਉਨ੍ਹਾਂ ਨੂੰ ਮੁੜ ਸੁਰਜੀਤ ਕਰਨਾ ਚਾਹੁੰਦੀ ਹੈ ਪਰ ਇਨ੍ਹਾਂ ਤਿਨਕਿਆਂ ਵਿਚੋਂ ਬਿੱਲੂ ਤੇ ਗੌਤਮ ਦੇ ਤਿਨਕੇ ਲੁਪਤ ਹੋਣ ਕਾਰਨ ਉਸ ਦੀਆਂ ਇੱਛਾਵਾਂ ਟੁੱਟ ਜਾਂਦੀਆ ਹਨ। ਉਸ ਦਾ ਆਪਾ ਟੁੱਟ ਜਾਂਦਾ ਹੈ ਤੇ ਉਹ ਅੱਗੋਂ ਕੋਈ ਮਾਰਗ ਨਾ ਲੱਭਣ ਕਰਕੇ ਘਬਰਾਹਟ ਵਿਚ ਆਪਾ ਸਮਾਪਤ ਕਰਨ ਦਾ ਉਪਰਾਲਾ ਕਰਦੀ ਹੈ।

ਜਤਿੰਦਰ ਨੂੰ ਉਸ ਦੀ ਮਨੋਦਸ਼ਾ ਅਤੇ ਹਿਰਦੇ ਦੀ ਸੁੰਦਰਤਾ ਦਾ ਗਿਆਨ ਗੌਤਮ ਦੀ ਡਾਇਰੀ ਤੋਂ ਹੋ ਚੁੱਕਾ ਹੈ। ਉਸ ਦੇ ਮਨ ਵਿਚ ਜੋਤੀ ਪ੍ਰਤੀ ਸਤਿਕਾਰ ਅਤੇ ਉਸ ਦੀ ਆਤਮ ਸੁਹਿਰਦਤਾ ਸਬੰਧੀ ਸਨੇਹ ਜਾਗਦਾ ਹੈ। ਉਹ ਜੋਤੀ ਨੂੰ ਹੁਣ ਖੋਣਾ ਨਹੀਂ ਚਾਹੁੰਦਾ। ਉਹ ਬਿੱਲੂ ਦੇ ਤਿਨਕੇ ਉਸ ਨੂੰ ਲੱਭ ਕੇ ਦੇਣਾ ਚਾਹੁੰਦਾ ਹੈ। ਉਹ ਜੋਤੀ ਨੂੰ ਹਨ੍ਹੇਰੇ ਵਿਚ ਭਾਲ ਰਿਹਾ ਹੈ ਜਿਹੜੀ ਹੁਣੇ ਹੁਣੇ ਉਸ ਪਾਸੋਂ ਹਨ੍ਹੇਰੇ ਵਿਚ ਖੋ ਗਈ ਸੀ। ਉਹ ਪ੍ਰਮਾਤਮਾ ਅੱਗੇ ਉਸ ਦੇ ਬਚਣ ਲਈ ਅਰਦਾਸ ਕਰਦਾ ਹੈ।

ਇਹ ਨਾਵਲ ਇਸਤਰੀ ਦੇ ਮਨ ਦੀ ਧੁਰ ਅੰਦਰਲੀ ਦਸ਼ਾ ਦਾ ਵਰਣਨ ਕਰਦਾ ਹੈ। ਜਦੋਂ ਉਹ ਅੰਦਰੋਂ ਟੁੱਟ ਜਾਵੇ ਤਾਂ ਉਸ ਦੇ ਜੀਵਨ ਦਾ ਲਕਸ਼ ਟੁੱਟ ਜਾਂਦਾ ਹੈ। ਉਹ ਜੀਵਨ ਦੀ ਨਿਕਾਰਥਾ ਵਿਚੋਂ ਆਤਮ ਹੱਤਿਆ ਕਰਨ ਵਲ ਉਲਰਦੀ ਹੈ। ਆਤਮ ਹੱਤਿਆ ਸਮੱਸਿਆ ਦਾ ਕੋਈ ਹੱਲ ਨਹੀਂ ਹੈ। ਇਹ ਤਾਂ ਕਾਇਰਤਾ ਹੈ। ਭਾਵੁਕਤਾ ਅਜਿਹੀ ਕਾਇਰਤਾ ਨੂੰ ਸਿਰਜਦੀ ਹੈ। ਜੋਤੀ ਦੇ ਬਚਣ ਦੇ ਕੁਝ ਸੰਕੇਤ ਮਿਲ ਰਹੇ ਹਨ। ਇਸ ਕਰਕੇ ਇਸ ਵਿਚਲੇ ਕਰੁਣਾ ਭਾਵ ਹੌਲੀ ਹੌਲੀ ਢਿੱਲੇ ਪੈਂਦੇ ਜਾ ਰਹੇ ਹਨ।

**ਧੁੱਪ, ਛਾਂ ਤੇ ਰੁੱਖ :**

ਇਸ ਨਾਵਲ ਬਾਰੇ ਲੇਖਿਕਾ ਆਪਣੀ ਸਾਹਿਤਕ ਸਵੈ-ਜੀਵਨੀ "ਪੂਛਤੇ ਹੋ ਤੋ ਸੁਨ" ਦੇ ਪੰਨਾ 154 ਉਤੇ ਲਿਖਦੀ ਹੈ, ਕਲਾਕਾਰ ਔਰਤਾਂ ਦੇ ਮਰਦਾਂ ਨੂੰ ਕਈ ਤਰ੍ਹਾਂ ਦੀਆਂ ਜ਼ਿਆਦਤੀਆਂ ਸਹਿਣੀਆਂ ਪੈਦੀਆਂ ਹਨ। ਇਹ ਮੈਂ ਮੰਨਦੀ ਹਾਂ। ਇਕ ਤਾਂ ਜਿੰਨਾਂ ਵਕਤ ਉਹ ਕਲਾ ਸਾਧਨਾ ਨੂੰ ਦੇਂਦੀਆਂ ਹਨ, ਮਾਨਸਿਕ ਤੌਰ ਉਪਰ ਉਨੀਆਂ ਹੀ ਉਹ ਘਰ-ਬਾਰ ਤੋਂ ਗੈਰ ਹਾਜ਼ਰ ਹੁੰਦੀਆਂ ਨੇ ਤੇ ਗੈਰ ਹਾਜਰੀ ਦੇ ਉਲਾਭੇ ਨੂੰ ਉਹ ਕਲਾ ਸਾਧਨਾ ਵਿਚ ਖੋਲਲ ਸਮਝਦੀਆਂ ਹਨ। ਦੂਸਰਾ ਪ੍ਰਸਿਧੀ ਕਾਰਨ ਉਨ੍ਹਾਂ ਨੂੰ ਆਪਣਾ ਆਪਾ ਵਿਸ਼ੇਸ਼ ਲੱਗਣ ਲੱਗ ਜਾਂਦਾ ਹੈ ਤੇ ਉਹ ਆਦਮੀ ਪਾਸੋਂ ਵੀ ਵਿਸ਼ੇਸ਼ ਵਿਵਹਾਰ ਦੀ ਆਸ ਕਰਦੀਆਂ ਹਨ। ਤੀਸਰਾ ਲੋਕ ਜਾਂ ਆਖੇ ਕਲਾ ਜਗਤ ਉਨ੍ਹਾਂ ਉਤੇ ਆਪਣੇ ਵਧ ਅਧਿਕਾਰ ਸਮਝ ਕੇ ਉਨ੍ਹਾਂ ਦੇ

ਆਦਮੀਆਂ ਨੂੰ ਅਣਗੌਲਿਆ ਕਰਕੇ ਕਲਾ ਜਗਤ ਵਿਚ ਹਿੱਸੇਦਾਰੀ ਲਈ ਉਨ੍ਹਾਂ ਕੋਲ ਪੁੱਜਦਾ ਰਹਿੰਦਾ ਹੈ। ਚੌਥਾ ਕਲਾਕਾਰ ਦਾ ਪਤੀ ਹੋਣ ਕਰਕੇ ਖਾਹਮਖਾਹ ਹੀ ਉਹ ਲੋਕਾਂ ਦੀਆਂ ਪੜਤਾਲੀਆ ਨਜ਼ਰਾਂ ਦਾ ਸ਼ਿਕਾਰ ਬਣਿਆ ਰਹਿੰਦਾ ਹੈ ਤੇ ਬੰਦਾ ਇਹ ਸਭ ਕੁਝ ਕਿਉਂ ਬਰਦਾਸ਼ਤ ਕਰੇ ? ਜਿਵੇਂ ਡਾਕਟਰ ਦੀ ਘਰ ਵਾਲੀ ਡਾਕਟਰਨੀ ਬਣ ਜਾਂਦੀ ਹੈ ਤੇ ਪ੍ਰੋਫੈਸਰ ਦੀ ਘਰ ਵਾਲੀ ਪ੍ਰੋਫੈਸਰਨੀ । ਏਨੀ ਇਕਸੁਰਤਾ ਆਦਮੀ ਦੇ ਕੇਸ ਵਿਚ ਸੰਭਵ ਨਹੀਂ ਕਿ ਉਹ ਔਰਤ ਦੀਆਂ ਪ੍ਰਾਪਤੀਆਂ ਨੂੰ ਆਪਣੀਆਂ ਸਮਝੇ ਤੇ ਉਸ ਨੂੰ ਲਗਦਾ ਹੈ ਇਸ ਤੋਂ ਤਾਂ ਸਧਾਰਨ ਔਰਤ ਕਿਤੇ ਚੰਗੀ ਹੋਣੀ ਸੀ।

ਨਾਵਲ ਦੇ ਪਹਿਲੇ ਕਾਂਡ ਵਿਚ ਹੀ ਕਮਲ ਲਤਾ, ਜਿਹੜੀ ਨਰਤਕੀ ਹੈ ਅਤੇ ਰੀਟਾ ਜਿਹੜੀ ਪ੍ਰੋਫੈਸਰ ਹੈ, ਪਹਿਲੀ ਪ੍ਰੋਫੈਸਰ ਪ੍ਰਸ਼ੋਤਮ ਦੀ ਪਤਨੀ ਹੈ, ਦੂਸਰੀ ਉਸ ਦੀ ਡੂੰਘੀ ਵਾਕਫ। ਕਮਲ ਲਤਾ ਆਪਣੇ ਕਿਰਤ ਦੇ ਰਿਆਜ਼ ਵਿਚ ਖੋ ਕੇ ਆਪਣੇ ਤੋਂ ਪਾਰ ਕਲਾ ਰਾਹੀਂ ਝਾਕਣਾ ਚਾਹੁੰਦੀ ਹੈ। ਗੇਟਾ ਮਰਦ ਦੇ ਸਾਥ ਵਿਚੋਂ ਆਪਣੇ ਗੁਆਚੇ ਆਪੇ ਨੂੰ ਢੂੰਡਦੀ ਹੈ। ਉਸ ਦਾ ਜੀਵਨ ਤਜਰਬਾ ਹੈ ਕਿ ਬਹੁਤੇ ਵਿਅਕਤੀਆਂ ਦੇ ਮਨ ਫਰੋਲ ਕੇ ਵੇਖੋ ਤਾਂ ਚੰਗੇ ਅਖਵਾਉਂਦੇ ਲੋਕ ਏਨੇ ਗੰਦੇ ਨਿਕਲਣਗੇ ਕਿ ਤੁਸੀਂ ਸੋਚ ਵੀ ਨਹੀਂ ਸਕਦੇ। ਰੀਟਾ ਪਰਸ਼ੋਤਮ ਦਾ ਹਵਾਲਾ ਦੇ ਕੇ ਕਹਿੰਦੀ ਹੈ ਕਿ ਜਿਸਮ ਦਾ ਕੀ ਐ ਕੂੜਾ ਕਰਕਟ, ਗੰਦ, ਬੀਮਾਰੀਆਂ ਦੇ ਕਿਰਮ, ਫੋੜੇ, ਜ਼ਖ਼ਮ ਇਸ ਵਿਚ ਕੁਝ ਵੀ ਹੋ ਸਕਦੇ। ਗੱਲ ਤਾਂ ਮਨ ਦੀ ਹੁੰਦੀ ਹੈ।

ਰੀਟਾ ਫਿਰ ਆਪਦੀ ਹੈ ਕਿ ਅਫੀਮ, ਸ਼ਰਾਬ, ਭਗਤੀ, ਔਰਤ ਸਭ ਨਸ਼ੇ ਹੀ ਆਪਣੇ ਆਪ ਤੋਂ ਪਾਰ ਲੰਘ ਜਾਣ ਦੇ ਤਰੀਕੇ ਹਨ। ਉਹ ਸ਼ਾਦੀ ਨੂੰ ਸਾਰੀਆਂ ਸਮੱਸਿਆਵਾਂ ਦਾ ਹੱਲ ਨਹੀਂ ਸਮਝਦੀ। ਉਹ ਕਲਾਕਾਰ ਦੀ ਮਨੋਦਸ਼ਾ ਬਾਰੇ ਕਹਿੰਦੀ ਹੈ ਕਿ ਕਲਾਕਾਰ ਲੋਕ ਆਪਣੇ ਆਪ ਨੂੰ ਆਪਣੀ ਕਲਾ ਵਿਚ ਪੂਰੀ ਤਰ੍ਹਾਂ ਲੀਨ ਕਰ ਲੈਂਦੇ ਨੇ। ਇਸ ਤਰ੍ਹਾਂ ਆਪੇ ਤੋਂ ਪਾਰ ਲੰਘ ਸਕਦੇ ਹਨ ਤੇ ਹੋਰ ਕਾਸੇ ਦੀ ਉਨ੍ਹਾਂ ਨੂੰ ਲੋੜ ਨਹੀਂ ਰਹਿੰਦੀ।

ਰੀਟਾ ਨੇ ਕਮਲ ਲਤਾ ਨੂੰ ਸੋਝੀ ਕਰਵਾਈ ਕਿ ਜਿਨ੍ਹਾਂ ਪਲਾਂ ਵਿਚ ਉਹ ਕਲਾਕਾਰ ਹੁੰਦੇ ਨੇ ਉਨ੍ਹਾਂ ਪਲਾਂ ਵਿਚ ਦੂਸਰੇ ਲੋਕ ਕੀ ਕਰਨ, ਜਿਨ੍ਹਾਂ ਨੂੰ ਕਲਾਕਾਰਾਂ ਦੀ ਲੋੜ ਨਹੀਂ ਹੁੰਦੀ। ਉਸ ਦੇ ਭਾਵ ਕਮਲ ਲਤਾ ਨੂੰ ਸਮਝ ਆ ਗਏ। ਉਹ ਉਦਾਸ ਹੋ ਗਈ। ਉਸ ਨੂੰ ਰੀਟਾ ਤੇ ਪ੍ਰਸ਼ੋਤਮ ਦੇ ਸਬੰਧਾਂ ਨੇ ਕੁਝ ਬੇਚੈਨ ਕਰ ਦਿੱਤਾ।

ਰੀਟਾ ਉਸ ਨੂੰ ਇਹ ਵੀ ਸੋਝੀ ਕਰਾਉਂਦੀ ਹੈ ਕਿ ਪਰਸ਼ੋਤਮ ਨੂੰ ਉਸ ਦਾ ਲੋਕਾਂ ਸਾਹਵੇਂ ਨੱਚਣਾ ਚੰਗਾ ਨਹੀਂ ਲਗਦਾ। ਉਹ ਇਹ ਵੀ ਕਹਿੰਦੀ ਹੈ ਕਿ ਜਿਹੜੀ ਔਰਤ ਉਸ ਆਦਮੀ ਦੇ ਪਸ਼ੂ ਪੱਧਰ ਨੂੰ ਝਲਦੀ ਹੈ ਉਸ ਦੀ ਬੀਵੀ ਨੂੰ ਉਸ ਔਰਤ ਦਾ ਸਗੋਂ ਧੰਨਵਾਦੀ ਹੋਣਾ ਚਾਹੀਦਾ

ਹੈ। ਉਹ ਇਹ ਵੀ ਕਹਿੰਦੀ ਹੈ ਜੇ ਕਿਸੇ ਔਰਤ ਦਾ ਪਤੀ ਉਸ ਨੂੰ ਛੱਡ ਕੇ ਕਿਸੇ ਦੂਸਰੀ ਔਰਤ ਕੋਲ ਜਾਂਦੇ ਤਾਂ ਕੁਝ ਹੋਵੇਗਾ ਹੀ ਨਾ ਉਸ ਦੂਸਰੀ ਔਰਤ ਵਿਚ। ਉਹ ਕਮਲ ਲਤਾ ਨੂੰ ਇਹ ਗਿਆਨ ਕਰਾਉਂਦੀ ਹੈ ਕਿ ਅਜੋਕੀ ਇਸਤਰੀ ਆਪਣੇ ਆਪ ਵਿਚ ਸੁਤੰਤਰ ਹੈ। ਉਹ ਪੁਰਾਣੀਆਂ ਸਮਾਜਕ ਕੀਮਤਾਂ ਨੂੰ ਚੁਣੋਤੀ ਕਰ ਸਕਦੀ ਹੈ।

ਉਹ ਘਰ ਪੁੱਜੀ। ਅੱਜ ਉਸ ਨੂੰ ਆਪਣਾ ਪਤੀ ਓਪਰਾ ਓਪਰਾ ਲਗਦਾ ਸੀ । ਉਸ ਦੇ ਪਤੀ ਨੇ ਉਸ ਨੂੰ ਰਾਸ਼ਟਰਪਤੀ ਭਵਨ ਵਿਚੋਂ ਕਿਰਤ ਪ੍ਰਦਰਸ਼ਨ ਲਈ ਆਏ ਸੱਦੇ ਬਾਰੇ ਦੱਸਿਆ ਤਾਂ ਉਸ ਨੂੰ ਕੋਈ ਖੁਸ਼ੀ ਨਹੀਂ ਹੋਈ । ਉਸ ਪਤੀ ਨੂੰ ਕਿਹਾ, ਉਹ ਡਾਂਸ ਨਹੀਂ ਕਰੇਗੀ। ਪਰਸ਼ੋਤਮ ਨੇ ਕਿਹਾ ਇਸ ਤਰ੍ਹਾਂ ਉਹ ਮਨ ਵਿਚ ਉਸ ਨੂੰ ਢੋਗੀ ਮੰਨੇਗੀ ਤੇ ਉਹ - ਉਸ ਨੂੰ ਸਜ਼ਾ ਦੇ ਰਹੀ ਹੋਵੇਗੀ।

ਕਮਲ ਲਤਾ ਪਤੀ ਨੂੰ ਖੁਸ਼ ਕਰਨ ਲਈ ਉਸ ਦਾ ਹਰ ਕੰਮ ਆਪ ਕਰਨ ਲੱਗੀ। ਉਸ ਨ੍ਰਿਤ ਦੀ ਰਿਆਜ਼ ਛੱਡ ਦਿੱਤੀ। ਪਰਸ਼ੋਤਮ ਦੇ ਪਿੰਡ ਜਾਣ ਤੇ ਉਹ ਰੱਜ ਕੇ ਰੋਈ। ਪਰਸੋਤਮ ਦੇ ਵਾਪਸ ਪਰਤਣ ਤੇ ਉਹ ਪੁਰਾਣੀ ਐਲਬਮ ਵੇਖ ਰਹੀ ਸੀ। ਕਮਲ ਲਤਾ ਨੇ ਐਲਬਮ ਵਿਚ ਕੰਵਲ ਨਾਂ ਦੇ ਇਕ ਲੜਕੇ ਦੀ ਤਸਵੀਰ ਉਸ ਨੂੰ ਦਿਖਾਉਂਦਿਆਂ ਕਿਹਾ ਸੀ ਇਹ ਉਸ ਨੂੰ ਦਿੱਲੀ ਰੋਕਣਾ ਚਾਹੁੰਦਾ ਸੀ। ਉਹ ਨਹੀਂ ਰੁਕੀ। ਇਹ ਸੁਣ ਕੇ ਪਰਸ਼ੋਤਮ ਤਿਲਮਲਾ ਉਠਿਆ। ਉਸ ਨੇ ਆਪਣੇ ਵਾਂਗ ਹੀ ਉਸ ਦੇ ਮਨ ਵਿਚ ਈਰਖਾ ਦੀ ਅੱਗ ਲਾ ਦਿੱਤੀ।

ਉਹ ਰੀਟਾ ਪਾਸ ਗਿਆ। ਸ਼ਰਾਬ ਪੀਤੀ ਅਤੇ ਉਸ ਨਾਲ ਗੱਲਾਂ ਸਮੇਂ ਉਸ ਦਾ ਮਨ ਬੋਲ ਪਿਆ ਕਿ ਉਸ ਦੀ ਪਤਨੀ ਪਰੰਪਰਾਵਾਦੀ ਹੈ। ਉਹ ਇਹ ਦੁਖ ਆਪਣੇ ਸੀਨੇ ਉਤੇ ਚੁਪ-ਚਾਪ ਹੰਢਾ ਰਹੀ ਹੈ ਤੇ ਹੰਢਾਵੇਗੀ। ਨ੍ਰਿਤ ਉਸ ਦੇ ਮਨ ਦੀ ਸਾਧਨਾ ਹੈ। ਜੇ ਉਸ ਨੂੰ ਇਸ ਸਾਧਨਾ ਤੋਂ ਵੰਚਿਤ ਕਰ ਦਿਉ ਤਾਂ ਉਸ ਦੀ ਖ਼ੁਦੀ ਸਮਾਪਤ ਹੋ ਜਾਵੇਗੀ। ਰੀਟਾ ਉਸ ਨੂੰ ਕਮਲ ਲਤਾ ਦੇ ਨੱਚਣ ਵਿਰੁੱਧ ਚੁੱਕਦੀ ਹੈ ਪਰ ਉਸ ਨੂੰ ਇਹ ਸੋਝੀ ਹੋ ਗਈ ਹੈ ਕਿ ਡਾਂਸ ਉਸ ਲਈ ਆਪੇ ਦੀ ਪਹਿਚਾਣ ਹੈ ਅਤੇ ਆਪਣੇ ਆਪ ਨੂੰ ਉਸ ਵਿਚ ਲੀਨ ਕਰਨ ਦਾ ਸਾਧਨ ਵੀ।

ਉਹ ਰੀਟਾ ਨੂੰ ਛੱਡ ਹੁਨਰ ਦੀ ਪੁਜਾਰਨ ਆਪਣੀ ਪਤਨੀ ਕਮਲ ਲਤਾ ਵਲ ਪਰਤਦਾ ਹੈ। ਕਮਲ ਲਤਾ ਆਪਣੇ ਸਵੈ ਨੂੰ ਨ੍ਰਿਤ ਵਿਚੋਂ ਢੂੰਡ ਰਹੀ ਉਸ ਨੂੰ ਦਿਖਾਈ ਦੇਂਦੀ ਹੈ।

ਧੁੱਪ, ਛਾਂ ਤੇ ਰੁੱਖ ਤਿੰਨ ਚਿੰਨ੍ਹ ਲੇਖਿਕਾ ਨੇ ਉਸਾਰੇ ਹਨ। ਕਮਲ ਲਤਾ ਰੁੱਖ ਦਾ ਚਿੰਨ੍ਹ ਹੈ ਜਿਹੜੇ ਆਪਣੇ ਸੀਨੇ ਉਤੇ ਸਭ ਕੁਝ ਜਰਦੀ ਹੈ ਪਰ ਉਹ ਅਡੋਲ ਖੜ੍ਹੀ ਹੈ। ਗੇਟਾ

ਆਧੁਨਿਕ ਇਸਤਰੀ ਹੈ ਜਿਹੜੀ ਕਹਿੰਦੀ ਹੈ ਮੈਨੂੰ ਨਹੀਂ ਪ੍ਰਵਾਹ ਕਿਸੇ ਦੀ। ਨਾਲੇ ਇਸ ਵਿਚ ਮਾੜਾ ਵੀ ਕੀ ਹੈ। ਜਿਵੇਂ ਕਿਸੇ ਦਾ ਜੀ ਕੀਤਾ ਜਿਉਂ ਲਿਆ।

**ਰਿਣ ਪਿੱਤਰਾਂ ਦਾ :**

ਇਸ ਨਾਵਲ ਵਿਚ ਨਾਵਲਕਾਰ ਨੇ ਇਹ ਵਿਚਾਰ ਦਰਸਾਉਣ ਦਾ ਉਪਰਾਲਾ ਕੀਤਾ ਹੈ ਕਿ ਹਰ ਵਿਅਕਤੀ ਉਤੇ ਆਪਣੇ ਪਿੱਤਰਾਂ ਦਾ ਰਿਣ ਹੁੰਦਾ ਹੈ। ਵਿਅਕਤੀ ਦੇ ਜੀਵਨ ਦੀਆਂ ਸਾਰੀਆਂ ਕ੍ਰਿਆਵਾਂ ਉਸ ਰਿਣ ਨੂੰ ਉਤਾਰਨ ਲਈ ਇਕ ਉਪਰਾਲਾ ਹਨ। ਉਸ ਅਨੁਸਾਰ ਕੋਈ ਵਿਅਕਤੀ ਵੀ ਆਪਣੇ ਕਾਰਜ ਵਿਚ ਸੁਤੰਤਰ ਨਹੀਂ। ਸਾਰੇ ਰਿਸ਼ਤੇ ਨਾਤੇ ਪਿਛਲੇ ਕਰਮਾਂ ਅਨੁਸਾਰ ਹੀ ਹਨ। ਪਿਛਲਾ ਜਨਮ ਇਸ ਜਨਮ ਦੀ ਨੀਂਹ ਹੈ ਜਿਸ ਉਤੇ ਇਹ ਉਸਰਿਆ ਹੈ।

ਇਸ ਨਾਵਲ ਦਾ ਮੁੱਖ ਨਾਇਕ ਬਿਕਰਮ ਹੈ। ਬਿਕਰਮ ਦੇ ਪਿਤਾ ਕਰਮਿੰਦਰ ਸਿੰਘ ਨੇ ਲੰਡਨ ਵਿਚ ਇਕ ਜਰਮਨ ਕੈਥਰੀਨ ਨਾਮੀ ਲੜਕੀ ਨਾਲ ਦੂਜਾ ਵਿਆਹ ਕਰ ਲਿਆ। ਉਸ ਨੇ ਆਪਣੇ ਪਹਿਲੇ ਵਿਆਹ ਬਾਰੇ ਕੈਥਰੀਨ ਨੂੰ ਕੁਝ ਨਾ ਦਸਿਆ। ਉਸ ਦੀ ਪਤਨੀ ਸੁਖਜੀਤ ਆਪਣੀ ਬੱਚੀ ਸਿਮੀ ਨਾਲ ਪੰਜਾਬ ਵਿਚ ਰਹਿ ਰਹੀ ਸੀ। ਕਰਮਿੰਦਰ ਦਾ ਇਹ ਵਿਚਾਰ ਸੀ ਕਿ ਉਹ ਇਕ ਸਮੇਂ ਇਕ ਤੋਂ ਵਧ ਇਸਤਰੀਆਂ ਨੂੰ ਇਕੋ ਜਿਹਾ ਪਿਆਰ ਕਰ ਸਕਦਾ ਹੈ। ਕਰਮਿੰਦਰ ਦਾ ਇਹ ਕਰਮ ਉਸ ਵੇਲੇ ਦੀ ਜਾਗੀਰਦਾਰੀ ਪ੍ਰਥਾ ਅਨੁਸਾਰ ਹੀ ਸੀ ਜਿਸ ਨੂੰ ਇਸਤਰੀ ਮਨ ਦੀ ਕੋਈ ਪਹਿਚਾਣ ਨਹੀਂ ਸੀ।

ਕਰਮਿੰਦਰ ਆਪਣੀ ਪਤਨੀ ਨੂੰ ਇਹ ਕਹਿ ਕੇ ਮਨਾ ਲੈਂਦਾ ਹੈ ਕਿ ਉਹ ਕੈਥਰੀਨ ਬਿਨਾਂ ਨਹੀਂ ਰਹਿ ਸਕਦਾ ਪਰ ਉਸ ਦਾ ਸੁਖਜੀਤ ਨਾਲ ਪਹਿਲਾਂ ਜਿੰਨਾ ਸਨੇਹ ਰਹੇਗਾ। ਜੇ ਉਸ ਨੇ ਉਸ ਦੇ ਕੈਥੀ ਨਾਲ ਸਬੰਧਾਂ ਵਿਚ ਖਲੋਣ ਦਾ ਯਤਨ ਕੀਤਾ ਤਾਂ ਉਸ ਲਈ ਇਹ ਅਸਹਿ ਹੋਵੇਗਾ ਅਤੇ ਉਹ ਆਤਮ-ਹੱਤਿਆ ਕਰ ਲਵੇਗਾ। ਕੈਥਰੀਨ ਵੀ ਉਸ ਦੀ ਪਹਿਲੀ ਸ਼ਾਦੀ ਦਾ ਪਤਾ ਲੱਗਣ ਤੇ ਥੋੜ੍ਹੇ ਜਿਹੇ ਖੰਭ ਫੜਫੜਾ ਕੇ ਸ਼ਾਂਤ ਹੋ ਜਾਂਦੀ ਹੈ।

1984 ਵਿਚ ਪੰਜਾਬ ਵਿਚ ਹੋਏ ਬਲਿਊ ਸਟਾਰ ਅਪਰੇਸ਼ਨ ਉਪਰੰਤ ਕਰਮਿੰਦਰ ਆਪਣੇ ਮਾਪਿਆਂ ਦੀ ਸੁਖ ਸ਼ਾਂਤ ਪੁੱਛਣ ਲਈ ਪੰਜਾਬ ਆਉਦਾ ਹੈ। ਉਹ ਆਉਣ ਸਮੇਂ ਕੈਥਰੀਨ ਨੂੰ ਕਹਿ ਆਉਂਦਾ ਹੈ ਕਿ ਉਹ ਬਿਕਰਮ ਨੂੰ ਪੰਜਾਬੀ, ਹਿੰਦੀ ਭਾਸ਼ਾਵਾਂ ਨਾਲ ਜੋੜੀ ਰਖੇ। ਇਹ ਜੋੜ ਉਸ ਨੂੰ ਆਪਣੇ ਵਿਰਸੇ ਨਾਲ ਜੁੜਣ ਲਈ ਇਕ ਪੁਲ ਦਾ ਕੰਮ ਕਰੇਗਾ।

ਕਰਮਿੰਦਰ ਦੀ ਪੰਜਾਬ ਵਿਚ ਹਾਦਸੇ ਨਾਲ ਮੌਤ ਹੋ ਜਾਂਦੀ ਹੈ। ਉਸ ਦੀ ਮੌਤ ਤੋਂ ਬਾਅਦ ਕੈਥਰੀਨ ਵੀ ਚੱਲ ਵਸੀ। ਉਹ ਬਿਕਰਮ ਨੂੰ ਦਾਦੇ ਦਾਦੀ ਪਾਸ ਜਾਣ ਲਈ ਕਹਿ ਗਈ।

ਬਿਕਰਮ ਪੰਜਾਬ ਆ ਕੇ ਆਪਣੇ ਦਾਦਾ, ਦਾਦੀ, ਮਤਰੇਈ ਮਾਂ ਅਤੇ ਸਿਮੀ ਭੈਣ ਨੂੰ ਮਿਲਿਆ। ਮਤਰੇਈ ਮਾਂ ਸੁਖਜੀਤ ਤੋਂ ਛੁੱਟ ਬਾਕੀ ਸਾਰੇ ਉਸ ਨੂੰ ਆਪਣੇ ਪਾਸ ਰੱਖਣਾ ਚਾਹੁੰਦੇ ਹਨ। ਸਿਮੀ ਉਸ ਨੂੰ ਸਕੇ ਭਰਾ ਵਾਲਾ ਪਿਆਰ ਦੇਂਦੀ ਹੈ। ਉਹ ਵੀਰੇ ਦੀ ਖਾਤਰ ਆਪਣਾ ਰਿਸ਼ਤਾ ਛੱਡਣ ਵਾਸਤੇ ਵੀ ਤਿਆਰ ਹੈ। ਸਿਮੀ, ਬਿਕਰਮ ਨੂੰ ਘਰ ਵਿਚ ਉਸ ਦਾ ਸਥਾਨ ਦਿਵਾਉਂਦੀ ਹੈ।

ਟਿਵਾਣਾ ਆਪਣੇ ਨਾਵਲ ਵਿਚ ਕਿਰਦਾਰਾਂ ਨੂੰ ਆਦਰਸ਼ਕ ਉਸਾਰੀ ਲਈ ਤਿਆਰ ਕਰਦੀ ਹੈ। ਉਹ ਦਾ ਮੁੱਖ ਪਾਤਰ ਕਈ ਪਾਤਰਾਂ ਵਿਚ ਜੀਵਤ ਹੁੰਦਾ ਹੈ। ਇਸ ਨਾਵਲ ਦੇ ਹੈ ਸਾਰੇ ਪਾਤਰ ਆਦਰਸ਼ਕ ਪਾਤਰ ਦੇ ਰੂਪ ਵਿਚ ਜੀਉਂਦੇ ਹਨ। ਇਹ ਸਾਰੇ ਪਾਤਰ ਇਕ ਸਭਿਆਚਾਰ ਨਾਲ ਜੁੜੇ ਹੋਏ ਹਨ। ਜਗੀਰਦਾਰੀ ਪ੍ਰਥਾ ਵਿਚ ਲੜਕਾ ਹੀ ਪਿੱਤਰਾਂ ਦਾ ਰਿਣ ਚੁਕਾ ਸਕਦਾ ਹੈ। ਉਹ ਹਰ ਤਰ੍ਹਾਂ ਦਾ ਉਹਨਾਂ ਦਾ ਵਾਰਸ ਹੈ। ਉਸ ਨੂੰ ਉਸ ਦਾ ਹੱਕ ਮਿਲਣ ਨਾਲ ਉਸ ਪਾਸੇ ਰਿਣ ਲਾਹੁਣ ਦੀ ਆਸ ਕੀਤੀ ਜਾ ਸਕਦੀ ਹੈ।

ਇਸ ਨਾਵਲ ਦੀਆਂ ਦੋਵੇਂ ਇਸਤਰੀ ਪਾਤਰ ਸੁਖਜੀਤ ਅਤੇ ਕੈਥਰੀਨ ਚੁਪ-ਚਾਪ ਸੀਨੇ ਤੇ ਬੇਵਫ਼ਾਈ ਦਾ ਸਲ ਸਹਿੰਦੀਆਂ ਹਨ। ਸੁਖਜੀਤ ਦੂਸਰੀ ਇਸਤਰੀ ਨੂੰ ਮਜਬੂਰੀ ਕਾਰਨ ਸਹਿਣ ਕਰਦੀ ਹੈ। ਕੈਥਰੀਨ ਵੀ ਪਹਿਲੀ ਇਸਤਰੀ ਨੂੰ ਬਰਦਾਸਤ ਕਰਨ ਲਈ ਮਜਬੂਰ ਹੈ। ਉਹ ਦੋਵੇਂ ਉਸ ਮੋੜ ਤੇ ਆ ਖੜ੍ਹੀਆਂ ਹੋਈਆਂ ਹਨ, ਜਿਥੇ ਦੋਹਾਂ ਲਈ ਸਿਵਾਏ ਇਹ ਦੁਖ ਸਹਿਣ ਦੇ ਅੱਗੋਂ ਕੋਈ ਮਾਰਗ ਨਹੀਂ ਖੁਲ੍ਹਦਾ। ਕੈਥਰੀਨ ਭਾਵੁਕ ਇਸਤਰੀ ਹੈ ਉਹ ਇਹ ਸੰਤਾਪ ਹੰਢਾਉਂਦੀ ਸੰਸਾਰ ਯਾਤਰਾ ਸਮਾਪਤ ਕਰ ਲੈਂਦੀ ਹੈ।

ਸੁਖਜੀਤ, ਬਿਕਰਮ ਨੂੰ ਇਸ ਕਰਕੇ ਨਹੀਂ ਅਪਨਾਉਂਦੀ ਕਿ ਸਾਰੀ ਜਾਇਦਾਦ ਦਾ ਉਹ ਵਾਰਸ ਬਣ ਜਾਵੇਗਾ। ਉਹ ਤੇ ਉਸ ਦੀ ਬੇਟੀ ਬਿਕਰਮ ਦੇ ਰਹਿਮ 'ਤੇ ਹੋਣਗੀਆਂ। ਸਿਮੀ ਨੂੰ ਵੀਰ ਦੀ ਲੋੜ ਹੈ। ਉਹ ਮਾਂ ਤੇ ਬਿਕਰਮ ਵਿਚ ਇਕ ਪੁਲ ਬਣਦੀ ਹੈ। ਉਹ ਇਸ ਪੁਲ ਬਣਨ ਲਈ ਆਪਣੇ ਵਿਆਹ ਦੀ ਵੀ ਕੁਰਬਾਨੀ ਦੇਣ ਨੂੰ ਤਿਆਰ ਹੈ। ਉਸ ਦਾ ਹੋਣ ਵਾਲਾ ਪਤੀ ਉਸ ਦੀ ਮਨੋ ਭਾਵਨਾ ਨੂੰ ਸਮਝਦਾ ਹੋਇਆ ਉਸ ਨਾਲ ਖੜ੍ਹਾ ਹੈ। ਪੀਲੇ ਪੱਤਿਆਂ ਦੀ ਦਾਸਤਾਨ :

ਇਸ ਨਾਵਲ ਦੇ ਬ੍ਰਿਤਾਂਤ ਵਿਚ ਵੀ ਜਗੀਰਦਾਰੀ ਸਮਾਜ ਦੀ ਮਰਦ ਪ੍ਰਧਾਨ ਅਤੇ ਪਤੀ ਪ੍ਰਧਾਨ ਪ੍ਰਥਾ ਵਿਚ ਇਸਤਰੀ ਦਾ ਸ਼ੋਸ਼ਣ ਅਤੇ ਇਸ ਤੋਂ ਉਪਜੀ ਤ੍ਰਾਸਦੀ ਦਾ ਵਰਣਨ ਕੀਤਾ ਹੈ। ਇਹ ਤ੍ਰਾਸਦਿਕ ਸਥਿਤੀ ਕਈ ਵਾਰ ਨਾਰੀ ਦੇ ਜੀਵਨ ਵਿਚ ਇਕ ਭਿਆਨਕ ਮੋੜ ਲੈ ਆਉਂਦੀ ਹੈ ਜਿਸ ਦੀ ਸਾਡਾ ਸਭਿਆਚਾਰ ਕਦੀ ਵੀ ਆਸ ਨਹੀਂ ਕਰਦਾ।

ਮਰਦ ਪ੍ਰਧਾਨ ਸਮਾਜ ਨੇ ਨਾਰੀ ਨੂੰ ਸਦਾ ਆਪਣੇ ਰਹਿਮ ਤੇ ਪਲਣ ਵਾਲੀ ਹੀ ਸਮਝਿਆ ਹੈ। ਉਹ ਉਸ ਦੇ ਜੀਵਨ ਦਾ ਕੋਈ ਮੋੜ, ਜਿਹੜਾ ਉਸ ਦੇ ਵਿਚਾਰ ਅਨੁਸਾਰ ਠੀਕ ਨਾ ਹੋਵੇ, ਨੂੰ ਰੱਦ ਕਰ ਦੇਂਦਾ ਹੈ, ਅਜੋਕੀ ਨਾਰੀ ਮਰਦ ਦੀਆਂ ਜ਼ਿਆਦਤੀਆਂ ਸਹਿਣ ਕਰਨ ਤੋਂ ਬਾਅਦ ਆਕੀ ਹੋ ਗਈ ਹੈ। ਉਹ ਭਾਵੇਂ ਸਮਾਜ ਦੀ ਪਰੰਪਰਾ ਤੋਂ ਟੁੱਟ ਜਾਂਦੀ ਹੈ ਪਰ ਉਹ ਆਪਣੇ ਚੁਣੇ ਰਾਹ ਤੇ ਜੀਵਨ ਬਿਤਾ ਦੇਂਦੀ ਹੈ। ਭਾਵੇਂ ਇਹ ਮਾਰਗ ਉਸ ਲਈ ਅਤੇ ਇਸਤਰੀ ਜਾਤੀ ਲਈ ਮਾਰਗ ਦਰਸ਼ਨ ਨਹੀਂ।

ਇਸ ਨਾਵਲ ਦੀ ਨਾਇਕਾ ਪਰੰਪਰਾਗਤ ਪੇਂਡੂ ਮਾਹੌਲ ਵਿਚ ਪਲੀ ਹੈ। ਉਸ ਦੀ ਵਿਆਹ ਤੋਂ ਬਾਅਦ ਮਾਨਸਿਕਤਾ ਤੋੜ ਦਿੱਤੀ ਗਈ। ਇਸ ਮਾਨਸਿਕ ਦਬਾਅ ਨੇ ਉਸ ਨੂੰ ਉਸ ਚੁਰਾਹੇ ਤੇ ਲਿਆ ਖੜ੍ਹਾ ਕੀਤਾ ਜਿਥੇ ਪਹੁੰਚ ਕੇ ਸਮਾਜ, ਸਭਿਆਚਾਰ ਤੇ ਘਰ ਪਰਿਵਾਰ ਦੀਆਂ ਸਾਰੀਆਂ ਭਾਵਨਾਵਾਂ ਸਮਾਪਤ ਹੋ ਗਈਆਂ। ਇਨ੍ਹਾਂ ਸਾਰੀਆਂ ਭਾਵਨਾਵਾਂ ਦੀ ਆਹੁਤੀ ਚੜ੍ਹਾਉਣ ਵਾਲਾ ਵੀ ਸਮਾਜ, ਸਭਿਆਚਾਰ ਤੇ ਘਰ ਪਰਿਵਾਰ ਹੀ ਹੈ।

ਇਹ ਨਾਵਲ ਆਰੰਭ ਕਰਨ ਤੋਂ ਪਹਿਲਾਂ ਲੇਖਿਕਾ ਨਾਵਲ ਦੇ ਪਾਤਰਾਂ ਉਤੇ ਟਿੱਪਣੀ ਕਰਦੀ ਇਹ ਦਰਸਾਉਣਾ ਚਾਹੁੰਦੀ ਹੈ ਕਿ ਇਹ ਸਾਰੇ ਪਾਤਰ ਪੀਲੇ ਪੱਤੇ ਹਨ। ਉਹ ਟਿੱਪਣੀ ਕਰਦੀ ਹੈ :-

"ਕਾਮਰੇਡ ਮਾਸਟਰ ਬੂਟਾ ਸਿੰਘ ਕਿਸੇ ਨੂੰ ਦੱਸ ਰਿਹਾ ਸੀ ਕਿ ਮਾਂ ਮਰਨ ਤੋਂ ਕੁਝ ਚਿਰ ਪਹਿਲਾਂ ਪਾਗਲ ਹੋ ਗਈ ਸੀ । ਮੇਘ ਕੰਪੀਟੀਸ਼ਨ ਦੇਣਾ ਵਿਚੇ ਛੱਡ ਕੇ ਫ਼ੌਜ ਵਿਚ ਭਰਤੀ ਹੋ ਗਿਆ। ਹੁਣ ਦੂਰ ਕਿਤੇ ਨਾਗਾਲੈਂਡ ਵਿਚ ਬਾਰਡਰ ਉਤੇ ਪੋਸਟਿਡ ਐ। ਜਦੋਂ ਦਾ ਉਹ ਫ਼ੌਜ ਵਿਚ ਭਰਤੀ ਹੋਇਐ, ਨਾ ਘਰ ਛੁੱਟੀ ਆਇਐ, ਨਾ ਹੀ ਕਿਸੇ ਦੇ ਖ਼ਤ ਪੱਤਰ ਦਾ ਕੋਈ ਉਤਰ ਦਿੰਦੇ। ਹਰੀਸ ਬੜੀ ਸ਼ਰਾਬ ਪੀਣ ਲੱਗ ਪਿਐ ਤੇ ਸ਼ਰਾਬ ਪੀ ਕੇ ਜਗਜੀਤ ਨੂੰ ਕਈ ਵਾਰ ਮਾਰਦਾ ਵੀ ਐ।

ਜਗਜੀਤ ਦੀਆਂ ਦੋਨੋਂ ਵਾਰ ਅਬੌਰਸ਼ਨਜ਼ ਹੋ ਗਈਆਂ ਨੇ। ਭਗੀਰਥ ਨੇ ਹੋਰ ਵਿਆਹ ਤਾਂ ਕਰਵਾਇਆ ਹੋਇਆ ਪਰ ਅਜੇ ਵੀ ਪੂਰੀ ਤਰ੍ਹਾਂ ਰਾਜੀ ਨਹੀਂ ਹੋਇਆ ਤੇ ਉਸ਼ਾ ਵੀ ਨਾ ਕਦੇ ਕੋਈ ਗੱਲ ਕਰਦੀ ਸੀ ਤੇ ਨਾ ਹੀ ਕਿਸੇ ਨੂੰ ਇਸ ਬਾਰੇ ਪਤਾ ਸੀ। ਉਹ ਆਪਣੇ ਘਰ,

ਪਰਿਵਾਰ, ਸਮਾਜਕ ਭਾਈਚਾਰੇ ਨਾਲ ਬਿਲਕੁਲ ਟੁੱਟ ਗਈ ਸੀ ਤੇ ਜਿਸ ਰਾਹ ਤੇ ਉਹ ਤੁਰ ਪਈ ਸੀ ਉਸ ਤੋਂ ਪਰਤਣਾ ਤੇ ਫਿਰ ਸੋਸਤ ਹੋਣਾ ਉਸ ਨੂੰ ਮਨਜ਼ੂਰ ਨਹੀਂ ਸੀ।"

ਇਹ ਨਾਵਲ ਲੇਖਿਕਾ ਦੀ ਆਪਣੀ ਕਮਲੀ ਮਾਨਸਿਕਤਾ ਵਿਚ ਪਈ ਪੂਰਵ ਨਿਸ਼ਚਿਤ ਉਪਭਾਵੁਕ ਧਾਰਨਾ ਉਤੇ ਚਲਦਾ ਹੈ ਤੇ ਇਸ ਦੀ ਨਿਰੰਤਰਤਾ ਵਿਚ ਕੋਈ ਵਿਘਨ ਨਹੀਂ ਪੈਂਦਾ । ਉਪਭਾਵੁਕਤਾ ਸਿੱਧਾ ਰਾਹ ਬਣਾਈ ਨਿਰੰਤਰ ਟੀਚੇ ਵਲ ਤੁਰੀ ਜਾਂਦੀ ਹੈ। ਇਸ ਵਿਚ ਨਾ ਤਾਂ ਸੰਭਾਲ, ਅਵਸਰ ਤੇ ਨਾ ਹੀ ਨਾਟਕੀਅਤਾ ਹੁੰਦੀ ਹੈ। ਉਸ਼ਾ ਨਾਵਲ ਦੇ ਆਰੰਭ ਤੋਂ ਹੀ ਪੀਲੇ ਪੱਤਿਆਂ ਵਰਗਾ ਸੰਤਾਪ ਭੋਗੀ ਜਾ ਰਹੀ ਹੈ। ਉਹ ਕੇਵਲ ਸੰਤਾਪ ਦੀ ਭੋਗਣਹਾਰ ਹੈ। ਉਸਾ ਦਾ ਜੀਵਨ ਵੀ ਉਸ ਵਹਿਣ ਵਿਚ ਵਹੀ ਜਾ ਰਿਹਾ ਹੈ ਤੇ ਉਸ ਦਾ ਤ੍ਰਾਸਦਿਕ ਜੀਵਨ ਬਤੀਤ ਹੋ ਗਿਆ ਹੈ ਤੇ ਬਾਕੀ ਰਹਿ ਗਿਆ ਹੈ ਇਕ ਰੂਪਕ। ਇਸ ਨੂੰ ਲੇਖਿਕਾ ਨੇ ਪੀਲੇ ਪੱਤਿਆਂ ਦਾ ਨਾਮ ਦੇ ਕੇ ਪਹਿਲਾਂ ਹੀ ਸਿਰਜ ਦਿੱਤਾ ਹੈ।

ਇਸ ਨਾਵਲ ਦਾ ਬ੍ਰਿਤਾਂਤਕ ਨਿਰੰਤਰਤਾ ਵਿਚ ਚਲਦਾ ਹੈ। ਇਸੇ ਕਰਕੇ ਉਸਾ ਤ੍ਰਾਸਦਿਕ ਜੀਵਨ ਦੀ ਜੋ ਰੂਪ ਰੇਖਾ ਬਣਾਈ ਬੈਠੀ ਹੈ ਉਹ ਕਿਤੇ ਵੀ ਸਮੂਰਤ ਦ੍ਰਿਸ਼ ਵਿਚ ਸਾਕਾਰ ਨਹੀਂ ਹੁੰਦੀ, ਨਾ ਹੀ ਇਸ ਵਿਚਲੀਆਂ ਸਥਿਤੀਆਂ ਕਿਤੇ ਵੀ ਪ੍ਰਗੀਤਆਤਮਕਤਾ ਦਾ ਭਾਵ ਉਸਾਰ ਸਕੀਆਂ ਹਨ। ਉਸ਼ਾ ਦਾ ਭਗੀਰਥ ਦੀ ਦਾਸ ਬਣ ਕੇ ਸੇਵਾ ਕਰਨ ਵਾਲਾ ਭਾਗ ਰਵਾਇਤੀ ਨਾਰੀ ਦੀ ਮੁਦਰਾ ਨੂੰ ਹੀ ਪ੍ਰਗਟਾਉਂਦਾ ਹੈ। ਇਸ ਤੋਂ ਛੁੱਟ ਸਾਰਾ ਨਾਵਲ ਹੀ ਇਕ ਗਿਣੀ ਮਿਥੀ ਕਹਾਣੀ ਲਗਦਾ ਹੈ ਅਤੇ ਕੇਵਲ ਦਾਸਤਾਨ ਤੋਂ ਹੀ ਉਠ ਕੇ ਨਾਵਲ ਦਾ ਰੂਪ ਨਹੀਂ ਧਾਰ ਸਕਿਆ। ਇਸ ਵਿਚ ਲੇਖਿਕਾ ਦੀ ਆਪਣੀ ਉਚੀ ਉਪਭਾਵੁਕਤਾ ਵਾਲੀ ਅਤੇ ਜੀਵਨ ਪ੍ਰਤੀ ਪ੍ਰਗੀਤਕ ਭਾਵਨਾ ਸਿਰਜਨ ਵਾਲੀ ਮਾਨਸਿਕਤਾ, ਜਿਹੜੀ ਉਸ ਦੇ ਗਲਪ ਜਗਤ ਵਿਚ ਪਿੰਡੀ ਪਈ ਹੈ, ਇਸ ਵਿਚ ਵੀ ਉਸ ਦੀ ਝਲਕ ਹੈ। ਉਸ ਨੇ ਇਸ ਪੈਰਾਡਾਈਮ ਦੇ ਅੱਡ ਪ੍ਰਸੰਗ ਸਿਰਜ ਕੇ, ਉਹ ਮਰਦ ਪ੍ਰਧਾਨ ਸਮਾਜ ਦੀ ਮਾਤਾ, ਪਿਤਾ, ਸੰਤਾਨ ਵਾਲੀ ਸਥਿਤੀ ਸਿਰਜ ਕੇ ਨਾਰੀ ਦੇ ਸ਼ੋਸ਼ਣ ਤੋਂ ਮੁਕਤੀ ਦੀ ਸੱਮਸਿਆ ਉਭਾਰਨਾ ਚਾਹੁੰਦੀ ਹੈ। ਉਸ ਪਾਸ ਆਪ ਇਸ ਟੱਕਰ ਦਾ ਹੱਲ ਨਹੀਂ ਦਿਸਦਾ। ਇਸ ਕਰਕੇ ਉਸ ਵਲੋਂ ਸਿਰਜਿਆ ਨਾਰੀ ਬਿੰਬ ਤਰਸ ਦਾ ਭਾਗੀ ਹੈ ਜਿਸ ਨੂੰ ਮਰਦ ਦੇ ਸਹਾਰੇ ਦੀ ਲੋੜ ਹੈ। ਇਹ ਤਾਂ ਕਿਹਾ ਜਾ ਸਕਦਾ ਹੈ ਕਿ ਇਸ ਨਾਵਲ ਦੀ ਨਾਇਕਾ ਉਸ਼ਾ ਪ੍ਰਤੀਮਾਨ ਤੋਂ ਵਿਦਰੋਹ ਕਰਦੀ ਹੈ ਪਰ ਉਸ ਵਲੋਂ ਢੂੰਡਿਆ ਹੱਲ ਇਕ ਹਾਰੇ ਹੋਏ ਵਿਅਕਤੀ ਦਾ ਹੱਲ ਹੈ। ਉਹ ਆਪਣੀ ਅੰਦਰ ਬੈਠੀ ਇਸਤਰੀ ਨੂੰ ਰੁਝਾਣ ਲਈ ਉਚੇਰੀ ਵਿਦਿਆ ਦਾ ਮਾਰਗ ਅਪਨਾਉਂਦੀ ਹੈ ਪਰ ਉਹ ਆਪਣੇ ਮਨ ਦੇ ਖਿਆਲ ਵਿਚ ਆਪ ਹੀ ਗੁਆਚ ਕੇ ਅਤਿ ਘਿਨੋਉਣਾ ਮਾਰਗ, ਵੇਸਵਾ ਸੰਸਾਰ ਦਾ

ਅਪਨਾਉਂਦੀ ਹੈ। ਲੇਖਿਕਾ ਨੇ ਉਸ ਨੂੰ ਇਸ ਮਾਰਗ ਤੇ ਤੋਰਿਆ ਹੈ। ਇਹ ਸੱਮਸਿਆ ਦਾ ਹੱਲ ਨਹੀਂ। ਨਾ ਹੀ ਇਹ ਹੱਲ ਸਮਾਜ ਦਾ ਜਾਂ ਆਧੁਨਿਕ ਨਾਰੀ ਦੇ ਸਿਰਜੇ ਆਦਰਸ਼ ਨੂੰ ਅੱਗੇ ਲੈ ਜਾ ਸਕਦਾ ਹੈ। ਇਹ ਤਾਂ ਉਪਭਾਵੁਕਤਾ ਵਿਚੋਂ ਉਪਜੀ ਨਿਰਾਸ਼ਤਾ ਹੈ ਜਿਹੜੀ ਹਨ੍ਹੇਰੇ ਵਲ ਕਿਸੀ ਡੋਲੀ ਭਾਲੀ ਨਾਰੀ ਨੂੰ ਧਕੇਲਦੀ ਹੈ। ਇਹ ਮਰਦ ਪ੍ਰਧਾਨ ਸਮਾਜ ਨੂੰ ਕੋਈ ਚੁਣੌਤੀ ਨਹੀਂ ਸਗੋਂ ਉਸ ਲਈ ਵਿਲਾਸ ਦੇ ਮਾਰਗ ਸਿਰਜੇ ਗਏ ਹਨ। ਉਸ ਨੂੰ ਇਸ ਹਨ੍ਹੇਰੇ ਵਲ ਧੱਕਣ ਵਾਲੀ ਵੀ ਇਸਤਰੀ ਹੀ ਹੈ। ਜਿਹੜੀ ਸਾਜ਼ਿਸ਼ ਕਰਕੇ ਉਸ ਨੂੰ ਇਸ ਰਾਹ ਤੇ ਪਾਉਂਦੀ ਹੈ। ਉਸ ਦੇ ਅੰਦਰ ਬੈਠੀ ਇਸਤਰੀ ਦਾ ਸ਼ੋਸ਼ਣ ਕਰਵਾਉਂਦੀ ਹੈ ।

ਟਿਵਾਣਾ ਦਾ ਇਹ ਨਾਵਲ ਬਹੁ ਚਰਚਿਤ ਨਾਵਲ ਹੈ। ਇਸ ਉਤੇ ਬਹੁਤੇ ਵਿਦਵਾਨਾਂ ਨੇ ਟਿੱਪਣੀਆਂ ਕੀਤੀਆਂ ਹਨ। ਉਹ ਇਸ ਟਿੱਪਣੀ ਦਾ ਕੇਵਲ ਏਨਾ ਉਤਰ ਹੀ ਦੇਂਦੀ ਹੈ, ਸਦੀਆਂ ਤੋਂ ਵਸਤ ਬਣੀ ਔਰਤ ਅਜੇ ਤਾਂ ਅਗਨੀ ਪ੍ਰੀਖਿਆ ਵਿਚੋਂ ਲੰਘ ਰਹੀ ਹੈ। ਇਸੇ ਲਈ ਆਪਣੇ ਕਦੇ ਚੁਪ ਤੇ ਉਦਾਸ, ਕਦੇ ਟੁੱਟੇ ਬਿਖਰੇ ਤੇ ਕਦੇ ਭਟਕੇ ਰੂਪਾਂ ਵਿਚੋਂ ਆਪਣੇ ਆਪ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਪਹਿਚਾਣ ਮਗਰੋਂ ਹੀ ਉਸ ਪਰ ਨਾਲ ਰਿਸ਼ਤਿਆਂ ਨੂੰ ਸਿਰਜਨ ਵਿਉਂਤਰਨ ਤੋਂ ਪਹਿਲਾਂ ਆਪਣੇ ਆਪ ਨਾਲ ਸੱਜਰੇ, ਸਾਵੇਂ ਤੇ ਤੰਦਰੁਸਤ ਸਬੰਧ ਸਥਾਪਤ ਕਰਨ ਦੇ ਸਮਰਥ ਹੋ ਸਕੇਗੀ। ਇਸੇ ਲਈ ਮੈਂ ਪ੍ਰਕ੍ਰਿਆ ਬਣ ਕੇ ਉਨ੍ਹਾਂ ਦੇ ਦੁਖ ਹਰਨ ਲਈ ਕੋਈ ਕਰਮਾਤੀ ਸੰਧ ਦੇਣ ਤੋਂ ਸੰਕੋਚ ਕੀਤਾ ਹੈ।

**ਐਰਵੈਰ ਮਿਲਦਿਆਂ** : ਐਰਵੈਰ ਮਿਲਦਿਆਂ ਨਾਵਲ ਬਾਰੇ ਟਿਵਾਣਾ ਆਪਣੀ ਸਾਹਿਤਕ ਸਵੈ-ਜੀਵਨੀ ਵਿਚ ਲਿਖਦੀ ਹੈ ਯੂਨੀਵਰਸਿਟੀ ਵਿਚ ਮੇਰੇ ਕਮਰੇ ਦੇ ਨਾਲ ਵਾਲਾ ਜਿਸ ਬੰਦੇ ਦਾ ਕਮਰਾ ਸੀ, ਉਸ ਨੇ ਮੇਰੇ ਨਾਲ ਬਹੁਤ ਨਰਾਜਗੀਆਂ ਸਨ। ਬਹੁਤ ਪਹਲਾਂ ਇਕ ਵਾਰੀ ਜਦੋਂ ਉਸ ਨੇ ਆਖਿਆ ਸੀ "ਮੈਨ ਤੁਹਾਡੇ ਨਾਲ ਬਹੁਤ ਮੋਹ ਹੈ, ਤਾਂ ਮੈਂ ਆਖ ਦਿੱਤਾ ਸੀ "ਸਰੀ, ਮੈਨੂੰ ਤੁਹਾਡੇ ਨਾਲ ਕੋਈ ਮੋਹ ਨਹੀਂ ਹੈ।" ਉਦੋਂ ਤੋਂ ਹੀ ਉਹ ਮੋਹ ਨਰਾਜ਼ਗੀਆਂ ਬਣ ਗਿਆ ਸੀ ਪਰ ਮੈਂ ਨਰਾਜ਼ਗੀਆਂ ਦੀ ਵੀ ਪ੍ਰਵਾਹ ਨਹੀਂ ਸੀ ਕਰਦੀ ਸਗੋਂ ਆਖਦੀ ਸੀ ਮੇਰੇ ਲਈ ਸਿਰਫ਼ ਉਹੀ ਲੋਕ ਐਡਜਸਟ ਕਰਦੇ ਹਨ ਜਿਨ੍ਹਾਂ ਨੂੰ ਮੈਂ ਚਾਹੁੰਦੀ ਹਾਂ ਕਿ ਐਡਜਸਟ ਬਲ।

ਫਿਰ ਪਤਾ ਨਹੀਂ ਇਕ ਦਿਨ ਮੈਨੂੰ ਖਿਆਲ ਆਇਆ ਅੱਜ ਤੋਂ ਪੰਜਾਹ ਸਾਲ ਨੂੰ ਮੇਰੇ ਨਾਲ ਵਾਲੇ ਕਮਰੇ ਵਿਚ ਪਤਾ ਨਹੀਂ ਕੌਣ ਬੈਠਾ ਹੋਵੇਗਾ ਤੇ ਮੇਰੇ ਵਾਲਾ ਕਮਰਾ ਵੀ ਕੀਹਦਾ ਹੋਵੇਗਾ।

ਉਨ੍ਹਾਂ ਲੋਕਾਂ ਬਾਰੇ ਜਿਹੜੇ ਕਦੇ ਇਥੇ ਹੋਣਗੇ ਮੈਂ ਇਕ ਕਹਾਣੀ ਲਿਖੀ 'ਤੇਰਾ ਕਮਰਾ ਮੇਰਾ ਕਮਰਾ'।

ਇਹ ਕਹਾਣੀ ਮਗਰੋਂ ਵਕਤ ਪਾ ਕੇ ਐਰਵੈਰ ਮਿਲਦਿਆਂ "ਨਾਵਲ ਦਾ ਆਧਾਰ ਬਣੀ । ਉਹ ਇਸ ਨਾਵਲ ਦੇ ਆਰੰਭ ਵਿਚ ਲਿਖਦੀ ਹੈ ਕਿ ਮੈਂ ਨਹੀਂ ਕਹਿੰਦੀ ਹਰ ਔਰਤ ਵਿਦਰੋਹ ਕਰ ਦੇਵੇ ਕਿਉਂਕਿ ਹਰ ਔਰਤ ਆਪਣੇ ਜਿਉਣ ਦੀ ਆਪ ਜੁੰਮੇਵਾਰ ਹੋਣ ਦੀ ਜੁਰਅਤ ਕਿਥੇ ਰਖਦੀ ਹੈ। ਬਹੁਤੀਆਂ ਔਰਤਾਂ ਤਾਂ ਆਪਣੇ ਪ੍ਰਤੀ ਹਰ ਫ਼ੈਸਲੇ ਦੀ ਜ਼ਿੰਮੇਵਾਰੀ ਕਿਸੇ ਹੋਰ ਨੂੰ ਦੇ ਕੇ ਸੁਰਖ਼ਰੂ ਰਹਿ ਕੇ ਜੀਉਣਾ ਹੀ ਜਾਣਦੀਆਂ ਨੇ। ਉਨ੍ਹਾਂ ਲਈ ਫੈਸਲੇ ਕਦੇ ਧਰਮ ਕਰਦਾ ਹੈ, ਕਦੇ ਕਾਨੂੰਨ, ਕਦੇ ਸਮਾਜ, ਕਦੇ ਪਰੰਪਰਾ। ਜੋ ਕਿਸੇ ਵੇਲੇ ਰਲ ਕੇ ਬਾਪ ਦਾ ਰੂਪ ਧਾਰ ਲੈਂਦੇ ਹਨ, ਕਦੇ ਪਤੀ ਦਾ ਤੇ ਕਦੇ ਪੁੱਤਰ ਦਾ। ਔਰਤ ਹੋਰ ਵਸਤੂਆਂ ਵਾਂਗ ਇਕ ਵਸਤੂ ਹੀ ਤਾਂ ਹੈ। ਜੋ ਹੋਰ ਵਸਤੂਆਂ ਵਾਂਗ ਵੇਚੀ, ਵਟਾਈ ਤੇ ਵੰਡੀ ਜਾਂਦੀ ਹੈ।

ਇਸ ਨਾਵਲ ਦੀ ਗਾਥਾ ਤਿੰਨ ਪਾਤਰਾਂ ਦੁਆਲੇ ਹੀ ਉਸਾਰੀ ਹੈ । ਅਮਰੀਕ, ਉਹ ਤੇ ਉਸ ਦਾ ਪਤੀ। ਅਮਰੀਕ ਉਸ ਦੀ ਖਿੱਚ ਦਾ ਕੇਂਦਰ ਹੈ। ਉਹ ਉਸ ਨਾਲ ਸਾਂਝ ਕਰਨਾ ਲੋੜਦੀ ਹੈ ਪਰ ਅਮਰੀਕ ਇਸ ਤੋਂ ਝਿਝਦਾ ਹੈ। ਜਦ ਉਹਨੂੰ ਪਤਾ ਲਗਦਾ ਹੈ ਕਿ ਅਮਰੀਕ ਬੀਮਾਰੀ ਦੇ ਇਲਾਜ ਲਈ ਅਮਰੀਕਾ ਚਲਾ ਗਿਆ ਹੈ ਤਾਂ ਉਹ ਉਸ ਪ੍ਰਤੀ ਹਮਦਰਦੀ ਦਾ ਪ੍ਰਗਟਾਵਾ ਕਰਨ ਲਈ ਉਸ ਨੂੰ ਪੱਤਰ ਲਿਖਦੀ ਹੈ। ਇਹ ਪੱਤਰ ਉਸ ਦੇ ਪਤੀ ਦੇ ਹੱਥ ਆ ਜਾਂਦਾ ਹੈ। ਖ਼ਤ ਨੂੰ ਪੜ੍ਹ ਕੇ ਉਸ ਦੇ ਪਤੀ ਦੇ ਮਨ ਵਿਚ ਈਰਖਾ ਉਪਜਦੀ ਹੈ। ਇਹੀ ਆਪਸੀ ਤਾਲੁਕਾਤਾਂ ਵਿਚ ਇਕ ਤਣਾਉ ਦੀ ਸਥਿਤੀ ਨੂੰ ਉਭਾਰਦੀ ਹੈ। ਉਸ ਦਾ ਪਤੀ ਉਸ ਨੂੰ ਤਣਜ਼ ਨਾਲ ਦੱਸਦਾ ਹੈ ਕਿ ਅਮਰੀਕ ਨੂੰ ਕੈਂਸਰ ਨਹੀਂ ਉਹ ਠੀਕ ਹੋ ਰਿਹਾ ਹੈ। ਉਸ । ਉਹ ਨੇ ਆਪਣੇ ਪਤੀ ਨੂੰ ਆਪਣੀ ਸਫਾਈ ਦੇਣੀ ਚਾਹੀ ਪਰ ਉਸ ਦੀ ਤੱਸਲੀ ਨਾ ਹੋਈ। ਉਹ ਸ਼ਰਾਬ ਦਾ ਆਸਰਾ ਲੈਂਦਾ ਹੈ ਅਤੇ ਰਾਤ ਨੂੰ ਘਰ ਨਹੀਂ ਆਉਂਦਾ। ਉਨ੍ਹਾਂ ਦੇ ਤਾਲੁਕਾਤ ਵਿਚ ਆਈ ਦਰਾੜ ਹੋਰ ਚੌੜੀ ਹੋ ਗਈ। ਉਸ ਨੂੰ ਘਰ ਛੱਡ ਕੇ ਸਹੇਲੀ ਕੋਲ ਜਾਣ ਲਈ ਮਜਬੂਰ ਹੋਣਾ ਪਿਆ। ਉਸ ਮਾਂ ਨੂੰ ਚਿੱਠੀ ਲਿਖੀ। ਉਸ ਆ ਕੇ ਹਰਜੀਤ ਅਤੇ ਰਾਜਿੰਦਰ ਦੀ ਤਰੇੜ ਨੂੰ ਕਰਨਾ ਚਾਹਿਆ ਪਰ ਉਹ ਵੀ ਅਸਫਲ ਰਹੀ। ਹਰਜੀਤ ਵਰਕਿੰਗ ਵੋਮੇਨ ਹੋਸਟਲ ਵਿਚ ਹੀ ਰਹਿਣ ਲੱਗ ਪਈ। ਉਸ ਦੀ ਸਹੇਲੀ ਸੋਨਲ ਆਜ਼ਾਦ ਵਿਚਾਰਾਂ ਦੀ ਮਾਲਕ ਸੀ । ਉਹ ਵੀ ਉਸ ਨੂੰ ਆਜ਼ਾਦ ਰਹਿਣ ਦੀ ਸਿੱਖਿਆ ਦੇਂਦੀ ਹੈ। ਕੁਝ ਲੋਕ ਉਸ ਦਾ ਤਮਾਸ਼ਾ ਬਣਾਉਣਾ ਲੋੜਦੇ ਹਨ।

ਰਾਜਿੰਦਰ ਦੇ ਸਬੰਧਾਂ ਦਾ ਚਪੜਾਸੀ ਦੀ ਪਤਨੀ ਨਾਲ ਹੋ ਗਏ ਦਾ ਪਤਾ ਲੱਗਾ ਤਾਂ ਹਰਜੀਤ ਨੂੰ ਬਹੁਤ ਦੁਖ ਹੋਇਆ । ਉਹ ਹੋਸਟਲ ਵਾਪਸ ਆ ਗਈ। ਉਸ ਦੀ ਸੱਸ ਸਹੁਰਾ

ਵੀ ਉਨ੍ਹਾਂ ਦਾ ਸਮਝੌਤਾ ਕਰਵਾਉਣ ਵਿਚ ਅਸਫਲ ਰਹੇ। ਹਰਜੀਤ ਰਜਿੰਦਰ ਨੂੰ ਬਹੁਤ ਯਾਦ ਕਰਦੀ ਹੈ। ਉਸ ਦੀ ਸਲਾਮਤੀ ਚਾਹੁੰਦੀ ਹੈ।

ਅਮਰੀਕ ਵਿਦੇਸ਼ ਤੋਂ ਵਾਪਸ ਆ ਗਿਆ। ਅਮਰੀਕ ਨੇ ਉਸ ਨੂੰ ਸੁਗਾਤ ਵਜੋਂ ਇਕ ਛਤਰੀ ਦਿੱਤੀ ਅਤੇ ਨਾਲ ਇਕ ਚਿੱਠੀ। ਅਮਰੀਕ ਦੇ ਦਫਤਰ ਆਉਣ ਤੇ ਹਰਜੀਤ ਨੇ ਉਸ ਦਾ ਹਾਲ ਪੁੱਛਿਆ ਚਾਹ ਪਿਲਾਈ। ਉਹ ਆਪਣੇ ਕਮਰੇ ਵਿਚ ਚਲਾ ਗਿਆ। ਉਥੇ ਉਸੇ ਸਮੇਂ ਉਸ ਦਾ ਪਤੀ ਆ ਗਿਆ ਜਿਹੜਾ ਉਸ ਨੂੰ ਬੁਰਾ ਭਲਾ ਕਹਿਕੇ ਉਥੋਂ ਚਲਾ ਗਿਆ।

ਰਾਜਿੰਦਰ ਦੀ ਬਦਲੀ ਕਰਵਾਉਣ ਵਿਚ ਉਸ ਨੇ ਅਮਰੀਕ ਦਾ ਹੱਥ ਦਸਿਆ। ਉਸ ਨੇ ਫਿਰ ਹਰਜੀਤ ਨੂੰ ਬੁਰਾ ਭਲਾ ਕਿਹਾ। ਹਰਜੀਤ ਦੇ ਪੁੱਛਣ ਤੇ ਅਮਰੀਕ ਮੰਨ ਗਿਆ। ਉਸ ਦਸਿਆ ਕਿ ਬਦਨਾਮੀ ਤੋਂ ਬਚਣ ਲਈ ਉਸ ਅਜਿਹਾ ਕੀਤਾ ਸੀ। ਉਨ੍ਹਾਂ ਦਾ ਇਸ ਤਰ੍ਹਾਂ ਸਮਝੌਤਾ ਵੀ ਹੋ ਜਾਵੇਗਾ।

ਹਰਜੀਤ ਨੂੰ ਉਮੀਦਾਵਾਰੀ ਹੋ ਗਈ ਜਦ ਉਸ ਨੇ ਰਾਜਿੰਦਰ ਨੂੰ ਦਸਿਆ ਤਾਂ ਉਸ ਨੇ ਇਹ ਬੱਚਾ ਦੂਸਰੇ ਦਾ ਦਸਿਆ। ਝਗੜਾ ਮਿਟਣ ਦੀ ਥਾਂ ਵਧ ਗਿਆ।

ਅਮਰੀਕ ਨੇ ਸਮੇਂ ਤੋਂ ਪਹਿਲਾਂ ਹੀ ਰੀਟਾਇਰਮੈਂਟ ਲੈ ਲਈ ਅਤੇ ਅਮਰੀਕ ਨੇ ਜਾਣ ਦੀ ਤਿਆਰੀ ਕਰ ਲਈ। ਹਰਜੀਤ ਉਸ ਨੂੰ ਮਿਲਣ ਉਸ ਦੇ ਕਮਰੇ ਵਿਚ ਗਈ। ਉਸ ਦੇ ਬੈਠਿਆਂ ਹੀ ਰਾਜਿੰਦਰ ਉਥੇ ਆ ਗਿਆ ਅਤੇ ਉਸ ਨੇ ਪਿਸਤੌਲ ਨਾਲ ਅਮਰੀਕ ਨੂੰ ਗੋਲੀ ਮਾਰ ਦਿੱਤੀ। ਦੋਵੇਂ ਗੋਲੀਆਂ ਉਸ ਦੀ ਬਾਂਹ ਵਿਚ ਲੱਗੀਆ। ਉਸ ਡਾਕਟਰ ਨੂੰ ਸੱਦ ਕੇ ਉਸ ਦੇ ਕਲੀਨਿਕ ਵਿਚ ਗੋਲੀਆਂ ਕਢਵਾ ਦਿੱਤੀਆਂ। ਪੁਲਿਸ ਨੂੰ ਉਸ ਰਿਪੋਰਟ ਨਾ ਦਿੱਤੀ।

ਹਰਜੀਤ ਨੇ ਇਕ ਸੱਤਮਾਹੇ ਲੜਕੇ ਨੂੰ ਜਨਮ ਦਿੱਤਾ ਜਿਹੜਾ ਬਚ ਨਾ ਸਕਿਆ। ਰਾਜਿੰਦਰ ਦੀ ਉਸ ਨੂੰ ਹੋਸਟਲ ਵਿਚ ਚਿੱਠੀ ਆਈ ਜਿਹੜਾ ਸੁਲ੍ਹਾ ਕਰਨਾ ਚਾਹੁੰਦਾ ਸੀ।

ਉਸ ਦੀ ਸਹੇਲੀ ਸੋਨਲ ਤੇ ਉਸ ਦੀ ਸੋਚਣੀ ਵਿਚ ਕੋਹਾਂ ਦਾ ਅੰਤਰ ਹੈ। ਸੋਨਲ ਅਜੋਕੇ ਯੁੱਗ ਦੀ ਸੋਚ ਵਾਲੀ ਹੈ । ਹਰਜੀਤ ਪਰੰਪਰਾਗਤ ਸਮਾਜ ਦੀਆ ਹੱਦਾਂ ਪਾਰ ਨਹੀਂ ਕਰਨਾ ਚਾਹੁੰਦੀ। ਚੁਪਚਾਪ ਇਹ ਸੰਤਾਪ ਸਹਿ ਰਹੀ ਹੈ। ਸੋਨਲ ਇਸਤਰੀ ਤੇ ਪੁਰਸ ਦੇ ਰਿਸ਼ਤੇ ਨੂੰ ਇਕ ਐਗਰੀਮੈਂਟ ਹੀ ਸਮਝਦੀ ਹੈ ਜਦੋਂ ਕਿ ਹਰਜੀਤ ਇਸ ਨੂੰ ਜਨਮਾਂ-ਜਨਮਾਤਰਾਂ ਦਾ ਮੇਲ ਸਮਝਦੀ ਹੈ। ਸੋਨਲ ਕਹਿੰਦੀ ਹੈ ਇਸਤਰੀ ਲੇਖਿਕਾ ਨੂੰ ਵੀ ਅਜੇ ਆਪਣੇ ਆਪ ਤੇ ਭਰੋਸਾ ਨਹੀਂ ਅਜੇ ਤਾਂ ਹਰ ਲੇਖਿਕਾ ਆਪਣੇ ਬਾਰੇ ਜਸਟੀਫੀਕੇਸ਼ਨ ਦੇ ਰਹੀ ਹੈ।ਜਸਟੀਫੀਕਸ਼ਨ ਜਿਉਂਦੇ ਰਹਿਣ ਦੀ। ਮਾੜਾ ਮੋਟਾ ਕੋਈ ਇਸ਼ਕ ਕਰਨ ਦੀ ਪਰ ਝਟ ਹੀ ਘਬਰਾ ਕੇ ਕਦੇ ਸਮਾਜ ਨੂੰ, ਇਸ ਸਭ ਕਾਸੇ ਦਾ ਜਿੰਮੇਵਾਰ ਕਰਾਰ ਦੇਂਦੀ ਹੈ ਜਾ ਜੋਤਿਸ਼ ਦੀਆਂ ਕਿਤਾਬਾਂ ਫਰੋਲਣ ਲੱਗ ਪੈਂਦੀ ਹੈ। ਜੋ ਕੁਝ ਵੀ ਮੈਂ ਕੀਤਾ ਹੈ ਜਾਂ ਕਰ ਰਹੀ ਹਾਂ ਪਹਿਲਾਂ

ਹੀ ਲਿਖਿਆ ਤੋਂ ਮਿਥਿਆ ਹੋਇਆ ਸੀ। ਇਉਂ ਉਹ ਦੂਸਰਿਆਂ ਦੀਆਂ ਹੀ ਨਹੀਂ ਆਪਣੀਆਂ ਨਜ਼ਰਾਂ ਵਿਚ ਵੀ ਸੁਰਖ਼ਰੂ ਹੋ ਜਾਂਦੀ ਹੈ। ਇਹ ਤਾਂ ਤਗੜੀ ਔਰਤ ਦੀਆਂ ਨਿਸ਼ਾਨੀਆਂ ਨਹੀਂ।

ਹਰਜੀਤ ਆਪਣੇ ਵਿਚਾਰ ਵਿਚ ਹੀ ਜੀਵਨ ਦਾ ਸੱਲ ਸਹੀ ਜਾ ਰਹੀ ਹੈ। ਉਹ ਨਵੇਂ ਰਿਸ਼ਤੇ ਵੀ ਸਿਰਜਣਾ ਚਾਹੁੰਦੀ ਹੈ ਪਰੰਤੂ ਪਰੰਪਰਾ ਦੀ ਦਹਿਲੀਜ਼ ਤੇ ਖੜ੍ਹੀ ਚੁਪ ਚਾਪ ਸੰਤਾਪ ਹੰਢਾ ਰਹੀ ਹੈ। ਉਹ ਸਵੇ ਦੀ ਭਾਲ ਕਰਦੀ ਹੈ ਪਰ ਸਵੈ ਤੋਂ ਪਾਰ ਜਾਣ ਦੀ ਅਜੇ ਉਹਦੀ ਦ੍ਰਿਸ਼ਟੀ ਐਨੀ ਬਲਵਾਨ ਨਹੀਂ ਹੋਈ। ਉਹ ਸਮਾਜਿਕ ਰਿਸ਼ਤਿਆਂ ਦੀ ਕੜੀ ਦੀ ਇਕ ਕੜੀ ਹੈ।

ਇਸ ਨਾਵਲ ਦਾ ਸਿਰਲੇਖ ਐਰ ਵੈਰ ਮਿਲਦਿਆਂ ਢੁਕਵਾਂ ਨਹੀਂ ਲਗਦਾ।

**ਲੰਘ ਗਏ ਦਰਿਆ :**

ਇਸ ਨਾਵਲ ਦੇ ਆਰੰਭ ਵਿਚ ਲੇਖਿਕਾ ਲਿਖਦੀ ਹੈ ਪਟਿਆਲੇ ਦੇ ਉਸ ਇਤਿਹਾਸ ਦੇ ਨਾਮ, ਇਤਿਹਾਸ ਨੇ ਜਿਸ ਦਾ ਕਦੇ ਜ਼ਿਕਰ ਨਹੀਂ ਕਰਨਾ, ਨੂੰ ਸਮਰਪਤ ਕੀਤਾ ਹੈ। ਇਸ ਵਿਚ ਪਟਿਆਲਾ ਦੇ ਅਲਿਖਤ ਇਤਿਹਾਸ ਦਾ ਜ਼ਿਕਰ ਹੈ। ਇਸ ਵਿਚ ਉਨ੍ਹਾਂ ਇਤਿਹਾਸਕ ਵਿਅਕਤੀਆਂ ਦਾ ਵਰਨਣ ਹੈ ਜਿਨ੍ਹਾਂ ਨੇ ਆਪਣੇ ਪਿੰਡਿਆਂ ਉਪਰ ਇਸ ਇਤਿਹਾਸ ਦੀ ਸਿਰਜਣਾ ਕੀਤੀ। ਇਸ ਨਾਵਲ ਵਿਚ ਉਨ੍ਹਾਂ ਲੋਕਾਂ ਦੀ ਗਾਥਾ ਹੈ ਜਿਨ੍ਹਾਂ ਨੇ ਇਤਿਹਾਸ ਆਪਣੇ ਪਿੰਡਿਆਂ ਉਤੇ ਲਿਖਿਆ ਜਾਂ ਆਪਣੇ ਆਪੇ ਨੂੰ ਵਾਰ ਕੇ ਸਿਰਜਿਆ।

ਉਹਨਾਂ ਇਹ ਦਰਸਾਇਆ ਹੈ ਕਿ ਇਤਿਹਾਸ ਗਤੀ ਕਦੀ ਤਗੜੇ ਮਾੜੇ ਦਾ ਲਿਹਾਜ਼ ਨਹੀਂ ਕਰਦੀ। ਅਸੀਂ ਜਿਨ੍ਹਾਂ ਨੂੰ ਸੱਤਹੀ ਦੀ ਦ੍ਰਿਸ਼ਟੀ ਤੋਂ ਕਈ ਵਾਰੀ ਹਾਕਮ ਸ਼੍ਰੇਣੀ, ਵਿਰੋਧੀ ਧਿਰ, ਪੂੰਜੀਪਤੀ ਆਦਿ ਮਿੱਥ ਕੇ ਤ੍ਰਿਸਕਾਰ ਕਰਦੇ ਹਾਂ ਉਹ ਵੀ ਵਕਤ ਦੇ ਮਾਰੇ ਹੋਏ ਹੋ ਸਕਦੇ ਹਨ। ਉਹ ਖ਼ਲਨਾਇਕ ਨਹੀਂ ਤ੍ਰਾਸਦਿਕ ਪਾਤਰ ਹੁੰਦੇ ਹਨ।

ਇਸ ਨਾਵਲ ਵਿਚ ਦਰਸਾਏ ਵਿਅਕਤੀਆਂ ਦਾ ਸੁਭਾਅ ਦਰਿਆਵਾਂ ਵਰਗਾ ਸੀ ਪਰ ਬਦਲ ਰਹੀਆਂ ਕੀਮਤਾਂ ਨਾਲ ਆਪਣੇ ਆਪ ਨੂੰ ਨਾ ਢਾਲਣ ਵਾਲੇ ਵਿਅਕਤੀ ਫੁੱਟ ਜਾਂਦੇ ਹਨ।

ਲੇਖਿਕਾ ਨੇ ਜਾਗੀਰਦਾਰੀ ਪ੍ਰਥਾ ਦੀ ਢਹਿ ਢੇਰੀ ਹੋ ਰਹੀ ਇਮਾਰਤ ਦਾ ਚਿੰਨ੍ਹਾਂ ਰਾਹੀਂ ਵਰਨਣ ਕੀਤਾ ਹੈ। ਇਸ ਨਾਵਲ ਦਾ ਅੰਤਲਾ ਭਾਗ ਜਦ ਦਰਿਆ ਵਰਗਾ ਮਹਾਰਾਜਾ ਕ ਜਾਂਦਾ ਹੈ ਬਾਅਦ ਵਿਚ ਵਾਪਰਦੀ ਤ੍ਰਾਸਦੀ ਦੀ ਸਾਖੀ ਭਰਦਾ ਹੈ। ਇਸ ਦੇ ਪਹਿਲੇ ਭਾਗ ਵਿਚ ਉਸ ਜਾਗੀਰਦਾਰੀ ਦੀ ਚੜ੍ਹਦੀ ਕਲਾ, ਤਾਕਤ ਅਤੇ ਮਾਣ ਮਰਯਾਦਾ ਦਾ ਵਰਨਣ ਕੀਤਾ ਹੈ। ਜਿਥੇ ਸ਼ਾਨ ਸ਼ੌਕਤ ਦਿਖਾਈ ਹੈ, ਉਥੇ ਇਸਤਰੀ ਦੀ ਮਾਣ ਮਰਯਾਦਾ ਅਤੇ ਕਿਸ

ਹੱਦ ਤਕ ਪੁੱਛ ਗਿੱਛ ਵੀ ਹੈ। ਮਹਾਰਾਜਾ ਅਯਾਸ਼ੀ ਬਦਲੇ ਸ਼ਿਮਲਾ ਵੀ ਇਵਜ ਵਿਚ ਦੇ ਸਕਦਾ ਹੈ। ਦਰਬਾਰ ਵਿਚ ਇਕ ਦੂਜੇ ਵਿਰੁੱਧ ਸਾਜਿਸ਼ਾਂ ਵੀ ਹੁੰਦੀਆਂ ਹਨ ਪਰ ਰਾਜ ਦੀ ਭਲਾਈ ਹਰ ਇਕ ਦਾ ਮੁੱਖ ਲਕਸ਼ ਹੈ।

ਅੰਤਲੇ ਭਾਗ ਵਿਚ ਜਾਗੀਰਦਾਰੀ ਦੀ ਇਮਾਰਤ ਕਿਰਦੀ ਦਰਸਾਈ ਗਈ ਹੈ। ਨਾਵਲ ਦੇ ਆਖਰੀ ਪੰਜ ਕਾਂਡ ਵਾਪਰਨ ਵਾਲੇ ਦੁਖਾਂਤ ਦੀ ਝਲਕ ਦਰਸਾਉਂਦੇ ਹਨ। ਬੱਤੀਵੇ ਕਾਂਡ ਵਿਚ ਇਸ ਪ੍ਰਥਾ ਦੀ ਮੌਤ ਦਾ ਦ੍ਰਿਸ਼ ਕਰਨ ਵਿਚ ਵਲੈਟੀ ਲਾਸ਼ ਦੇ ਰੂਪ ਵਿਚ ਵੇਖਦੇ ਹਾਂ ਜਿਸ ਵਿਚ ਵਿਹੜੇ ਵਿਚ ਚਿੱਟੇ ਕਪੜੇ ਵਿਚ ਵਲ੍ਹੇਟੀ ਕੁਕੂ ਦੀ ਲਾਸ਼ ਹੈ। ਕੁਕੂ ਜਾਗੀਰਦਾਰੀ ਪ੍ਰਥਾ ਦੀ ਉਹ ਯੁਵਤੀ ਹੈ ਜਿਹੜੀ ਇਕ ਆਦਰਸ਼ ਵਿਚ ਜਿਉਂਦੀ ਹੈ ਕਿ ਜਿਸ ਮਰਦ ਨਾਲ ਉਸ ਦੇ

ਭਾਗਾਂ ਦੀ ਤੰਦ ਮਾਪਿਆਂ ਨੇ ਜੋੜ ਦਿੱਤੀ, ਉਸ ਤੋਂ ਛੁੱਟ ਉਹ ਹੋਰ ਕਿਸੇ ਨੂੰ ਉਸ ਦਾ ਹੱਕ ਨਹੀਂ ਦੇ ਸਕਦੀ। ਇਹੋ ਹੀ ਉਸ ਦਾ ਅੰਤਲਾ ਦੁਖਾਂਤ ਹੈ । ਦਿਉ ਕੱਦ ਵਰਗੇ ਜਾਗੀਰਦਾਰੀ ਦੇ ਬੋਹੜ ਦੇ ਖੋਖਲੇ ਹੋ ਚੁੱਕੇ ਮੁੱਢ ਕੋਲ ਖੜ੍ਹੇ ਬੇਜੀ ਜਿਹੜੇ ਘਰ ਦਾ ਆਖਰੀ ਥੰਮ੍ਹ ਹਨ ਇਸ ਭਿਅੰਕਰ ਦ੍ਰਿਸ਼ ਨੂੰ ਵੇਖ ਕੇ ਡਰੇ ਖੜ੍ਹੇ ਹਨ। ਗੁਰਬਖਸ਼ੀਸ਼ ਸਮੇਂ ਦੇ ਬਦਲਣ ਨਾਲ ਨਾ ਬਦਲਣ ਵਾਲਾ ਵਿਅਕਤੀ, ਭਰਮ ਵਿਚ ਵਿਚਰਦਾ, ਅਕਾਸ਼ ਉਡਾਰੀ ਲਾਉਂਦਾ, ਲੁੜਕ ਜਾਂਦਾ ਹੈ। ਵੈਰਾਨੀ ਵਿਚ ਨਚਦੀ ਡੋਲੀ, ਜਿਹੜੀ ਇਸ ਪ੍ਰਥਾ ਦੀ ਮਾਣ ਮਰਯਾਦਾ ਨੂੰ ਭੱਜ ਕੇ ਸਮਰਾਏਦਾਰੀ ਦੀ ਪ੍ਰਥਾ ਦੀ ਮਾਣ ਮਰਯਾਦਾ ਵਿਚ ਲੀਨ ਹੈ, ਜਿਸ ਕਰਕੇ ਮੌਤ ਵਰਗੀ ਭਿਅੰਕਰਤਾ ਇਸ ਇਮਾਰਤ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਹੈ। ਹਰਪ੍ਰੀਤ ਦੀ ਨੀਂਦ ਉਤੇ ਮੌਤ ਦਾ ਅਕਸ ਭਾਰ ਪਾਉਂਦਾ ਹੈ। ਇਹ ਦਿਲ ਹਿਲਾਉ ਦ੍ਰਿਸ਼ ਅਜੋਕੇ ਜੀਵਨ ਦੇ ਭਿਅੰਕਰ ਨਿਘਾਰ, ਅਨੇਕ ਪੱਖੀ ਸੰਭਾਵਨਾ ਪ੍ਰਗਟ ਕਰਦਾ ਹੈ। ਗਿਰਾਵਟ ਵਿਚੋਂ ਉਪਜਿਆ ਇਹ ਸੁਪਨਾ ਨਾਵਲ ਦੇ ਅੰਤਮ ਕਾਂਡਾਂ ਵਿਚ ਜ਼ਹਿਰ, ਖੁਦਕਸ਼ੀ, ਕਤਲ, ਸ਼ਰਾਬ ਵਿਚ ਡੁੱਬੀਆਂ ਜਲੀਲ ਹੁੰਦੀਆਂ ਸਰਦਾਰੀਆਂ, ਜਵਾਨ ਕੁੜੀਆਂ ਦੀਆਂ ਰੁਲਦੀਆਂ ਇਜ਼ਤਾਂ ਦੇ ਦ੍ਰਿਸ਼ ਅੱਖਾਂ ਸਾਹਮਣੇ ਲੰਘੀ ਜਾ ਰਹੇ ਹਨ। ਅਜਿਹੇ ਭਿਅੰਕਰ ਵਾਤਾਵਰਨ ਵਿਚ ਜੀਵਨ ਹੋਂਦ ਆਪਣੇ ਲਕਸ਼ ਦੇ ਅਰਥ ਗੁਆ ਬੈਠੀ ਹੈ।

ਜਦੋਂ ਪਾਠਕ ਇਸ ਨਾਵਲ ਦੇ ਅੰਤਲੇ ਭਾਗ ਵਿਚ ਵਾਪਰਦੀਆਂ ਦੁਖਦਾਈ ਅਤੇ ਖਾਸ ਕਰਕੇ ਭੱਦੇ ਦ੍ਰਿਸ਼ਾਂ ਨੂੰ ਵੇਖਦਾ ਹੈ ਤਾਂ ਉਸ ਦੇ ਮਨ ਵਿਚ ਆਉਂਦਾ ਹੈ ਕਿ ਇਨ੍ਹਾਂ ਲੋਕਾਂ ਦੇ

ਜੀਵਨ ਵਿਚ ਦਰਿਆ ਕਿੱਥੇ ਵਸਦਾ ਸੀ ? ਜਿਹੜਾ ਲੰਘ ਗਿਆ ਹੈ ਜਾਂ ਉਸ ਦੀ ਹੋਂਦ ਸਮਾਪਤ ਹੋ ਗਈ ਹੈ। ਅਜਿਹੀ ਦੁਖਮਈ ਦਸ਼ਾ ਇਨ੍ਹਾਂ ਦੇ ਜੀਵਨ ਵਿਚ ਕਿਉਂ ਤੇ ਕਿਵੇਂ ਵਾਪਰੀ ? ਪਾਠਕ ਮਨ ਇਸ ਘਿਣੌਨੇ ਸਮਾਜਿਕ ਦ੍ਰਿਸ਼ ਦੇ ਪਿਛੇ ਤਕਰੀਬਨ ਇਕ ਸਦੀ ਦੇ ਸਮੇਂ ਵਿਚ ਆਪਣੇ ਪਦਾਰਥ ਧਰਾਤਲ ਉਪਰ ਅਣਗਿਣਤ ਭਰਪੂਰ ਗਤੀ ਵਾਲੇ ਸੁਹਜ ਰੰਗਾਂ ਨਾਲ ਖੇਡਣ ਦੇ ਸਮਰਥ ਸੀ। ਉਹ ਨਾਦ, ਸੰਗੀਤ, ਕਲਾ ਦ੍ਰਿਸ਼ਟੀ ਦੇ ਰਸਾਲ ਬਿਨੋਦ ਤਮਾਸ਼ੇ, ਆਸ਼ਾਵਾਦੀ ਸੰਭਾਵਨਾਵਾਂ ਅਤੇ ਖੁੱਲ੍ਹ ਦਿਲੀ ਦੇ ਅਨੇਕ ਦ੍ਰਿਸ਼ ਵੇਖਦਾ ਹੈ। ਇਸ ਨਾਵਲ ਵਿਚ ਮਹਾਰਾਜਾ ਭੁਪਿੰਦਰ ਸਿੰਘ ਦੀ ਜੀਵਨ ਵਿਧੀ ਸੰਯੁਕਤ ਅਤੇ ਲੈਅ ਮਈ ਕਲਾਤਮਕ ਬਣਤਰ ਵਿਚ ਜੀਵੰਤ ਬਿਰਤੀ ਨਾਲ ਜੁੜੇ ਕੇਂਦਰਾਂ ਨੂੰ ਸਮਰਤਕ ਰੂਪਮਾਨ ਕਰਦੀ ਹੈ। ਮਹਾਰਾਜਾ ਦੇ ਕਲਾ ਵੰਡ ਸ਼ੌਕ ਸਰਦਾਰਾਂ ਦੇ ਜੀਵਨ ਨੂੰ ਵੀ ਇਕ ਸੁੰਦਰ ਜਾਮਾ ਪਾਈ ਰਖਦੇ ਹਨ। ਮਹਾਰਾਜੇ ਦੇ ਅਤੇ ਉਸ ਦੇ ਸਰਦਾਰਾਂ ਦੇ ਜੀਵਨ ਵਹਿਣ ਵਿਚ ਕਦੀ ਲੁਪਤ ਤੇ ਕਦੀ ਜ਼ਾਹਰਾ ਦਰਿਆ ਵਸਦਾ ਪਾਠਕ ਨੂੰ ਦ੍ਰਿਸ਼ਮਾਨ ਹੁੰਦਾ ਹੈ। ਜਿਥੇ ਕਲਾ ਪਿਆਰ ਅਤੇ ਸੁਹਜ ਸੁਆਦ ਦੀ ਭਰਪੂਰ ਲਹਿਰ ਜੀਵਨ ਵਿਚ ਰੁਮਕਦੀ ਚਲੀ ਜਾ ਰਹੀ ਮਹਿਸੂਸ ਹੁੰਦੀ ਹੈ ਉਥੇ ਸਰਦਾਰਾਂ ਦੀਆਂ ਅੰਤਰਮੁਖੀ ਕਮਜ਼ੋਰੀਆਂ, ਦਿਮਾਗੀ ਗੁਲਾਮੀ, ਖ਼ੁਸ਼ਾਮਦ, ਲਾਲਚ, ਕਾਮੀ, ਅਸ਼ਲੀਲਤਾ, ਹੰਕਾਰ, ਵਿਖਾਵਾ ਅਤੇ ਇਕ ਦੂਜੇ ਵਿਰੁੱਧ ਸਾਜ਼ਿਸ਼ਾਂ ਇਸ ਹੱਦ ਤਕ ਜ਼ਹਿਰੀਲੀਆਂ ਸਨ ਕਿ ਪਹਿਲਾਂ ਇਸ ਜੀਵਨ ਨੂੰ ਉਹਨਾਂ ਦੇ ਵਿਹੁ ਨੇ ਰੋਗੀ ਬਣਾਇਆ ਤੇ ਅੰਤ ਤੇ ਸੁਕਾ ਦਿੱਤਾ। ਕਲਾ ਤੇ ਸੂਰਜ ਨੇ ਇਸ ਜੀਵਨ ਨੂੰ ਕੁਝ ਸਮਾਂ ਤਾਂ ਸੋਹਲ ਤੇ ਸੁੰਦਰ ਬਣਾਇਆ ਪਰ ਇਤਿਹਾਸ ਨੇ ਇਸ ਦੀਆਂ ਜੀਵਨ ਨੀਂਹਾ ਖੋਰ ਦਿੱਤੀਆਂ ਕਿਉਂਕਿ ਇਸ ਦਰਿਆ ਨੂੰ ਵਗਦਾ ਰੱਖਣ ਵਾਲੀਆਂ ਨਿਰਇਛੱਤ ਤੇ ਪਿਆਰ ਭਰੀ ਕੁਰਬਾਨੀ ਆਦਰਸ਼ ਦਾ ਅਭਾਵ ਹੋ ਗਿਆ ਸੀ।

ਇਸ ਨਾਵਲ ਵਿਚ ਮਾਨਵਵਾਦੀ ਆਦਰਸ਼ ਦੀ ਘਾਟ, ਇਸ ਦੇ ਕਲਾਮਈ ਦ੍ਰਿਸ਼ ਉਤੇ ਕੋਈ ਪ੍ਰਭਾਵ ਨਹੀਂ ਪਾਉਂਦੀ । ਇਸ ਰਚਨਾ ਦੀ ਮੁੱਖ ਪ੍ਰਾਪਤੀ ਇਹ ਹੈ ਕਿ ਇਸ ਨੇ ਉਸ ਇਤਿਹਾਸ ਨੂੰ ਜੋ ਅਲਿਖਤ ਹੈ ਅਤੇ ਜਿਸ ਨੂੰ ਇਸ ਦੇ ਸਿਰਜਣਹਾਰਿਆਂ ਨੇ ਆਪਣੇ ਪਿੰਡ ਉਤੇ ਹੰਢਾਇਆ ਉਨ੍ਹਾਂ ਦੀ ਮੌਲਿਕ ਤੇ ਉਪਜਾਊ ਜ਼ਿੰਦਗੀ ਦੀ ਸਮੱਗਰੀ ਰੂਪਕ ਸੁਡੋਲਤਾ ਵਾਲੀ ਗਲਪ ਕਲਾ ਵਿਚ ਚਿੱਤਰੀ ਹੈ। ਲੇਖਿਕਾ ਨੇ ਇਸ ਨਾਵਲ ਵਿਚ ਵੀ ਨਿਰਾਰਥਕ ਭਟਕਣ ਤੋਂ ਪਾਰ ਤਕ ਦਾ ਵਿਸਮਾਦੀ ਮੰਤਵ ਉਭਾਰਿਆ ਹੈ। ਇਕੱਲ ਅਤੇ ਸੁੰਨ ਹਨ੍ਹੇਰਾ ਉਪਰਾਮਤਾ ਨੂੰ ਹੋਰ ਬੇਬਲ ਕਰਦਾ ਹੈ। ਵਿਅਕਤੀ ਆਪੇ ਤੋਂ ਪਾਰ ਹੋ ਕੇ ਇਹ ਮੌਤ ਦਾ ਅਤੇ ਢੱਠ ਰਹੀ ਪ੍ਰਥਾ ਦਾ ਭਿਅੰਕਰ ਦ੍ਰਿਸ਼ ਵੇਖਦਾ ਹੈ।

**ਵਿਦ ਇਨ ਵਿਦਾਊਟ** :

ਇਹ ਨਾਵਲ ਭਾਵੇਂ ਅਕਾਰ ਵਿਚ ਛੋਟਾ ਹੈ ਪਰ ਇਸ ਦਾ ਘੇਰਾ ਵਿਸ਼ਾਲ ਹੈ। ਮਹਾਤਮਾ ਬੁੱਧ ਦੀ ਕਥਾ ਨੂੰ ਆਧੁਨਿਕ ਮਨੁੱਖ ਦੇ ਜੀਵਨ ਸੰਸਾਰ ਤਕ ਲਿਆਉਣਾ ਮਿੱਥ ਵਰਤੋਂ ਵਿਚ ਲੇਖਿਕਾ ਦਾ ਇਕ ਦਲੇਰ ਅਭਿਆਸ ਕਿਹਾ ਜਾ ਸਕਦਾ ਹੈ। ਆਦਮੀ ਭਾਵੇਂ ਮਹਾਤਮਾ ਬੁੱਧ ਵਾਂਗ ਆਤਮਕ ਪ੍ਰਾਪਤੀਆਂ ਲਈ ਤੁਰੇ ਤੇ ਭਾਵੇਂ ਕੋਲੰਬਸ ਵਾਂਗ ਦੁਨਿਆਵੀ ਪ੍ਰਾਪਤੀਆਂ ਲਈ, ਇਸਤਰੀ ਨੂੰ ਹੀ ਇਨ੍ਹਾਂ ਪ੍ਰਾਪਤੀਆਂ ਦਾ ਮੁੱਲ ਤਾਰਨਾ ਪੈਂਦਾ ਹੈ। ਜਦੋਂ ਵਿਅਕਤੀ ਗ੍ਰਹਿਸਤ ਦੇ ਫਰਜ਼ਾਂ ਨੂੰ ਨਹੀਂ ਨਿਭਾਉਂਦਾ ਤਾਂ ਔਰਤ ਦੀ ਮਾਨਸਿਕਤਾ ਕਿਵ ਛਲਨੀ ਹੁੰਦੀ ਹੈ ਅਤੇ ਕਿਵੇਂ ਉਹ ਸਮੱਸਿਆਵਾਂ ਦੀ ਕੁਠਾਲੀ ਵਿਚ ਪੀਸੀ ਜਾਂਦੀ ਹੈ ਤੇ ਘਰ ਗ੍ਰਹਿਸਤੀ ਨੂੰ ਚਲਾਉਂਦੀ ਹੈ। ਇਹ ਵਿਚਾਰ ਸਮਾਜ ਦਾ ਧਿਆਨ ਮੰਗਦਾ ਹੈ। ਦਿਨ ਕਰਕੇ ਹੀ ਤਾਂ ਕਿਹਾ ਜਾਂਦਾ ਹੈ ਕਿ ਹਰ ਕਾਮਯਾਬ ਆਦਮੀ ਦੇ ਪਿੱਛੇ ਕਿਸੇ ਔਰਤ ਦੀ ਕੁਰਬਾਨੀ ਹੁੰਦੀ ਹੈ। ਉਸ ਦੀ ਕੁਰਬਾਨੀ ਹੀ ਵਿਅਕਤੀ ਦੇ ਮਿਸ਼ਨ ਪ੍ਰਾਪਤੀ ਵਿਚ ਆਹੁਤੀ ਪਾਉਂਦੀ ਹੈ ਤੇ ਉਹ ਲਕਸ਼ ਦੀ ਪ੍ਰਾਪਤੀ ਕਰ ਸਕਦਾ ਹੈ। ਉਹ ਪ੍ਰਾਪਤੀ ਇਸਤਰੀ ਦੀ ਹੈ ਪ੍ਰਾਪਤੀ ਹੈ।

ਇਹ ਨਾਵਲ ਗ੍ਰਹਿਣ ਭਾਵ ਸਮਾਜ ਵਿਚ ਫੈਲੀ ਅੰਧਕਾਰ ਦੀ ਸਥਿਤੀ ਤੋਂ ਆਰੰਭ ਹੁੰਦਾ ਹੈ। ਧਰਮ ਵਿਚ ਅੰਧਕਾਰ ਆ ਗਿਆ ਹੈ। ਯਸ਼ੋਧਨ ਰਾਜੇ ਦੇ ਘਰ ਪੁੱਤਰ ਜਨਮ ਲੈਣ ਨਾਲ ਧਰਮ ਤੋਂ ਗ੍ਰਹਿਣ ਲੱਥ ਗਿਆ ਅਤੇ ਗਿਆਨ
ਦਾ ਸੂਰਜ ਫਿਰ ਚਮਕ ਪਿਆ। ਰਾਜਾ ਨਹੀਂ ਸੀ ਚਾਹੁੰਦਾ ਕਿ ਜੋਤਸ਼ੀਆ ਦੇ ਕਹਿਣ ਅਨੁਸਾਰ ਉਸ ਦੇ ਘਰ ਦਾ ਚਰਾਗ ਉਸ ਦੇ ਮਹਿਲ ਤੋਂ ਬਾਹਰ ਜਾਵੇ। ਉਸ ਵਿਚ ਹੀ ਰਹਿ ਕੇ ਰੋਸ਼ਨੀ ਕਰੇ। ਜਸ਼ੋਧਰਾ ਬੜੇ ਚਾਵਾਂ ਨਾਲ ਵਿਆਹੀ ਗਈ।

ਲੇਖਿਕਾ ਨੇ ਇਸ ਰਾਜ ਜੋੜੇ ਦੀ ਸ਼ਾਦੀ ਦੇ ਨਾਲ ਅਜੋਕੇ ਸਮੇਂ ਦੀ ਇਕ ਹੋਰ ਵਿਆਹੁਤਾ ਜੋੜੀ ਦਾ ਹਵਾਲਾ ਦਿੱਤਾ ਹੈ। ਉਸ ਦੀ ਵੀ ਜੀਵਨ ਯਾਤਰਾ ਆਰੰਭ ਹੁੰਦੀ ਹੈ। ਜੋ ਜਸ਼ੋਧਰਾ ਦਾ ਬਹਾਨਾ ਸਵਾਗਤ ਹੁੰਦਾ ਹੈ ਤਾਂ ਇਸ ਸਮੇਂ ਦੇ ਵਗਦੇ ਦਰਿਆ ਵਿਚ ਚਲੀ ਆ ਰਹੀ ਆਮ ਜੋੜੀ ਦਾ ਸਵਾਗਤ ਹੀ ਕਾਗ਼ਜ਼ ਦੇ ਫੁੱਲਾਂ ਤੇ ਬਣਾਏ ਗੇਟ ਤੇ ਹੁੰਦਾ ਹੈ। ਜਦ ਸੱਸ ਨੇ ਦਾਜ ਵੇਖਿਆ ਤਾਂ ਕਹਿਣ ਲੱਗੀ, ਕੁਝ ਨਹੀਂ ਕੁੜੀ ਵਾਲਿਆਂ ਦਿੱਤਾ।

ਸਿਧਾਰਥ ਦੇ ਘਰ ਪੁੱਤਰ ਜਨਮਿਆ। ਉਹ ਉਸ ਬਾਰੇ ਸੋਚ ਰਿਹਾ ਸੀ ਇਹ ਤੇ ਮੈਂ ਕੌਣ ਹਾਂ ? ਉਹ ਮਹਿਲਾਂ ਤੋਂ ਬਾਹਰ ਨਿਕਲ ਕੇ ਮੌਤ ਦਾ ਦ੍ਰਿਸ਼ ਵੇਖਦਾ ਹੈ। ਉਹ ਬੀਮਾਰੀ ਤੇ

ਬੁਢਾਪਾ ਨਹੀਂ ਚਾਹੁੰਦਾ ਸੀ। ਉਹ ਰੱਬ ਨੂੰ ਲੱਭਣ ਲਈ ਘਰੋਂ ਤੁਰ ਪਿਆ। ਰੱਬ ਨੂੰ ਨਹੀਂ ਆਪਣੇ ਸਵੈ ਨੂੰ ਲੱਭਣ ਲਈ ਉਹ ਗਿਆ ਸੀ। ਉਸ ਦੀ ਪਤਨੀ ਤੇ ਪੁੱਤਰ ਅਡੋਲ ਸੁੱਤੇ ਪਏ ਸਨ। ਉਨ੍ਹਾਂ ਦੇ ਫ਼ਰਜ਼ ਨਾਲੋਂ ਉਸ ਨੂੰ ਆਪੇ ਦੀ ਭਾਲ ਪ੍ਰਥਮ ਲਗਦੀ ਸੀ।

ਅਜੋਕਾ ਮਨੁੱਖ ਕਰਜ਼ਾ ਲਾਹੁਣ ਲਈ ਬੀਮਾਰ ਮਾਪਿਆਂ ਦੇ ਇਲਾਜ ਦੀ ਖਾਤਰ ਮੇਹਨਤ ਕਰਨ ਲਈ ਪਤਨੀ ਨੂੰ ਛੱਡ ਕੇ ਵਿਦੇਸ਼ ਜਾ ਰਿਹਾ ਸੀ। ਉਹ ਜੰਗਲ ਵਰਗੇ ਦੇਸ਼ ਵਿਚ ਆ ਗਿਆ ਹੈ ਜਿਥੇ ਜਾਨਵਰ ਆਦਮੀਆਂ ਦੇ ਕਪੜੇ ਪਾ ਕੇ ਆਦਮੀ ਬਣੇ ਹੋਏ ਹਨ। ਕੇਵਲ ਪੈਸਾ ਹੀ ਆਦਮੀ ਦਾ ਸਭ ਕੁਝ ਹੈ।

ਸਿਧਾਰਥ ਨੇ ਫ਼ਕੀਰੀ ਚੰਗਾ ਪਾ ਲਿਆ ਹੈ। ਦੁਨੀਆਂ ਦਾ ਵਹਿਣ ਉਸੇ ਤਰ੍ਹਾਂ ਹੀ ਵਗੀ ਜਾ ਰਿਹਾ ਹੈ।ਉਹ ਇਸ ਦੁਨੀਆ ਰੂਪੀ ਦਰਿਆ ਤੋਂ ਪਾਰ ਆਪਣੇ ਫ਼ਰਜ਼ਾਂ ਨੂੰ ਤਿਆਗ ਸੰਘਣੇ ਜੰਗਲ ਵਿਚ ਆ ਗਿਆ ਹੈ।

ਉਧਰ ਜਸ਼ੋਧਰਾ ਨੂੰ ਇੱਕਲ ਬੋਝਲ ਲੱਗ ਰਹੀ ਹੈ। ਦਾਸੀ ਪੋਰਾਣਕ ਕਥਾ ਸੁਣਾ ਕੇ ਰ ਉਹ ਉਸ ਦਾ ਦਿਲ ਲਗਾਉਣਾ ਚਾਹੁੰਦੀ ਹੈ ਪਰ ਇਹ ਯਤਨ ਵਿਅਰਥ ਹਨ। ਮਨ ਦਾ ਟਿਕਾਓ ਨਹੀਂ। ਅਜੋਕੀ ਇਸਤਰੀ ਦੇ ਇੱਕਲ ਵਿਚ ਮਨ ਜਜ਼ਬਾਤ ਜਾਗ। ਉਸ ਆਪਣੇ ਹਾਣ ਦੇ ਨੂੰ ਆਵਾਜ਼ ਦਿੱਤੀ। ਉਹ ਤਾਂ ਵਿਦੇਸ਼ਾਂ ਵਿਚ ਸੀ। ਉਹ ਆਪਣੀ ਅਕਲ ਤੇ ਹੱਸੀ ਤੇ ਵਿਛੋੜ ਦਾ ਸੈੱਲ ਸਹਿਕੇ ਰੋਈ। ਕੁਝ ਸਮੇਂ ਬਾਅਦ ਜਜ਼ਬਾਤ ਸ਼ਾਂਤ ਹੋ ਗਏ।

ਜਸ਼ੋਧਰਾ ਪਤੀ ਦੀ ਆਗਿਆ ਵਿਚ ਬੈਠੀ ਸੀ । ਉਹ ਮਰ ਵੀ ਨਹੀਂ ਸਕਦੀ ਸੀ। ਉਹ ਆਪੇ ਨੂੰ ਆਪੇ ਬਾਰੇ ਪੁੱਛਦੀ ਹੈ । ਉਹ ਆਪਾ ਭੁੱਲ ਕੇ ਬਾਉਲੀ ਹੋ ਜਾਂਦੀ ਹੈ। ਉਸ ਦਾ ਜੀਵਨ ਮਨੋਰਥ ਕੀ ਹੈ? ਹੁਣ ਤਾਂ ਨਾ ਉਹ ਮੋਈ ਤੇ ਨਾ ਜਿਉਂਦੀ ਹੈ।

ਅਜੋਕੀ ਇਸਤਰੀ ਵੀ ਆਪਣੇ ਪਤੀ ਦੇ ਆਉਣ ਦੀ ਉਡੀਕ ਵਿਚ ਉਮਰ ਬਤੀਰ ਕਰ ਰਹੀ ਹੈ। ਜਵਾਨੀ, ਬੁਢੇਪੇ ਵਲ ਕਦਮ ਰੱਖ ਰਹੀ ਹੈ। ਉਸ ਦਾ ਪਤੀ ਤਾਂ ਜਾਣ ਲੱਗਿਆ ਰੋਇਆ ਸੀ । ਜਲਦੀ ਮੁੜ ਆਉਣ ਦਾ ਉਸ ਇਕਰਾਰ ਕੀਤਾ ਸੀ ਪਰ ਉਹ ਪਰਤਿਆ ਨਹੀਂ। ਜਸ਼ੋਧਰਾ ਦੁਨੀਆਂ ਦੇ ਵਹਾ ਵਿਚ ਆਪਣੇ ਆਪ ਨੂੰ ਇਕ ਲਾਸ਼ ਸਮਝ ਬੈਠੀ ਹੈ। ਬਿਨਾਂ ਰੂਹ ਤੋਂ ਸਰੀਰ ਇਕ ਲਾਸ਼ ਹੀ ਤਾਂ ਹੈ। ਸਿਧਾਰਥ ਜੰਗਲ ਵਿਚ ਬੈਠਾ ਹੈ। ਇਸਤਰੀਆਂ ਉਸ ਤੋਂ ਮੰਨਤਾਂ ਮੰਗਣ ਆ ਰਹੀਆਂ ਹਨ। ਉਹ ਮਾਪਿਆਂ ਨੂੰ ਵੇਖ ਕੇ ਡੋਲਦਾ ਨਹੀਂ। ਉਹ ਆਪਣੇ ਆਪ ਨੂੰ ਜਿੱਤਣਾ ਚਾਹੁੰਦਾ ਹੈ। ਤ੍ਰਿਸ਼ਨਾ ਨੂੰ ਮਾਰ ਕੇ ਹੀ ਮਨੁੱਖ ਦੁਖਾਂ ਨੂੰ ਮਾਰ ਸਕਦਾ ਹੈ। ਉਹ ਨਿਰਵਾਣ ਨੂੰ ਪ੍ਰਾਪਤ ਕਰਕੇ ਸਭ ਦੁਖਾਂ ਤੋਂ ਪਾਰ ਹੋਣਾ ਚਾਹੁੰਦਾ ਹੈ। ਉਸ ਖਾਣਾ ਛੱਡ ਦਿੱਤਾ। ਇਕ ਦਿਨ ਨਿਰਬਲ ਹੋ ਕੇ ਡਿੱਗ ਪਿਆ। ਸੂਦਰ ਕੰਨਿਆ ਨੰਦਾ ਨੇ ਉਸ ਨੂੰ ਦੁੱਧ ਪਿਲਾ ਦਿੱਤਾ ਤੇ ਉਸ ਨੂੰ ਬਚਾ ਲਿਆ। ਸੂਦਰ ਕੰਨਿਆ ਨੇ ਉਸ ਨੂੰ ਸਮਝਾਇਆ ਜਾਨ ਨਾਲ

ਜਹਾਨ ਹੈ। ਉਹ ਫਿਰ ਜੰਗਲ ਵਿਚ ਸਵੇ ਦੀ ਭਾਲ ਵਿਚ ਨਿਕਲ ਤੁਰਿਆ। ਉਹ ਆਪੇ ਤੋਂ ਪਾਰ ਜਾਣਾ ਚਾਹੁੰਦਾ ਸੀ।

ਵਿਦੇਸ਼ ਗਏ ਵਿਅਕਤੀ ਨੂੰ ਕਿਸੇ ਇਸਤਰੀ ਨੇ ਭਰਮਾ ਲਿਆ। ਉਸ ਨੂੰ ਬਹੁਤ ਸ਼ਰਾਬ ਪਿਲਾ ਦਿੱਤੀ। ਉਸ ਘਰ ਪੈਸੇ ਨਾ ਭੇਜੇ। ਉਹ ਫਸ ਗਿਆ। ਕੋਈ ਰਾਹ ਉਹ ਨੂੰ ਦਿਖਾਈ ਨਾ ਦਿੱਤਾ।

ਸਿਧਾਰਥ ਇਕੱਲਾ ਜੀਵਨ ਤੋਂ ਪਾਰ ਲੰਘਣਾ ਨਹੀਂ ਚਾਹੁੰਦਾ ਸੀ। ਉਸ ਦੇ ਮਨ ਵਿਚ ਜੀਵਨ ਦਾ ਪ੍ਰਕਾਸ਼ ਹੋਇਆ। ਉਹ ਸਿਧਾਰਥ ਨੂੰ ਪਿੱਛੇ ਛੱਡ ਆਇਆ ਤੇ ਆਪ ਬੁੱਧ ਹੋ ਨਿਬੜਿਆ। ਉਸ ਕਿਹਾ ਸਹੀ ਸੋਚੋ, ਸਹੀ ਦ੍ਰਿਸ਼ਟੀਕੋਣ, ਸਹੀ ਬੋਲ, ਸਹੀ ਕਰਮ, ਸਹੀ ਉਪਜੀਵਕਾ, ਸਹੀ ਮੇਹਨਤ, ਸਹੀ ਧਿਆਨ, ਸਹੀ ਸਮਾਧੀ ਰਾਹੀਂ ਆਪਣੇ ਆਪ ਤੋਂ ਪਾਰ ਲੰਘ ਜਾਣਾ ਤੇ ਜਨਮ ਮਰਣ ਤੋਂ ਛੁਟਕਾਰਾ ਪਾ, ਪਰਮ ਸ਼ਕਤੀ ਨਾਲ ਅਭੇਦ ਹੋ ਕੇ ਨਿਰਵਾਣ ਨੂੰ ਪ੍ਰਾਪਤ ਹੋ ਸਕਦੇ ਹੋ। ਰੱਬ ਕਿਤੇ ਨਹੀਂ, ਅਸੀਂ ਸਭ ਇਕ ਹਾਂ।

ਅਜੋਕਾ ਵਿਅਕਤੀ ਪੈਸੇ ਕਮਾਉਣ ਤੋਂ ਬਾਅਦ ਸੋਚਦਾ ਹੈ ਕਿ ਇਹ ਜੱਗ ਮਿੱਠਾ ਹੈ। ਪੈਸਾ ਸਾਰੇ ਦੁਖ ਕੱਟ ਸਕਦਾ ਹੈ। ਉਹਨੂੰ ਬੀਤਿਆਂ ਦੁਖਾਂ ਦਾ ਸਮਾਂ ਭੁੱਲ ਗਿਆ ਸੀ । ਹੁਣ ਘਰ ਦੀ ਕਾਇਆ ਕਲਪ ਹੋ ਗਈ ਸੀ। ਉਸ ਦਾ ਮਾਇਆ ਦੀ ਪ੍ਰਾਪਤੀ ਨਾਲ ਅਨੋਖਾ ਜਲਵਾ ਸੀ। ਉਸ ਦੀ ਪਤਨੀ ਉਸ ਨੂੰ ਸਟੇਸ਼ਨ ਤੇ ਲੈਣ ਗਈ ਸੀ । ਉਹਦਾ ਲੜਕਾ ਪੈਸੇ ਤੇ ਨਵੀਂ ਕਾਰ ਮਿਲਣ ਕਰਕੇ ਖ਼ੁਸ਼ ਸੀ।

ਬੁੱਧ ਆਪਣੇ ਸ਼ਹਿਰ ਗਿਆ। ਹੁਣ ਉਹ ਪਿਤਾ ਦੇ ਨਹੀਂ ਬੁੱਧ ਦੇ ਵੰਸ਼ ਵਿਚੋਂ ਸੀ। ਉਹ ਆਪਣੇ ਪੁੱਤਰ ਨੂੰ ਫ਼ਕੀਰੀ ਹੀ ਵਿਰਸੇ ਵਿਚ ਦੇ ਸਕਿਆ। ਉਸ ਦੀ ਪਤਨੀ ਜਸ਼ੋਧਰਾ ਨੇ ਆਪਣੀ ਸਾਰੀ ਤਪੱਸਿਆ ਉਸ ਦੀ ਝੋਲੀ ਪਾ ਦਿੱਤੀ। ਹੁਣ ਉਹ ਆਮ ਇਸਤਰੀਆਂ ਵਾਂਗ ਨਹੀਂ ਸੀ। ਹੁਣ ਜਦ ਉਹ ਬੁੱਧ ਨੂੰ ਮਿਲਦੀ ਹੈ ਉਸ ਵਿਚੋਂ ਸਿਧਾਰਥ ਨੂੰ ਲਭਦੀ ਹੈ। ਉਹ ਆਪਣਾ ਮਨ ਉਸ ਦੇ ਮੇਲ ਨਾਲ ਤ੍ਰਿਪਤ ਕਰਨਾ ਲੋੜਦੀ ਹੈ ਪਰ ਬੁੱਧ ਸਿਧਾਰਥ ਨੂੰ ਕਿਤੇ ਦੂਰ ਛੱਡ ਆਇਆ ਸੀ । ਹੁਣ ਉਸ ਦੀ ਭਾਲ ਅਜਾਈਂ ਜਾ ਰਹੀ ਸੀ। ਉਸ ਦੇ ਅੰਦਰ ਬੈਠੀ ਇਸਤਰੀ ਜਾਗ ਪਈ ਸੀ। ਉਸ ਦੀ ਤ੍ਰਿਪਤੀ ਗੱਲਾਂ ਨਾਲ ਨਹੀਂ ਮਿਲਾਪ ਨਾਲ ਹੋਣੀ ਸੀ। ਇਹੋ ਮਨੋਦਸ਼ਾ ਅਜੋਕੀ ਇਸਤਰੀ ਦੀ ਹੈ। ਸਦੀਆਂ ਤੋਂ ਚਲਿਆ ਆ ਰਿਹਾ ਮਨੁੱਖ ਚਾਹੇ ਉਹ ਆਤਮਕ ਜਾਂ ਭੌਤਿਕ ਪਦਾਰਥਾਂ ਦੀ ਪ੍ਰਾਪਤੀ ਲਈ ਘਰ ਬਾਹਰ ਛੱਡੇ ਉਸ ਦੇ ਜਾਣ ਪਿਛੋਂ ਜੋ ਇਸਤਰੀ ਦੀ ਮਨੋਦਸ਼ਾ ਜਾਂ ਕਿੰਨਾ ਉਸ ਨੂੰ ਉਸ ਦੇ ਜਾਣ ਤੋਂ ਪਿਛੋਂ ਤਪ ਸਾਧਨਾ ਪੈਂਦਾ ਹੈ। ਆਪਣੀ ਤੇ ਉਸਦੀ ਹੋਂਦ ਨੂੰ ਸਾਂਭੀ ਰੱਖਣ ਲਈ ਕਿੰਨੇ ਜ਼ਫ਼ਰ ਜਾਲਣੇ ਪੈਂਦੇ ਹਨ। ਮਨੁੱਖ

ਆਪਣੇ ਲਕਸ਼ ਪੂਰੇ ਕਰਨ ਤੋਂ ਬਾਅਦ ਉਸ ਨੂੰ ਵਿਸਾਰ ਦੇਂਦੇ ਹਨ। ਉਹ ਹੋਈ ਪ੍ਰਾਪਤੀ ਨੂੰ ਕੇਵਲ ਆਪ ਦੀ ਹੀ ਪ੍ਰਾਪਤੀ ਸਮਝਦਾ ਹੈ। ਇਸਤਰੀ ਦੋਵਾਂ ਦਸ਼ਾਵਾਂ ਵਿਚ ਪ੍ਰਾਪਤੀ ਤੋਂ ਪਹਿਲਾਂ, ਪ੍ਰਾਪਤੀ ਤੋਂ ਬਾਅਦ ਅਣਗੌਲੀ ਹੀ ਰਹਿੰਦੀ ਹੈ। ਉਸ ਦੀ ਕੀਤੀ ਤਪੱਸਿਆ ਦਾ ਕੋਈ ਮੁੱਲ ਨਹੀਂ। ਅਨੇਕਾਂ ਮਨੁੱਖ ਪਦਾਰਥਕ ਪ੍ਰਾਪਤੀ ਤੋਂ ਬਾਅਦ ਆਪਣੇ ਮਨ ਦੀ ਖ਼ੁਸ਼ੀ ਲਈ ਹੋਰ ਖੇਡ ਖੇਡਣ ਲੱਗ ਜਾਂਦੇ ਹਨ । ਦੂਸਰੀਆਂ ਇਸਤਰੀਆਂ ਵਲ ਖਿੱਚੇ ਜਾਂਦੇ ਹਨ। ਉਹ ਇਹ ਸਿਤਮ ਵੀ ਆਪਣੇ ਪਿੰਡੇ ਤੇ ਹੰਢਾ ਲੈਂਦੀ ਹੈ ਪਰ ਉਭਾਸਰਦੀ ਨਹੀਂ।

**ਕਥਾ ਕੁਕਨਸ ਦੀ** :

ਡਾ. ਦਲੀਪ ਕੌਰ ਟਿਵਾਣਾ ਨੇ ਇਸ ਨਾਵਲ ਵਿਚ ਕੁਕਨਸ ਨਿਯਮ ਦਾ ਉਲੇਖ ਕੀਤਾ ਹੈ। ਇਹ ਕੁਕਨਸ ਨਿਯਮ ਕੋਈ ਖਿਆਲੀ ਉਧੇੜ ਬੁਣ, ਕੋਈ ਸੁਪਨਾ, ਮਿਰਗ ਤ੍ਰਿਸ਼ਨਾ, ਖ਼ਿਆਲੀ ਪਲਾਅ ਜਾਂ ਪੌਰਾਣਿਕ ਭਰਮ ਨਹੀਂ, ਇਹ ਮਾਨਵ ਬਿਰਤੀ ਦੀ ਅਸਲ ਪਹੁੰਚ ਹੈ। ਲੇਖਿਕਾ ਇਸ ਭਾਵ ਨੂੰ ਆਪਣੀ ਲੇਖਣੀ ਵਿਚ ਸਹਿਜ ਸੁਭਾ ਪ੍ਰਵੇਸ਼ ਕਰਾਉਂਦੀ ਹੈ। ਮਾਨਵ ਹੋਂਦ ਜਦੋਂ ਆਪਣੀਆਂ ਵਲਗਣਾਂ ਤੋਂ ਪਾਰ ਆਕਾਸ਼ ਮੰਡਲਾਂ ਵਿਚ ਉਡਾਰੀਆਂ ਲਾਉਂਦੀ ਹੈ ਤਾਂ ਉਹ ਯਥਾਰਥ ਦੀ ਕੈਦ ਵਿਚ ਕੁਕਨਸ ਵਾਂਗ ਭਸਮ ਹੋ ਜਾਂਦੀ ਹੈ। ਉਸ ਦੀ ਗਗਨ ਵਿਚ ਉਡਾਰੀ ਮਾਰਦੀ ਸੁਰਤ ਧਰਤੀ ਦੇ ਕਣਾਂ ਨਾਲ ਕਿਸੇ ਨਾ ਕਿਸੇ ਰੂਪ ਵਿਚ ਆਪਣਾ ਨਾਤਾ ਜੋੜੀ ਰਖਦੀ ਹੈ। ਉਸ ਦੁਆਲਿਉਂ ਪਦਾਰਥਕ ਯਥਾਰਥ ਦੀਆਂ ਸਾਰੀਆਂ ਸੀਮਾਵਾਂ ਸਮਾਪਤ ਹੋ ਜਾਂਦੀਆਂ ਹਨ। ਇਸ ਵਿਚਾਰ ਦਾ ਉਲੇਖ ਉਸ ਇਸ ਨਾਵਲ ਵਿਚ ਕੀਤਾ ਹੈ।

ਇਸ ਨਾਵਲ ਵਿਚ ਕੁਕਨਸ ਨਿਯਮ ਸਿਹਤਮੰਦ ਅਤੇ ਰੋਗੀ ਦੋਹਾਂ ਪੱਖਾਂ ਉਤੇ ਆਪਣੀ ਨਿਵੇਕਲੀ ਰੂਪ ਰੇਖਾ ਨਿਖਾਰਦਾ ਹੈ। ਇਸ ਵਿਚ ਮਾਨਵ ਹੋਂਦ ਦੀ ਸਚਿਆਈ, ਰੂਹ ਅਤੇ ਸਰੀਰ ਦੇ ਰੂਪ ਵਿਚ ਸੁਮਿਲਤ ਹੈ। ਇਸ ਮੰਜ਼ਲ ਦੀ ਛੋਹ ਨੂੰ ਕੁਰਬਾਨੀ ਦਾ ਵਲਵਲਾ ਅਜੀਤ ਸੰਭਵ ਬਣਾਉਂਦਾ ਹੈ। ਕੁਰਬਾਨੀ ਦੀ ਭਾਵਨਾ ਉਤੇਜਿਤ ਹੋਣ ਨਾਲ ਅਸਲ ਦੇ ਸਭਰੋਗੀ ਅਨੂੰ ਸਮਾਪਤ ਹੋ ਜਾਂਦੇ ਹਨ। ਸਿਹਤਮੰਦ ਅੰਸ਼ ਉਤੇਜਿਤ ਹੋ ਉਠਦੇ ਹਨ। ਮਿੱਥ ਦਾ ਕੁਕਨਸ ਦੀ ਰਾਖ ਵਿਚੋਂ ਜਦੋਂ ਕੁਕਨਸ ਬਰਸਾਤ ਸਮੇਂ ਜਨਮ ਧਾਰਦਾ ਹੈ ਤਾਂ ਠੋਸ ਹਕੀਕਤ ਦੇ ਦਿੱਖ ਅਦਿੱਖ ਪੱਖ ਆਪਣੇ ਪੂਰੇ ਨਿਯਮ ਨੂੰ ਵੇਖਦੇ ਹਨ। ਉਸ ਵਿਚ ਲੁਪਤ ਹੁੰਦੇ ਹਨ ਤੇ ਕੁਝ ਬਾਹਰ ਹੀ ਬਿਖਰ ਜਾਂਦੇ ਹਨ।

ਇਸ ਨਾਵਲ ਵਿਚ ਗੌਤਮੀ ਅਤੇ ਭਾਰਤੀ ਜੀਵਨ ਦੇ ਯਥਾਰਥ ਚਾਲਣ ਵੱਲ ਦ੍ਰਿੜ੍ਹਤਾ ਨਾਲ ਚਲਦੇ ਹਨ। ਨਿਰਮਲ ਅਤੇ ਕਲਿਆਣੀ ਭਾਵੇਂ ਜੀਵਨ ਯਥਾਰਥ ਉਤੇ ਉਨੀ ਦ੍ਰਿੜ੍ਹਤਾ ਨਾਲ ਚੱਲਣ ਵਾਲੇ ਨਹੀਂ ਫਿਰ ਵੀ ਉਨ੍ਹਾਂ ਦੇ ਕਦਮ ਉਸ ਦੀ ਪ੍ਰਾਪਤੀ ਵੱਲ ਵਧਦੇ ਹਨ। ਲੇਖਿਕਾ ਨੇ ਇਨ੍ਹਾਂ ਪਾਤਰਾਂ ਨਾਲ ਜੀਵਨ ਦੀ ਅਸਲੀਅਤ ਵਿਚ ਨੇਕੀ ਅਤੇ ਬਦੀ ਦੀ ਤਾਰ ਇਨ੍ਹਾਂ ਦੇ ਚਰਿੱਤਰ ਨਾਲ ਜੋੜ ਦਿੱਤੀ ਹੈ। ਰਵੀ ਮਿਸਿਜ਼ ਸੋਲਨ ਅਤੇ ਨੇਹਾ ਵਰਗੇ ਪਾਤਰ ਪੱਛਮ ਦੀਆਂ ਅਣਭਿੱਜ ਪਦਾਰਥਲ ਖਿਚੋਤਾਣ ਵਿਚ ਗ੍ਰਸੇ ਹੋਏ ਹਨ। ਇਹ ਸਵੈ ਕੇਂਦਿਰਤ ਅਤੇ ਸਰੀਰ ਦੇ ਰਸ ਮਾਨਣ ਵਾਲੇ ਅਤੇ ਨਾਸਤਿਕਤਾ ਵਿਚ ਲੀਨ ਪਾਤਰ ਹਨ। ਅਜੀਤ ਭਰਾ ਵੀ ਕੇਵਲ ਦੁਨਿਆਵੀ ਪਦਾਰਥਾਂ ਵਿਚ ਹੀ ਲੀਨ ਹੈ। ਪ੍ਰੋਫੈਸਰ ਦਿਆਲ ਵਰਗੇ ਬੁੱਧੀਜੀਵੀ ਦੀ ਸੁਰਤ ਗਗਨ ਮੰਡਲਾਂ ਵਿਚ ਵਸਦੀ ਅਤੇ ਉਹ ਆਪਣੇ ਅਨੁਭਵ ਨੂੰ ਸੁਆਰਥੀ ਪਾਖੰਡ ਵਿਚ ਬਦਲਦੇ ਹਨ। ਇਨ੍ਹਾਂ ਦਾ ਕਿਰਦਾਰ ਬੜੀ ਸੂਖ਼ਮਤਾ ਸਹਿਤ ਸਾਰੇ ਨਾਵਲ ਵਿਚ ਪਸਰਿਆ ਹੋਇਆ ਹੈ। ਰਾਜਸੀ ਅਤੇ ਸਮਾਜਿਕ ਘੇਰੇ ਵਿਚ ਆਉਣ ਵਾਲਾ ਯਥਾਰਥ ਜਿਸ ਨੇ ਵਿਅਕਤੀ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ ਹੈ ਤੇ ਆਤਮਾ ਨੂੰ ਸੁੰਨ ਕੀਤਾ ਹੈ, ਦਾ ਚਿਤੱਰ ਵੀ ਉਘੜਦਾ ਹੈ। ਪੰਜਾਬ ਦੇ ਸੰਤਾਪ ਵਿਚ ਅਣਮਨੁੱਖੀ ਹਿੰਸਾ ਵਿਚੋਂ ਉਪਜੀ ਤ੍ਰਾਸਦੀ ਅਤੇ ਕਹਿਰ ਵਿਚੋਂ ਉਪਜਿਆ ਵਿਸ਼ਾਦ ਵੀ ਉਘੜਦਾ ਹੈ। ਅਨੇਕ ਪ੍ਰਕਾਰ ਦੇ ਕਹਿਰ ਨਾਲ ਝੁਲਸੀ ਮਨੁੱਖਤਾ ਅਤੇ ਸਚਿਆਈ ਕੁਕਨਸ ਨਿਯਮ ਦੇ ਪ੍ਰਸੰਗਾਂ ਵਿਚ ਉਸ ਸਮੇਂ ਭਸਮ ਹੋ ਜਾਂਦੀ ਹੈ ਜਦੋਂ ਇਸ ਨਾਵਲ ਦੇ ਪਾਤਰ ਭਾਰਤੀ ਅਤੇ ਗੌਤਮੀ ਆਪਣੀ ਮਾਨਸਿਕ ਚੜ੍ਹਦੀ ਕਲਾ ਰਾਹੀਂ ਮਾਨਵ ਨੂੰ ਨਵੇਂ ਸੁਤੰਤਰਤਾ ਤੇ ਉਜਲ ਆਦਰਸ਼' ਦੇ ਅਰਥਾਂ ਤਕ ਲੈ ਜਾਂਦੀਆਂ ਹਨ। ਇਥੇ ਪੁੱਜ ਕੇ ਮਾਨਵ ਹੋਂਦ ਦਾ ਅਧੂਰਾ ਗਿਆਨ ਅਤੇ ਸੰਸਾਰ ਵਿਚ ਵਿਚਰਦਾ ਸਰੀਰ ਕੁਕਨਸ ਨਿਯਮ ਅਨੁਸਾਰ ਭਸਮ ਹੋ ਜਾਂਦਾ ਹੈ ਅਤੇ ਮੁੜ ਉਤਪਤੀ ਦੀ ਕਿਰਿਆ ਵਿਚ ਪ੍ਰਵੇਸ਼ ਕਰਦਾ ਹੈ। ਲੇਖਿਕਾ ਨੇ ਇਸ ਨਾਵਲ ਵਿਚ ਇਹ ਰੂਪਮਾਨ ਕਰ ਦਿੱਤਾ। ਹੈ ਕਿ ਵਿਅਕਤੀ ਦਾ ਸੰਤਾਪ ਉਸ ਦੇ ਅਚੇਤ ਨੂੰ ਮੇਟ ਕੇ ਉਸ ਦੀ ਆਤਮਾ ਨੂੰ ਪਾਰਦਰਜ ਬੋਧ ਕਰਵਾ ਸਕਦਾ ਹੈ। ਭਾਰਤੀ ਅਤੇ ਗੌਤਮੀ ਦੇ ਚਿੱਤਰਾਂ ਵਿਚ ਕਮਜ਼ੋਰੀਆਂ ਦਾ ਅਭਾਵ ਹੈ। ਕੇ ਕੁਲ ਰਹਿਤ ਜੀਵਨ ਵਿਚੋਂ ਖ਼ਾਸ ਕਰਕੇ ਰਾਜਸੀ ਤੇ ਸਮਾਜਿਕ ਮਾਦਾ - ਪ੍ਰਸਤੀ ਹਿੱਸਾ ਛਲ ਖ਼ੁਦਗ਼ਰਜੀ ਦਾ ਵੀ ਅਭਾਵ ਹੋ ਸਕਦਾ ਹੈ। ਅਜਿਹੀ ਆਤਮਾ ਦੀ ਪਵਿੱਤਰਤਾ ਦੀ ਉਡਾਰੀ ਕੁਦਰਤ ਵਿਚ ਸਦੀਵਤਾ ਦਾ ਰੂਪ ਧਾਰੀ ਬੈਠੀ ਹੈ। ਇਸ ਨੂੰ ਕੁਦਰਤ ਦੇ ਨਿਯਮਾਂ ਵਿਚ ਤਬਦੀਲੀ ਕਰਨ ਦੀ ਸ਼ਕਤੀ ਵੀ ਪ੍ਰਾਪਤ ਹੈ। ਗੌਰਮੀ ਦੇ ਸਵੈ ਜੀਵਨ ਬਲੀਦਾਨ ਰਾਹੀਂ ਨੀਰੂ ਮੌਤ ਦੀ ਵਲਗਣ ਵਿਚੋਂ ਨਿਕਲ ਕੇ ਜੀਵਨ ਲਹਿਰ ਦਾ ਅੰਗ ਬਣਾਉਂਦੀ ਹੈ। ਲੇਖਿਕਾ ਦਾ ਇਹ ਕੁਕਨਸ ਨਿਯਮ ਲੋਕ ਅਤੇ ਪਰਲੋਕ ਨੂੰ ਇਕ ਦੂਜੇ ਵਿਚ ਲੀਨ ਕਰਦਾ ਹੋਇਆ ਇਹ ਨਵੀਨ ਵਫ਼ਾ ਦੇ ਭਾਵਾਂ

ਦੀ ਸਿਰਜਣਾ ਕਰਦਾ ਹੈ ਜਿਥੇ ਉਹ ਕਾਂਡ ਨੋ ਵਿਚ ਭਾਰਤੀ ਦੀ ਚਿੱਠੀ ਰਾਹੀਂ ਇਸ ਨਾਵਲ ਦੇ ਯਥਾਰਥ ਵਿਚ ਪ੍ਰਮਾਤਮਾ ਅਤੇ ਕੁਦਰਤ ਨੂੰ ਆਪੇ ਵਿਚ ਲੀਨ ਹੋਣ ਦਾ ਅਨੁਭਵ ਕਰਾਉਂਦੀ ਹੈ, ਉਥੇ ਕੁਰਬਾਨੀ ਦੇ ਅਰਥਾਂ ਦੀ ਪ੍ਰਮਾਣਿਕਤਾ ਵੀ ਵਧ ਜਾਂਦੀ ਹੈ।

"ਦੂਰ ਤਾਂ ਲੋਕ ਮਰ ਕੇ ਵੀ ਨਹੀਂ ਜਾਂਦੇ। ਉਹ ਵੀ ਇਥੇ ਹੀ,
ਕਿਧਰੇ ਤੁਹਾਡੇ ਮਨ ਵਿਚ ਹੀ ਹੁੰਦੇ ਨੇ। ਮਰ ਕੇ ਜਦੋਂ ਤੁਹਾਡੇ
ਪੰਜ ਤੱਤ ਇਥੇ ਹੀ ਪੰਜ ਤੱਤਾਂ ਵਿਚ ਰਲ ਜਾਂਦੇ ਨੇ ਫਿਰ ਵੀ
ਅੱਡ ਅੱਡ ਥਾਵਾਂ ਉਪਰ, ਅੱਡ ਅੱਡ ਸ਼ਕਲਾਂ ਵਿਚ,ਫਲਾਂ ਵਿਚ
ਪੰਛੀਆਂ ਵਿਚ, ਪੌਣਾਂ ਵਿਚ, ਪਾਣੀਆਂ ਵਿਚ, ਉਹ ਆਪਣੀਆਂ
ਸਾਂਝਾਂ ਸਿਆਣ ਲੈਂਦੇ ਹਨ।"

ਇਹ ਨਾਵਲ ਮਨੁੱਖੀ ਹੋਂਦ ਦੀ ਤਲਾਸ਼ ਦੇ ਅਲੌਕਿਕ ਅਧਾਰ ਸਿਰਜਣ ਵਲ ਰੁਚਿਤ

**ਹਸਤਾਖ਼ਰ :**

ਲੇਖਿਕਾ ਨੇ ਆਪਣੇ ਨਾਵਲ 'ਹਸਤਾਖ਼ਰ' ਵਿਚ ਇਕ ਵੱਖਰੀ ਪ੍ਰਕਾਰ ਦਾ ਗਲਪੀ ਪ੍ਰਸੰਗ ਸਿਰਜਣ ਦਾ ਉਪਰਾਲਾ ਕੀਤਾ ਹੈ ਭਾਵੇਂ ਇਹ ਨਾਵਲ ਉਸ ਦੇ ਪਹਿਲੇ ਨਾਵਲਾਂ ਦੀ ਪਿੱਠਭੂਮੀ ਤੇ ਹੀ ਉਸਾਰਿਆ ਗਿਆ ਹੈ ਪਰ ਇਸ ਵਿਚਲੀ ਵਾਸਤਵਿਕਤਾ ਦਾ ਵਿਸਥਾਰ ਵੱਖਰੀ ਪ੍ਰਕਾਰ ਦਾ ਹੈ। ਉਸ ਵਿਸ਼ਵ ਵਿਦਿਆਲੇ ਦੀ ਵਿਵਸਥਾ ਦੇ ਅੰਤਰਗਤ ਗਤੀਮਾਨ ਸਥਾਪਤੀ, ਵਿਸਥਾਪਤੀ, ਦਵੰਦ ਰਾਹੀਂ ਆਪਣੇ ਵਿਚਾਰ ਨੂੰ ਪ੍ਰਗਟਾਉਣ ਦਾ ਯਤਨ ਕੀਤਾ ਹੈ। ਨਾਵਲ ਦਾ ਆਰੰਭ ਯੂਨੀਵਰਸਿਟੀ ਦੇ ਵਾਤਾਵਰਣ ਤੇ ਰਾਜਨੀਤੀ ਨੂੰ ਉਭਾਰਦਾ ਹੈ। ਸਥਾਪਤੀ ਸ਼ਕਤੀ ਦੀ ਹੋਂਦ ਦੁਆਰਾ ਵਿਚਾਰ ਲਾਗੂ ਕਰਨ ਤੇ ਪ੍ਰਚਾਰਨ ਦੀ ਕਿਰਿਆ ਹੈ। ਇਹ ਵੰਗਾਰ ਨੂੰ ਦੱਬਣ ਦੇ ਸਮੱਰਥ ਹੁੰਦੀ ਹੈ। ਇਹ ਇਕ ਅਜਿਹੀ ਸ਼ਕਤੀ ਹੁੰਦੀ ਹੈ ਜਿਸ ਰਾਹੀਂ ਇਹ ਮਨੁੱਖਤਾ ਨੂੰ ਦਬਦੀ, ਉਸ ਦੀਆਂ ਭਾਵਨਾਵਾਂ, ਇੱਛਾਵਾਂ, ਮਨੋਤਰੰਗਾਂ ਉਤੇ ਰੋਕਾ ਟੋਕਾਂ ਲਗਾਈ ਰੱਖਦੀ ਹੈ। ਸ਼ਕਤੀਵਰ ਵਿਚਾਰਧਾਰਾ ਪਰੰਪਰਾ ਤੇ ਮਰਿਯਾਦਾ ਮਨੁੱਖ ਦੀਆਂ ਭਾਵਨਾਵਾਂ ਨੂੰ ਦਬਦੀਆਂ ਆਈਆਂ ਹਨ। ਜਦੋਂ ਵੀ ਸਥਾਪਤੀ ਨੂੰ ਚੁਣੌਤੀ ਮਿਲਦੀ ਹੈ ਇਹ ਉਸ ਨੂੰ ਦਬਾਉਣ ਦੇ ਯਤਨ ਕਰਦੀ ਹੈ। ਜਦ ਦੇਵ ਭਾਵਨਾਵਾਂ ਆਪਸੀ ਟਕਰਾ ਜਾਂਦੀਆਂ ਹਨ ਤਾਂ ਉਸ ਵਿਚੋਂ ਕ੍ਰਾਂਤੀ ਉਪਜਦੀ ਹੈ। ਵਿਸ਼ਵ ਵਿਦਿਆਲੇ ਦੇ

ਵਾਤਾਵਰਣ ਵਿਚੋਂ ਟਕਰਾਉਂਦੀ ਇਹ ਦਸ਼ਾ ਇਸ ਨਾਵਲ ਵਿਚੋਂ ਪ੍ਰਗਟ ਹੁੰਦੀ ਹੈ। ਵਾਈਸ ਚਾਂਸਲਰ ਚਤੁਰੰਗ ਨੂੰ ਵਿਦਿਆਰਥੀਆਂ ਵੱਲੋਂ ਵੰਗਾਰਿਆ ਗਿਆ ਹੈ। ਵਿਸ਼ਵ ਵਿਦਿਆਲੇ ਵਿਚ ਵਿਦਿਆਰਥੀ ਵਿਦਿਆ ਅਤੇ ਗਿਆਨ ਦੀ ਪ੍ਰਾਪਤੀ ਲਈ ਆਉਂਦੇ ਹਨ ਪਰ ਰਾਜ ਸੱਤਾ ਵਿਦਿਆਰਥੀ ਦੀ ਮਾਨਸਿਕਤਾ ਨੂੰ ਆਪਣੀ ਸ਼ਕਤੀ ਦੁਆਰਾ ਕੁਚਲਣ ਵਿਚ ਵਿਸ਼ਵਾਸ ਰਖਦੀ ਹੈ।

ਹਸਤਾਖ਼ਰ ਨਾਵਲ ਵਿਚ ਸਿਆਲ ਦੀ ਬੱਦਲਵਾਈ ਤੇ ਧੁੰਏ ਵਿਚ ਅਮਰ ਲੋਕਲ ਬੱਸ ਰਾਹੀਂ ਯੂਨੀਵਰਸਿਟੀ ਪੁੱਜ ਜਾਂਦਾ ਹੈ। ਅਮਰ ਅਲਬੇਲੇ ਸੁਭਾਅ ਵਾਲਾ ਪ੍ਰੋਫੈਸਰ ਹੈ। ਉਹ ਬੇਲੋੜੀਆਂ ਛੁੱਟੀਆਂ ਕਰਦਾ ਹੈ। ਛੁੱਟੀਆਂ ਖ਼ਤਮ ਹੋ ਜਾਣ ਕਰਕੇ ਉਸ ਨੂੰ ਅੰਤਾਂ ਦੀ ਸਰਦੀ ਵਿਚ ਯੂਨੀਵਰਸਿਟੀ ਆਉਣਾ ਪੈਂਦਾ ਹੈ। ਇਸ ਭਾਗ ਵਿਚ ਹੀ ਸਾਨੂੰ ਸੀਮਾ ਤੇ ਅਮਰ ਦੇ ਦੋਸਤ ਦਰਸ਼ਨ ਤੇ ਬਹਾਦਰ ਬਾਰੇ ਵੀ ਜਾਣਕਾਰੀ ਮਿਲਦੀ ਹੈ। ਲੇਖਿਕਾ ਨੇ ਵਿਸ਼ਵ ਵਿਦਿਆਲੇ ਦਾ ਮਾਹੌਲ, ਵੀ.ਸੀ. ਤੇ ਵਿਦਿਆਰਥੀਆਂ ਦੇ ਕਿਰਦਾਰ ਨੂੰ ਵੀ ਪ੍ਰਗਟ ਕੀਤਾ ਹੈ। ਲੇਕਚਰਾਰਾਂ ਦੇ ਕਿਰਦਾਰ ਵਿਦਿਆਰਥੀਆਂ ਲਈ ਕੋਈ ਪੰਥ ਦਰਸ਼ਨ ਨਹੀਂ ਬਣਦੇ। ਉਨ੍ਹਾਂ ਦੀ ਅਧਿਆਪਕਾਂ ਪਾਸੋਂ ਆਤਮਿਕ ਤੇ ਬੌਧਿਕ ਸੰਤੁਸ਼ਟੀ ਨਾ ਹੋਣ ਕਰਕੇ ਉਹ ਅਧਿਆਪਕਾਂ ਤੇ ਵਿਅੰਗ ਕਸਦੇ ਹਨ।

ਇਸ ਨਾਵਲ ਦੇ ਦੋਵੇਂ ਪਾਤਰ ਸੀਮਾ ਅੰਗਰੇਜ਼ੀ ਦੀ ਅਤੇ ਅਮਰ ਫਿਲਾਸਫੀ ਦਾ ਲੈਕਚਰਾਰ ਹੈ। ਅਮਰ, ਬਹਾਦਰ ਤੇ ਦਰਸ਼ਨ ਵਰਗੇ ਲੜਕੇ ਆਪਣੀ ਜ਼ਿੰਮੇਵਾਰੀ ਭੁੱਲ ਕੇ ਇਥੇ ਐਸ਼ ਕਰਨ ਦੀ ਖਾਤਰ ਹੀ ਆਏ ਹਨ। ਇਥੋਂ ਦੇ ਆਜ਼ਾਦ ਮਾਹੌਲ ਨੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਐਸ਼ ਵਿਚ ਗਰੁੱਸ ਲਿਆ। ਬਹਾਦਰ ਵਰਗੇ ਨਸ਼ਿਆਂ ਦੀ ਖਾਤਰ ਪਿਤਾ ਦੀ ਮੌਤ ਲੋਚਦੇ ਹਨ ਤਾਂ ਜੋ ਉਨ੍ਹਾਂ ਦੇ ਹਿੱਸੇ ਦੀ ਜ਼ਮੀਨ ਵਿਚੋਂ ਉਸ ਨੂੰ ਠੇਕੇ ਦੀ ਆਮਦਨ ਹੋਵੇ ਤੇ ਉਸ ਆਮਦਨ ਦੀ ਅਤੇ ਸ਼ਕਾਲਰਸ਼ਿਪ ਦੀ ਰਕਮ ਨਾਲ ਉਹ ਰੋਜ਼ ਸ਼ਰਾਬ ਪੀ ਸਕੇ । ਦਰਸ਼ਨ ਤੇ ਅਮਰ ਉਸ ਦੀ ਹਾਂ ਵਿਚ ਹਾਂ ਮਿਲਾਉਂਦੇ ਹਨ। ਉਹ ਕਾਫ਼ੀ ਹਾਊਸ ਵਿਚ ਜਾ ਕੇ ਕੁਰਸੀਆਂ ਬਾਹਰ ਲਾਉਣ ਲਈ ਬੈਰੇ ਨੂੰ ਕਹਿੰਦੇ ਹਨ। ਸੀਮਾ ਅੰਦਰੋਂ ਨਿਕਲਦੀ ਮੁਸਕਰਾ ਕੇ ਉਨ੍ਹਾਂ ਨੂੰ ਅੰਦਰ ਜਾਣ ਲਈ ਕਹਿੰਦੀ ਹੈ। ਦਰਸ਼ਨ ਨੇ ਉਸ ਨੂੰ ਕਾਫ਼ੀ ਹਾਊਸ ਲਈ ਕਿਹਾ। ਉਹ ਡਿਪਾਰਟਮੈਂਟ ਵਿਚ ਜਾਣਾ ਦੱਸ ਕੇ ਚਲੀ ਗਈ। ਅਮਰ ਦਿੱਲੀ ਅਤੇ ਪਟਿਆਲਾ ਦੇ ਵਿਸ਼ਵ ਵਿਦਿਆਲਿਆਂ ਦੇ ਮਾਹੌਲ ਦੇ ਅੰਤਰ ਬਾਰੇ ਆਪਣੇ ਸਾਥੀਆਂ ਨੂੰ ਦਸਦਾ ਹੈ।

ਲੇਖਿਕਾ ਨੇ ਵੀ ਸੀ ਅਤੇ ਵਿਸ਼ਵ ਵਿਦਿਆਲੇ ਦੀ ਰਾਜਨੀਤੀ ਨੂੰ ਵੀ ਚਰਚਾ ਦਾ ਵਿਸ਼ਾ ਬਣਾਇਆ ਹੈ। ਸੀਮਾ ਦੁਬਾਰਾ ਕਾਫ਼ੀ ਹਾਊਸ ਆਉਂਦੀ ਹੈ। ਤਿੰਨੋ ਦੋਸਤ ਉਸ ਬਾਰੇ ਸੰਜੀਦਾ ਤੇ ਲਾਇਕ ਅਧਿਆਪਕ ਹੈ। ਅਮਰ ਸੀਮਾ ਦੀਆਂ ਖ਼ੂਬੀਆਂ ਨੂੰ ਵੇਰਵੇ ਨਾਲ ਵਰਨਣ ਕਰਦਾ ਹੈ। ਅਚਾਨਕ ਅਮਰ ਨੂੰ ਸੀਮਾ ਨੇਕਲ ਬੇਸ ਵਿਚ ਮਿਲ ਜਾਂਦੀ ਹੈ। ਥੋੜ੍ਹੀ ਜਿਹੀ ਜਿਹੀ ਗੱਲਬਾਤ ਬਾਅਦ ਉਹ ਆਪੋ ਆਪਣੇ ਘਰਾਂ ਨੂੰ ਚਲੇ ਜਾਦੇ ਹਨ।

ਅਮਰ ਦੇ ਘਰ ਪਹੁੰਚਣ ਤੋਂ ਪਹਿਲਾਂ ਹੀ ਬਹਾਦਰ ਤੇ ਦਰਸ਼ਨ ਉਸ ਦੇ ਘਰ ਪੁੱਜ ਜਾਂਦ ਹਨ। ਸੀਮਾ ਨੇ ਬਹਾਦਰ ਅਤੇ ਹੋਰ ਸੁਹਿਰਦ ਮਿੱਤਰਾਂ ਨੂੰ ਘਰ ਸਾਗ ਤੇ ਮੱਕੀ ਦੀ ਰੋਟੀ ਖਾਣ ਵਾਸਤੇ ਸੱਦਿਆ ਹੈ। ਬਹਾਦਰ ਸ਼ਰਾਬ ਤੇ ਕਬਾਬ ਖਾਣ ਦੇ ਲਾਲਚ ਕਰਕੇ ਸੀਮਾ ਦੇ ਘਰ ਨਹੀਂ ਜਾਂਦਾ।

ਅਮਰ ਆਪਣੀ ਸ਼ਖ਼ਸੀਅਤ ਨੂੰ ਆਸ਼ਾਵਾਦ ਦੀਆਂ ਨੀਂਹਾਂ ਉਤੇ ਪ੍ਰਫੁੱਲਤ ਕਰਕੇ ਸੱਭਿਆਚਾਰਕ ਵਿਚਲੀਆਂ ਹਸਤੀਆਂ ਨਾਲ ਮਿਲਾ ਕੇ ਚਲਣਾ ਲੋਚਦਾ ਹੈ। ਉਸ ਦੇ ਇਨ੍ਹਾਂ ਵਿਚਾਰਾਂ ਤੋਂ ਉਸ ਦੀ ਤ੍ਰਾਸਦੀ ਵੀ ਉਪਜਦੀ ਹੈ। ਉਹ ਆਪਣੇ ਆਦਰਸ਼ਵਾਦ ਦੀ ਖ਼ਾਤਰ ਪਿਤਾ ਨਾਲ ਨਾਰਾਜ਼ ਹੋ ਕੇ ਘਰੋਂ ਆ ਗਿਆ ਸੀ। ਪਿਤਾ ਨੇ ਉਸ ਨੂੰ ਕਮਿਊਨਿਸਟਾਂ ਨਾਲ ਮਿਲਣ ਤੋਂ ਰੋਕਿਆ ਸੀ। ਪਿਤਾ ਦੀ ਸਿੱਖਿਆ ਨੂੰ ਉਸ ਆਪਣੀ ਆਜ਼ਾਦੀ ਤੇ ਰੋਕ ਸਮਝਿਆ। ਉਹ ਨਾਰਾਜ਼ ਹੋ ਕੇ ਪਟਿਆਲੇ ਆ ਗਿਆ।

ਟਿਵਾਣਾ ਨੇ ਪਟਿਆਲਾ ਯੂਨੀਵਰਸਿਟੀ ਦੀ ਸੱਜ ਧੱਜ ਦਾ ਵਰਨਣ ਕਰਨ ਤੇ ਬਾਅਦ ਉਥੇ ਚੱਲ ਰਹੀ ਰਾਜਨੀਤੀ ਦਾ ਵਰਨਣ ਕੀਤਾ ਹੈ। ਗੁਰੂ ਗੋਬਿੰਦਰ ਸਿੰਘ ਜੀ ਦੇ ਅਵਤਾਰ ਪੁਰਬ ਤੇ ਦਿੱਲੀ ਦੇ ਵਜ਼ੀਰ ਦੇ ਆਉਣ ਦੇ ਸਬੰਧ ਵਿਚ ਤਿਆਰੀ ਹੋ ਰਹੀ ਹੈ। ਵੀ ਸੀ ਚਤੁਰੰਗ ਬਹੁਤ ਫ਼ਿਕਰਮੰਦ ਹੈ। ਕਿਤੇ ਵਿਦਿਆਰਥੀ ਇਸ ਸਮਾਗਮ ਤੇ ਵਿਘਨ ਨਾ ਪਾਉਣ ਇਸ ਲਈ ਕੇਂਦਰ ਦੀ ਪੁਲਿਸ ਮੰਗਵਾਈ ਗਈ ਹੈ।

ਵਜ਼ੀਰ ਦੇ ਭਾਸ਼ਣ ਸਮੇਂ ਜਦੋਂ ਉਸ ਕਿਹਾ ਸਭ ਊਚ ਨੀਚ ਦੇ ਭਾਵ ਮਿਟ ਜਾਵੇ ਚਾਹੀਦੇ ਹਨ। ਕਿਸੇ ਵਿਦਿਆਰਥੀ ਨੇ ਸਰੋਤਿਆਂ ਵਿਚੋਂ ਕਿਹਾ, "ਮੂੰਹ ਜ਼ੁਬਾਨੀ ਨਹੀਂ ।" ਉਹ ਵਿਦਿਆਰਥੀ ਨੂੰ ਪੁਲਿਸ ਵੱਲੋਂ ਕੁੱਟਣ ਤੇ ਹੋਰ ਵਿਦਿਆਰਥੀ ਵੀ ਭੜਕ ਪਏ। ਪੁਲਿਸ ਹੋਰ ਮਾਰਦੀ ਉਨ੍ਹਾਂ ਨੂੰ ਪੰਡਾਲ ਵਿਚੋਂ ਬਾਹਰ ਲੈ ਗਈ। ਵਿਦਿਆਰਥੀਆਂ ਨੇ ਨਾਹਰੇ ਮਾਰਨੇ ਕਰ ਦਿੱਤੇ ਅਤੇ ਪੁਲਿਸ ਨੇ ਡੰਡਾ ਚਾਰਜ। ਬਹੁਤ ਸਾਰੇ ਵਿਦਿਆਰਥੀ ਇਸ ਤਸ਼ੱਦਦ ਵਿਚ ਜ਼ਖ਼ਮੀ ਹੋ ਗਏ। ਮੁੰਡੇ ਪੁਲਿਸ ਤੇ ਹੱਲਾ ਕਰਕੇ ਆਪਣੇ ਸਾਥੀਆਂ ਨੂੰ ਛੁਡਾ ਕੇ ਲੈ ਗਏ। ਟਿਵਾਣਾ ਨੇ ਇਹ ਸਭ ਕੁਝ ਵਿਅੰਗ ਵਜੋਂ ਪ੍ਰਗਟ ਕੀਤਾ ਹੈ।

ਵਜ਼ੀਰ ਦੇ ਜਾਣ ਤੇ ਵੀ ਸੀ. ਨੇ ਤੁਰਤ ਇਕੱਤਰਤਾ ਸੱਦੀ। ਆਪਣੇ ਪ੍ਰੋਫੈਸਰਾਂ ਨੂੰ ਭਾੜ ਪਾਈ। ਕਿਸ ਪਾਰਟੀ ਦਾ ਇਸ ਗੜਬੜ ਪਿਛੇ ਹੱਥ ਹੈ ਅਤੇ ਕਿਸ ਕਿਸ ਲੜਕੇ ਨੂੰ -ਕੱਢਣਾ ਜਾਂ ਜੁਰਮਾਨਾ ਕਰਨਾ ਹੈ, ਬਾਰੇ ਫੈਸਲਾ ਕੀਤਾ ਗਿਆ।

ਪ੍ਰੋਫੈਸਰ ਅਮਰ ਨੂੰ ਕੱਢਣ ਦਾ ਨਿਰਣਾ ਕਰ ਲਿਆ ਗਿਆ। ਸੀਮਾ ਦੇ ਇਤਰਾਜ ਕਰਨ ਤੇ ਵੀ ਸੀ. ਨੇ ਕਿਹਾ ਇਸ ਸਾਰੀ ਬਦਨਾਮੀ ਪਿੱਛੇ ਕਮਿਊਨਿਸਟ ਪ੍ਰੋਫੈਸਰ ਦਾ ਹੱਥ ਹੈ। ਕਿਸੇ ਪ੍ਰੋਫੈਸਰ ਨੇ ਅਮਰ ਦਾ ਸੀਮਾ ਤੋਂ ਛੁੱਟ ਸਾਥ ਨਾ ਦਿੱਤਾ। ਸੀਮਾ ਵੱਲੋਂ ਯਤਨ ਕਰਨ ਤੇ ਵੀ ਅਮਰ ਨੂੰ ਨਕਰੀ ਤੋਂ ਕੱਢ ਦਿੱਤਾ ਗਿਆ।

ਟਿਵਾਣਾ ਨੇ ਇਥੇ ਬੇਕਸੂਰ ਪ੍ਰੋਫੈਸਰਾਂ ਨੂੰ ਨੌਕਰੀ ਤੋਂ ਕੇਵਲ ਰਾਜਸੀ ਰੰਜਸ਼ ਕਰਕੇ ਕੱਢਣ ਦੀ ਵਿਰੋਧਤਾ ਕੀਤੀ ਹੈ। ਇਸ ਬੇਇਨਸਾਫੀ ਵਿਰੁੱਧ ਲੋਕ ਰਾਏ ਉਪਜਾਈ ਹੈ। ਉਸ ਅਮਰ ਦੀ ਇਸ ਵਾਪਰੀ ਘਟਨਾ ਕਾਰਨ ਮਨੋਦਸ਼ਾ ਦਾ ਉਲੇਖ ਵੀ ਕੀਤਾ ਹੈ। ਉਹ ਮਾਨਸਿਕ ਰੂਪ ਵਿਚ ਟੁੱਟ ਚੁੱਕਾ ਸੀ।

ਸੀਮਾ ਕਾਫ਼ੀ ਦਿਨ ਯੂਨੀਵਰਸਿਟੀ ਨਾ ਗਈ। ਅਮਰ ਵੀ ਘਰ ਪਿਆ ਸ਼ਰਾਬ ਪੀਂਦਾ ਰਿਹਾ। ਅਮਰ ਛੁੱਟੀਆਂ ਹੋਣ ਤੋਂ ਪਹਿਲਾਂ ਆਪਣੀ ਕਲਾਸ ਦੇ ਬੱਚਿਆਂ ਨੂੰ ਕੰਮ ਦੇ ਕੇ ਘਰ ਵਾਪਸ ਆ ਗਿਆ। ਉਸ ਨੂੰ ਪਤਾ ਸੀ ਕਿ ਉਸ ਦੀ ਨੌਕਰੀ ਸਮਾਪਤ ਹੋ ਗਈ ਹੈ। ਅਮਰ ਸੀਮਾ ਦੇ ਘਰ ਜਾ ਕੇ ਆਖਦਾ ਹੈ ਕਿ ਉਸ ਨੂੰ ਉਹਦੀ ਲੋੜ ਹੈ। ਬੀਜੀ ਨੂੰ ਵੀ ਅਮਰ ਜਚ ਗਿਆ। ਉਹ ਵਿਆਹ ਬੰਧਨ ਵਿਚ ਬੱਝ ਗਏ।

ਅਮਰ ਜਲਦੀ ਹੀ ਘਰੋਗੀ ਜ਼ਿੰਦਗੀ ਤੋਂ ਤੰਗ ਆ ਗਿਆ। ਸੀਮਾ ਉਸ ਦੇ ਸਾਥ ਵਿਚ ਸੰਤੁਸ਼ਟ ਸੀ। ਉਹ ਅਮਰ ਦੀ ਜ਼ਿਆਦਤੀ ਨੂੰ ਚੁੱਪਚਾਪ ਸਹਿੰਦੀ ਰਹੀ। ਉਨ੍ਹਾਂ ਦਾ ਆਪਸੀ ਤਕਰਾਰ ਵਧਦਾ ਗਿਆ। ਸੀਮਾ ਖਰਚ ਤੋਂ ਤੰਗ ਸੀ। ਇਸ ਕਰਕੇ ਉਸ ਅਮਰ ਨੂੰ ਬੇਜੀ ਪਾਸੋਂ ਪੇਸੇ ਲਿਆਉਣ ਲਈ ਕਿਹਾ ਇਸ ਤੇ ਉਹ ਉਸ ਨੂੰ ਗੁੱਸੇ ਹੋਇਆ। ਫਿਰ ਵੀ ਉਹ ਬੇਜਾਦੇ ਘਰ ਨਾ ਗਈ। ਇਥੇ ਟਿਵਾਣਾ ਨੇ ਮਰਦ ਦੀ ਫਿਤਰਤ ਦਾ ਵਰਨਣ ਕੀਤਾ ਹੈ।

ਸੀਮਾ ਮੁਸੀਬਤਾਂ ਵਿਚ ਘਿਰ ਗਈ। ਉਸ ਅਮਰ ਨੂੰ ਰਾਹ ਤੇ ਲਿਆਉਣ ਦਾ ਬਹੁਤ ਯਤਨ ਕੀਤਾ। ਸਭ ਯਤਨ ਅਸਫਲ ਹੋਏ। ਸੀਮਾ ਦਾ ਹੱਦੋਂ ਵਧ ਤਿਰਸਕਾਰ ਹੁੰਦਾ ਗਿਆ। ਉਹ ਚੁੱਪਚਾਪ ਇਸ ਨੂੰ ਸਹਿੰਦੀ ਰਹੀ ਪਰ ਇਕ ਅਜਿਹਾ ਸਮਾਂ ਵੀ ਆਇਆ ਜਦ ਉਸ ਨੂੰ ਅਮਰ ਦੀਆਂ ਜ਼ਿਆਦਤੀਆਂ ਅੱਗੇ ਮੂੰਹ ਖੋਲ੍ਹਣ ਤੇ ਮਜ਼ਬੂਰ ਹੋਣਾ ਪਿਆ। ਅਮਰ ਨੇ ਸੀਮਾ ਵੱਲੋਂ ਗਵਰਨਰ ਦੀ ਬਣਾਈ ਤਸਵੀਰ ਬਾਰੇ ਵੀ ਵਿਅੰਗ ਕੀਤਾ। ਉਸ ਦੀ ਜੀਵਨ ਵਿਚੋਂ ਦਿਲਚਸਪੀ ਸਮਾਪਤ ਹੋ ਜਾਂਦੀ ਹੈ। ਉਹ ਮਰਨਾ ਚਾਹੁੰਦੀ ਹੈ। ਅਮਰ ਦੀਆਂ ਜ਼ਿਆਦਤੀਆਂ ਦਿਨੋਂ ਦਿਨ ਵਧਦੀਆਂ ਜਾਂਦੀਆਂ ਹਨ।

ਟਿਵਾਣਾ ਨੇ ਮਰਦ ਪ੍ਰਧਾਨ ਸਮਾਜ ਵਿਚ ਇਸਤਰੀ ਪ੍ਰਤੀ ਲਾਪ੍ਰਵਾਹੀ ਅਤੇ ਇਸਤਰੀ ਦਾ ਮਰਦ ਦੀਆਂ ਖੁਸ਼ੀਆਂ ਤੋਂ ਆਪਾ ਕੁਰਬਾਨ ਕਰਨਾ ਦਿਖਾਇਆ ਹੈ। ਅਮਰ ਵਰਗੇ ਵਿਅਕਤੀ ਜਿਹੜੇ ਕੇਵਲ ਖਿਆਲੀ ਆਦਰਸ਼ ਉਤੇ ਜਿਉਂਦੇ ਹਨ ਹਕੀਕਤ ਵਿਚ ਉਹ ਬੁਰੀ ਤਰ੍ਹਾਂ ਫੇਲ੍ਹ ਹੋ ਜਾਂਦੇ ਹਨ। ਉਹ ਪਾਰਟੀ ਵਾਲਿਆਂ ਨਾਲ ਵੀ ਲੜ ਪਿਆ ਅਤੇ ਸੀਮਾ ਦਾ ਪਤਾ ਵੀ ਨਾ ਲੈਣ ਗਿਆ। ਉਸ ਨੂੰ ਸੀਮਾ ਦਾ ਹਸਪਤਾਲ ਹੋਣ ਅਤੇ ਉਸ ਦੇ ਘਰ ਬੇਟੀ ਹੋਣ ਦਾ ਪਤਾ ਲੱਗਾ। ਉਹ ਹਸਪਤਾਲ ਗਿਆ। ਸੀਮਾ ਤੇ ਬੱਚੀ ਨੂੰ ਮਿਲਿਆ। ਸੀਮਾ ਰੋਣ ਲੱਗ ਪਈ। ਉਸ ਨੂੰ ਦਿਲਾਸਾ ਦਿੱਤਾ। ਬੇਜੀ ਦੇ ਘਰ ਜਾਣਾ ਕਹਿ ਕੇ ਅਤੇ ਬੱਚੀ ਦਾ ਨਾ ਸਿਮਰਨ ਰੱਖ ਕੇ ਉਥੋਂ ਚਲਾ ਗਿਆ।

ਅਮਰ ਨੇ ਦਰਸ਼ਨ ਹੱਥ ਸੀਮਾ ਨੂੰ ਇਕ ਚਿੱਠੀ ਭੇਜੀ ਜਿਸ ਵਿਚ ਉਸ ਪਹਿਲੀ ਸਤਰ ਹੀ ਲਿਖੀ ਸੀ, ਸੀਮਾ ਮੈਂ ਹਾਰ ਗਿਆ, ਤੂੰ ਜਿੱਤੀ। ਉਸ ਨੇ ਹੋਰ ਵੀ ਜੀਵਨ ਤੋਂ ਭੱਜਣ ਵਾਲੀਆਂ ਗੱਲਾਂ ਲਿਖੀਆਂ ਜਿਸ ਨਾਲ ਸੀਮਾ ਬਹੁਤ ਪ੍ਰੇਸ਼ਾਨ ਹੋ ਗਈ। ਉਸ ਨੂੰ ਬੇਨ ਹੈਮਰੇਜ ਹੋ ਗਿਆ। ਉਹ ਚੱਲ ਵਸੀ। ਅਮਰ ਘਰ ਛੱਡ ਕੇ ਤੁਰ ਗਿਆ।

ਕਈ ਸਾਲਾਂ ਬਾਅਦ ਅਮਰ ਦਰਸ਼ਨ ਨੂੰ ਕਲਕੱਤੇ ਮਿਲਿਆ। ਉਹ ਤਾਂ ਪਹਿਲੇ ਨਾਲ ਭੈੜੇ ਜੀਵਨ ਨਾਲ ਸਮਝੌਤਾ ਕਰਾ ਬੈਠਾ ਸੀ। ਉਸ ਦੱਸਿਆ ਕਿ ਉਸ ਓਮਾ ਨਾਮ ਦੀ ਲੜਕੀ ਨਾਲ ਸ਼ਾਦੀ ਕਰ ਲਈ ਹੈ।

ਇਥੇ ਟਿਵਾਣਾ ਨੇ ਆਪਣੇ ਦੋਵਾਂ ਪਾਤਰਾਂ ਨੂੰ ਹਾਲਾਤ ਨਾਲ ਟੱਕਰ ਲੈਣ ਦੀ ਬਜਾਏ ਵੰਗਾਰ ਤੋਂ ਭੱਜਦੇ ਅਤੇ ਆਤਮਘਾਤ ਦੀ ਸਥਿਤੀ ਤਕ ਪਹੁੰਚਾ ਕੇ ਉਸ ਨੇ ਆਪਣਾ ਉਪਭਾਵੁਕ ਪ੍ਰਤੀਕਰਮ ਪ੍ਰਗਟਾਇਆ ਹੈ। ਇਸ ਨਾਵਲ ਦੇ ਆਰੰਭ ਵਿਚ ਵਿਸ਼ਵ ਵਿਦਿਆਲੇ ਦੀ ਪ੍ਰਗਟ ਕੀਤੀ ਰਾਜਨੀਤੀ ਤੋਂ ਇਸ ਤਰ੍ਹਾਂ ਲਗਦਾ ਸੀ ਕਿ ਉਹ ਕੋਈ ਹੱਲ ਲਭੇਗੀ ਪਰ ਜਿਉਂ ਜਿਉਂ ਨਾਵਲ ਅੱਗੇ ਵਧਿਆ ਉਸ ਦੇ ਆਪਣੇ ਸਿਰਜੇ ਗਲਪੀ ਜਗਤ ਅਨੁਸਾਰ ਦਵੰਦ ਘਟਦਾ-ਘਟਦਾ ਭਾਵੁਕਤਾ ਤਕ ਪੁੱਜ ਜਾਂਦਾ ਹੈ। ਅਮਰ ਮਾਨਸਿਕ ਰੂਪ ਵਿਚ ਟੁੱਟ ਜਾਂਦਾ ਹੈ ਅਤੇ ਇਕ ਅਤਿਅੰਤ ਵਿਰਕਤ ਤੇ ਆਸਾਧਾਰਨ ਵਿਅਕਤੀ ਦਾ ਰੂਪ ਧਾਰਨ ਕਰ ਲੈਂਦਾ ਹੈ। ਸੀਮਾ ਪ੍ਰੰਪਰਾਗਤ ਤੇ ਆਦਰਸ਼ ਇਸਤਰੀ ਦਾ ਰੂਪ ਧਾਰ ਲੈਂਦੀ ਹੈ। ਉਹ ਅਮਰ ਦੀਆਂ ਸਾਰੀਆਂ ਵਧੀਕੀਆਂ ਸਹਿੰਦੀ ਹੈ। ਉਹ ਵੀ ਮਰਦ ਹੱਥੋਂ ਚੁਪਚਾਪ ਦੁਖ ਸਹਿੰਦੀ ਹੈ। ਇਸ ਵਿਚੋਂ ਇਸਤਰੀ ਦੀ ਆਜ਼ਾਦੀ ਦੀ ਭਾਵਨਾ ਉਤੇਜਿਤ ਹੁੰਦੀ ਹੈ। ਉਸ ਦੇ ਇਸ ਨਾਵਲ ਵਿਚ ਵਿਦਰੋਹ ਦੀ ਭਾਵਨਾ ਕੇਵਲ ਦਿਖਾਵੇ ਦੀ ਹੈ। ਸਮਾਧਾਨ ਉਪਭਾਵੁਕਤਾ ਉਤੇ ਉਸਰਦਾ ਹੈ।

ਉਹ ਪ੍ਰੰਪਰਾਵਾਦੀ ਇਸਤਰੀ ਦੀ ਹਾਮੀ ਭਰਦੀ ਹੈ। ਇਸ ਦਾ ਵਿਦਰੋਹ ਕਰਨਾ ਜਾਂ ਇਸ ਢਾਂਚੇ ਨੂੰ ਬਦਲਣ ਲਈ ਉਸ ਦੀਆਂ ਨਾਇਕਾਵਾਂ ਉਤੇਜਿਤ ਨਹੀਂ।

"ਹਸਤਾਖ਼ਰ" ਯੂਨੀਵਰਸਿਟੀ ਦੀ ਰਾਜਨੀਤੀ ਦਾ ਉਲੇਖ ਕਰਦਾ ਹੋਇਆ ਇਸ ਦੇ ਨਾਇਕ ਤੇ ਨਾਇਕਾ ਸੀਮਾ ਦੀਆਂ ਪ੍ਰਗਤੀਵਾਦੀ ਸ਼ਕਤੀਆਂ ਨੂੰ ਉਭਾਰਦਾ ਹੈ। ਅੰਤ ਆਤਮਘਾਤ ਦੀ ਸਥਿਤੀ ਤਕ ਲੈ ਜਾਂਦਾ ਹੈ।

**ਪੈੜ ਚਾਲ :**

"ਪੈੜ ਚਾਲ" ਵਿਚ ਦਲੀਪ ਕੌਰ ਟਿਵਾਣਾ ਨੇ 'ਹਸਤਾਖ਼ਰ' ਨਾਵਲ ਦੀ ਕਹਾਣੀ ਨੂੰ ਅੱਗੇ ਤੋਰਿਆ ਹੈ। ਹਸਤਾਖ਼ਰ ਵਿਚ ਯੂਨੀਵਰਸਿਟੀ ਦੀ ਇਕ ਕਲਾਕਾਰ ਪ੍ਰੋਫੈਸਰ ਸੀਮਾ ਦੀ ਕਹਾਣੀ ਹੈ। ਉਹ ਭਾਵੁਕਤਾ ਵੱਸ ਯੂਨੀਵਰਸਿਟੀ ਦੇ ਇਕ ਕ੍ਰਾਂਤੀਕਾਰੀ ਪ੍ਰੋਫੈਸਰ ਅਮਰ ਚੰਦ ਨਾਲ ਵਿਆਹ ਕਰਵਾ ਲੈਂਦੀ ਹੈ। ਦੋਵੇਂ ਹੀ ਇਕ ਹਉਮੈਂ ਦੇ ਆਪਣੇ ਸਿਰਜੇ ਜਗਤ ਵਿਚ ਰਹਿ ਕੇ ਇਕ ਦੂਜੇ ਅੱਗੇ ਆਪਾ ਸਮਰਪਣ ਕਰਨ ਤੋਂ ਅਸਮਰੱਥ ਹਨ। ਸੀਮਾ ਆਪਣੇ ਆਪੇ ਵਿਚ ਹੀ ਰੁੱਝ ਜਾਂਦੀ ਹੈ। ਉਸ ਨੇ ਇਕ ਧੀ ਸਿਮਰਨ ਨੂੰ ਜਨਮ ਦਿੱਤਾ। ਆਪ ਉਹ ਬੇਨ ਹੈਮਰੇਜ਼ ਬੀਮਾਰੀ ਨਾਲ ਸੰਸਾਰ ਯਾਤਰਾ ਸਮਾਪਤ ਕਰ ਗਈ।

ਉਸ ਰਾਤ ਡਾ. ਅਮਰ ਚੰਦ ਕਲਕੱਤੇ ਚਲਾ ਗਿਆ। ਉਥੇ ਉਸ ਦੇ ਹਮਖਿਆਲੀਏ ਸਨ। ਸਿਮਰਨ ਨੂੰ ਉਸ ਦੀ ਨਾਨੀ ਦਿੱਲੀ ਲੈ ਗਈ। ਦਿੱਲੀ ਵਿਚ ਹੀ ਉਸ ਦਰਸ਼ਨ ਸ਼ਾਸਤਰ ਦੀ ਐਮ. ਏ. ਕੀਤੀ। ਉਹ ਸਦਾ ਆਪਣੇ ਮਾਪਿਆ ਬਾਰੇ ਸੋਚਦੀ ਰਹਿੰਦੀ ਸੀ। ਆਪਣੇ ਸਵੈ ਨਾਲ ਜੁੜੇ ਬਹੁਤ ਸਾਰੇ ਸਭਿਆਚਾਰਕ ਅਤੇ ਦਾਰਸ਼ਨਿਕ ਪਹਿਲੂ ਉਸ ਨੂੰ ਘੇਰੀ ਰਖਦੇ। ਮਾਪਿਆਂ ਦੀ ਅਣਹੋਂਦ ਉਹਨੂੰ ਡਾਵਾਂ-ਡੋਲ ਕਰ ਜਾਂਦੀ ਹੈ। ਉਸ ਦਾ ਆਪਾ ਖੰਡਿਤ ਹੁੰਦਾ ਲਗਦਾ ਹੈ। ਇਸ ਦਸ਼ਾ ਵਿਚੋਂ ਨਿਕਲਣ ਲਈ ਉਹ ਇਕ ਆਧਾਰ ਬਣਾਉਂਦੀ ਹੈ ਜਿਸ ਨਾਲ ਉਸ ਦੇ ਸਵੈ ਦੀ ਹੋਂਦ ਦੀ ਭਾਲ ਹੋ ਸਕੇ। ਉਹ ਇਸ ਵਿਚਾਰ ਦੀ ਪੂਰਤੀ ਲਈ ਆਪਣੀ ਨਾਨੀ ਨੂੰ ਨਾਲ ਲੈ ਕੇ ਪਟਿਆਲਾ ਵਿਖੇ ਆਪਣੀ ਕੋਠੀ ਵਿਚ ਆ ਜਾਂਦੀ ਹੈ।

ਸਿਮਰਨ ਖੋਜ ਵਿਦਿਆਰਥੀ ਦੇ ਰੂਪ ਵਿਚ ਉਸ ਯੂਨੀਵਰਸਿਟੀ ਵਿਚ ਖੋਜ ਦਾ ਕਾਰਜ ਕਰਦੀ ਹੈ। ਉਸ ਦੀ ਖੋਜ ਦਾ ਵਿਸ਼ਾ ਲੇਖਕ ਔਰਤਾਂ ਦੀ ਨਾਰੀ ਚੇਤਨਾ ਦਾ ਆਧਾਰ ਹੈ।

"ਪੈੜ ਚਾਲ" ਸਿਮਰਨ ਦੇ ਪਟਿਆਲਾ ਵਿਖੇ ਬਿਤਾਏ ਕੁਝ ਸਮੇਂ ਦੇ ਵਿਸ਼ਲੇਸ਼ਣਾਤਮਕ ਚਿੱਤਰ ਪੇਸ਼ ਕਰਦਾ ਹੈ। ਸਿਮਰਨ ਆਪਣੇ ਸਵੈ ਨੂੰ ਆਪਣੇ ਸਾਥੀ ਮਿਸ ਸੋਧੀ, ਡਾ. ਧਰਮ, ਬਲਦੇਵ ਸਿੰਘ ਅਤੇ ਡਾਕਟਰ ਖੇੜਾ ਦੇ ਬੌਧਿਕ ਸਬੰਧਾਂ ਵਿਚੋਂ ਲੱਭਣ ਦੇ ਉਪਰਾਲੇ ਕਰਦੀ ਹੈ। ਉਹ ਆਪਣੇ ਮਾਪਿਆਂ ਦੇ ਸਵੈ ਬਾਰੇ ਵੀ ਬਹੁਤ ਕੁਝ ਜਾਣ ਲੈਂਦੀ ਹੈ। ਇਕ ਦਿਨ ਉਸ ਦਾ ਪਿਤਾ ਉਹਨੂੰ ਪਟਿਆਲੇ ਮਿਲਣ ਆਉਂਦਾ ਹੈ। ਉਹ ਆਪਣੀਆਂ ਪੈੜਾਂ ਉਸ ਵਿਚੋਂ ਲੱਭਦੀ ਹੈ।

ਲੇਖਿਕਾ ਨੇ ਇਸ ਨਾਵਲ ਵਿਚ ਪਿਛਲੇ ਜਨਮ ਦੇ ਕਰਮਾਂ ਦਾ ਫ਼ਲ ਭੋਗਦੇ ਸਾਰੇ ਪਾਤਰ ਦਰਸਾਏ ਹਨ । ਬੇਜੀ, ਮਿਸ ਸੋਧੀ ਤੇ ਸਿਮਰਨ ਪਿਛਲੇ ਜਨਮ ਦੇ ਕਰਮਾਂ ਨੂੰ ਕਿਸੇ ਹੱਦ ਤਕ ਜੁੰਮੇਵਾਰ ਸਮਝਦੇ ਸਨ।

ਸਿਮਰਨ ਬਾਹਰਗਤ ਜਗਤ ਦੇ ਯਥਾਰਥ ਨੂੰ ਆਪਣੇ ਅੰਦਰਲੇ ਸੰਸਾਰ ਦਾ ਹੀ ਇਕ ਪ੍ਰਕਾਸ਼ਮਾਨ ਰੂਪ ਮੰਨਦੀ ਹੈ। ਉਸ ਦਾ ਵਿਸ਼ਵਾਸ ਹੈ ਕਿ ਬਾਹਰਮੁਖੀ ਯਥਾਰਥ ਉਨ੍ਹਾਂ ਦੀ ਸੋਚ ਕਾਰਨ ਹੀ ਹੋਂਦ ਵਿਚ ਆਉਂਦਾ ਹੈ। ਉਸ ਅਨੁਸਾਰ ਤੁਸੀਂ ਆਪਣੀ ਸਵੈ-ਇੱਛਾ ਨਾਲ ਬਾਹਰਗਤ ਜਗਤ ਦੇ ਯਥਾਰਥ ਨੂੰ ਜਿਵੇਂ ਚਾਹੋ ਪਰਿਵਰਤਿਤ ਕਰ ਸਕਦੇ ਹੋ।

ਇਸ ਨਾਵਲ ਵਿਚ ਟਿਵਾਣਾ ਇਸਤਰੀਆਂ ਦੀ ਰਚਨਾ ਪ੍ਰਕਿਆ ਅਤੇ ਰਚਨਾਤਮਕਤਾ ਸਬੰਧੀ ਇਸਤਰੀ ਦੇ ਦ੍ਰਿਸ਼ਟੀਕੋਣਾਂ ਨੂੰ ਆਪਣੇ ਚਿੰਤਨ ਦਾ ਵਿਸ਼ਾ ਬਣਾਉਂਦੀ ਹੈ। ਇਸਤਰੀ ਦਾ ਆਪਣੀ ਲੇਖਣੀ ਨਾਲ ਰਿਸਤਾ ਇਕ ਮਰਦ ਦੇ ਆਪਣੀ ਲੇਖਣੀ ਨਾਲ ਰਿਸ਼ਤੇ ਨਾਲ ਵੱਖਰਾ ਹੁੰਦਾ ਹੈ। ਇਸਤਰੀ ਸਭ ਕੁਝ ਆਪਣੇ ਸਵੈ ਵਿਚੋਂ ਸਿਰਜਦੀ ਹੈ ਤੇ ਮਰਦ ਮਨ ਵਿਚੋਂ। ਹਰ ਇਸਤਰੀ ਲੇਖਕ ਦਾ ਆਪਣਾ ਆਪਣਾ ਸਾਹਿਤ ਪ੍ਰਯੋਜਨ ਹੁੰਦਾ ਹੈ। ਕਈ ਸਾਹਿਤ ਰਚਨਾ ਰਾਹੀਂ ਆਪਣੇ ਆਪ ਤਕ ਪੁੱਜਣ ਦਾ ਯਤਨ ਕਰਦੀ ਹੈ ਅਤੇ ਕੋਈ ਆਪ ਤੋਂ ਪਾਰ ਲੰਘ ਜਾਂਦੀ ਹੈ।

ਲੇਖਿਕਾ ਨੇ ਇਸ ਨਾਵਲ ਵਿਚ ਪਿਆਰ ਵਿਆਹ ਦਾ ਵਿਸ਼ਾ ਵੀ ਛੋਹਿਆ ਹੈ। ਪਿਆਰ ਵਿਆਹ ਨੂੰ ਉਸ ਹਸਤਾਖ਼ਰ ਵਿਚ ਅਸਫ਼ਲ ਵਿਆਹ ਦਰਸਾਇਆ ਹੈ। ਉਹ ਕੁੜੀਆਂ ਨੂੰ ਆਪਣੇ ਬਰਾਬਰ ਦੇ ਖ਼ਾਨਦਾਨ ਵਿਚ ਹੀ ਵਿਆਹ ਕਰਾਉਣ ਦੀ ਸਲਾਹ ਦੇਂਦੀ ਹੈ। ਉਹ ਜਾਗੀਰਦਾਰੀ ਮੁੱਲਾਂ ਦੀ ਵਕਾਲਤ ਕਰਦੀ ਹੈ। ਉਸ ਅਨੁਸਾਰ ਸਰਮਾਏਦਾਰ ਜਮਾਤ ਜਾਗੀਰਦਾਰ ਜਮਾਤ ਨਾਲੋਂ ਭੈੜੀ ਹੈ ਕਿਉਂਕਿ ਜਾਗੀਰਦਾਰੀ ਜਮਾਤ ਦਾ ਲੰਮਾ ਇਤਿਹਾਸ ਹੈ। ਨਵੇਂ ਬਣੇ ਅਮੀਰ ਜਾਗੀਰਦਾਰ ਸ਼੍ਰੇਣੀ ਦਾ ਮੁਕਾਬਲਾ ਨਹੀਂ ਕਰ ਸਕਦੇ।

ਪ੍ਰੇਮ ਸਬੰਧਾਂ ਬਾਰੇ ਲੇਖਿਕਾ ਨੇ ਸਿਮਰਨ, ਮਿਸ ਸੋਧੀ ਅਤੇ ਡਾਕਟਰ ਦੀ ਚਰਚਾ, ਪ੍ਰਸਿੱਧ ਅਸਤਿਤਵਵਾਦੀ ਲੇਖਿਕਾ ਸੀਮੋਨ ਦੇ ਵਿਚਾਰਾਂ ਅਨੁਸਾਰ ਕਰਵਾਈ ਹੈ। ਸੀਮੋਨ ਦਾ ਵਿਚਾਰ ਹੈ ਇਸਤਰੀ ਜੰਮਦੀ ਨਹੀਂ ਬਣਾਈ ਜਾਂਦੀ ਹੈ। ਉਸ ਦੀ ਸਾਈਕੀ ਦੇ ਨਿਰਮਾਣ ਵਿਚ ਸਮਾਜਿਕ, ਸਭਿਆਚਾਰਕ ਵਿਵਸਥਾ ਇਕ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ। ਉਹ ਔਰਤ ਨੂੰ ਰੋਕਾਂ ਤੋਂ ਉਪਰ ਉਠਣ ਦੀ ਸਲਾਹ ਦੇਂਦੀ ਹੈ। ਸਿਮਰਨ ਸੀਮੋਨ ਦੇ ਵਿਚਾਰਾਂ ਦਾ ਹੀ ਪ੍ਰਗਟਾ ਕਰਦੀ ਹੈ। ਉਹ ਕਿਸੇ ਮਰਦ ਨੂੰ ਪਿਆਰ ਨਹੀਂ ਕਰਦੀ।

ਲੇਖਿਕਾ ਨੇ ਇਸ ਨਾਵਲ ਦੀ ਕਹਾਣੀ ਨੂੰ ਪੋਰਾਣਿਕ ਨਾਇਕਾ ਸ਼ਕੁੰਤਲਾ ਦੇ ਕਿਰਦਾਰ ਅਨੁਸਾਰ ਢਾਲਣ ਦਾ ਯਤਨ ਕੀਤਾ ਹੈ। ਇਸ ਨਾਵਲ ਨੂੰ ਉਸ ਹਰ ਸ਼ਕੁੰਤਲਾ ਦੇ ਨਾਮ, ਇਸ ਜਨਮ ਵਿਚ ਭਾਵੇਂ ਉਸ ਦਾ ਕੋਈ ਵੀ ਨਾਮ ਹੈ' ਸਮਰਪਿਤ ਕੀਤਾ ਹੈ। ਇਸ ਨਾਵਲ ਦੀ ਭੂਮਿਕਾ ਵਿਚ ਲਿਖੇ ਕੁਝ ਸ਼ਬਦ, 'ਜਿਵੇਂ : ਇਕ ਵਾਰ ਇੰਦਰ ਨੇ ਆਪਣਾ ਸਿੰਘਾਸਨ ਬਚਾਉਣ ਲਈ ਮੇਨਕਾ ਨੂੰ ਧਰਤੀ ਉਤੇ ਭੇਜਿਆ ਸੀ, ਜਿਸ ਨੇ ਵਿਸ਼ਵਾਮਿੱਤਰ ਦੀ ਸਮਾਧੀ ਭੰਗ ਕਰਕੇ ਇੰਦਰ ਦੇ ਸਿੰਘਾਸਨ ਨੂੰ ਤਾਂ ਬਚਾ ਲਿਆ ਪ੍ਰੰਤੂ ਵਿਸ਼ਵਾਮਿੱਤਰ ਤੇ ਮੇਨਕਾ ਦੇ ਸਹਿਵਾਸ ਨਾਲ ਸ਼ਕੁੰਤਲਾ ਦਾ ਜਨਮ ਹੋਇਆ ਸੀ ਜਿਸ ਨੂੰ ਧਰਤੀ ਉਤੇ ਛੱਡ ਕੇ ਮੇਨਕਾ ਵਾਪਸ ਇੰਦਰਪੁਰੀ ਚਲੀ ਗਈ ਸੀ। ਇਸੇ ਤਰ੍ਹਾਂ ਹੀ ਅਮਰ ਅਤੇ ਸੀਮਾ ਦੇ ਮਿਲਾਪ ਵਿਚੋਂ ਸਿਮਰਨ ਦਾ ਜਨਮ ਹੋਇਆ। ਸੀਮਾ ਰੂਹ ਦੇ ਦੇਸ਼ ਨੂੰ ਪਰਤ ਗਈ ਅਤੇ ਡਾ. ਅਮਰ ਕਲਕੱਤਾ ਚਲਾ ਗਿਆ ਤੇ ਸਿਮਰਨ ਨਾਨੀ ਤੇ ਮਾਮੇ ਪਾਸ ਪਲੀ। ਉਹ ਇਕੱਲੀ ਆਪਣੀ ਹੋਂਦ ਦਾ ਪ੍ਰਗਟਾ ਕਰਨਾ ਚਾਹੁੰਦੀ ਹੈ।

ਸਿਮਰਨ ਵਿਸ਼ਵ ਵਿਦਿਆਲੇ ਦੇ ਵਾਤਾਵਰਨ ਵਿਚ ਅਤੇ ਸ਼ਕੁੰਤਲਾ ਕੁਨਕ ਰਿਸ਼ੀ ਦੇ ਆਸ਼ਰਮ ਵਿਚ ਪਲਰਦੀ ਹੈ। ਬਲਦੇਵ ਸਿਮਰਨ ਨੂੰ ਦੁਸ਼ਿਅੰਤ ਦੇ ਰੂਪ ਵਿਚ ਵਰਨਾ ਤਾਂ ਚਾਹੁੰਦਾ ਹੈ ਪਰ ਉਹ ਤਾਂ ਪਹਿਲਾਂ ਹੀ ਲਵਲੀਨ ਨਾਮ ਦੀ ਕੁੜੀ ਨੂੰ ਹੋਟਲ ਦੇ ਕਮਰੇ ਵਿਚ ਜੇ ਮਾਲਾ ਪਾ ਦੇਂਦਾ ਹੈ। ਲਵਲੀਨ ਬਲਦੇਵ ਨੂੰ ਲੱਭਦੀ ਸਿਮਰਨ ਰਕ ਪੁੱਜਦੀ ਹੈ। ਸਿਮਰਨ ਉਸ ਨੂੰ ਸਲਾਹ ਦੇਂਦੀ ਹੈ ਕਿ ਬਲਦੇਵ ਵਰਗੇ ਮਾੜੇ ਵਿਅਕਤੀ ਲਈ ਜਿਉਣ ਦੀ ਥਾਂ ਉਹ ਆਪਣੇ ਲਈ ਜੀਵੇ। ਉਹ ਘਰ ਦੇ ਜਿਥੇ ਚਾਹੁੰਦੇ ਹਨ ਉਥੇ ਹੀ ਵਿਆਹ ਕਰਵਾ ਲੈਂਦੀ ਹੈ। ਬਲਦੇਵ ਉਸ ਦੇ ਵਿਆਹ ਸਮੇਂ "ਰਿਲੀਜ਼ਨ ਆਫ ਦਾ ਵਰਡ" ਨਾਮੀ ਪੁਸਤਕ ਦਾ ਤੋਹਫ਼ਾ ਦੇਂਦਾ ਹੈ ਤੇ ਉਹ ਸਦਾ ਲਈ ਵਿੱਛੜ ਜਾਂਦੇ ਹਨ। ਡਾ. ਟਿਵਾਣਾ ਦਾ ਇਸ ਨਾਵਲ ਵਿਚ ਇਹ ਵਿਚਾਰ ਉਘੜਦਾ ਹੈ ਕਿ ਲੜਕੀ ਨੂੰ ਮਾਪਿਆਂ ਦੀ ਮਰਜ਼ੀ ਨਾਲ ਹੀ ਵਿਆਹ ਕਰਨਾ ਚਾਹੀਦਾ ਹੈ ਜਾਂ ਨਹੀਂ? ਇਸ ਵਿਚਾਰ ਦੇ ਆਰ - ਪਾਰ ਹੀ ਇਹ ਨਾਵਲ ਘੁੰਮਦਾ ਹੈ। ਲੇਖਿਕਾ ਨੇ ਪਿਆਰ ਦੇ

ਸੁੰਦਰਤ ਵਿਚ ਤਜਰਬੇ ਜ਼ਿੰਦਗੀ ਵਿਚੋਂ ਨਿਕਲੇ ਤਜ਼ਰਬਿਆਂ ਦੇ ਤੱਤ ਵਜੋਂ ਪੇਸ਼ ਕੀਤੇ ਹਨ। ਇਸ ਵਿਚ ਦੁਬਿਧਾ ਦੀ ਝਲਕ ਹੈ ਜੋ ਸੀਮਾ ਦੀ ਰੂਹ ਦੁਆਰਾ ਇਸ ਨਾਵਲ ਵਿਚ ਪ੍ਰਵਿਰਤ ਹੈ। ਸੁਲਝੀ ਹੋਈ ਸਿਮਰਨ ਦਾ ਮਰਯਾਦਾ ਤੋਂ ਬਗ਼ਾਵਤ ਕਰਨ ਦਾ ਵਿਚਾਰ, ਤੀਸਰਾ ਦਵੰਧ ਮਿਸ ਸੋਧੀ ਦੀ ਉਦਾਸ ਜ਼ਿੰਦਗੀ, ਜਿਹੜੀ ਵਿਆਹ ਨਾ ਹੋਣ ਕਰਕੇ ਉਹ ਆਪਣੇ ਆਪ ਨੂੰ ਅਧੂਰੀ ਸਮਝਦੀ ਹੈ। ਸਿਮਰਨ ਦੇ ਪਾਪਾ ਦੀ ਜਿਗਿਆਸਾ ਅਤੇ ਉਸ ਦਾ ਸਿਮਰਨ ਨੂੰ ਮਿਲਣਾ, ਅਜਿਹੀਆਂ ਜੁਗਤਾਂ ਹਨ ਜੋ ਵਿਸ਼ੇ ਨੂੰ ਉਘਾੜਦੀਆਂ ਹਨ। ਸਮੱਸਿਆ, ਸਮੱਸਿਆ ਵਿਚ ਦਮ ਤੋੜਦੀ ਲਗਦੀ ਹੈ। ਵਿਆਹੀ ਤੇ ਅਣਵਿਆਹੀ ਇਸਤਰੀ, ਦੋਵੇਂ ਹੀ ਗਤੀਹੀਣ ਹਨ। ਇਸ ਨਾਵਲ ਵਿਚ ਵਿਸ਼ਾਦ ਤੋਂ ਕਿਤੇ ਵੀ ਪ੍ਰਚੰਡ ਦ੍ਰਿਸ਼ਟੀਬਿੰਦੂ ਨਹੀਂ ਉਸਰਦਾ । ਸਾਰੀ ਸਮੱਸਿਆ ਜਾਂ ਤਾਂ ਮਜਬੂਰੀ ਵਿਚ ਜਾਂ ਨਿਸ਼ਕਰਸ਼ਹੀਣ ਦਸ਼ਾ ਵਿਚ ਚਲਦੀ ਹੈ। ਯਥਾਰਥ ਦੋਹਾਂ ਸਥਿਤੀਆਂ ਵਿਚੋਂ ਹੀ ਲੋਪ ਹੈ। ਇਸ ਵਿਚ ਪ੍ਰਗੀਤਕ ਮੁਦਰਾ ਦਾ ਨਿਭਾਉ ਹੈ। ਕੋਈ ਪ੍ਰਸੰਗ ਵੀ ਦਵੰਧ ਨੂੰ ਉਘਾੜਣ ਦੇ ਸਮਰੱਥ ਨਹੀਂ।

ਲੇਖਿਕਾ ਸਮਾਜਿਕ ਵਿਰਾਸਤ ਵਿਚ ਜਿਉਂਦੀ ਤਾਂ ਹੈ ਪਰ ਉਸ ਨੂੰ ਇਸ ਦਾ ਚੇਤਨ ਗਿਆਨ ਨਹੀਂ। ਉਹ ਇਸਤਰੀ ਦੀ ਆਜ਼ਾਦੀ ਦੀ ਭਾਲ ਅਸਤਿਤਵ ਬਿੰਦੂ ਤੋਂ ਕਰਦੀ ਹੈ ਜਿਹੜੀ ਸਮਾਜ ਤੋਂ ਵੱਖਰੀ ਹੈ। ਮਾਨਵੀ ਅਜ਼ਾਦੀ ਦੇ ਪਹਿਲੂ ਤੋਂ ਹੀ ਇਸਤਰੀ ਦੀ ਅਜ਼ਾਦੀ ਨੂੰ ਸਮਝਿਆ ਜਾ ਸਕਦਾ ਹੈ। ਯਥਾਰਥਕਤਾ ਵਿਚੋਂ ਹੀ ਰਾਹ ਭਾਲਿਆ ਜਾ ਸਕਦਾ ਹੈ। ਇਸ ਵਿਚੋਂ ਸਿਰਜਣਾਤਮਕਤਾ ਲੋਪ ਹੈ।

**ਜਿਮੀ ਪੁਛੇ ਅਸਮਾਨ :**

"ਜ਼ਿਮੀਂ ਪੁਛੇ ਅਸਮਾਨ" ਨਾਵਲ ਦੀ ਵਾਰਤਾ ਦੇ ਬੀਜ ਹਸਤਾਖ਼ਰ ਤੇ ਪੈੜ-ਚਾਲ ਵਿਚ ਹਨ। ਉਸੇ ਬੀਜ ਤੋਂ ਬਣਿਆ ਬੂਟਾ ਇਸ ਨਾਵਲ ਵਿਚ ਪ੍ਰਫੁੱਲਤ ਹੋਇਆ ਹੈ। ਇਨ੍ਹਾਂ ਤਿੰਨਾਂ ਨਾਵਲਾਂ ਵਿਚ ਮਾਨਵ ਹੋਂਦ ਨੂੰ ਮਸਲਨ ਪ੍ਰਕਿਰਿਆ ਵਿਸ਼ਾਲ, ਗਹਿਰੀ ਅਤੇ ਪਤਲੀ ਹੋ ਨਿਬੜਦੀ ਹੈ। ਸ਼ੈਤਾਨੀ ਚਰਿੱਤਰ ਕਈ ਮੁੱਦੇ ਉਘੇੜਦਾ ਹੈ ਜਿਨ੍ਹਾਂ ਵਿਚੋਂ ਜੀਵਨ ਤਾਸਦੀ ਫੈਲ ਜਾਂਦੀ ਹੈ। ਇਸ ਵਿਚੋਂ ਅਸਲੀਲ, ਖਲਨਾਇਕ ਪੱਖ, ਵੱਖ ਵੱਖ ਖੇਤਰਾਂ ਵਿਚ ਭ੍ਰਿਸ਼ਟਾਚਾਰ, ਨਿਰਾਰਥਕ ਅਧਿਆਤਮਕ ਦ੍ਰਿਸ਼ਟੀ ਅਤੇ ਹਿੱਸਾ ਦੇ ਪਸਾਰ ਨੇ ਆਪਣੀ ਵਲ੍ਹੇਟ ਵਿਚ ਬਹੁਤ ਕੁਝ ਲੈ ਆਂਦਾ ਹੈ। ਲੇਖਿਕਾ ਉਨ੍ਹਾਂ ਤੋਂ ਪਰਦਾ ਲਾਹ ਕੇ ਇਨ੍ਹਾਂ ਨੂੰ ਚਾਨਣ ਵਿਚ ਨਹੀਂ ਲਿਆਉਂਦੀ ਪਰੰਤੂ ਉਸ ਦੀਆਂ ਇਨ੍ਹਾਂ ਤੇ ਮੂਰਤੀ ਲਿਖਤਾਂ ਵਿਚ ਇਹ ਨਿਸ਼ੇਧ ਕਿਸੇ ਨਾ ਕਿਸੇ

ਰੂਪ ਵਿਚ ਆਪਣੀ ਢਕੀ ਸੂਰਤ ਵਿਚੋਂ ਆਪਣਾ ਜਲਵਾ ਜ਼ਰੂਰ ਕਰਵਾ ਦੇਂਦਾ ਹੈ। ਹਸਤਾਖ਼ਰ ਦੇ ਪੰਜਵੇਂ ਕਾਂਡ ਵਿਚ ਅਮਰ ਬੋਲਦਾ ਹੈ "ਇਹ ਯੁੱਗ ਵਿਚ ਬੁੱਧ ਪੱਥਰ ਹੋ ਗਿਐ"। ਬੁੱਧ ਦੇ ਪੱਥਰ ਹੋਣ ਦਾ ਚਿੰਨ੍ਹ ਮਨੁੱਖ ਦੀਆਂ ਸਦਾਚਾਰਕ ਹਾਰਾਂ ਵਿਚੋਂ ਉਪਜੇ ਵਿਸ਼ਾਦ ਦਾ ਬੋਧ ਕਰਵਾਉਂਦਾ ਹੈ। ਬੁੱਧ ਦਾ ਪੱਥਰ ਹੋਣਾ ਸਮਾਜ ਦੀਆਂ ਅਨੇਕਾਂ ਦਿਸ਼ਾਵਾਂ ਦਾ ਸੂਚਕ ਹੈ। ਬੁੱਧ ਉਨਾਂ ਚਿਰ ਜਿਉਂਦਾ ਹੈ ਜਿੰਨਾਂ ਚਿਰ ਵਿਦਿਅਕ, ਸਮਾਜਿਕ ਅਤੇ ਰਾਜਸੀ ਅਦਾਰਿਆਂ ਵਿਚ ਨਾਰੀ ਦੀ ਨਿਰਮਲ ਰੂਪਾਂ ਨੂੰ ਪਹਿਚਾਣ ਦੀ ਨਜ਼ਰ ਅਤੇ ਵਿਆਪਕ ਵਹਿਮ ਜੀਵਤ ਹਨ। ਬੁੱਧ ਦੇ ਪੱਥਰ ਹੋਣ ਵਿਚ ਅਜੋਕੇ ਯੁੱਗ ਦਾ ਸਮੁੱਚਾ ਨਿਸ਼ੇਧ ਵਿਆਪਕ ਹੈ। ਨਾਵਲਕਾਰਾ ਇਸ ਵਿਚਾਰ ਦਾ ਹਲਕਾ ਜਿਹਾ ਝੋਲਾ ਪਵਾ ਕੇ ਅੱਗੇ ਤੁਰ ਪੈਂਦੀ ਹੈ। ਉਸ ਨੇ ਇਸ ਪ੍ਰਤੀ ਬਹੁਤ ਸੰਜਮੀ-ਯੁਗਤ ਵਰਤੀ ਹੈ। ਵੀ. ਸੀ. ਚਤਰੁੰਗ (ਹਸਤਾਖ਼ਰ) ਸੰਕੀਰਨ ਸੋਚ ਵਾਲਾ, ਪ੍ਰੋ. ਖੇੜਾ ਦੀ ਕਾਮ ਬ੍ਰਿਤੀ ਅਤੇ 'ਜ਼ਿਮੀਂ ਪੁਛੇ ਅਸਮਾਨ' ਵਿਚ ਐਮ. ਐਲ. ਏ. ਦੀ ਚਲਾਕੀ ਭਰੀ ਗੱਲਬਾਤ ਸਮਾਜ ਦੀ ਅਜੋਕੀ ਸਥਿਤੀ ਤੇ ਅਮਲ ਦਾ ਪ੍ਰਗਟਾਅ ਕਰਦਾ ਹੈ। ਲੇਖਿਕਾ ਵਲੋਂ ਇਸ਼ਾਰਿਆਂ ਵਿਚ ਚਿਤਰਿਆ ਭ੍ਰਿਸ਼ਟਾਚਾਰ 'ਜ਼ਿਮੀਂ ਪੁਛੇ ਅਸਮਾਨ' ਵਿਚ ਉਹ ਆਪਣੀ ਅਸਲੀਅਤ ਵਿਚ ਉਭਰ ਕੇ ਸਾਹਮਣੇ ਆਉਂਦਾ ਹੈ। ਇਕ ਪਾਸੇ ਬੇਬਸੀ ਦੀ ਦਸ਼ਾ ਜੀਵਨ ਨੂੰ ਹੁਲਾਸ ਵੱਲ ਧਕਦੀ ਹੈ, ਦੂਜੇ ਪਾਸੇ ਅੰਨ੍ਹੀ ਤੇ ਕਰੂਪ ਹਿੰਸਾ ਹਰ ਸਮੇਂ ਜੀਵਨ ਨੂੰ ਡੁਬੋਈ ਬੈਠੀ ਹੈ।

ਇਸ ਨਾਵਲ ਵਿਚ ਦਿੱਲੀ ਅਤੇ ਪੰਜਾਬ ਵਿਚ ਵਾਪਰੇ ਖ਼ੂਨੀ ਕਾਂਡ ਨਾਲ ਕੁਕਨੁਸ ਨਿਯਮ ਵਿਚ ਆਉਂਦੇ ਕੁਰਬਾਨੀ ਦੇ ਅਰਥਾਂ ਦਾ ਮੁੱਲ ਹੋਰ ਵੀ ਵਧ ਜਾਂਦਾ ਹੈ ਜਦ ਸਿਮਰਨ ਨੂੰ ਬੱਸ ਵਿਚ ਸਫ਼ਰ ਕਰਦੇ ਸਮੇਂ ਉਸ ਦੇ ਵਿਚਾਰ ਨੂੰ ਜ਼ਬਾਨ ਮਿਲਦੀ ਹੈ।

ਜਿੰਨਾ ਜਿੰਨਾ ਮਰਨ ਵਾਲੇ ਦਾ ਕਿਸੇ ਜਿਉਂਦੇ ਨਾਲ ਰਿਸ਼ਤਾ
ਹੁੰਦਾ ਹੈ ਉਨਾ ਉਨਾ ਉਹ ਜੀਉਣ ਵਾਲੇ ਨਾਲ ਜਿਉਂਦਾ ਵੀ ਹੈ,

ਸਿਮਰਨ ਜ਼ਿਮੀਂ ਦਾ ਪ੍ਰਤੀਕ ਹੈ ਜਿਹੜੀ ਮਰਦ ਰੂਪੀ ਅਸਮਾਨ ਅੱਗੇ ਹੀ ਨਹੀਂ ਸਗੋਂ ਔਰਤ ਦੀ ਸੋਚ ਅੱਗੇ ਪ੍ਰਸ਼ਨ ਚਿੰਨ੍ਹ ਬਣ ਕੇ ਆ ਖਲੋਤੀ ਹੈ। ਇਹ ਉਸ ਦੀ ਜਾਗਰਿਤ ਚੇਤਨਤਾ ਦਾ ਸੂਚਕ ਹੈ ਤੇ ਇਹੋ ਇਸਤਰੀ ਦਾ ਚੇਤਨਾ ਭਾਵ ਉਸਾਰਨਾ ਹੈ। ਇਸ ਵਿਚੋਂ ਟਿਵਾਣਾ ਦੀ ਇਸਤਰੀ ਸੰਵੇਦਨਾ ਨੂੰ ਸਮਝਣ ਅਤੇ ਉਸ ਨੂੰ ਗਲਪ ਵਿਚ ਬਿੰਬ ਰੂਪ ਵਿਚ ਪ੍ਰਗਟ ਕੀਤਾ ਹੈ।

# ਦੂਨੀ ਸੁਹਾਵਾ ਬਾਗ਼

ਡਾਕਟਰ ਦਲੀਪ ਕੌਰ ਟਿਵਾਣਾ ਨੇ "ਦੂਨੀ ਸੁਹਾਵਾ ਬਾਗ਼" ਵਿਚ ਅਜੋਕੇ ਮਨੁੱਖ ਦੀ ਮਨੋ ਸਥਿਤੀ ਦਾ ਪ੍ਰਗਟਾਵਾ ਕੀਤਾ ਹੈ। ਵਿਗਿਆਨ ਨੇ ਸਦੀਆਂ ਤੋਂ ਚਲੇ ਆ ਰਹੇ ਸੰਸਕਾਰਾਂ ਪ੍ਰਤਿ ਅਵਿਸ਼ਵਾਸ ਅਤੇ ਉਸ ਨੂੰ ਆਧੁਨਿਕ ਜੀਵਨ ਦੇ ਸੰਦਰਭ ਵਿਚ ਕੋਈ ਜੀਵਨ ਜਾਚ ਨਾ ਹੋਣ ਕਰਕੇ ਵਿਅਕਤੀ ਅਰਥਹੀਣ ਹੋ ਗਿਆ ਹੈ। ਸਦੀਆਂ ਦੇ ਸਮਾਜਿਕ ਵਿਕਾਸ ਵਿਚ ਉਪਜੇ ਰਿਸ਼ਤਿਆਂ ਦੇ ਪ੍ਰਤਿਮਾਨ ਅਚਾਨਕ ਅਰਥਹੀਣ ਨਹੀਂ ਹੋ ਸਕਦੇ ਸਗੋਂ ਵਿਸ਼ਾਲ ਜੀਵਨ ਜਾਚ ਦੀ ਉਸਾਰੀ ਦੁਆਰਾ ਹੀ ਪ੍ਰੰਪਰਾਗਤ ਜੀਵਨ ਮੁੱਲ ਨੂੰ ਸਥਾਪਤ ਕਰਨ ਦੀ ਪ੍ਰਕਿਰਿਆ ਆਰੰਭ ਹੋ ਸਕਦੀ ਹੈ। ਪਦਾਰਥਕ ਉਨਤੀ ਨਾਲ ਮਨੁੱਖ ਸਮਾਜ ਦੇ ਨਵੇਂ ਮੂਲ ਸਿਰਜ ਲੈਣ ਦਾ ਭਰਮ ਸਿਰਜ ਲੈਂਦਾ ਹੈ। ਇਸ ਭਰਮ ਵਿਚ ਮਨੁੱਖੀ ਰਿਸ਼ਤੇ ਆਪਣੀ ਜਗ੍ਹਾ ਤੋਂ ਥਿੜਕਦੇ ਹਨ।

"ਦੂਨੀ ਸੁਹਾਵਾ ਬਾਗ਼" ਦੀ ਗਾਥਾ ਬੇਜੀ ਬਸੰਤ ਕੌਰ ਤੇ ਉਸ ਦੀ ਸਹੇਲੀ ਭੂਆ ਰਾਮ ਦੇਈ ਦੇ ਮੰਦਰ ਵਿਚੋਂ ਭਗਵਤ ਪੁਰਾਣ ਦੀ ਕਥਾ ਸੁਣ ਕੇ ਬਾਹਰ ਆਣ ਤੋਂ ਅਰੰਭ ਹੁੰਦੀ ਹੈ ਤੇ ਬੇਜੀ ਦੀ ਮੌਤ ਤੇ ਰਾਮ ਦੇਈ ਵੱਲੋਂ ਉਹੋ ਕਥਾ ਅਰੰਭ ਕਰਨ ਤੇ ਸਮਾਪਤ ਹੁੰਦੀ ਹੈ। ਬੇਜੀ ਦੀ ਮੌਤ ਤਕ ਵੱਖੋ ਵੱਖ ਵਿਅਕਤੀਆਂ ਦੁਆਰਾ ਜੀਵਨ ਹੋਂਦ ਦੇ ਅਰਥਾਂ ਨੂੰ ਸਮਝਣ ਦੇ ਉਪਰਾਲੇ ਰਾਹੀਂ ਮਨੁੱਖੀ ਮਨ ਨੂੰ ਵੱਖ ਵੱਖ ਧਰਾਤਲਾਂ ਤੋਂ ਫਰੋਲਿਆ ਗਿਆ ਹੈ। ਬੇਜੀ ਤੇ ਭੂਆ ਦੀਆਂ ਜੜ੍ਹਾਂ ਪਰੰਪਰਾਗਤ ਸਭਿਆਚਾਰਕ ਵਿਰਸੇ ਵਿਚ ਹੋਣ ਕਾਰਨ ਉਨ੍ਹਾਂ ਦੀ ਬ੍ਰਹਿਮੰਡੀ ਚੇਤਨਾ ਵਿਸ਼ਾਲ ਤੇ ਮਨੁੱਖੀ ਜਜ਼ਬਿਆਂ ਦੀ ਸਾਂਝ ਨਾਲ ਭਰਪੂਰ ਹੈ। ਬੇਜੀ ਦੇ ਜਜ਼ਬੇ ਸਾਰੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈਣ ਦੇ ਸਮਰੱਥ ਹਨ। ਅਬਨਾਸ਼ ਤੇ ਰਮਨੀਕ ਆਧੁਨਿਕਤਾ ਦੇ ਨਾਂ ਹੇਠ ਅਜੋਕੀ ਸਭਿਆਚਾਰਕ ਪਰੰਪਰਾ ਦੀ ਸਥਾਪਤੀ ਵਿਚੋਂ ਮੁਕਤੀ ਦਾ ਮਾਰਗ ਲੱਭਦੀਆਂ ਹਨ। ਇਸ ਤਰ੍ਹਾਂ ਦੋਵੇਂ ਧਿਰਾਂ ਆਪਣੀ ਆਪਣੀ ਥਾਂ ਤੇ ਅਹਿਲ ਖੜ੍ਹੀਆਂ ਹਨ।

ਬੇਜੀ ਅਤੇ ਰਾਮ ਦੇਈ ਆਪਣੇ ਧਾਰਮਿਕ ਵਿਰਸੇ ਅਨੁਸਾਰ ਮਾਨਵਵਾਦੀ ਹਨ। ਉਹ ਪਰੰਪਰਾ ਨਾਲ ਜੁੜੀਆਂ ਹੋਈਆਂ ਹਨ। ਉਹ ਸਾਰੇ ਧਰਮਾਂ ਦਾ ਸਤਿਕਾਰ ਕਰਦੀਆਂ ਤੇ ਕਰਮ ਸਿਧਾਂਤ ਨੂੰ ਮੰਨਦੀਆਂ ਹਨ। ਉਹ ਸਮਾਜਿਕ ਯਥਾਰਥ ਅਨੁਸਾਰ ਨੈਤਿਕਤਾ ਉਤੇ ਚਲਦਿਆਂ ਸਰਬੱਤ ਦੇ ਭਲੇ ਦੀਆਂ ਇੱਛੁਕ ਹਨ। ਉਨ੍ਹਾਂ ਦਾ ਸਾਰੇ ਵਰਗ ਦੇ ਲੋਕ ਸਤਿਕਾਰ

ਕਰਦੇ ਹਨ। ਉਨਾਂ ਦਾ ਗਿਆਨ ਪਰਾਭੌਤਿਕਤਾ ਤਕ ਵਿਸਰਿਤ ਹੋਣ ਕਰਕੇ ਹਰ ਕੋਈ ਉਨਾ ਨਾਲ ਆਪਣਾ ਦੁਖ ਸੁਖ ਫੋਲਦਾ ਹੈ। ਇਹ ਦੋਵੇਂ ਅਜੋਕੇ ਵਿਅਕਤੀ ਦੀ ਅਰਥਹੀਣਤਾ ਪ੍ਰਤੀ ਗੁਆਚੇ ਅਰਥਾਂ ਪਤੀ ਵਿਕਰਮੰਦ ਹਨ। ਉਹ ਆਤਮ ਸਾਧਨਾਂ ਰਾਹੀਂ ਮਨੁੱਖਤਾ ਦੀ ਹੋਣੀ ਨੂੰ ਆਪਣੇ ਉਤੇ ਝਲਣਾ ਚਾਹੁੰਦੀਆਂ ਹਨ। ਉਹ ਮਾਨਵਵਾਦੀ ਭਾਵਨਾ ਤੋਂ ਸੱਖਣੀ ਜੀਵਨ ਹੋਂਦ ਨੂੰ ਅਰਥਹੀਣ ਮੰਨਦੀਆਂ ਹਨ। ਪਿੰਡਾਂ ਦੇ ਸਾਧਾਰਨ ਲੋਕ ਵੀ ਪੰਜੀਵਾਦੀ ਜੀਵਨ ਤੋਂ ਪ੍ਰਭਾਵਤ ਹੋਣੋਂ ਨਹੀਂ ਰਹਿ ਸਕੇ। ਉਹ ਪਿੰਡ ਜਾ ਕੇ ਧੰਨ ਕੁਰ ਦੀ ਨੂੰਹ ਵੱਲੋਂ ਕਣਕ ਵਿਚ ਪਾਉਣ ਵਾਲੀ ਦੁਆਈ ਖਾ ਕੇ ਮਰ ਜਾਣਾ, ਭਗਤ ਦੇ ਮੰਡੇ ਦਾ ਇਕੱਲਿਆਂ ਸ਼ਹਿਰ ਜਾ ਵਸਣਾ, ਜੈਮਲ ਦੇ ਮੁੰਡਿਆਂ ਦਾ ਪੁਲੀਸ ਹੱਥੋਂ ਕਤਲ ਸਭ ਇਸੇ ਪ੍ਰਬੰਧ ਦੀ ਹੀ ਦੇਣ ਹਨ। ਇਹ ਇਸ ਸਮੱਸਿਆ ਦਾ ਹੱਲ ਧਰਮ ਕਰਮ ਵਿਚੋਂ ਲੱਭਦੀਆਂ ਹਨ।

ਵਿਗਿਆਨ ਨੇ ਮਨੁੱਖ ਨੂੰ ਗਿਆਨ ਦਾ ਭੰਡਾਰ ਦਿੱਤਾ ਹੈ ਪਰ ਇਹ ਮਨੁੱਖ ਨੂੰ ਸਮਾਜਿਕ ਵਿਅਕਤੀ ਨਹੀਂ ਸਮਝਦਾ। ਇਹ ਮਨੁੱਖੀ ਸ਼ਖ਼ਸੀਅਤਾਂ ਦੀ ਸਿਰਜਣਾ ਦੀ ਬਜਾਏ ਉਸ ਨੂੰ ਖੰਡਿਤ ਕਰ ਰਿਹਾ ਹੈ। ਮਨੁੱਖ ਤਾਂ ਸਮਾਜਿਕ ਸਮੁੱਚਤਾ ਦਾ ਇਕ ਹਿੱਸਾ ਹੀ ਹੈ ਅਤੇ ਸਮੂਰਤਾ ਦੇ ਨਿਯਮ ਵਿਅਕਤੀ ਦੇ ਸੁਭਾ ਨੂੰ ਘੜਦੇ ਤੇ ਸੰਵਾਰਦੇ ਹਨ। ਮਨੋਵਿਗਿਆਨ ਦੀਆਂ ਅਸੰਤੁਲਿਤ ਲੱਭਤਾਂ ਉਸ ਦੀ ਮਾਨਸਿਕਤਾ ਨੂੰ ਭੰਗ ਕਰਕੇ ਉਸ ਨੂੰ ਸਵੈ ਕੇਂਦਰਿਤ ਬਣਾ ਰਹੀਆਂ ਹਨ। ਅਜੋਕਾ ਵਿਅਕਤੀ ਪਰੰਪਰਾ ਨੂੰ ਤਜ ਕੇ ਕੁਝ ਨਵੇਂ ਪ੍ਰਤਿਮਾਨ ਸਿਰਜਣ ਦਾ ਭਰਮ ਸਿਰਜਦਾ ਹੈ। ਇਹ ਮਨੁੱਖੀ ਮਨ ਦੀ ਖੰਡਤਾ ਵਜੋਂ ਉਭਰਦੇ ਹਨ। ਅਬਨਾਸ਼ ਬੇਜੀ ਦੀ ਨੂੰਹ ਤੇ ਰਮਨੀਕ ਬੇਜੀ ਦੀ ਧੀ ਪਰੰਪਰਾ ਵਿਰੋਧੀ ਹੋਣ ਕਰਕੇ ਉਨ੍ਹਾਂ ਦੀ ਆਪਸ ਵਿਚ ਅਣਬਣ ਵਿਖਾ ਕੇ ਲੇਖਿਕਾ ਨੇ ਆਧੁਨਿਕਤਾ ਤੇ ਵਿਅੰਗ ਕੀਤਾ ਹੈ। ਅਬਨਾਸ਼ ਦਾ ਵਿਵਹਾਰ ਬੇਜੀ ਦੀ ਸੂਝ ਤੇ ਸਲੀਕੇ ਅੱਗੇ ਅਧੂਰਾ ਹੈ। ਉਹ ਪਰੰਪਰਾ ਨੂੰ ਅਰਥਹੀਣ ਤੇ ਤਿਆਗਣ ਯੋਗ ਸਮਝਦੀ ਹੈ। ਉਹ ਆਪਣੇ ਸਹੁਰੇ ਪਰਿਵਾਰ ਦੇ ਭ੍ਰਿਸ਼ਟਾਚਾਰ ਦੇ ਉਲਟ, ਵੱਡਿਆਂ ਦੀ ਨਿਰਾਦਰੀ, ਬੱਚਿਆਂ ਪ੍ਰਤੀ ਨਿਰਮੋਹ, ਨੌਕਰਾਂ ਨੂੰ ਘਿਰਣਾ, ਫ਼ਿਲਮ ਫੇਅਰ ਵਿਚ ਰੁਚੀ, ਚੁਗ਼ਲੀ, ਲਾਲਚ ਤੇ ਕਲਸ਼ ਆਦਿ ਦੀਆਂ ਰੁਚੀਆਂ ਦੀ ਮਾਲਕ ਹੈ। ਗਰਭਪਾਤ ਕਰਾਉਣ ਨਾਲ ਉਸ ਦੇ ਮਨ ਉਤੇ ਕੋਈ ਅਸਰ ਨਹੀਂ। ਉਹ ਪਰੰਪਰਾ, ਧਰਮ ਕਰਮ ਅਤੇ ਮਨੁੱਖੀ ਰਿਸ਼ਤਿਆਂ ਨੂੰ ਤਜ ਕੇ ਪਦਾਰਥਕ ਭੋਗ ਭੋਗਣ ਤਕ ਹੀ ਸੀਮਤ ਹੈ। ਆਤਮਕ ਸੋਚ ਉਸ ਦੀ ਸੂਝ ਤੋਂ ਉਚੀਆਂ ਗੱਲਾਂ ਹੋਣ ਕਰਕੇ ਉਸ ਨੂੰ ਨਿਰਾਰਥਕ ਲਗਦੀਆਂ ਹਨ। ਆਧੁਨਿਕ ਇਸਤਰੀ ਵਿਚ ਉਤਪੰਨ ਹੋ ਰਹੀਆਂ ਅਸੁਭਾਵਿਕ ਰੁਚੀਆਂ ਅਤੇ ਆਤਮਕ ਭਾਵ ਤੋਂ ਸੱਖਣੀ

ਇਸਤਰੀ ਦੀ ਆਜ਼ਾਦੀ ਦੇ ਨਾਂ ਹੇਠਾਂ ਉਭਰ ਰਹੀ ਆਧੁਨਿਕਤਾ ਅਤੇ ਨਕਾਰਾਤਮਕ ਪੱਖਾ ਨੂੰ ਰੱਦ ਕਰਨ ਦੀ ਦਲੇਰੀ ਲੇਖਿਕਾ ਦਾ ਸ਼ਲਾਘਾਯੋਗ ਪੱਖ ਹੈ।

ਬੇਜੀ ਦੀ ਧੀ ਰਮਨੀਕ ਵੀ ਪੱਛਮੀ ਸਭਿਆਚਾਰ ਦੇ ਪ੍ਰਭਾਵ ਅਧੀਨ ਇਸਤਰੀ ਵਿਚ ਉਭਰੀ ਚੇਤਨਤਾ ਕਾਰਨ ਪਰੰਪਰਾ ਤੋਂ ਮੁਕਤ ਹੋ ਕੇ ਜੀਉਣ ਦਾ ਰਾਹ ਚੁਣਦੀ ਹੈ। ਉਸ ਦਾ ਇਹ ਚੁਣਿਆ ਮਾਰਗ ਮਾਰੂ ਸਿੱਧ ਹੁੰਦਾ ਹੈ। ਉਹ ਆਪਣੀ ਕੱਚੀ ਸੋਚ ਕਾਰਨ ਇੰਦਰ ਦੇਵ ਨੂੰ ਮਹਾਨ ਪੁਰਸ਼ ਸਮਝ ਕੇ ਉਸ ਅੱਗੇ ਆਪਾ ਸਮਰਪਿਤ ਕਰ ਦੇਂਦੀ ਹੈ। ਬੇਜੀ ਇੰਦਰ ਦੇ ਚਰਿੱਤਰ ਬਾਰੇ ਸਮਝ ਜਾਂਦੇ ਹਨ ਕਿ ਇਹ ਕੇਵਲ ਸਾਹਿਤ ਰਚਦਾ ਹੈ. ਜੀਉਂਦਾ ਨਹੀਂ। ਇਸ ਕਰਕੇ ਉਸ ਦੀਆਂ ਰਚਨਾਵਾਂ ਵਿਚ ਜੀਵਨ ਮਾਰਗ ਦੀ ਘਾਟ ਹੈ। ਲੇਖਿਕਾ ਨੇ ਇੰਦਰ ਦੇਵ ਰਾਹੀਂ ਆਧੁਨਿਕ ਸਾਹਿਤਕਾਰਾਂ/ਕਲਾਕਾਰਾਂ ਦੇ ਬੌਂਣੇ ਵਿਅਕਤੀਤਵ ਵੱਲ ਸੰਕੇਤ ਕਰਕੇ ਸਾਹਿਤ, ਸਮਾਜ ਤੇ ਸਾਹਿਤਕਾਰ ਦੇ ਅੰਤਰ ਸਬੰਧਾਂ ਦੇ ਮੁੱਢਲੇ ਪ੍ਰਸ਼ਨਾਂ ਨੂੰ ਉਭਾਰਿਆ ਹੈ। ਬੇਜੀ ਇਸ ਵਿਚਾਰ ਤੇ ਤਾਂ ਸਹਿਮਤ ਹਨ ਕਿ ਲੇਖਕ ਰੱਬ ਦੇ ਤੁਲ ਹੁੰਦਾ ਹੈ ਪਰ ਆਧੁਨਿਕ ਸਾਹਿਤਕਾਰ ਖ਼ਾਸ ਕਰਕੇ ਇੰਦਰ ਦੇਵ ਬਾਰੇ ਦੋਹਾਂ ਦੀ ਸੋਚਣੀ ਵਿਚ ਅੰਤਰ ਹੈ। ਰਮਨੀਕ ਇੰਦਰ ਦੇਵ ਨੂੰ ਮਹਾਨ ਪੁਰਸ਼ ਸਮਝਦੀ ਹੈ ਪਰ ਬੇਜੀ ਉਸ ਨੂੰ ਸਧਾਰਨ ਸਮਝਦੇ ਹਨ। ਉਹ ਸਮਝਦੀ ਹੈ ਕਿ ਉਸ ਨੇ ਆਪਾ ਸਮਰਪਿਤ ਕਰਕੇ ਮਹਾਨ ਪੁਰਸ਼ ਨੂੰ ਟੁੱਟਣ ਤੋਂ ਬਚਾ ਲਿਆ ਹੈ। ਉਸ ਦਾ ਇਹ ਭਰਮ ਉਦੋਂ ਟੁੱਟਦਾ ਹੈ ਜਦੋਂ ਉਸ ਤੋਂ ਪ੍ਰਾਪਤ ਕੀਤਾ ਬੱਚਾ ਇਨਸਾਨ ਦਾ ਬੱਚਾ ਨਹੀਂ ਲਗਦਾ, ਇਸ ਘਟਨਾ ਤੋਂ ਬਾਅਦ ਉਹ ਇੰਦਰ ਦੇਵ ਨਾਲੋਂ ਪੂਰੇ ਸਬੰਧ ਤੋੜ ਲੈਂਦੀ ਹੈ। ਉਹ ਆਧੁਨਿਕਤਾ ਨੂੰ ਤਜ ਕੇ ਪਰੰਪਰਾ ਵੱਲ ਮੁੜਦੀ ਹੈ। ਏਥੇ ਲੇਖਿਕਾ ਦਾ ਇਹ ਵਿਚਾਰ ਸਾਕਾਰ ਹੁੰਦਾ ਹੈ ਕਿ ਆਧੁਨਿਕਤਾ ਅਤੇ ਪਰੰਪਰਾ ਨੂੰ ਤਜ ਕੇ ਨਵੀਂ ਸੋਚ ਨੂੰ ਵਿਸਥਾਪਤ ਕਰਨ ਦੇ ਸਮਰੱਥ ਨਹੀਂ ਹੋ ਸਕਦੀ।

ਇਸਤਰੀ ਦੀ ਬਜ਼ੁਰਗੀ ਨਾਲ ਹੀ ਉਸ ਦੀ ਸਮਾਜਿਕ ਮਰਯਾਦਾ ਵਧਦੀ ਹੈ, ਅਜੋਕੀ ਇਸਤਰੀ ਪਰੰਪਰਾਗਤ ਰੀਤੀ ਨੂੰ ਤਿਆਗ ਕੇ ਆਪਣੀ ਸਵਤੰਤਰਤਾ ਦਾ ਮਾਰਗ ਭਾਲਦੀ ਹੋਈ ਬਜ਼ੁਰਗ ਇਸਤਰੀਆਂ ਦੇ ਪ੍ਰਾਪਤ ਮਾਣ ਮਰਯਾਦਾ ਨੂੰ ਸਮਾਪਤ ਕਰ ਰਹੀ ਹੈ। ਬੇਜੀ ਦੀ ਭਾਵਨਾ ਸਰਬੱਤ ਦਾ ਭਲਾ ਲੋਚਦੀ, 'ਸਭੇ ਸਾਂਝੀਵਾਲ ਸਦਾਇਨ' ਦੇ ਮਾਰਗ ਉਤੇ ਚਲਦੀ ਹੈ। ਬੇਜੀ ਨੂੰ ਸਭ ਵੱਲੋਂ ਮਿਲਦਾ ਪਿਆਰ ਤੇ ਸਤਿਕਾਰ ਉਸ ਦੇ ਆਪੇ ਦੀ ਹੀ ਦੇਣ ਹੈ। ਉਹ ਦੂਸਰਿਆਂ ਦੇ ਦੁਖਾਂ ਨੂੰ ਉਨ੍ਹਾਂ ਦੀ ਥਾਂ ਤੇ ਖਲੋ ਕੇ ਮਹਿਸੂਸਦੀ ਹੈ। ਅਬਨਾਸ਼ ਤੇ ਰਮਨੀਕ ਉਨ੍ਹਾਂ ਨੂੰ ਦੁਖੀ ਕਰਕੇ ਅਜਿਹੇ ਮੋੜ ਤੇ ਲਿਆ ਖੜ੍ਹਾ ਕਰਦੀਆਂ ਹਨ ਕਿ ਦੁਨੀਆਂ ਦੇ ਇਸ ਬਾਗ਼ ਨੂੰ ਸੁਹਾਵਾ ਬਣਾਈ ਰੱਖਣ ਲਈ ਬੇਜੀ ਦਾ ਬਲੀਦਾਨ ਅਵੱਸ਼ਕ ਬਣ ਗਿਆ ਹੈ।

ਅਬਨਾਸ਼ ਦਾ ਉਨ੍ਹਾਂ ਪ੍ਰਤੀ ਅਪਮਾਨਜਨਕ ਰਵੱਈਆ ਉਨ੍ਹਾਂ ਨੂੰ ਮੌਤ ਵੱਲ ਮੋੜਦਾ ਹੈ। ਅਬਨਾਸ਼ ਦਾ ਇਹ ਰਵੱਈਆ ਮਾਨਵਤਾ ਵਿਰੋਧੀ ਵੀ ਹੈ, ਉਹਦਾ ਸਵੈ ਸਮਾਜ ਅਤੇ ਸ੍ਰਿਸ਼ਟੀ ਪ੍ਰਤੀ ਸੋਚ ਅੱਲੜ ਮੱਤ ਵਿਚੋਂ ਉਪਜੀ ਹੈ, ਉਸ ਦੀ ਚੇਤਨਤਾ ਉਸ ਦੀ ਮਾਨਸਿਕਤਾ ਵਿਚ ਕੋਈ ਬੁਨਿਆਦੀ ਅੰਤਰ ਨਹੀਂ ਲਿਆ ਸਕੀ।

ਟਿਵਾਣਾ ਨੇ ਇਸ ਨਾਵਲ ਵਿਚ ਪੰਜਾਬ ਸਮੱਸਿਆ ਨਾਲ ਸਬੰਧਿਤ ਵਿਰੋਧੀ ਧਿਰ ਦੇ ਸਬੰਧੀਆਂ ਦੁਆਰਾ ਭੋਗੇ ਜਾ ਰਹੇ ਸੰਤਾਪ ਨੂੰ ਵੀ ਪ੍ਰਗਟ ' ਕੀਤਾ ਹੈ। ਈਸ਼ਰ ਸਿੰਘ ਇਹ ਸੰਤਾਪ ਝੱਲ ਰਿਹਾ ਹੈ ਕਿਉਂਕਿ ਉਸ ਦਾ ਪੁੱਤਰ ਦਰਸ਼ਨ ਪੁਲੀਸ ਘੇਰੇ ਵਿਚ ਆ ਜਾਣ ਕਰਕੇ ਆਤਮ ਹੱਤਿਆ ਕਰ ਲੈਂਦਾ ਹੈ। ਪੁਲੀਸ ਈਸ਼ਰ ਸਿੰਘ ਵੱਲੋਂ ਜ਼ਮੀਨ ਵੇਚ ਕੇ ਕੁੜੀ ਦੇ ਵਿਆਹੁਣ ਲਈ ਰੱਖਿਆ ਡੇਢ ਲੱਖ ਰੁਪਈਆ ਹਥਿਆਣਾ ਚਾਹੁੰਦੀ ਹੈ। ਉਹ ਲਾਚਾਰ ਹੋ ਕੇ ਬੇਜੀ ਪਾਸ ਫਰਿਆਦ ਕਰਦਾ ਹੈ ਕਿ ਉਹ ਨਿਰਦੋਸ਼ ਹੋ ਇਸ ਕਰਕੇ ਆਪਣੇ ਲੜਕੇ ਮਹਿੰਦਰ ਨੂੰ ਆਖ ਕੇ ਉਸ ਦਾ ਪੁਲੀਸ ਪਾਸੋਂ ਖਹਿੜਾ ਛੁਡਾ ਦਿੱਤਾ ਜਾਵੇ।

ਲੇਖਿਕਾ ਦੇ ਇਸ ਨਾਵਲ ਵਿਚਲੇ ਪਾਤਰ ਫਿਰਕੂ ਸੋਚ ਵਾਲੇ ਨਹੀਂ ਅਤੇ ਨਾ ਹੀ ਉਹ ਮਾਨਵਤਾ ਦਾ ਲੜ ਹੀ ਛਡਦੇ ਹਨ। ਈਸ਼ਰ ਸਿੰਘ ਇਸ ਸੰਕਟ ਭਰੇ ਤਣਾਓ ਪੂਰਨ ਮਾਹੌਲ ਵਿਚ ਵੀ ਪੁਲੀਸ ਤੋਂ ਬਚ ਕੇ ਮਦਦ ਲਈ ਕਰਮ ਚੰਦ ਪਾਸ ਜਾਂਦਾ ਹੈ ਅਤੇ ਉਹ ਉਸ ਨੂੰ 300/- ਰੁਪਏ ਦੇ ਕੇ ਯੂ. ਪੀ. ਵੱਲ ਤੋਰ ਦੇਂਦਾ ਹੈ। ਲੇਖਿਕਾ ਦੀ ਇਹ ਸੋਚ ਮਾਨਵਤਾ ਪ੍ਰਤੀ ਸੱਚੀ - ਸਚੀ ਤੇ ਬੇਲਾਗ ਪਤੀਬੱਧਤਾ ਦੀ ਲਖਾਇਕ ਹੈ, ਉਸ ਅਨੁਸਾਰ ਮਨੁੱਖਤਾ ਦਾ ਦਰਦ ਸਾਂਝਾ ਹੈ। ਪੰਜਾਬ ਦੇ ਇਸ ਸੰਤਾਪ ਨੂੰ ਮਿਲ ਕੇ ਹੀ ਦੂਰ ਕੀਤਾ ਜਾ ਸਕਦਾ ਹੈ। ਇਸ ਨਾਵਲ ਦੇ ਪਾਤਰ ਅਨਿਆਈ ਮੌਤ ਨੂੰ ਬਹੁਤ ਮਹਿਸੂਸਦੇ ਹਨ। ਕਈ ਪਾਤਰ ਜਿਵੇਂ ਡਾਕਟਰਨੀ। ਕੁੜੀ, ਬੇਜੀ ਦੀ ਭੈਣ ਚੰਦ ਕੌਰ, ਰਾਣੀ ਆਦਿ ਦੀਆਂ ਜਵਾਨੀ ਦੀਆਂ ਮੌਤਾਂ ਬੇਜੀ ਦੀ ਆਤਮਾ ਨੂੰ ਹਲੂਣ ਜਾਂਦੀਆਂ ਹਨ। ਅਬਨਾਸ਼ ਵੱਲੋਂ ਗਰਭਪਾਤ ਦੇ ਸੰਤਾਪ ਨੂੰ ਦੂਰ ਕਰਨ ਲਈ ਬੇਜੀ ਚਲੀਹਾ ਕੱਟ ਕੇ ਆਪਣਾ ਬਲੀਦਾਨ ਦੇ ਦੇਂਦੇ ਹਨ। ਬੇਜੀ ਤੇ ਰਾਮ ਦੇਈ ਸਰਬ ਸਾਂਝੇ ਅਤੇ ਸਰਬੱਤ ਦੇ ਭਲੇ ਦੀ ਚਾਹਨਾ ਰੱਖਦੇ ਹਨ।

ਦਲੀਪ ਕੌਰ ਨੇ ਇਸ ਨਾਵਲ ਵਿਚ ਆਧੁਨਿਕਤਾ ਦੀ ਹੋਣੀ ਤੇ ਪ੍ਰਸ਼ਨ ਚਿੰਨ੍ਹ ਲਾ ਕੇ ਇਸ ਨੂੰ ਮੋਲਿਕ, ਨਿਵੇਕਲੀ ਤੇ ਅਰਥਮਈ ਨੁਹਾਰ ਦਿੱਤੀ ਹੈ। ਅਬਨਾਸ਼ ਨੂੰ ਆਧੁਨਿਕਤਾ ਦੀ ਖਿੱਚ ਦਾ ਕਾਰਨ ਬਣਾਇਆ ਹੈ ਜਿਸ ਦਾ ਜੀਵਨ ਪਰੰਪਰਾ ਤੋਂ ਟੁੱਟੇ ਹੋਣ ਕਾਰਨ ਅਧੂਰਾ ਹੈ।

ਇਹ ਲੇਖਿਕਾ ਦੀ ਸਵੈ ਜੀਵਨੀ ਪਰਕ ਨਾਵਲ ਹੈ। ਉਹ ਬੇਜੀ ਦੇ ਅਭਾਵ ਨੂੰ ਮਨੋਂ ਮਹਿਸੂਸਦੀ ਹੈ। ਇਹ ਨਾਵਲ ਵਿਅਕਤੀ ਨੂੰ ਆਪਣੇ ਵਿਰਸੇ ਨਾਲ ਜੁੜੇ ਰਹਿਣ ਲਈ ਪ੍ਰੇਰਦਾ

ਹੈ ਅਤੇ ਆਧੁਨਿਕਤਾ ਦੇ ਖੋਖਲੇਪਣ ਨੂੰ ਉਜਾਗਰ ਕਰਦਾ ਹੈ, ਉਹ ਰਮਨੀਕ ਦੇ ਪਰੰਪਰਾ ਵੱਲ ਮੁੜਨ ਤੇ ਇਹ ਵਿਚਾਰ ਦੇਂਦੀ ਹੈ ਕਿ ਪਰੰਪਰਾ ਦੀ ਬੁਨਿਆਦ ਮਜ਼ਬੂਤ ਹੈ, ਇਸ ਨੂੰ ਤਜ ਕੇ ਵਿਅਕਤੀ ਨਰੋਏ ਸਮਾਜ ਦੀ ਸਿਰਜਣਾ ਨਹੀਂ ਕਰ ਸਕਦਾ। ਪਰੰਪਰਾ ਹੀ ਉਸ ਨੂੰ ਸਵੈ ਦੀ ਭਾਲ ਦਾ ਮਾਰਗ ਵਿਖਾ ਕੇ ਉਸ ਦੇ ਮਨ ਦੀ ਤ੍ਰਿਪਤੀ ਵੱਲ ਲੈ ਜਾਂਦੀ ਹੈ । ਇਹ ਉਸ ਦਾ ਵਿਸ਼ਾ ਨਰੋਆ ਅਤੇ ਆਧੁਨਿਕਤਾ ਨੂੰ ਮੰਨਣ ਵਾਲਿਆਂ ਪ੍ਰਤੀ ਇਕ ਸਪਸ਼ਟ ਫਤਵਾ ਹੈ।

ਇਸ ਨਾਵਲ ਤਕ ਪੁੱਜਦਿਆਂ ਅਸਾਂ ਡਾ. ਦਲੀਪ ਕੌਰ ਟਿਵਾਣਾ ਦੇ ਗਲਪ ਸੰਸਾਰ ਉਤੇ ਇਕ ਪੰਛੀ ਝਾਤ ਮਾਰੀ ਹੈ। ਉਸ ਦੀ ਇਸਤਰੀ ਸਬੰਧੀ ਸੰਵੇਦਨਾ, ਉਸ ਦੀ ਦ੍ਰਿਸ਼ਟੀ ਉਸ ਦੀ ਕਥਾਨਤ ਅਤੇ ਪਾਤਰ ਉਸਾਰੀ ਦੇ ਗੁਣ ਸਾਡੇ ਸਾਹਮਣੇ ਨਿਖ਼ਰ ਕੇ ਆ ਗਏ ਹਨ। ਅਸੀਂ ਅੱਗੇ ਉਸ ਦੀ ਗਲਪ ਕਲਾ ਨੂੰ ਉਸ ਦੀ ਰਚਨਾਤਮਿਕ ਦ੍ਰਿਸ਼ਟੀ ਤੋਂ ਵੇਖਣ ਦਾ ਯਤਨ ਕਰਾਂਗੇ।

## ਇਸਤਰੀ ਗਲਪ ਲੇਖਿਕਾ ਡਾ. ਦਲੀਪ ਕੌਰ ਟਿਵਾਣਾ

ਡਾਕਟਰ ਦਲੀਪ ਕੌਰ ਟਿਵਾਣਾ ਪੰਜਾਬੀ ਸਾਹਿਤ ਦੇ ਗਲਪ ਖੇਤਰ ਵਿਚ ਉਘਾ ਸਥਾਨ ਰਖਦੀ ਹੈ। ਉਹ ਹੁਣ ਤਕ ਪੰਜਾਬੀ ਸਾਹਿਤ ਨੂੰ ਵੀਹ ਨਾਵਲ ਦੇ ਚੁੱਕੀ ਹੈ। ਉਸ ਨੇ ਆਪਣੇ ਗਲਪ ਵਿਚ ਇਸਤਰੀ ਦੀ ਮਨੋ-ਪੀੜਾ ਅਤੇ ਇਸ ਪੀੜਾ ਤੋਂ ਉਪਜੀ ਤ੍ਰਾਸਦਿਕ ਸਥਿਤੀ ਨੂੰ ਸਮਾਜਿਕ ਸੰਦਰਭ ਵਿਚ ਰੱਖ ਕੇ ਚਿਤਰਿਆ ਹੈ। ਇਸ ਦ੍ਰਿਸ਼ਟੀ ਤੋਂ ਉਸ ਦੀ ਸੋਚ ਨਿਵੇਕਲੀ ਉਭਰਦੀ ਹੈ। ਉਹ ਆਪਣੀ ਗਹਿਰ-ਗੰਭੀਰ ਸੋਚ ਕਰਕੇ ਇਕ ਸੰਭਾਵਨਾ ਭਰਪੂਰ ਲੇਖਿਕਾ ਹੈ। ਉਹ ਕਾਫ਼ੀ ਸਮੇਂ ਤੋਂ ਇਸਤਰੀ ਦੀ ਆਤਮ ਤਲਾਸ਼ ਦੇ ਬਿੰਦ ਤੇ ਆਪਣੇ ਗਲਪ ਦੀ ਸਿਰਜਣਾ ਕਰਦੀ ਆ ਰਹੀ ਹੈ।

ਪੰਜਾਬੀ ਗਲਪ-ਖੇਤਰ ਵਿਚ ਸਭ ਤੋਂ ਪਹਿਲਾ ਨਾਂ ਇਸਤਰੀ ਲੇਖਿਕਾ ਵੱਲੋਂ ਅੰਮ੍ਰਿਤਾ ਪ੍ਰੀਤਮ ਦਾ ਆਉਂਦਾ ਹੈ। ਅੰਮ੍ਰਿਤਾ-ਪ੍ਰੀਤਮ ਦੇ ਸਾਹਿਤ ਖੇਤਰ ਵਿਚ ਆਉਣ ਤੋਂ ਆਧੁਨਿਕ ਕਾਲ ਦੇ ਸਾਹਿਤ ਵਿਚ ਜੋ ਨਾਰੀ ਬਿੰਬ ਪ੍ਰਸਤੁਤ ਹੋਇਆ ਹੈ ਉਹ ਅਚੇਤੇ ਹੀ ਮੱਧਕਾਲੀ ਸ਼੍ਰਿਸ਼ਟਾਚਾਰ ਦੇ ਅੰਤਰਗਤ ਸਥਿਰ ਹੋਈ ਨਾਰੀ ਬਿੰਬ ਦਾ ਵਧਾ ਮਾਤਰ ਹੀ ਕਿਹਾ ਜਾ ਸਕਦਾ ਹੈ। ਭਾਈ ਵੀਰ ਸਿੰਘ, ਸ. ਨਾਨਕ ਸਿੰਘ, ਸ. ਗੁਰਬਖਸ਼ ਸਿੰਘ ਪ੍ਰੀਤਲੜੀ ਆਦਿ ਸਾਹਿਤਕਾਰ ਆਦਰਸ਼ ਬਿੰਦੂ ਉਤੇ ਨਾਰੀ ਦੇ ਚਰਿੱਤਰ ਨੂੰ ਆਪਣੇ ਸਾਹਿਤ ਰਾਹੀਂ ਉਘਾੜ ਚੁੱਕੇ ਹਨ। ਉਹ ਉਘੜਿਆ ਚਿੱਤਰ ਜਾਗੀਰਦਾਰੀ ਸੋਚਣੀ ਨੂੰ ਤਜ ਨਹੀਂ ਸਕਿਆ।

ਇਸਤਰੀ ਸਾਹਿਤਕਾਰ ਦੇ ਰੂਪ ਵਿਚ ਸਭ ਤੋਂ ਵਧ ਮਾਣ ਪ੍ਰਤਿਸ਼ਠਾ ਅਤੇ ਯੋਗਤਾ ਅੰਮ੍ਰਿਤਾ ਪ੍ਰੀਤਮ ਨੂੰ ਪ੍ਰਾਪਤ ਹੈ। ਉਸ ਨੇ ਜਾਗੀਰਦਾਰੀ ਵਿਚਾਰਧਾਰਾ ਦੀਆਂ ਸੀਮਾਵਾਂ ਦੇ ਅੰਤਰਗਤ ਨਾਰੀ-ਬਿੰਬ ਨੂੰ ਤੋੜਿਆ ਵੀ ਹੈ ਤੇ ਸਮਾਜ ਵਿਚ ਨਾਰੀ ਨੂੰ ਇਕ ਭਰਵੇਂ ਤੇ ਨਿੱਗਰ ਅਸਤਿਤਵ ਵਾਲੇ ਵਿਅਕਤਿਤਵ ਵਿਚ ਜਗਾਉਣ ਵਾਲੀ ਸੁਤੰਤਰਤਾ ਦਾ ਮਾਰਗ ਵੀ ਦਰਸਾਇਆ ਹੈ। ਆਪਣੀ ਸਾਹਿਤ ਯਾਤਰਾ ਦੇ ਆਰੰਭ ਵਿਚ ਉਹ ਮੱਧਕਾਲੀ ਪਰੰਪਰਾ ਵਿਚ ਸਥਿਰ ਹੋਈ ਮਾਨਸਿਕਤਾ ਨਾਲ ਇਕ ਸੁਰ ਹੋ ਕੇ ਤੁਰਦੀ ਹੈ। ਜਿਉਂ ਜਿਉਂ ਉਸ ਨੂੰ ਨਾਰੀ ਦੀ ਵਿਵਸਥਾ ਦਾ ਗਿਆਨ ਹੁੰਦਾ ਹੈ ਤਿਉਂ ਤਿਉਂ ਉਹ ਇਕ ਪੱਧਰ ਤੇ ਨਾਰੀ ਦੀ ਗ਼ੁਲਾਮੀ ਨੂੰ ਦ੍ਰਿੜ੍ਹ ਕਰਦੀ ਹੈ । ਉਸ ਦੀ ਜੁਗਾਂ-ਜੁਗਾਂਤਰਾਂ ਤੋਂ ਚਲੀ ਆ ਰਹੀ ਦਸ਼ਾ ਦੀ ਸਮੂਰਤ ਪੇਸ਼ਕਾਰੀ ਕਰਦੀ ਹੈ ਤੇ ਦੂਸਰਾ ਇਸ ਉਪਰ ਆਪ ਕਾਵਿ ਵਿਅੰਜਨਾ ਦੀ ਸ਼ਕਤੀ ਦੁਆਰਾ ਕਰਾਰਾ

ਵਿਅੰਗ ਵੀ ਕਰਦੀ ਹੈ। ਉਹ ਮਰਦ ਪ੍ਰਧਾਨ ਸਮਾਜ ਵਿਚ ਸਥਿਰ ਹੋਈ ਨਾਰੀ ਪ੍ਰਤੀਮਾਨ ਤੋਂ ਵਿਦਰੋਹ ਕਰਦੀ ਹੈ।

ਅੰਮ੍ਰਿਤਾ ਪ੍ਰੀਤਮ ਦੀ ਨਾਵਲ ਕਲਾ ਵਿਚ ਕਈ ਵਿਸ਼ੇਸ਼ ਗੁਣ ਹਨ ਜਿਵੇਂ ਉਸ ਦੀ ਕਲਪਨਾ ਵਿਚ ਅੰਤਾਂ ਦੀ ਬਾਰੀਕੀ, ਪਾਤਰ ਸੈਕੁਲਰ, ਵਿਸ਼ੇ ਦੀ ਵੰਨ-ਸੁਵੰਨਤਾ, ਕਾਵਿਕ ਭਾਸ਼ਾ ਹੈ। ਪਿਆਰ ਦੇ ਵਿਸ਼ੇ ਬਾਰੇ ਜਿੰਨਾ ਅੰਮਿਤਾ ਨੇ ਲਿਖਿਆ ਹੈ ਉਤਨਾ ਹੋਰ ਕਿਸੇ ਨਹੀ ਲਿਖਿਆ। ਮਨੋ-ਵਿਗਿਆਨਕ ਰੂਪ ਵਿਚ ਉਸ ਦੀ ਸਾਰੀ ਰਚਨਾ ਇਸਤਰੀ ਦੇ ਦ੍ਰਿਸ਼ਟੀਕੋਣ ਤੇ ਪਿਆਰ ਦੀ ਵਿਆਖਿਆ ਹੈ। ਉਸ ਦੀ ਪਿਆਰ ਦੀ ਵਿਆਖਿਆ ਵਿਚ ਇਸਤਰੀ ਨਿਰੰਤਰ ਭਟਕਣ ਦਾ ਸ਼ਿਕਾਰ ਹੈ। ਉਹ ਆਪਣੀਆਂ ਰਚਨਾਵਾਂ ਅਨੁਸਾਰ ਨਹੀਂ ਜਿਉਂਦੀ। ਉਹ ਆਪਣੇ ਨਾਵਲਾਂ ਦਾ ਵਿਸ਼ਾ ਆਪ ਹੈ। ਉਸ ਦੀ ਭਾਵੁਕ ਤੇ ਰੋਮਾਂਟਿਕ ਸ਼ੈਲੀ ਦੀਆਂ ਜੜ੍ਹਾਂ ਉਸ ਦੇ ਮੱਧ ਸ਼੍ਰੇਣਿਕ ਜੀਵਨ ਦੀ ਧਰਤੀ ਵਿਚ ਹਨ ਭਾਵੇਂ ਉਸ ਦੀਆਂ ਰਚਨਾਵਾਂ ਮੱਧ ਬੇਣਿਕ ਜੀਵਨ ਦੀਆਂ ਤੰਦਾਂ, ਬੰਧਨਾਂ ਨੂੰ ਹੀ ਤੋੜਨ ਦੀ ਪਕਿਆ ਨੂੰ ਪੇਸ਼ ਕਰਦੀਆਂ ਹਨ ਪਰ ਉਸ ਦੇ ਬਹੁਤੇ ਨਾਵਲਾਂ ਦੀਆਂ ਕਹਾਣੀਆਂ ਜੀਵਨ ਪ੍ਰਤੀ ਵਿਅਕਤੀਗਤ ਤੇ ਥਿੜਕੇ ਹੋਏ ਦ੍ਰਿਸ਼ਟੀਕੋਣ ਨੂੰ ਹੀ ਪੇਸ਼ ਕਰਦੀਆਂ ਹਨ। ਉਹ ਆਪਣੇ ਜੀਵਨ ਅਨੁਭਵ ਦੇ ਆਧਾਰ ਉਤੇ ਇਹ ਮੰਨ ਕੇ ਤੁਰਦੀ ਹੈ ਕਿ ਇਸਤਰੀ ਜਾਤ ਦੇ ਦੱਬੇ ਹੋਏ ਪ੍ਰੀਤ ਭਾਵਾਂ ਨੂੰ ਰਾਹ ਦੀ ਤਲਾਸ਼ ਹੈ। ਉਸ ਨੇ ਇਸਤਰੀ ਹੋਣ ਦੇ ਬਾਵਜੂਦ ਪੁਰਸ਼ਾਂ ਨਾਲ ਇਵੇਂ ਵਰਤਿਆ ਜਿਵੇਂ ਪੁਰਸ਼-ਪ੍ਰਧਾਨ ਸਮਾਜ ਵਿਚ ਪੁਰਸ਼ ਇਸਤਰੀਆਂ ਨਾਲ ਵਰਤਦਾ ਰਿਹਾ ਹੈ। ਉਸ ਦੇ ਪਹਿਲੇ ਪੜਾਉ ਤੋਂ ਅਗਲੇ ਨਾਵਲਾਂ ਵਿਚ ਵਿਸ਼ੇ ਦਾ ਨਿਭਾ ਜਜ਼ਬਾਤੀ ਤੇ ਸਮੱਸਿਆਵਾਂ ਅੰਤਰਮੁਖੀ ਹੋ ਜਾਂਦੀਆਂ ਹਨ ਭਾਵ ਆਪਣੀਆਂ ਨਾਇਕਾਵਾਂ ਨੂੰ ਉਹ ਆਪਣੇ ਅਕਸ ਬਣਾ ਕੇ ਪੇਸ਼ ਕਰਦੀ ਹੈ। ਉਸ ਦੇ ਪਾਤਰ ਵਿਅਕਤੀਗਤ ਪੱਧਰ ਤੋਂ ਅੱਗੇ ਨਹੀਂ ਚਲਦੇ ਤੇ ਉਨ੍ਹਾਂ ਵਾਸਤੇ ਸਭ ਤੋਂ ਵੱਡੀ ਸਮੱਸਿਆ ਪਿਆਰ ਹੈ। ਅਤ੍ਰਿਪਤੀ ਅਤੇ ਵਿਸ਼ਾਦ ਦਾ ਵਿਆਕੁਲ ਕਰ ਦੇਣ ਵਾਲਾ ਸੁਰ ਉਸ ਦੇ ਪਾਠਕਾਂ ਵਿਚ ਅਜਿਹੀਆਂ ਹੀ ਭਾਵਨਾਵਾਂ ਉਜਾਗਰ ਕਰਦਾ ਹੈ। ਨਾ ਕੇਵਲ ਉਸ ਦਾ ਆਪਣਾ ਵਿਅਕਤਿਤਵ ਸਗੋਂ ਉਸ ਦੀ ਸਾਰੀ ਸਾਹਿਤ ਸਿਰਜਣਾ ਇਕ ਭਟਕਣ ਦਾ ਸ਼ਿਕਾਰ ਹੈ ਜਿਸ ਨੂੰ ਉਹ ਬਗ਼ਾਵਤ, ਅਜ਼ਾਦੀ, ਇਖ਼ਲਾਕ ਆਦਿ ਦੇ ਸੰਕਲਪ ਨਾਲ ਸੁਸ਼ੋਭਤ ਕਰਦੀ ਹੈ।

ਨਾਰੀ ਦੀ ਆਜ਼ਾਦੀ ਦੀ ਸਮੱਸਿਆ ਕੇਵਲ ਨਾਰੀ ਨੂੰ ਮਰਦ ਤੋਂ ਤੇ ਘਰ ਤੋਂ ਬਾਗੀ ਕਰਨ ਨਾਲ ਨਹੀਂ ਮੁੱਕ ਜਾਂਦੀ ਸਗੋਂ ਉਸ ਦਾ ਸਬੰਧ ਤਾਂ ਸਮੁੱਚੇ ਪ੍ਰਬੰਧ ਦੀ ਤਹਿ ਵਿਚ ਕੰਮ ਕਰਦੀ ਉਸ ਬਲਵਾਨ ਵਿਚਾਰਧਾਰਾ ਨਾਲ ਹੈ ਜਿਸ ਪ੍ਰਤੀ ਚੇਤੰਨ ਹੋਣਾ ਸਾਹਿਤਕਾਰ ਦਾ ਮੁੱਢਲਾ ਫ਼ਰਜ਼ ਹੈ। ਅੰਮ੍ਰਿਤਾ ਪ੍ਰੀਤਮ ਇਸ ਪ੍ਰਤੀ ਪੂਰੀ ਚੇਤਨ ਨਹੀਂ। ਉਸ ਦੀ ਨਾਰੀ ਮਾਨਸਿਕਤਾ ਨਿਖਰਦੀ ਹੈ ਜਾਵ ਉਸ ਦੀ ਨਾਰੀ ਮਾਨਸਿਕਤਾ ਮਰਦ ਸਾਹਿਤਕਾਰਾਂ ਦੁਆਰਾ

ਓਜ ਮਾਨਸਿਕਤਾ ਉਪਰਲੇ ਸੂਤਰ ਤਕ ਤਾਂ ਵੱਖਰੀ ਹੈ ਪਰ ਜਿਥੋਂ ਤਕ ਸਭਿਅਤਾ, ਸ੍ਰਿਸ਼ਟਾਚਾਰ ਪ੍ਰਤੀਗਤਾ, ਪਰਖ ਅਭਿਵਿਅਕਤੀ ਤੇ ਹੋਰ ਅਜਿਹੀਆਂ ਜੁਗਤਾਂ ਨਾਲ ਸਬੰਧਿਤ ਹੈ ਜੋ ਨਾਰੀ ਨਿਸ਼ਕਿਅਤਾ ਨਾਲ ਘੜੀਆਂ ਗਈਆਂ ਹਨ, ਇਹ ਮਰਦ ਨਾਲੋਂ ਵੱਖਰਾ ਨਹੀਂ। ਉਸ ਦੇ ਨਾਵਲਾਂ ਵਿਚ ਕੋਈ ਪਾਤਰ ਤਨ ਤੇ ਮਨ ਦੇ ਰਿਸ਼ਤੇ ਨੂੰ ਵੱਖ-ਵੱਖ ਭੋਗ ਰਿਹਾ ਹੈ, ਕੋਈ ਤਨ ਤੇ ਤਨ ਦੇ ਰਿਸ਼ਤੇ ਨੂੰ ਤੇ ਕੋਈ ਪਾਤਰ ਤਨ ਦਾ ਰਿਸ਼ਤਾ ਕਿਤੇ ਤੇ ਮਨ ਦਾ ਰਿਸ਼ਤਾ ਕਿਤੇ ਭੋਗ ਰਿਹਾ ਹੈ। ਸਾਰੇ ਪਾਤਰ ਵਿਆਹ ਦੀ ਮਰਯਾਦਾ ਨੂੰ ਟਿੱਚ ਸਮਝਦੇ ਹਨ। ਇਸ ਨੂੰ ਤਹਿਸ ਨਹਿਸ ਕਰਦੇ ਹਨ। ਪਿਆਰ, ਪਵਿੱਤਰਤਾ, ਵਫ਼ਾ ਅਤੇ ਸਮਾਜਿਕ ਮਰਯਾਦਾ ਅਤੇ ਸਿਸ਼ਟਾਚਾਰ ਬਾਰੇ ਵੀ ਕੋਈ ਇਕਸਾਰਤਾ ਨਹੀਂ। ਫਿਰ ਪੁਰਸ਼ ਪ੍ਰਧਾਨ ਸਮਾਜ ਦੇ ਨੈਤਿਕ ਨੇਮਾਂ ਦੇ ਸਤਾਏ ਹੋਏ ਨਾਰੀ ਪਾਤਰ ਨਹੀਂ ਜਿਤਨੀਆਂ ਆਪਣੀਆਂ ਉਲਾਰ-ਅਸੰਤੁਲਿਤ, ਅਣ-ਸੁਆਰਥ ਧਾਰਨਾਵਾਂ ਦੇ ਅਤੇ ਆਪਣੇ ਸੁਭਾ ਦੀਆਂ ਕਮਜ਼ੋਰੀਆਂ ਦੇ ਸਤਾਏ ਹੋਏ ਹਨ।

ਮਰਦ ਪ੍ਰਧਾਨ ਸਮਾਜ ਵਿਚ ਵਿਕਸਤ ਹੋਈ ਇਸਤਰੀ ਆਪਣੇ ਵਿਅਕਤਿਤਵ ਨੂੰ ਜੀਵਨ ਦੇ ਹਰ ਖੇਤਰ ਵਿਚ ਪਰੋਖ ਵਿਅਕਤੀ ਚੁਣਨ ਲਈ ਮਜਬੂਰ ਕਰ ਦਿੱਤੀ ਗਈ ਹੈ। ਇਹ ਮਜਬੂਰੀ ਮਰਦ ਦੀ ਨਜ਼ਰ ਵਿਚ ਅੱਗੋਂ ਸਰਵ ਗੁਣ ਵਿਚ ਸੰਪੰਨ ਹੁੰਦੀ ਹੈ। ਇਸ ਦਾ ਉਲੇਖ ਸਾਹਿਤ ਕਰਦਾ ਹੈ। ਅੰਮ੍ਰਿਤਾ ਪ੍ਰੀਤਮ ਆਪਣਾ ਸਾਹਿਤਕ ਮੁਹਾਂਦਰਾ ਪ੍ਰਗੀਤਕੀ ਸੁਭਾ ਵਾਲਾ ਹੀ ਚਿਤਰਦੀ ਹੈ। ਇਸੇ ਲਈ ਉਹ ਪਰੋਖ ਹੈ। ਉਸ ਦੇ ਸਾਹਿਤਕ ਕਲਚਰ ਦੇ ਡੂੰਘੇ ਤੇ ਅਵਚੇਤਨ ਭਾਵ ਉਸੇ ਨਾਰੀ ਮਾਨਸਿਕਤਾ ਤੋਂ ਪ੍ਰੇਰਨਾ ਲੈ ਰਹੇ ਹਨ ਜੋ ਜਾਗੀਰਦਾਰੀ ਪ੍ਰਥਾ ਦੀ ਹੋਂਦ ਤੋਂ ਚਲੇ ਆ ਰਹੇ ਹਨ। ਉਸ ਦੀਆਂ ਨਾਇਕਾਵਾਂ ਵਿਚ ਉਸ ਦੀ ਅਲ੍ਹੜ ਅਵਸਥਾ ਤੋਂ ਲੈ ਕੇ ਪ੍ਰੌੜ੍ਹ ਅਵਸਥਾ ਤਕ ਉਸ ਦਾ ਆਪਾ ਹੀ ਹੈ।

ਅੰਮ੍ਰਿਤਾ - ਪ੍ਰੀਤਮ ਤੋਂ ਬਾਅਦ ਹੋਰ ਇਸਤਰੀ ਸਾਹਿਤਕਾਰ ਲੈਂਦੇ ਹਾਂ - ਪ੍ਰਭਜੋਤ ਕੌਰ, ਮਨਜੀਤ ਟਿਵਾਣਾ, ਚੰਦਨ ਨੇਗੀ, ਬਚਿੰਤ ਕੌਰ, ਮਨਜੀਤ ਇੰਦਰਾ ਆਦਿ। ਇਨ੍ਹਾਂ ਸਾਰੀਆਂ ਇਸਤਰੀ ਸਾਹਿਤਕਾਰਾਂ ਨੇ ਜਾਂ ਤਾਂ ਅੰਮ੍ਰਿਤਾ ਦੀ ਪੈੜਚਾਲ ਅਪਨਾਈ ਹੈ ਜਾਂ ਅਚੇਤੇ ਉਸੇ ਨਾਰੀ ਸੰਸਕਾਰ ਦੀ ਪ੍ਰਤੀਨਿਧਤਾ ਕਰਦੀਆਂ ਹਨ ਜੋ ਮਰਦ ਪ੍ਰਧਾਨ ਸਮਾਜ ਵਿਚ ਨਿਰੰਤਰ ਸਦੀਆਂ ਤੋਂ ਤੁਰਿਆ ਆ ਰਿਹਾ ਹੈ। ਇਨ੍ਹਾਂ ਆਪਣੀ ਵੱਖਰੀ ਹੋਂਦ ਨਹੀਂ ਸਿਰਜੀ, ਨਾ ਹੀ ਕੋਈ ਅਜਿਹਾ ਵਿਸ਼ਾ ਜਾਂ ਨਾਰੀ ਦਾ ਰੂਪ ਹੀ ਉਘੇੜਿਆ ਹੈ ਜਿਸ ਨਾਲ ਉਨ੍ਹਾਂ ਦੀ ਸਾਹਿਤਕ ਨੁਹਾਰ ਨਿਖੜੀ ਹੋਵੇ। ਇਨ੍ਹਾਂ ਉਤੇ ਰੁਮਾਂਟਿਕ ਰੰਗ ਵਧੇਰੇ ਹੈ।

ਅਜੀਤ ਕੌਰ ਇਸ ਪ੍ਰਸੰਗ ਵਿਚ ਵਿਲੱਖਣਤਾ ਵਿਚ ਸਾਹਿਤ ਸਿਰਜਣਾ ਵਿਚ ਇਨ੍ਹਾਂ ਨਾਲੋਂ ਨਿਖ਼ਰ ਕੇ ਸਾਹਮਣੇ ਆਈ ਹੈ। ਇਸ ਆਰੰਭ ਵਿਚ ਭਾਵੇਂ ਭਾਵੁਕ ਉਤੇਜਨਾ ਵਿਚ ਨਾਰੀ ਸੰਸਕਾਰਾਂ ਨੂੰ ਪੇਸ਼ ਕੀਤਾ ਹੈ ਪਰ ਉਹ ਉਸ ਰੁਮਾਂਚਿਕਤਾ ਨੂੰ ਲੰਮੇ ਸਮੇਂ ਤੋਂ ਤਜ ਚੁੱਕੀ ਹੈ। ਹੁਣ ਉਸ ਦੀ ਗਲਪ ਰਚਨਾ ਵਿਸ਼ਵ ਦੇ ਮੰਡਲਾਂ ਦਾ ਸਫ਼ਰ ਕਰਦੀ ਹੈ। ਉਸ ਦੀ ਰੋਮਾਚਿਕਤਾ ਹੁਣ ਉਸ ਦੀਆਂ ਰਚਨਾਵਾਂ ਦੀ ਧਰਾਤਲ ਹੈ ਜਿਸ ਉਤੇ ਸ਼ਹਿਰੀ ਵਾਤਾਵਰਨ ਵਿਚ ਸਾਹ ਲੈਂਦੀ ਮਰਦ ਦੀ ਗੁਲਾਮੀ ਨੂੰ ਤਜ ਕੇ ਆਪਣੀ ਸੁਤੰਤਰ ਹੋਂਦ ਬਣਾਉਂਦੀ ਹੈ। ਗੁਲਾਮੀ ਦਾ ਜੂਲਾ ਲਾਹ ਕੇ ਅਜੇ ਨਾਰੀ ਮਰਦ ਨੂੰ ਆਪਣਾ ਹਮਰਾਜ਼ ਨਹੀਂ ਸਮਝਦੀ। ਉਸ ਦੇ ਜ਼ਖ਼ਮ ਅਜੇ ਅੱਲ੍ਹੇ ਹਨ। ਮਰਦ ਤੇ ਇਸਤਰੀ ਦੀ ਸਦੀਆਂ ਤੋਂ ਚਲੀ ਆ ਰਹੀ ਭਾਵੁਕ ਸਾਂਝ ਤੇ ਮੇਲ ਵਿਚ ਦਰਾੜ ਆਉਣੀ ਅਸੰਭਵ ਹੈ। ਦੋਹਾਂ ਦੇ ਬਰਾਬਰਤਾ ਦੇ ਸਬੰਧਾਂ ਨਾਲ ਹੀ ਇਕ ਨਰੋਏ ਅਤੇ ਭਾਵੁਕ ਰਵਿੱਖ ਦੀ ਆਸ ਕੀਤੀ ਜਾਂਦੀ ਹੈ। ਨਹੀਂ ਤਾਂ ਭਵਿੱਖ ਦੀ ਸਿਰਜਣਾ ਉਤੇ ਪ੍ਰਸ਼ਨ ਚਿੰਨ੍ਹ ਲੱਗਣਾ ਕੁਦਰਤੀ ਹੈ ਤੇ ਪ੍ਰਸ਼ਨ ਚਿੰਨ੍ਹ ਲੱਗੇ ਸਮਾਜ ਦੀ ਗਤੀ ਅਧੂਰੀ ਹੀ ਨਹੀਂ ਸਗੋਂ ਰਸ ਹੀਣ ਤੇ ਆਰਦਸ਼ਹੀਣ ਹੋਵੇਗੀ। ਸਮਾਜ ਟੁੱਟਦਾ ਜਾਪੇਗਾ।

ਇਸ ਪ੍ਰਸੰਗ ਵਿਚ ਅਸੀਂ ਦਲੀਪ ਕੌਰ ਟਿਵਾਣਾ ਵੱਲੋਂ ਸਿਰਜੇ ਗਲਪ ਸੰਸਾਰ ਦੀ ਵੀ ਯਾਤਰਾ ਕਰਾਂਗੇ। ਉਹ ਆਪਣੀ ਨਿਵੇਕਲੀ ਸਾਹਿਤਕ ਦ੍ਰਿਸ਼ਟੀ ਕਰਕੇ ਪੰਜਾਬੀ ਗਲਪ ਜਗਤ ਵਿਚ ਸਤਿਕਾਰਿਤ ਹੈ। ਅਸੀਂ ਉਸ ਦੇ ਸਿਰਜੇ ਸਾਹਿਤ ਨੂੰ ਆਪਣੇ ਵਿਚਾਰ ਦਾ ਅਧਿਐਨ ਬਣਾ ਕੇ ਵੇਖਾਂਗੇ ਕਿ ਉਹ ਕਿਥੋਂ ਤਕ ਆਪਣੇ ਆਸੇ ਵਿਚ ਸਫਲ ਹੈ । ਅਸ ਉਨ੍ਹਾਂ ਦੀ ਮਾਨਸਿਕਤਾ ਤਕ ਅਪੜਣ ਦਾ ਯਤਨ ਕਰਨਾ ਹੈ ਜਿਸ ਦੀ ਨੀਂਹ ਉਤੇ ਉਹ ਆਪਣੇ ਗਲਪ ਨੂੰ ਚਿਤਵਦੀ, ਵਿਉਂਤਦੀ ਅਤੇ ਉਸਾਰਦੀ ਹੈ।

ਟਿਵਾਣਾ ਦੀਆਂ ਸਾਹਿਤਕ ਕਿਰਤਾਂ ਨੂੰ ਵੇਖਣ ਤੋਂ ਪਤਾ ਲਗਦਾ ਹੈ ਕਿ ਉਹ ਆਪਣੇ ਪਿਤਾਮਾ ਦੇ ਸਿਰਜੇ ਸਮਾਜ ਦੇ ਮਾਪ-ਦੰਡ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਹੈ। ਉਹ ਉਸ ਨਾਲ ਅਭੇਦ ਹੋ ਕੇ ਤੁਰਦੀ ਹੈ। ਇਸ ਪਿਤਾਮੇ ਜਾਂ ਜਾਗੀਰਦਾਰੀ ਸਮਾਜ ਦੇ ਮਾਪ-ਦੋਵਾਂ ਵਿਚ ਇਸਤਰੀ ਆਪਣੀ ਸੁਤੰਤਰਤਾ ਦੇ ਹੱਕ ਗੁਆ ਬੈਠੀ ਸੀ। ਉਸ ਨੇ ਇਸ ਸੁਤੰਤਰਤਾ ਨੂੰ ਮੁੜ ਵਿਹਾਜਣ ਦੇ ਉਪਰਾਲੇ ਵੀ ਨਾ ਕੀਤੇ। ਉਹ ਪੂਰੀ ਤਰ੍ਹਾਂ ਮਰਦ ਤੇ ਨਿਰਭਰ ਹੋ ਗਈ। ਉਸ ਆਪੇ ਨੂੰ ਸਮੇਟ ਕੇ ਆਪਣੀਆਂ ਭਾਵਨਾਵਾਂ ਨੂੰ ਦੱਥ ਲਿਆ ਅਤੇ ਇਕ ਮਜਲੂਮ ਬਣ ਕੇ ਰਹਿ ਗਈ। ਉਸ ਦੀ ਇਕ ਸਥਿਤੀ ਦਾ ਮਨੁੱਖ ਨੇ ਲਾਭ ਉਠਾਇਆ ਅਤੇ ਉਹ ਦਾਸੀ ਅਤੇ ਉਸ ਦੀ ਕੁਲ ਨੂੰ ਪ੍ਰਫੁਲਤ ਕਰਨ ਦਾ ਹੀ ਸਾਧਨ ਬਣ ਕੇ ਰਹਿ ਗਈ। ਉਸ ਦੀ ਇਕ ਅਧੀਨਗੀ ਦੀ ਸਥਿਤੀ ਨੂੰ ਸਾਹਿਤਕਾਰਾਂ ਦੀ ਕੋਮਲ ਭਾਵੀ ਬ੍ਰਿਤੀ ਨੇ ਚਿਸ਼ਾਰਿਆ ਅਤੇ ਅਧੀ ਨੂੰ ਆਪਣਾ ਚੰਗਾ ਸਾਥੀ ਬਣਾਉਣ ਲਈ ਇਸ ਨੂੰ ਸੁਤੰਤਰਤਾ ਦੇ ਮਾਰਗ ਦਰਸਾਉਣ ਆਰੰਭ ਕੀਤੇ।

ਪੰਜਾਬੀ ਜਗਤ ਵਿਚ ਇਸ ਸਦੀ ਤੋਂ ਪਹਿਲਾਂ ਦੇ ਸਮਾਜਿਕ ਚੌਖਟੇ ਵਿਚ ਇਸਤਰੀ ਘਰੇਗੀ ਜੀਵਨ ਦੇ ਰੁਝੇਵਿਆਂ ਨੂੰ ਨਿਪਟਾਉਣ ਤਕ ਹੀ ਰਹੀ। ਉਸ ਦੀ ਮਾਨਸਿਕਤਾ ਦਾ ਪ੍ਰਗਟਾ ਹੋਇਆ ਹੈ। ਉਸ ਦੀ ਇਹ ਮਾਨਸਿਕਤਾ ਸਮਾਜ ਵੱਲੋਂ ਮਿਲੀ ਸਹਿਜ ਮਾਨਸਿਕਤਾ ਦਾ ਹੀ ਸਰੂਪ ਸੀ। ਸਾਡੇ ਪੁਰਾਤਨ ਸਾਹਿਤ ਵਿਚ ਇਸ ਪਿਤਾਮਾ ਪ੍ਰਥਾ ਦੇ ਅੰਤਰਗਤ ਇਸਤਰੀ ਦੀ ਵਿਉਂਤੀ ਮਾਨਸਿਕਤਾ ਦੇ ਅਧੀਨ ਹੱਲ ਦਾ ਯਤਨ ਨਿਗੁਣਾ ਜਿਹਾ ਹੀ ਹੈ।
ਉਸੇ ਸਮੇਂ ਦੀ ਸਾਹਿਤਕ ਸਮੱਗਰੀ ਵਿਚ ਉਸ ਦੀ ਸਮਾਜਿਕ ਸਥਿਤੀ ਉਘੜਦੀ ਹੈ। ਇਹ ਉਸ ਦੀ ਦੱਬੀ ਮਾਨਸਿਕਤਾ ਉਸ ਸਮੇਂ ਦੀ ਸਮੁੱਚੀ ਮਾਨਸਿਕਤਾ ਦਾ ਸ਼ਿਕਾਰ ਹੀ ਬਣੀ ਹੋਈ ਹੈ। ਮੱਧਕਾਲ ਦਾ ਸਾਰਾ ਸਾਹਿਤ ਪ੍ਰਗਤੀ ਤੇ ਗਲਪ ਸ਼ਕਤੀ ਇਸੇ ਨਾਰੀ ਕੇਂਦ੍ਰਿਤ ਸੰਵੇਦਨਾ ਤੋਂ ਪ੍ਰਾਪਤ ਕਰਦਾ ਹੈ।

ਮਰਦ ਪ੍ਰਧਾਨ ਸਮਾਜ ਵਿਚ ਸਭਿਆਚਾਰ ਤੇ ਸ੍ਰਿਸ਼ਟਾਚਾਰ ਦੇ ਮਾਲਕ ਮਰਦ ਹੀ ਰਹੇ ਹਨ। ਮਰਦ ਨੇ ਹੀ ਨਾਰੀ ਦੀ ਸੰਵੇਦਨਾ ਦਾ ਰੂਪ ਧਾਰ ਕੇ ਸ੍ਰਿਸ਼ਟਾਚਾਰ ਦਾ ਉਲੇਖ ਕੀਤਾ ਹੈ। ਨਾਰੀਆਂ ਨੇ ਅਜੇਹੇ ਪਰੰਪਰਾਗਤ ਸਮਾਜ ਵਿਚ ਆਪਣੀ ਮਾਨਸਿਕਤਾ ਦਾ ਉਲੇਖ ਕਰਨ ਦਾ ਉਪਰਾਲਾ ਕੀਤਾ ਹੈ। ਉਹ ਮਰਦ ਪ੍ਰਥਾ ਵੱਲੋਂ ਪ੍ਰਾਪਤ ਹੋਈ ਦਾਤ ਦਾ ਵਿਸਥਾਰ ਹੀ ਕਰਦੀਆਂ ਹਨ, ਇਸ ਤਰ੍ਹਾਂ ਉਹ ਅਚੇਤ ਹੀ ਆਪਣੀ ਕੁਚਲੀ ਮਾਨਸਿਕਤਾ ਦਾ ਪ੍ਰਗਟਾ ਕਰਦੀਆਂ ਹਨ।

ਦਲੀਪ ਕੌਰ ਟਿਵਾਣਾ ਨੇ ਆਪਣੇ ਨਾਵਲਾਂ ਦਾ ਵੱਖਰਾ ਖੇਤਰ ਲਿਆ ਹੈ। ਉਹ ਖੇਤਰ ਹੈ, ਦੱਬੀ ਕੁਚਲੀ ਇਸਤਰੀ ਨੂੰ ਜਗਾਉਣਾ ਅਤੇ ਉਸ ਨੂੰ ਮਰਦ ਪ੍ਰਧਾਨ ਸਮਾਜ ਵਿਚ ਆਪਣੀ ਹੋਂਦ ਅਤੇ ਬਰਾਬਰਤਾ ਦੇ ਹੱਕ ਪ੍ਰਾਪਤ ਕਰਨ ਲਈ ਉਤਸ਼ਾਹਤ ਕਰਨਾ। ਉਸ ਦੇ ਨਾਵਲ ਗੁਆਚੀ ਮਾਨਸਿਕਤਾ ਦੀ ਭਾਲ ਲਈ ਹਨ। ਟਿਵਾਣਾ ਦੇ ਨਾਵਲਾਂ ਵਿਚੋਂ ਸਾਨੂੰ ਅਜਿਹੀ ਨਾਰੀ-ਮਾਨਸਿਕਤਾ ਮਿਲਦੀ ਹੈ ਜਿਸ ਨੂੰ ਮਜ਼ਲੂਮ ਨਾਰੀ ਦੀ ਸੰਗਿਆ ਵਿਚ ਗਿਣ ਸਕਦੇ ਹਾਂ। ਇਹ ਜਾਗੀਰਦਾਰੀ ਪ੍ਰਬੰਧ ਦੀਆਂ ਰੂੜੀਆਂ ਨਾਲ ਜੁੜੀ ਹੋਈ ਹੈ। ਉਹ ਇਸ ਰੂੜ੍ਹੀ ਨੂੰ ਆਪਣੇ ਗਲਪ ਦਾ ਵਾਹਨ ਬਣਾਉਂਦੀ ਹੈ। ਉਹ ਮਜਲੂਮ ਨਾਰੀ ਦੇ ਵੱਖ-ਵੱਖ ਪਹਿਲੂ ਪੇਸ਼ ਕਰਕੇ ਉਸ ਪ੍ਰਤੀ ਸਮਾਜ ਵੱਲੋਂ ਭਾਵੁਕਤਾ ਤੇ ਹਮਦਰਦੀ ਦੇ ਭਾਵ ਉਜਾਗਰ ਕਰਦੀ ਹੈ। ਇਹ ਭਾਵਕਤਾ ਨਾਰੀ ਦੀ ਸਥਿਤੀ ਬਦਲਣ ਵਿਚ ਸਹਾਈ ਹੋ ਸਕਦੀ ਹੈ। ਉਸ ਦੀ ਕਲਮ ਵਿਚ ਅਜਿਹੀ ਮਾਨਸਿਕਤਾ ਦਾ ਉਲੇਖ ਕਰਨ ਦੀ ਸ਼ਕਤੀ ਹੈ ਜੋ ਨਾਰੀ ਨਾਲ ਹੁੰਦੀ ਵਧੀਕੀ ਨਾਲ ਆਪੇ ਨੂੰ ਅਤੇ ਪਾਠਕ ਨੂੰ ਭਾਵੁਕ ਕਰਨ ਦੇ ਸਮਰੱਥ ਹੈ।

ਜਾਗੀਰਦਾਰੀ ਪ੍ਰਥਾ ਵਿਚ ਨਾਰੀ ਮਰਦ ਦੇ ਬਾਹੂਬਲ ਅੱਗੇ ਆਪਣਾ ਕਰਤੱਵ ਭੁੱਲ ਗਈ। ਉਹ ਕੇਵਲ ਆਸਰਾ ਤੇ ਸੁਰੱਖਿਆ ਪ੍ਰਾਪਤ ਕਰਨ ਤਕ ਹੀ ਸੀਮਤ ਹੋ ਗਈ। ਖੋਹਾ, ਲੁੱਟਾਂ ਤੇ ਨਿੱਕ ਦੇ ਵਿਦੇਸ਼ੀ ਹਮਲਿਆਂ ਨੇ ਉਸ ਨੂੰ ਘਰ ਦੀ ਚਾਰ ਦੀਵਾਰੀ ਵਿਚ ਰਹਿਣ ਲਈ ਮਜਬੂਰ ਕਰ ਦਿੱਤਾ। ਉਹ ਆਪਣੀ ਰੱਖਿਆ ਆਪ ਕਰਨ ਤੋਂ ਅਸਮਰੱਥ ਸੀ। ਉਸ ਦੇ ਦੁਖਾਂ ਦੀ ਦਾਸਤਾਨ ਉਸੇ ਸਥਿਤੀ ਦੀ ਦੇਣ ਹੈ। ਉਸ ਨੂੰ ਮਰਦ ਦੀਆਂ ਕਈ ਕੜਿਆਈਆਂ ਆਪਣੀ ਰੱਖਿਆ ਨਾ ਕਰ ਸਕਣ ਕਾਰਨ ਸਹਿਣੀਆਂ ਪਈਆਂ। ਉਸ ਨੂੰ ਅਬਲਾ ਕਿਹਾ ਜਾਣ ਲੱਗਾ। ਦੂਸਰੀਆਂ ਹਮਲਾਵਰ ਕੌਮਾਂ ਵੱਲੋਂ ਉਸ ਦੀ ਨਿਰਾਦਰੀ ਹੋਣ ਲੱਗੀ। ਉਹ ਲਾਚਾਰ ਤੇ ਮਜ਼ਲੂਮ ਹੋ ਗਈ । ਉਹ ਇਕ ਅਜਿਹੇ ਪ੍ਰਬੰਧ ਵਿਚ ਆ ਗਈ ਜਿਥੋਂ ਉਸ ਲਈ ਪਰਤਣਾ ਅਸੰਭਵ ਸੀ।

ਦਲੀਪ ਕੌਰ ਵਰਗੀ ਭਾਵਕ ਇਸਤਰੀ ਦੇ ਮਨ ਨੇ ਇਸ ਸਥਿਤੀ ਨੂੰ ਆਪਣੇ ਸੀਨੇ ਤੇ ਹੰਢਾਇਆ ਅਤੇ ਉਨ੍ਹਾਂ ਦੀਆਂ ਜੰਜੀਰਾਂ ਤੋੜਨ ਲਈ ਉਨ੍ਹਾਂ ਦੀ ਸਥਿਤੀ, ਮਾਨਸਿਕਤਾ ਅਤੇ ਦਰਦ ਦਾ ਪ੍ਰਗਟਾਅ ਉਨ੍ਹਾਂ ਦੇ ਮੂੰਹੋਂ ਕਰਵਾਇਆ। ਉਸ ਦੀ ਗਲਪ ਮਾਨਸਿਕਤਾ। ਜਾਗੀਰਦਾਰੀ ਸਮਾਜ ਦੀ ਨਾਰੀ ਨਿਸ਼ਕ੍ਰਿਅਤਾ ਉਪਰ ਆਧਾਰਿਤ ਹੈ। ਸਾਹਿਤ ਵਿਚ ਇਹ ਮੁਦਰਾ ਪ੍ਰਗੀਤ ਦਾ ਰੂਪ ਧਾਰ ਲੈਂਦੀ ਹੈ। ਪ੍ਰਗੀਤ ਭਾਵ ਜੀਵਨ ਦੇ ਕਠੋਰ ਯਥਾਰਥ ਤੋਂ ਪਲਾਇਨ ਹੈ। ਸਾਹਿਤ ਸੰਰਚਨਾ ਦਾ ਮੂਲ ਆਧਾਰ ਇਹੋ ਬਿਰਤੀ ਹੈ। ਉਸ ਦੇ ਗਲਪ ਵਿਚ ਜੀਵਨ ਹੋਂਦ ਦੀ ਅਸਲੀਅਤ ਨੂੰ ਢੂੰਡਣਾ ਹੈ। ਉਸ ਦਾ ਰਚਨਾਤਮਿਕ ਉਛਾਲ ਆਪਣਾ ਆਰੰਭਕ ਘੇਰਾ ਅਜੇਹੀ ਉਪਰਾਮਤਾ ਵਿਚ ਨਿਸ਼ਚਿਤ ਕਰਦਾ ਹੈ ਅਤੇ ਜਦੋਂ ਮਾਨਵ ਹੋਂਦ ਆਪਣੇ ਅਰਥ ਗੁਆ ਲੈਂਦੀ ਹੈ ਤਾਂ ਇਹ ਭਾਵ ਪ੍ਰਗਟ ਹੁੰਦੇ ਹਨ।

ਟਿਵਾਣਾ ਦੇ ਨਾਵਲਾਂ ਵਿਚ ਵਕਤੀ ਜਾਂ ਸਥਾਈ ਰੂਪ ਵਿਚ ਅਜਿਹੀ ਨਿਰਾਰਥਕਤਾ ਵਿਚੋਂ ਤਾਸਦੀ ਦਾ ਰੂਪ ਕੁਦਰਤੀ ਰੂਪ ਵਿਚ ਉਘੜਦਾ ਹੈ। ਸਵੈ ਦੀ ਭਾਲ ਦੀ ਮੰਜ਼ਲ ਵਲ ਕਦੇ ਧੀਮੀ ਗਤੀ ਵਿਚ ਅਤੇ ਕਦੀ ਤਿੱਖੀ ਸੁਰ ਵਿਚ ਉਹ ਅਡੋਲ ਆਪਣੀ ਮੰਜ਼ਲ ਵਲ ਵਧਦੀ ਜਾਂਦੀ ਹੈ। ਉਸ ਦੀਆਂ ਰਚਨਾਵਾਂ ਦੇ ਸਿਰਲੇਖ ਇਸ ਦੇ ਭਾਵ ਨੂੰ ਆਪੇ ਵਿਚ ਸਮੋਈ ਬੈਠੇ ਹਨ ਜਿਵੇਂ 'ਏਹੁ ਹਮਾਰਾ ਜੀਵਣਾ', 'ਵਾਟ ਹਮਾਰੀ' ਆਦਿ। ਉਹ ਪ੍ਰਗੀਤਕ ਵਤੀਰਾ ਰੱਖਣ ਵਾਲੀ ਹੈ। ਇਹ ਵਤੀਰਾ ਤਾਂ ਬਹੁਤ ਵਾਰੀ ਕਰੜੇ ਯਥਾਰਥ ਦੇ ਸਨਮੁਖ ਉਸ ਦੇ ਇਸਤਰੀ ਪਾਤਰਾਂ ਦੀ ਬੇਬਸੀ ਦੁਆਰਾ ਪ੍ਰਗਟ ਹੁੰਦਾ ਹੈ ਪਰ ਕਈ ਵਾਰੀ ਉਹ ਭਾਵੁਕ ਤੇ ਪ੍ਰਤੀ ਭਾਵੁਕ ਚਿਤਰਣ ਰਾਹੀਂ ਵੀ ਇਸ ਨੂੰ ਉਘੇੜਦੀ ਹੈ। ਉਸ ਦਾ ਆਪਣਾ ਅਵਲੋਕਨ ਪਰੰਪਰਾਗਤ ਨਾਰੀ ਦੀ ਸਮੁੱਚੀ ਪ੍ਰਕ੍ਰਿਤੀ ਉਪਰ ਅਧਾਰਤ ਹੈ ਅਤੇ ਉਸ ਦੇ ਗਲਪ ਵਿਚ ਇਹ

ਇਕ ਅਜਿਹੀ ਹੋਂਦ ਬਣਾ ਲੈਂਦਾ ਹੈ ਜਿਸ ਵਿਚੋਂ ਉਹ ਨਾਰੀ ਦੇ ਚਿੱਤਰ ਨੂੰ ਉਘੇੜਦੀ ਹੈ। ਇਹ ਉਸ ਦਾ ਆਪਣਾ ਸਹਿਜ ਹੈ। ਇਸ ਸਹਿਜ ਵਿਚੋਂ ਉਸ ਦੇ ਗਲਪ ਦੀ ਨੁਹਾਰ ਨਿਖਰਦੀ ਹੈ।

ਲੇਖਿਕਾ ਜੀਵਨ ਦੇ ਕਰੜੇ ਯਥਾਰਥ ਸਬੰਧੀ ਆਪਣਾ ਪ੍ਰਤੀ ਉੱਤਰ ਪ੍ਰਗੀਤਕ ਮਾਨਸਿਕਤਾ ਵਿਚੋਂ ਪ੍ਰਗਟਾਉਂਦੀ ਹੈ। ਇਹ ਉਸ ਦੀ ਪਛਾਨਣ ਯੋਗ ਗਲਪੀ ਪੈਰਾਮਾਈਡ ਬਣ ਕੇ ਰੂੜ੍ਹ ਹੋਈ ਮਾਨਸਿਕਤਾ ਦਾ ਇਕ ਅਜੇਹਾ ਪ੍ਰਮਾਣਿਕ ਨੇਮ ਬਣ ਜਾਂਦਾ ਹੈ ਜੋ ਹਰ ਪ੍ਰਕਾਰ ਦੇ ਵੇਰਵੇ ਨੂੰ ਆਪਣੀ ਸੰਜਮੀ ਦ੍ਰਿਸ਼ਟੀ ਦੁਆਰਾ ਵੇਖਦਾ ਹੈ। ਉਹ ਇਸ ਨੂੰ ਦੋ ਪੱਧਰਾਂ ਉਤੇ ਪੇਸ਼ ਕਰਦੀ ਹੈ ਪਹਿਲੀ ਪੱਧਰ ਪ੍ਰਚਿਤ ਭਾਈਚਾਰਕ ਪ੍ਰਸੰਗ ਵਿਚ ਇਸਤਰੀ ਦੀ ਦੁਰਦਸ਼ਾ ਵਿਚ ਕਰੁਣਾਸ਼ੀਲ ਹੋਣਾ ਤੇ ਦੂਸਰੀ ਪੱਧਰ ਤੇ ਕਰੜੇ ਯਥਾਰਥ ਵਿਚੋਂ ਉਪਜਣ ਵਾਲੀਆਂ ਉਪਰਸ਼ੀਲ ਹੋਣੀਆਂ ਵਿਚੋਂ ਉਘੜਣ ਵਾਲੇ ਸੱਚ ਦਾ ਪ੍ਰਗਟਾ ਉਹ ਦੋਹਾਂ ਪੱਧਰਾਂ ਨੂੰ ਯਥਾਰਥ ਨਾਲ ਪ੍ਰਤੀਗਤ ਮੁਦਰਾ ਰਾਹੀਂ ਨਿਤਾਰਾ ਕਰਦੀ ਹੈ।

ਲੇਖਿਕਾ-ਆਪਣੇ ਨਾਵਲਾਂ ਦੀ ਗਾਥਾ ਆਪਣੇ ਜਾਗੀਰਦਾਰੀ ਆਧਾਰ ਉਤੇ ਖੜ੍ਹੇ ਸਮਾਜ ਦੀ ਧਰਾਤਲ ਉਤੇ ਉਸਾਰਦੀ ਹੈ। ਉਹ ਚਾਹੇ ਉਸ ਵਰਗ ਦੀ ਜਾਂ ਨਿਮਨ ਪੱਧਰ ਦੀ ਗੱਲ ਕਰੇ ਉਸ ਦੇ ਸੰਸਕਾਰਾਂ ਵਿਚ ਜਾਗੀਰਦਾਰੀ ਪ੍ਰਥਾ ਅਧੀਨ ਉਸਰੀ ਵਿਚਾਰਧਾਰਾ ਹੀ ਕੰਮ ਕਰਦੀ ਹੈ। ਉਸ ਦੀ ਇਹ ਪ੍ਰਕਿਆ "ਅਗਨੀ ਪ੍ਰੀਖਿਆ" ਅਤੇ 'ਇਹ ਹਮਾਰਾ ਜੀਵਣਾ' ਵਿਚ ਪ੍ਰਤੱਖ ਰੂਪ ਵਿਚ ਸਾਹਮਣੇ ਆਉਂਦੀ ਹੈ। ਅਗਨੀ ਪ੍ਰੀਖਿਆ ਦੀ ਨਾਇਕਾ ਉਚੇਰੇ ਘਰ ਨਾਲ ਸਬੰਧਤ ਹੈ ਪਰ ਅਣਜੋੜ ਵਿਆਹ ਵਿਚ ਉਸ ਦੀ ਕਰਣਾਮਈ ਦ੍ਰਿਸ਼ਟੀ ਉਭਰਦੀ ਹੈ। ਕਾਨੋ ਅਮਲੀ ਨਰੈਣ ਦੇ ਪ੍ਰਸੰਗ ਵਿਚ ਵੀ ਪੀਚਤ ਭਾਈਚਾਰੇ ਦਾ ਹੀ ਉਲੇਖ ਹੈ। ਜਾਗੀਰਦਾਰੀ ਸਭਿਆਚਾਰ ਅਧੀਨ ਉਸ ਦੇ ਸੰਸਕਾਰ ਕਰਮਸ਼ੀਲ ਹੁੰਦੇ ਹਨ। ਇਸੇ ਅਧੀਨ ਹੀ ਉਹ ਲੜਦੇ ਇਕੱਠੇ ਹੁੰਦੇ ਹਨ। 'ਪੀਲੇ ਪੱਤਿਆਂ ਦੀ ਦਾਸਤਾਨ' ਵਿਚ ਇਨ੍ਹਾਂ ਸੰਸਕਾਰਾਂ ਦੇ ਅੰਤਰਗਤ ਹੀ ਉਸ਼ਾ ਆਪਣੇ ਬੀਮਾਰ ਪਤੀ ਭਗੀਰਥ ਦੀ ਸੇਵਾ ਕਰਦੀ ਹੈ ਅਤੇ ਉਸ ਨਾਲ ਸਾਰਾ ਜੀਵਨ ਕੱਟਣ ਲਈ ਤਿਆਰ ਹੈ ਅਤੇ ਉਸ ਦਾ ਰੋਗ ਵੀ ਉਸ ਨੂੰ ਲੱਗ ਜਾਂਦਾ ਹੈ। ਇਹ ਵੀ ਮਰਦ ਪ੍ਰਧਾਨ ਸਮਾਜ ਦੀ ਹੀ ਦੇਣ ਹੈ ਦਾਸੀ ਰੂਪ ਵਿਚ ਸੇਵਾ ਦੇ ਬਾਵਜੂਦ ਵੀ ਉਸ ਨੂੰ ਘਰ ਤੋਂ ਨਿਰਾਦਰੀ ਤੇ ਧੱਕਾ ਹੀ ਮਿਲਦਾ ਹੈ।

ਉਸ ਦੇ ਨਾਵਲ "ਹਸਤਾਖ਼ਰ” ਤੇ “ਪੈੜ ਚਾਲ” ਉਸ ਦੀ ਪਹਿਲੀ ਵਿਉਂਤ ਤੋਂ ਕੁਝ ਅੱਡਰੀ ਦਿੱਖ ਦੇ ਹਨ ਪਰ ਇਹ ਵੀ ਉਸੇ ਭਾਈਚਾਰੇ ਦੀ ਹੀ ਦੇਣ ਹਨ। ਉਪਰੋਂ ਇਸ ਰਾਜਸੀ ਚੇਤਨਾ, ਵਿਸ਼ਵ ਵਿਦਿਆਲੇ ਦੀ ਜੀਵਨ-ਗਤੀ ਅਤੇ ਇਸ ਦੇ ਨਾਲ ਹੀ ਇਸਤਰੀ ਦੀ ਤ੍ਰਾਸਦੀ ਵੀ ਚਿਤਰਦੇ ਹਨ। ਇਸੇ ਭਾਈਚਾਰੇ ਦੀਆਂ ਕਦਰਾਂ ਕੀਮਤਾਂ ਅਤੇ ਮਾਪ ਦੰਡ ਇਸ

ਦੇ ਸਾਰੇ ਸਾਹਿਤ ਵਿਚ ਕਿਸੇ ਨਾ ਕਿਸੇ ਰੂਪ ਵਿਚ ਪਸਰੇ ਪਏ ਹਨ। ਇਸੇ ਕਰਕੇ ਉਹ ਮਾਨਵੀ ਇਕੱਲ ਅਤੇ ਆਪੇ ਦੀ ਪਹਿਚਾਣ ਅਤੇ ਖੋਜ ਵਿਚ ਆਪੇ ਤੋਂ ਪਾਰ ਹੋ ਕੇ ਵੇਖਣਾ ਲੋੜਦੀ ਹੈ।

ਇਸਤਰੀ ਦੀ ਸਮਾਜ ਵਿਚ ਹੁੰਦੀ ਦੁਰਦਸ਼ਾ ਤੇ ਤ੍ਰਾਸਦਿਕ ਭਾਵਾਂ ਨੂੰ ਮਰਦ ਪ੍ਰਧਾਨ ਸਮਾਜ ਦੀ ਸਥਿਤੀ ਵਿਚ ਉਘੇੜਨਾ ਲੇਖਿਕਾ ਦਾ ਮੰਤਵ ਹੈ। ਉਸ ਨੇ ਰੂਪਕ ਦੀ ਪੱਧਰ ਉਤੇ ਅਤੇ ਪ੍ਰਸੰਗ ਦੀ ਪੱਧਰ ਤੇ ਦੋਹਾਂ ਪ੍ਰਸਥਿਤੀਆਂ ਵਿਚ ਇਸ ਮੰਤਵ ਨੂੰ ਨਿਖੇੜਿਆ ਹੈ। ਰੂਪਕ ਰੂਪ ਵਿਚ ਇਹ ਮੰਤਵ ਉਸ ਦੇ ਨਾਵਲਾਂ ਦੇ ਸਿਰਲੇਖਾਂ ਵਿਚ ਉਪਲਬਧ ਹੈ ਜਿਵੇਂ ਅਗਨੀ ਪ੍ਰੀਖਿਆ, ਏਹੁ ਹਮਾਰਾ ਜੀਵਣਾ, ਪੀਲੇ ਪੱਤਿਆਂ ਦੀ ਦਾਸਤਾਨ, ਉਹ ਦੁਖ ਭੋਗਣ ਵਾਲੀ ਪ੍ਰਗੀਤਕੀ ਮਾਨਸਿਕਤਾ ਨੂੰ ਚਿਤਰਨ ਵਾਲੇ ਪ੍ਰਸੰਗਾਂ ਵਿਚ ਵਧੇਰੇ ਰੁਚੀ ਪ੍ਰਗਟਾਉਂਦੀ ਹੈ। ਉਸ ਦੇ ਇਹ ਰੂਪਕ ਨਾਵਲਾਂ ਵਿਚ ਰੂਪਕ ਦਾ ਹੀ ਰੂਪ ਧਾਰਦੇ ਚਲੇ ਜਾਂਦੇ ਹਨ। ਇਹ ਰੂਪਕ ਯਥਾਰਥ ਦਾ ਰੂਪ ਨਹੀਂ ਧਾਰਦੇ। ਜਦੋਂ ਕਿਤੇ ਵੀ ਉਸ ਦੇ ਨਾਵਲਾਂ ਵਿਚ ਯਥਾਰਥ ਆਪਣੀ ਹੋਂਦ ਦਾ ਪ੍ਰਗਟਾਵਾ ਕਰਨ ਲਗਦਾ ਹੈ, ਉਹ ਉਸ ਉਤੇ ਰੂਪਕ ਦਾ ਰੰਗ ਚਾੜ੍ਹ ਲੈਂਦੀ ਹੈ। ਇਸ ਤਰ੍ਹਾਂ ਉਹ ਮਰਦ ਪ੍ਰਧਾਨ ਸਮਾਜ ਵਿਚ ਇਸਤਰੀ ਦੀ ਤ੍ਰਾਸਦੀ ਦੀ ਰੂਪਕ ਤੋਂ ਰੂਪਕ ਦਾ ਹੀ ਰੂਪ ਧਾਰਦੀ ਜਾਂਦੀ ਹੈ।

ਉਸ ਦੀ ਲੇਖਣੀ ਦੀ ਨਿਵੇਕਲੀ ਨੁਹਾਰ ਹੈ। ਇਸ ਨੁਹਾਰ ਉਤੇ ਕੁਝ ਉਘੇ ਵਿਦਵਾਨਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਜਿਨ੍ਹਾਂ ਨੂੰ ਅਤਿ ਸੰਖੇਪਤਾ ਵਿਚ ਅਸੀਂ ਪੇਸ਼ ਕਰਨਾ ਚਾਹਾਂਗੇ। ਵਿਸ਼ੇਸ਼ ਸਿਰਜੇ ਸਾਹਿਤ ਦਾ ਮੁਲਾਂਕਣ ਵਿਦਵਾਨ ਆਲੋਚਕ ਕਰਕੇ ਉਹ ਸਾਹਿਤਕਾਰਾਂ ਨੂੰ ਲੋਕਾਂ ਤਕ ਪਹੁੰਚਾਣ ਦਾ ਵਿਸ਼ੇਸ਼ ਉਦਮ ਕਰਦੇ ਹਨ।"ਇਕ ਖ਼ਤ ਸੱਜਣਾਂ ਦੇ ਨਾਮ ਵਿਚ ਡਾ. ਹਰਭਜਨ ਸਿੰਘ ਟਿਵਾਣਾ ਦੇ ਸਮੁੱਚੇ ਨਾਵਲੀ ਜਗਤ ਦੀਆਂ ਨਾਇਕਾਵਾਂ ਨੂੰ ਅਬਲਾਵਾਂ ਦੇ ਰੂਪ ਵਿਚ ਦੁਖ ਸਹਿੰਦੀਆਂ ਤੇ ਅਣਹੋਣੀਆਂ ਜਿਹੀਆਂ ਦਸਦਾ ਹੈ। ਉਸ ਅਨੁਸਾਰ ਕਿਸੇ ਵੀ ਨਾਵਲ ਦੀ ਕੋਈ ਨਾਇਕਾ ਦੁਖ ਤੋਂ ਮੁਕਤੀ ਪ੍ਰਾਪਤ ਕਰਨ ਲਈ ਹੰਭਲਾ ਨਹੀਂ ਮਾਰਦੀ। ਨਿਰੰਤਰ ਦੁਖਾਂ ਦੀ ਦਾਸਤਾਨ ਹੋਣ ਕਰਕੇ ਇਨ੍ਹਾਂ ਰਚਨਾਵਾਂ ਵਿਚੋਂ ਅਗਾਂਹ-ਵਧੂ ਦ੍ਰਿਸ਼ਟੀ ਦਾ ਸੰਕੇਤ ਮਾਤਰ ਵੀ ਨਹੀਂ ਮਿਲਦਾ। ਇਸ ਤੋਂ ਛੁੱਟ ਨਾਵਲੀ ਵੰਨਗੀ ਵਿਚ ਕੋਈ ਉਚੇਰੀ ਤਬਦੀਲੀ ਨਹੀਂ ਆਉਂਦੀ। ਉਹ ਏਹੁ ਹਮਾਰਾ ਜੀਵਣਾ, ਸਰਕੰਡਿਆਂ ਦੇ ਦੇਸ਼ ਤੇ ਪੀਲੇ ਪੱਤਿਆਂ ਦੀ ਦਾਸਤਾਨ" ਵਿਚੋਂ ਦ੍ਰਿਸ਼ਟਾਂਤਾਂ ਰਾਹੀਂ ਨਾਵਲੀ ਤਰੁੱਟੀਆਂ ਨੂੰ ਨਿਖੇੜਦੇ ਹਨ।

ਡਾਕਟਰ ਸਵਿੰਦਰ ਸਿੰਘ ਉੱਪਲ ਨੇ ਆਪਣੀ ਪੁਸਤਕ "ਪੰਜਾਬੀ ਨਾਵਲ ਵਿਧੀ ਤੇ ਵਿਚਾਰ" ਵਿਚ ਟਿਵਾਣਾ ਦੇ ਨਾਵਲਾਂ ਬਾਰੇ ਆਲੋਚਨਾਤਮਕ ਟਿਪਣੀਆਂ ਕੀਤੀਆਂ ਹਨ। ਉਨ੍ਹਾਂ ਟਿਵਾਣਾ ਦੇ ਨਾਵਲ “ਪੀਲੇ ਪੱਤਿਆਂ ਦੀ ਦਾਸਤਾਨ" ਨੂੰ ਵੀ ਆਪਣੇ ਅਧਿਐਨ ਦਾ

ਖੇਤਰ ਬਣਾਇਆ ਹੈ। ਉਨ੍ਹਾਂ ਇਸ ਨਾਵਲ ਨੂੰ ਮੁੱਖ ਰੱਖ ਕੇ ਬਾਕੀ ਸਾਰੇ ਨਾਵਲਾਂ ਨੂੰ ਪਿਛੋਕੜ ਵਿਚ ਰੱਖ ਕੇ ਚਰਚਾ ਕੀਤੀ ਹੈ। ਡਾਕਟਰ ਸਾਹਿਬ ਆਪਣੀ ਸਾਰੀ ਚਰਚਾ ਵਿਚ ਟਿਵਾਣਾ ਦੀਆਂ ਜਿਨ੍ਹਾਂ ਨਾਵਲੀ ਕਮਜ਼ੋਰੀਆਂ ਨੂੰ ਸਾਡੇ ਸਾਹਮਣੇ ਪੇਸ਼ ਕਰਦੇ ਹਨ, ਉਨ੍ਹਾਂ ਦੀ ਨਾਵਲੀ ਵਿਧੀ ਤੇ ਵਿਚਾਰਾਂ ਨੂੰ ਉਹ ਸਪਸ਼ਟ ਨਹੀਂ ਕਰ ਸਕੇ। ਉਨ੍ਹਾਂ ਦੀ ਟਿੱਪਣੀ :-

> "ਦਲੀਪ ਕੌਰ ਟਿਵਾਣਾ ਨੇ ਆਪਣੇ ਸਾਰੇ ਨਾਵਲ ਇਸਤਰੀ ਜਾਤੀ ਦੀ ਵਕਾਲਤ ਵਜੋਂ ਲਿਖੇ ਹਨ, ਜਿਨ੍ਹਾਂ ਵਿਚ ਦਰਸਾਇਆ ਗਿਆ ਹੈ ਕਿ ਔਰਤ ਮਰਦ ਹੱਥੋਂ ਕਿਵੇਂ ਜ਼ੁਲਮ ਸਹਿੰਦੀ ਰਹਿੰਦੀ ਹੈ। ਇਸ ਨਾਵਲ ਵਿਚ ਹੀ ਪੀਲੇ ਪੱਤੇ ਇਸਤਰੀ ਦੀ ਵਿਗੜੀ ਤੇ ਮੁਰਝਾਈ ਹਾਲਤ ਦੇ ਪ੍ਰਤੀਕ ਹਨ। ਜਿਨ੍ਹਾਂ ਦੀ ਦਾਸਤਾਨ ਸੁਣਾਨਾ ਲੇਖਿਕਾ ਆਪਣਾ ਫ਼ਰਜ਼ ਸਮਝਦੀ ਹੈ।"

ਡਾਕਟਰ ਸਾਹਿਬ ਦੀ ਉਕਤ ਟਿੱਪਣੀ ਇਹ ਤਾਂ ਪ੍ਰਗਟਾਉਂਦੀ ਹੈ ਕਿ ਉਹ ਨਾਇਕਾਵਾਂ ਦੀ ਵਕਾਲਤ ਕਰਦੀ ਹੈ ਪਰ ਉਸ ਦੀਆਂ ਨਾਇਕਾਵਾਂ ਕਿਸ ਤਰ੍ਹਾਂ ਦੇ ਦੁਖ ਸਹਿੰਦੀਆਂ ਹਨ ਤੇ ਉਨ੍ਹਾਂ ਦਾ ਕੀ ਸਮਾਧਾਨ ਕੀਤਾ ਹੈ, ਬਾਰੇ ਚੁੱਪ ਹਨ। ਇਹ ਟਿੱਪਣੀ ਕੁਝ ਓਪਰੀ ਜਿਹੀ ਝਾਤ ਹੀ ਪ੍ਰਤੀਤ ਹੁੰਦੀ ਹੈ। ਇਸ ਵਿਚੋਂ ਲੇਖਿਕਾ ਦਾ ਪ੍ਰਯੋਜਨ ਨਹੀਂ ਨਿਖੜਦਾ। ਉਹ ਇਹ ਵੀ ਲਿਖਦੇ ਹਨ ਕਿ ਟਿਵਾਣਾ ਪਾਸ ਦਿੱਬ ਦ੍ਰਿਸ਼ਟੀ ਦੀ ਘਾਟ ਹੈ ਤੇ ਉਹ ਉਪ ਭਾਵੁਕਤਾ ਦਾ ਸ਼ਿਕਾਰ ਹੋ ਕੇ ਆਪਣੀਆਂ ਰਚਨਾਵਾਂ ਸਿਰਜਦੀ ਹੈ ਤੇ ਇਸੇ ਕਰਕੇ ਪਾਠਕ ਨੂੰ ਕੋਈ ਨਰੋਈ ਸੇਧ ਨਹੀਂ ਦੇ ਸਕੀ। ਉਨ੍ਹਾਂ ਦਾ ਇਹ ਨਿਰਣਾ ਵੀ ਸਪਸ਼ਟ ਅਤੇ ਉਸ ਦੇ ਗਲਪੀ ਵਿਧੀ ਦਾ ਪੂਰਾ ਗਿਆਨ ਨਾ ਹੋਣ ਦਾ ਝੋਲਾ ਪਾਉਂਦਾ ਹੈ। ਉਨ੍ਹਾਂ ਆਪਣੀ ਆਲੋਚਨਾ ਦਾ ਸੰਦਰਭਸਮਾਜਿਕ ਜੁਗਤ ਵਿਚੋਂ ਨਹੀਂ ਖੋਲ੍ਹਿਆ। ਸਮਾਜ ਤੇ ਸਭਿਆਚਾਰ ਨੂੰ ਮੁੱਖ ਰੱਖ ਕੇ ਹੀ ਰਚਨਾਵਾਂ ਦਾ ਮੁਲਾਂਕਣ ਹੋਣਾ ਉਚਿਤ ਹੈ।

ਨਰਿੰਜਣ ਤਸਨੀਮ ਨੇ ਆਪਣੀ ਪੁਸਤਕ "ਪੰਜਾਬੀ ਨਾਵਲ ਦਾ ਮੁਹਾਂਦਰਾ" ਵਿਚ ਦਲੀਪ ਕੌਰ ਟਿਵਾਣਾ ਦੇ ਤਿੰਨ ਨਾਵਲ 1. ਤੀਲੀ ਦਾ ਨਿਸ਼ਾਨ, 2. ਸੂਰਜ ਤੇ ਸਮੁੰਦਰ, 3. ਏਹੁ ਹਮਾਰਾ ਜੀਵਣਾ ਨੂੰ ਵੱਖਰੇ ਵੱਖਰੇ ਪਰਿਪੇਖ ਅਧੀਨ ਆਲੋਚਨਾ ਦਾ ਮਾਧਿਅਮ ਬਣਾਇਆ ਹੈ। 'ਤੀਲੀ ਦੇ ਨਿਸ਼ਾਨ' ਨੂੰ ਉਹ ਸਫ਼ਲ ਮਨੋਵਿਗਿਆਨਕ ਰਚਨਾ ਸਵੀਕਾਰਦਾ ਹੈ। ਉਸ ਟਿਵਾਣਾ ਦੀ ਲੇਖਣੀ ਦੇ ਪਰੰਪਰਾਗਤ ਤੋਂ ਚੇਤਨਾ ਪ੍ਰਵਾਹ ਦੇ ਰਾਹੇ ਪੈਣਾ ਕਿਹਾ ਹੈ। 'ਸੂਰਜ ਤੇ ਸਮੁੰਦਰ' ਦੇ ਰੂਪ ਵਿਧਾਨ ਬਾਰੇ ਵੀ ਉਸ ਚਰਚਾ ਕੀਤੀ ਹੈ । 'ਏਹੁ ਹਮਾਰਾ ਜੀਵਣਾ' ਦੇ ਵਿਸ਼ੇ ਪੱਖ ਨੂੰ ਸਾਹਮਣੇ ਰੱਖ ਕੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਉਸ

ਅਨੁਸਾਰ ਨਾਵਲਾਂ ਵਿਚੋਂ ਪਾਠਕਾਂ ਨੂੰ ਕੋਈ ਅਰੋਗ ਦ੍ਰਿਸ਼ਟੀ ਪ੍ਰਾਪਤ ਨਹੀਂ ਹੁੰਦੀ ਸਗੋਂ ਨਾਇਕਾਵਾਂ ਰਹਿਮ ਜਗਾਉਂਦੀਆਂ ਪ੍ਰਤੀਤ ਹੁੰਦੀਆਂ ਹਨ।

ਤਸਨੀਮ ਨੇ ਆਪਣੀ ਆਲੋਚਨਾ ਵਿਚ ਟਿਵਾਣਾ ਦੀ ਨਾਵਲ ਕਲਾ ਦੇ ਵੱਖੋ ਵੱਖਰੇ ਪੱਖਾਂ ਨੂੰ ਲੈ ਕੇ ਆਲੋਚਨਾ ਕੀਤੀ ਹੈ। ਉਸ ਨੇ ਟਿਵਾਣਾ ਦੇ ਗਲਪ ਜਗਤ ਨੂੰ ਸਮਝਾਉਣ ਲਈ ਕੁਝ ਮਹੱਤਵਪੂਰਨ ਨੁ ਤੇ ਉਠਾਏ ਹਨ ਜਿਹੜੇ ਉਸ ਦੀ ਲੇਖਣੀ ਨੂੰ ਸਪਸ਼ਟ ਕਰਨ ਵਿਚ ਸਹਾਈ ਹੁੰਦੇ ਹਨ।

ਜੋਗਿੰਦਰ ਸਿੰਘ ਰਾਹੀ ਨੇ ਆਪਣੀ ਪੁਸਤਕ "ਪੰਜਾਬੀ ਨਾਵਲ" ਵਿਚ ਪੰਜਾਬੀ ਨਾਵਲ ਪਰੰਪਰਾ ਤੇ ਪ੍ਰਵਾਹ ਸਿਰਲੇਖ ਹੇਠ ਦਲੀਪ ਕੌਰ ਟਿਵਾਣਾ ਦੇ ਨਾਵਲ 'ਏਹੁ ਹਮਾਰਾ ਜੀਵਣਾ', 'ਵਾਟ ਹਮਾਰੀ', 'ਤੀਲੀ ਦਾ ਨਿਸ਼ਾਨ', 'ਅਗਨੀ ਪ੍ਰੀਖਿਆ' ਤੇ 'ਸੂਰਜ ਤੇ ਸਮੁੰਦਰ' ਬਾਰੇ ਆਲੋਚਨਾਤਮਿਕ ਟਿੱਪਣੀਆਂ ਕੀਤੀਆਂ ਹਨ। ਉਨ੍ਹਾਂ ਪਰੰਪਰਾ ਆਲੋਚਨਾ ਨਾਲੋਂ ਨਵੀਨ ਸਮੀਖਿਆ ਵਿਧੀ ਅਨੁਸਾਰ ਆਲੋਚਨਾ ਕੀਤੀ ਹੈ। ਉਨ੍ਹਾਂ ਟਿਵਾਣਾ ਦੇ ਗਲਪ-ਜਗਤ ਦੀ ਪ੍ਰਕ੍ਰਿਤੀ ਅਤੇ ਵਿਧੀ ਦੇ ਗੁਣ ਅਤੇ ਲੱਛਣ ਪ੍ਰਗਟ ਕੀਤੇ ਹਨ।

ਡਾਕਟਰ ਮਨਜੀਤ ਕੌਰ ਨੇ ਟਿਵਾਣਾ ਦੇ ਨਾਵਲਾਂ ਦੀ ਆਲੋਚਨਾ ਕੀਤੀ ਹੈ। ਉਸ ਨੇ ਆਪਣੀ ਆਲੋਚਨਾ ਦੇ ਸਿਧਾਂਤਕ ਆਧਾਰ ਰੂਸੀ ਰੂਪਵਾਦ ਤੇ ਫ਼ਰਾਂਸੀਸੀ ਥੀਮ ਵਿਗਿਆਨ ਤੋਂ ਕੀਤੇ ਹਨ। ਉਸ ਨੇ 'ਏਹੁ ਹਮਾਰਾ ਜੀਵਣਾ' ਨਾਵਲ ਦਾ ਥੀਮਕ ਅਧਿਐਨ ਰਾਹੀਂ ਵਿਸ਼ਲੇਸ਼ਣ ਕੀਤਾ ਹੈ। ਉਹ ਇਸ ਨਾਵਲ ਨੂੰ ਸੁਜੋਤ ਪ੍ਰਧਾਨ ਕਹਿੰਦੀ ਹੈ। ਉਸ ਨੇ ਇਸ ਨਾਵਲ ਵਿਚ ਮੋਟਿਫ 'ਮੁੱਲ ਦਾ ਵਿਆਹ' ਸਾਰੇ ਥਾਂ ਪਸਰਿਆ ਕਿਹਾ ਹੈ। ਉਹ ਇਸ ਨਾਵਲ ਨੂੰ ਇਕਹਿਰੇ ਤੇ ਸਰਲ ਪਿੰਡੇ ਵਾਲੀ ਰਚਨਾ ਕਹਿੰਦੀ ਹੈ। ਉਸ ਦੀ ਆਲੋਚਨਾ ਕਈ ਪ੍ਰਕਾਰ ਤੋਂ ਮਹੱਤਵਪੂਰਣ ਹੈ ਪਰ ਉਸ ਦੀ ਆਲੋਚਨਾ ਵੀ ਸਰਲਤਾ ਦੀ ਸੀਮਾ ਵਿਚ ਬੱਝੀ ਜਾਪਦੀ ।

ਪ੍ਰੋਫੈਸਰ ਕਿਸ਼ਨ ਸਿੰਘ ਨੇ 'ਸੇਧ' ਪੱਤ੍ਰਿਕਾ ਵਿਚ ਟਿਵਾਣਾ ਦਾ ਨਾਵਲ 'ਪੀਲੇ ਪੱਤਿਆਂ ਦੀ ਦਾਸਤਾਨ' ਨੂੰ 'ਔਰਤ ਦੀ ਆਜ਼ਾਦੀ' ਦੇ ਮਸਲੇ ਹੇਠ ਆਲੋਚਨਾ ਦਾ ਵਿਸ਼ਾ ਬਣਾਇਆ ਹੈ। ਉਸ ਦੀ ਆਲੋਚਨਾ ਦੇ ਮਾਪ-ਦੰਡ ਦੂਸਰਿਆਂ ਨਾਲੋਂ ਵੱਖਰੇ ਹਨ। ਉਨ੍ਹਾਂ ਸਮਾਜ ਤੇ ਸਭਿਆਚਾਰ ਪੱਖ ਨੂੰ ਚਰਚਾ ਦਾ ਵਿਸ਼ਾ ਬਣਾਇਆ ਹੈ। ਉਹ ਇਸ ਰਚਨਾ ਨੂੰ ਮਾਰਕਸਵਾਦੀ ਸਮਾਜ ਸ਼ਾਸਤਰ ਦੇ ਸਿਧਾਂਤਾਂ ਅਨੁਸਾਰ ਅਧਿਐਨ ਦਾ ਵਿਸ਼ਾ ਬਣਾਉਂਦਾ ਹੈ। ਇਸ ਨਾਵਲ ਵਿਚੋਂ ਉਸ ਔਰਤ ਦੀ ਆਜ਼ਾਦੀ ਦਾ ਮਸਲਾ ਬਣਾ ਕੇ ਪੇਸ਼ ਕਰਨ ਲੱਗਿਆਂ ਵੀ ਉਸ ਢਿੱਲੀ ਵਿਧੀ ਨੂੰ ਸਾਹਮਣੇ ਰੱਖਿਆ ਹੈ। ਇਹ ਸਮੀਖਿਆ ਰੂਪ ਨਾਲੋਂ ਵਸਤੂ ਉਪਰ ਅਧਾਰਿਤ ਹੈ। ਉਸ ਔਰਤ ਦੀ ਆਜ਼ਾਦੀ ਦੀ ਸਮੱਸਿਆ ਵੱਲ ਸੰਕੇਤ ਕਰਕੇ ਪਿਛਾਂਹ ਖਿੱਚੂ

ਆਰਥਿਕ ਢਾਂਚੇ ਦੀ ਆਲੋਚਨਾ ਕੀਤੀ ਹੈ। ਇਸੇ ਨੂੰ ਹੀ ਨਾਵਲ ਦਾ ਅਸਲੀ ਅਰਥ ਬਣਾਉਣ ਦਾ ਉਪਰਾਲਾ ਕੀਤਾ ਹੈ।

ਅਸਾਂ ਕੁਝ ਉਘੇ ਆਲੋਚਕਾਂ ਦੀ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਸਬੰਧੀ ਕੀਤੀ ਆਲੋਚਨਾ ਦਾ ਤੱਤ ਸਾਰ ਹੀ ਦਿੱਤਾ ਹੈ। ਉਨ੍ਹਾਂ ਦੀਆਂ ਸਾਰੀਆਂ ਟਿੱਪਣੀਆਂ ਨੂੰ ਵਾਚਣ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਆਲੋਚਕਾਂ ਦਾ ਧਿਆਨ ਉਸ ਦੀ ਗਲਪੀ ਜੁਗਤ ਤੇ ਨਹੀਂ ਪਿਆ ਸਗੋਂ ਉਸ ਦੀ ਸਮੱਸਿਆ ਤੇ ਸੰਦੇਸ਼ ਨੂੰ ਹੀ ਉਨ੍ਹਾਂ ਆਪਣੀ ਚਰਚਾ ਦਾ ਵਿਸ਼ਾ ਬਣਾਇਆ ਹੈ। ਨਾਵਲਾਂ ਵਿਚ ਉਸ ਵੱਲੋਂ ਕੀਤੀ ਪੇਸ਼ਕਾਰੀ ਨੂੰ ਵੀ ਅੱਖੋਂ ਪਰੋਖੇ ਕੀਤਾ ਗਿਆ ਹੈ। ਉਸ ਦੀਆਂ ਗਲਪੀ ਰਚਨਾਵਾਂ ਵਿਚ ਜੁਗਤ ਦਾ ਮਹੱਤਵ ਪਹਿਲਾਂ ਤੇ ਜੁਗਤ ਦਾ ਪਿੱਛੋਂ ਵੇਖਿਆ ਜਾਣਾ ਚਾਹੀਦਾ ਹੈ। ਉਹ ਆਪਣੀਆਂ ਗਲਪੀ ਰਚਨਾਵਾਂ ਵਿਚ ਸਮਾਜਿਕ, ਪਰਿਵਾਰਿਕ, ਮਾਲਵੇ ਦੇ ਪਿੰਡਾਂ ਦੇ ਜੀਵਨ ਦੀ ਭੂਮਿਕਾ ਬਣਾਉਂਦੀ ਹੈ। ਉਹ ਆਪਣੀ ਨਾਇਕਾ ਨੂੰ ਪਰੰਪਰਾਗਤ ਸਮਾਜ ਦੀ ਪ੍ਰਤੀਕੂਲ ਸਥਿਤੀ ਅਨੁਸਾਰ ਪੇਸ਼ ਕਰਦੀ ਹੈ। ਉਹ ਇਕੱਲੀ ਹੀ ਉਸਰੇ ਵਾਤਾਵਰਣ ਅਨੁਸਾਰ ਦੁਖ ਭੋਗਦੀ ਹੈ। ਉਸ ਭਾਰਤੀ ਇਸਤਰੀ ਦੀ ਪੀੜਾ ਨੂੰ ਦਰਸਾ ਕੇ ਮਰਦ ਦੇ ਮਨ ਨੂੰ ਝੰਜੋੜਿਆ ਹੈ। ਜੇ ਮਰਦ ਦਾ ਆਤਮਿਕ ਹਿਤੂ ਹੀ ਉਸ ਦੇ ਸਿਤਮਾਂ ਕਾਰਨ ਰੋਗੀ ਹੈ ਤਾਂ ਕਿਸ ਤਰ੍ਹਾਂ ਉਹ ਨਰੋਏ ਸਮਾਜ ਦੀ ਸਿਰਜਣਾ ਕਰ ਸਕਦਾ ਹੈ। ਇਸਤਰੀ ਦੇ ਸਹਿਯੋਗ ਤੋਂ ਬਿਨਾਂ ਇਕ ਆਦਰਸ਼ਕ ਜੀਵਨ ਦੀ ਉਸਾਰੀ ਅਸੰਭਵ ਹੈ। ਉਹ ਕਹਿੰਦੀ ਹੈ ਕਿ ਹਰ ਸਫ਼ਲ ਮਨੁੱਖ ਪਿਛੇ ਕਿਸੇ ਸੁਹਿਰਦ ਇਸਤਰੀ ਦਾ ਹੱਥ ਹੁੰਦਾ ਹੈ।

ਔਰਤ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਵੀ ਜੂਝਣਾ ਪੈ ਰਿਹਾ ਹੈ। ਸਦੀਆਂ ਤੋਂ ਵਸਤੂ ਬਣੀ ਔਰਤ ਅਜੇ ਵੀ 'ਅਗਨੀ ਪ੍ਰੀਖਿਆ' ਵਿਚੋਂ ਲੰਘ ਰਹੀ ਹੈ ਇਸ ਲਈ ਕਦੇ ਚੁੱਪ ਤੇ ਉਦਾਸ, ਕਦੇ ਟੁੱਟੇ ਬਿਖੜੇ ਤੇ ਕਦੇ ਭਟਕੇ ਰੂਪਾਂ ਵਿਚੋਂ ਆਪਣੇ ਆਪ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਪਹਿਚਾਣ ਮਗਰੋਂ ਹੀ ਉਹ ਆਪਣੀ ਪਰ ਨਾਲ ਰਿਸ਼ਤਿਆਂ ਨੂੰ ਸਿਰਜਣ, ਵਿਉਂਤਣ ਤੋਂ ਪਹਿਲਾਂ ਆਪਣੇ ਨਾਲ ਸੱਜਰੇ, ਸਾਵੇਂ ਤੇ ਤੰਦਰੁਸਤ ਸਬੰਧ ਸਥਾਪਤ ਕਰਨ ਦੇ ਸਮਰੱਥ ਹੋ ਸਕੇਗੀ।

ਟਿਵਾਣਾ ਆਪਣੇ ਸਾਹਿਤ ਨੂੰ ਕਿਸੇ ਵਾਦ ਜਾਂ ਸਿਧਾਂਤ ਉਤੇ ਨਹੀਂ ਸਿਰਜਦੀ। ਉਹ ਸਮਝਦੀ ਹੈ ਸਾਹਿਤ ਕਿਸੇ ਵਾਦ ਦਾ ਪ੍ਰਚਾਰਕ ਨਹੀਂ ਬਣ ਸਕਦਾ। ਪ੍ਰੇਖਣ ਦਾ ਸਾਧਨ ਜ਼ਰੂਰ ਹੋ ਸਕਦਾ ਹੈ। ਉਹ ਆਪਣੀ ਪੁਸਤਕ 'ਕਹਾਣੀ ਕਲਾ ਤੇ ਮੇਰਾ ਅਨੁਭਵ' ਵਿਚ ਲਿਖਦੀ ਹੈ। ਵਿਸ਼ੇ ਤੇ ਰੂਪ ਪੱਖ ਬਾਰੇ ਚੇਤੰਨ ਹੋ ਕੇ, ਜੇ ਕੋਈ ਰਚਨਾ ਕਰ ਸਕੇ ਤਾਂ ਚੰਗੀ ਗੱਲ ਹੈ ਪਰ ਪ੍ਰਯੋਗ ਦੀ ਖ਼ਾਤਰ ਪ੍ਰਯੋਗ ਕਰਨੇ ਇਮਾਨਦਾਰੀ ਨਹੀਂ। ਜੀਵਨ ਤੇ ਜਗਤ ਨਾਲ ਸਿੱਧੇ ਸਬੰਧ

ਦੀ ਥਾਂ ਜਿਸ ਰਚਨਾ ਦਾ ਆਧਾਰ ਮਾਂਗਵੇਂ ਜਾਂ ਚੁਰਾਏ ਖ਼ਿਆਲ ਹਨ ਉਹ ਚਿਰੰਜੀਵ ਨਹੀਂ ਹੋ ਸਕਦੀ। ਜਿਹੜਾ ਕਲਚਰ ਸਿਰਜਣਾ ਨਾਲ ਸੱਚਾ ਨਹੀਂ, ਉਸ ਦੀ ਰਚਨਾ ਕਿਹੜੇ ਸੱਚ ਨੂੰ ਸਾਕਾਰ ਕਰਨ ਦੇ ਸਮਰੱਥ ਹੋਵੇਗੀ।

ਉਸ ਦੇ ਨਾਵਲਾਂ ਵਿਚ ਪੰਜਾਬ ਦੀ ਪੇਂਡੂ, ਪੜ੍ਹੀ ਲਿਖੀ, ਜਵਾਨ, ਅੱਧਖੜ, ਸੁਹਾਗਣ, ਵਿਧਵਾ ਆਦਿ ਇਸਤਰੀਆਂ ਦਾ ਪ੍ਰਮਾਣਿਕ ਰੂਪ ਮਿਲਦਾ ਹੈ। ਉਸ ਦੀਆਂ ਨਾਇਕਾਵਾਂ ਉਸ ਦੀ ਭਾਵਨਾ ਤੇ ਭਾਵੁਕਤਾ ਨੂੰ ਦ੍ਰਿਸ਼ਟਮਾਨ ਕਰਨ ਦੇ ਸਮਰੱਥ ਹਨ। ਉਸ ਆਪਣੇ ਨਵੇਂ ਨਾਵਲਾਂ ਵਿਚ ਪੜ੍ਹੀ ਲਿਖੀ ਇਸਤਰੀ ਦੀਆਂ ਸਮੱਸਿਆਵਾਂ ਤੇ ਸੀਮਾਵਾਂ ਨੂੰ ਪੇਸ਼ ਕੀਤਾ ਹੈ। ਉਹ ਆਪਣੇ ਸਵੈ ਤੋਂ ਪਾਰ ਹੋ ਕੇ ਸੋਚਦੀਆਂ ਹਨ।

ਉਸ ਦੇ ਨਾਵਲਾਂ ਵਿਚੋਂ ਪੰਜਾਬ ਦੀ ਮਿੱਟੀ ਦੀ ਖ਼ੁਸ਼ਬੂ ਆਉਂਦੀ ਹੈ। ਪਾਠਕ ਮਨ ਇਸ ਨਾਲ ਮੋਹ-ਮੁਗਧ ਹੋ ਕੇ ਆਪਣਾ ਚੇਹਰਾ ਮੋਹਰਾ ਉਸ ਵਿਚੋਂ ਪਹਿਚਾਣਦਾ ਹੈ। ਉਹ ਆਪਣੇ ਸਭਿਆਚਾਰ ਪ੍ਰਤੀ ਪ੍ਰਤੀਬੱਧ ਹੈ। ਉਹ ਜਿਸ ਸ਼੍ਰੇਣੀ ਸਮਾਜ ਦਾ ਚਿੱਤਰ ਪੇਸ਼ ਕਰਦੀ ਹੈ ਉਸ ਵਿਚ ਦੁੱਖ ਭੋਗ ਕਰਤਾ ਵਿਚ ਕੋਈ ਭਿੰਨ ਭੇਦ ਨਹੀਂ।

ਉਹ ਆਪਣੀ ਕਥਾ ਵਸਤੂ ਆਪਣੇ ਪ੍ਰੀਚਤ ਸਮਾਜ ਵਿਚੋਂ ਲੈਂਦੀ ਹੈ। ਸਮਾਜ ਵਿਚੋਂ ਬੁਰਿਆਈ ਦਾ ਜਿਹੜਾ ਕੰਡਾ ਉਸ ਦੇ ਸੀਨੇ ਵਿਚ ਚੁਭਦਾ ਹੈ ਉਹ ਗਲਪ ਰਾਹੀਂ ਆਪਣੀ ਪੀੜਾ ਦੂਸਰਿਆਂ ਨਾਲ ਸਾਂਝੀ ਕਰਦੀ ਹੈ ਅਤੇ ਉਹ ਉਸ ਨੂੰ ਆਪਣੀ ਪੀੜਾ ਸਮਝ ਬੈਠਦੇ ਹਨ । ਉਸ ਵਿਚ ਸਮਾਜ ਨੂੰ ਬਦਲਣ ਦੀ ਸਮਰੱਥਾ ਨਹੀਂ ਪਰ ਉਹ ਇਸ ਨੂੰ ਬਦਲਣ ਲਈ ਲੋਕ ਮਨ ਉਭਾਰਨ ਦੇ ਸਮੱਰਥ ਹੈ।

ਉਹ ਆਪਣੇ ਨਾਵਲ ਦੀ ਕਥਾ ਨੂੰ ਬੜੀ ਕੁਸ਼ਲਤਾ ਨਾਲ ਵਿਉਂਤਦੀ ਹੈ। ਪਾਠਕ ਦੀ ਉਤਸੁਕਤਾ ਇਕਸਾਰ ਕਾਇਮ ਰਹਿੰਦੀ ਹੈ। ਉਹ ਕਥਾ ਦਾ ਅੰਤ ਬੜੀ ਨਾਟਕੀਅਤਾ ਨਾਲ ਕਰਦੀ ਹੈ। ਕਥਾ ਦੀ ਸਮਾਪਤੀ ਉਪਰੰਤ ਵੀ ਪਾਠਕ ਮਨ ਅੱਗੇ ਚਲੀ ਜਾਂਦਾ ਹੈ। ਉਹ ਉਸ ਸਮੱਸਿਆ ਦਾ ਹੱਲ ਭਾਲਣ ਲੱਗ ਜਾਂਦਾ ਹੈ।

ਟਿਵਾਣਾ ਜੇ ਗਲਪ ਬਿੰਬ ਰਾਹੀਂ ਨਾਰੀ ਦਾ ਸੰਤਾਪ ਤੇ ਉਸ ਦੀ ਹੋਣੀ ਦੇ ਵਿਭਿੰਨ ਰੂਪ ਪੇਸ਼ ਕਰ ਸਕੀ ਹੈ ਤਾਂ ਉਸ ਦਾ ਅਸਲ ਵਿਚ ਆਪਣਾ ਤਨ ਝਾਗਿਆ ਅਨੁਭਵ ਹੈ ਜਿਸ, ਦੀ ਸੋਅ ਉਸ ਦੀ ਸਵੈ-ਜੀਵਨੀ ਵਿਚ ਮਿਲਦੀ ਹੈ। ਇਸ ਦਾ ਪ੍ਰਮਾਣ ਉਸ ਦੇ ਪਹਿਲੇ ਨਾਵਲ "ਅਗਨੀ ਪ੍ਰੀਖਿਆ" ਵਿਚ ਉਪਲਬਧ ਹੈ। ਮਨਦੀਪ ਜਿਨ੍ਹਾਂ ਤ੍ਰਾਸਦੀਆਂ ਨੂੰ ਆਪਣੇ ਆਪ ਵਿਚ ਹੰਢਾਉਂਦੀ ਹੈ ਅਤੇ ਧਰਤੀ ਨਾਲੋਂ ਟੁੱਟਾ ਰਿਸ਼ਤਾ ਮੁੜ ਜੋੜਦੀ ਹੈ ਉਨ੍ਹਾਂ ਸਾਰੀਆਂ ਤ੍ਰਾਸਦਿਕ

ਸਥਿਤੀਆਂ ਦਾ ਵਰਨਣ ਉਸ ਦੀ ਸਵੈ-ਜੀਵਨੀ ਦਾ ਗਲਪ ਚਿੱਤਰ ਚਿਤਰਦਾ ਪ੍ਰਤੀਤ ਹੁੰਦਾ ਹੈ।

ਟਿਵਾਣਾ ਅਨੁਸਾਰ ਇਹ ਨਾਵਲ ਉਨ੍ਹਾਂ ਪਲਾਂ ਦਾ ਜ਼ਿਕਰ ਕਰਦਾ ਹੈ ਜਦੋਂ ਜ਼ਿੰਦਗੀ ਦੇਣ, ਤੇ ਜ਼ਿੰਦਗੀ ਲੈਣ ਵਾਲੀ ਅਗਨੀ ਕਿਸੇ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਹੈ, ਜਿਹੜੀ ਸੀਤਾ ਅਗਨੀ ਪ੍ਰੀਖਿਆ ਵਿਚੋਂ ਸਾਬਤ ਸੂਰਤ ਲੰਘ ਗਈ ਸੀ ਭਾਵ ਅਗਨੀ ਪ੍ਰੀਖਿਆ ਨੇ ਜਿਸ ਸੀਤਾ ਨੂੰ ਸਿਰਜਿਆ ਸੀ ਦੁਨੀਆਂ ਫਿਰ ਉਸ ਨੂੰ ਆਪਣੇ ਮੇਚ ਦੀ ਨਾ ਲੱਗੀ। ਨਹੀਂ ਤਾਂ ਉਸਨੂੰ ਧਰਤੀ ਵਿਚ ਸਮਾ ਜਾਣ ਦੀ ਲੋੜ ਕੀ ਸੀ? ਇਸੇ ਲਈ ਹਰ ਪ੍ਰੀਖਿਆ ਜਿਹੜੀ ਤੁਹਾਨੂੰ ਸਿਰਜਦੀ ਹੈ ਨਾਲ ਦੀ ਨਾਲ ਫ਼ਨਾਹ ਵੀ ਕਰਦੀ ਹੈ। ਇਸ ਨਾਵਲ ਵਿਚ ਸਿਰਜੇ ਜਾਣ ਤੇ ਫ਼ਨਾਹ ਹੋਣ ਦੇ ਕਰਮ ਨੂੰ ਮੈਂ ਉਲਟਾ ਕੇ ਵੇਖਣ ਦੀ ਕੋਸ਼ਿਸ਼ ਕੀਤੀ ਹੈ। ਫ਼ਨਾਹ ਹੋਣ ਤੋਂ ਮਗਰੋਂ ਜਦੋਂ ਕੋਈ ਆਪਣੇ ਆਪ ਨੂੰ ਸਿਰਜਦਾ ਹੈ ਤਾਂ ਉਹ ਲੋਕਾਂ ਕੋਲੋਂ ਹੀ ਨਹੀਂ ਆਪਣੇ ਆਪ ਕੋਲੋਂ ਵੀ ਬਹੁਤ ਦੂਰ ਨਿਕਲ ਆਉਂਦਾ ਹੈ। ਇਸੇ ਲਈ ਇਸ ਨਾਵਲ ਦੀ ਨਾਇਕਾ ਪੁੱਛਦੀ ਹੈ ਮੈਂ ਕੌਣ ਹਾਂ ਤੇ ਇਹ ਲੋਕ ਕੌਣ ਨੇ ? ਤੇ ਉਸ ਦਾ ਇਹ ਸਵਾਲ ਹਰ ਚੇਤਨ ਮਨੁੱਖ ਦੇ ਉਸ ਅਜ਼ਲੀ ਸਵਾਲ ਨਾਲ ਜਾ ਜੁੜਦਾ ਹੈ ਕਿ ਉਹ ਕੌਣ ਹੈ ?“

ਲੇਖਿਕਾ ਦਾ ਇਹ ਕਥਨ ਕੇਵਲ 'ਅਗਨੀ ਪ੍ਰੀਖਿਆ' ਨਾਵਲ ਵਿਚ ਨਾਇਕਾ ਮਨਦੀਪ ਦੇ ਪ੍ਰਸ਼ਨਾਂ ਦੀ ਸੂਚੀ ਜਾਂ ਉਸ ਦੀ ਤ੍ਰਾਸਦਿਕ ਹੋਣੀ ਵੱਲ ਹੀ ਸੰਕੇਤ ਨਹੀਂ ਸਗੋਂ ਹਰ ਉਸ ਨਾਰੀ ਦਾ ਹੈ ਜਿਹੜੀ ਜਿਉਣਾ ਚਾਹੁੰਦੀ ਹੈ ਪਰ ਸਥਿਤੀਆਂ ਦੀ ਕਠੋਰਤਾ ਤੇ ਉਸ ਦੇ ਜੀਵਨ ਦੀਆਂ ਚਿਤੌਣੀਆਂ ਉਸ ਦੀ ਇੱਛਾ ਦੀ ਪੂਰਤੀ ਵਿਚ ਆ ਖਲੋਂਦੀਆਂ ਹਨ।

ਉਹ ਆਪਣੇ ਜੀਵਨ ਵਿਚ ਦੇਖੇ ਭਾਲੇ ਪਾਤਰ ਮਾਡਲ ਵਜੋਂ ਲੈ ਕੇ ਉਨ੍ਹਾਂ ਦੀ ਜ਼ਿੰਦਗੀ ਵਿਚ ਉਤਪੰਨ ਹੋਏ ਪ੍ਰਸ਼ਨ ਹੱਲ ਕਰਨ ਦਾ ਉਪਰਾਲਾ ਕਰਦੀ ਹੈ। ਉਹ ਆਪਣੇ ਪਾਤਰਾਂ ਵਿਚ ਜਿਉਂਦੀ ਲਗਦੀ ਹੈ। ਉਹ ਕਹਾਣੀ ਕਲਾ ਤੇ ਮੇਰੇ ਅਨੁਭਵ ਵਿਚ ਲਿਖਦੀ ਹੈ 'ਕਦੇ ਕਦੇ ਇਹ ਪਾਤਰ ਮੈਨੂੰ ਡਾਢਾ ਪ੍ਰੇਸ਼ਾਨ ਕਰਦੇ ਹਨ? ਜਦੋਂ ਵਰਕਿਆਂ ਵਿਚੋਂ ਨਿਕਲ ਕੇ ਇਹ ਮੇਰੇ ਸਾਹਮਣੇ ਆ ਖੜ੍ਹੋਂਦੇ ਹਨ ਤੇ ਆਪਣੇ ਸਵਾਲਾਂ ਦਾ ਉਤਰ ਮੰਗਦੇ ਹਨ। ਮੇਰੇ ਕੋਲੋਂ ਜਦ ਕੋਈ ਉਤਰ ਨਹੀਂ ਸਰਦਾ ਤਾਂ ਉਹ ਵਿਅੰਗ ਨਾਲ ਮੁਸਕਰਾ ਕੇ ਆਖਦੇ ਹਨ 'ਮੈਡਮ ਤੂੰ ਕੌਣ ਹੈਂ ? ਤੇ ਫਿਰ ਆਪ ਹੀ ਹੱਸ ਕੇ ਆਖਦੇ ਹਨ ਤੂੰ ਵੀ ਕੋਈ ਨਹੀਂ ?5 ਉਹ ਬੜੀ ਸੁਹਿਰਦਤਾ ਅਤੇ ਗਹਿਰਾਈ ਨਾਲ ਆਪਣੇ ਪਾਤਰਾਂ ਨਾਲ ਇਕਮਿਕ ਹੈ। ਇਸੇ ਕਰਕੇ ਉਸ ਦੇ ਪਾਤਰ ਬੜੇ ਠੋਸ ਅਤੇ ਦੇਖੇ ਭਾਲੇ ਹਨ। ਉਸ ਦੀ ਸਫ਼ਲ ਪਾਤਰ ਉਸਾਰੀ ਇਸੇ ਗੁਣ ਕਾਰਨ ਹੀ ਹੈ।

ਟਿਵਾਣਾ ਨੇ ਨਾਵਲਾਂ ਵਿਚ ਦ੍ਰਿਸ਼ ਵਰਨਣ ਅਤੇ ਸਥਾਨਕ ਰੰਗ ਦਾ ਬੜੀ ਬਾਰੀਕੀ ਨਾਲ ਉਲੇਖ ਕੀਤਾ ਹੈ। ਇਹ ਦੋਵੇਂ ਤੱਤ ਨਾਵਲ ਵਿਚ ਗਾਥਾ ਵਧੇਰੇ ਮੰਨਣ ਯੋਗ ਬਣਾਉਂਦੇ ਹਨ ਤੇ ਨਾਲ ਨਾਲ ਪਾਤਰਾਂ ਦੀਆਂ ਕ੍ਰਿਆਵਾਂ ਨੂੰ ਵੀ ਠੋਸ ਬਣਾਉਂਦੇ ਹਨ। ਉਸ ਨੇ ਆਪਣੇ ਨਾਵਲ 'ਲੰਮੀ ਉਡਾਰੀ' ਵਿਚ ਇੰਗਲੈਂਡ ਵਿਚ ਸਥਿਤ ਹਾਰਡੀ, ਸ਼ੈਕਸਪੀਅਰ ਦੇ ਘਰ ਅਤੇ ਕੈਥਡਰਲ ਦੇ ਘੰਟਾ ਘਰ ਦਾ ਵਰਨਣ ਏਨੀ ਬਾਰੀਕੀ ਨਾਲ ਕੀਤਾ ਹੈ ਕਿ ਪਾਠਕ ਅੱਗੇ ਉਹ ਦ੍ਰਿਸ਼ ਹੂ-ਬ-ਹੂ ਆ ਖੜ੍ਹੇ ਹੁੰਦੇ ਹਨ।

ਟਿਵਾਣਾ ਦੇ ਨਾਵਲ ਗੁਣਾਤਮਕ ਅਤੇ ਗਿਣਾਤਮਕ ਪੱਖ ਤੋਂ ਬੜੀ ਮਹੱਤਤਾ ਰਖਦੇ ਹਨ। ਉਸ ਨੇ ਅਨੁਭਵ ਤੇ ਅਭਿਵਅਕਤੀ ਦੋਹਾਂ ਪੱਖਾਂ ਤੋਂ ਹੀ ਪੰਜਾਬੀ ਨਾਵਲ ਨੂੰ ਅਮੀਰ ਬਣਾਇਆ ਹੈ ਅਤੇ ਉਹ ਦੂਸਰੀਆਂ ਇਸਤਰੀ ਲੇਖਿਕਾਂ ਤੋਂ ਕਿਤੇ ਅੱਗੇ ਨਿਕਲ ਗਈ ਹੈ।
ਉਸ ਦੇ ਉਤਮ ਨਾਵਲ ਮਾਨਵ ਹੋਂਦ ਦੇ ਅਰਥਾਂ ਦੀ ਤਲਾਸ਼ ਹਨ। ਉਸ ਨੇ ਇਸ ਕੁਕਨੁਸ ਨਿਯਮ ਦੇ ਬਿੰਬ ਦਾ ਰੂਪ ਦਿੱਤਾ ਹੈ। ਇਸ ਨੂੰ ਕਈ ਪੜਾਵਾਂ ਵਿਚ ਵੰਡਿਆ ਹੈ :-

1. ਉਸ ਦੇ ਨਾਵਲ ਪੈੜ ਚਾਲ ਵਿਚ ਮਿਸ ਸੋਧੀ ਕਹਿੰਦੀ ਹੈ ਜਦੋਂ ਗ਼ਲਤ ਬੰਦਿਆਂ ਦੀਆਂ ਗ਼ਲਤ ਇੱਛਾਵਾਂ ਠੀਕ ਬੰਦਿਆਂ ਦੀਆਂ ਠੀਕ ਇੱਛਾਵਾਂ ਨਾਲੋਂ ਵਧ ਬਲਵਾਨ ਹੋ ਜਾਣ. ..ਭ੍ਰਿਸ਼ਟਾਚਾਰ ਕਾਰਨ ਅਰਥ ਗੁਆ ਚੁੱਕੀ ਮਾਨਵ ਹੋਂਦ ਦਾ ਇਹ ਸੰਕਟ ਹੈ।
2. "ਵੈਰਾਗ ਵਿਚ ਆਉਣ ਵਾਲੀ ਵਿਅਕਤੀ ਦੀ ਇਕੱਲ" ਇਹ ਬਿੰਬ 'ਏਹੁ ਹਮਾਰਾ ਜੀਵਣਾ' ਨਾਵਲ ਵਿਚ ਭਾਨੋ ਦੀ ਜੀਵਨੀ ਵਿਚੋਂ ਉਘੜਦਾ ਹੈ।
3. "ਪਾਰ ਦੀ ਅਸੀਸ ਨਿੰਬਲ ਅਚਰਨਤਾ ਵੱਲ ਵਿਅਕਤੀ ਚੇਤਨਾ ਦੀ ਉਡਾਣ" ਜਿਵੇਂ ਪੰਛੀਆਂ ਦੀ ਜਿੰਦ ਮੇਰੀ, ਪੌਣ ਦੀ ਜਿੰਦ ਮੇਰੀ, ਬੱਦਲਾਂ ਦੀ ਜਿੰਦ ਮੇਰੀ (ਜ਼ਿੰਮੀਂ ਪੁੱਛੇ ਅਸਮਾਨ ਕਾਂਡ 20)
4. "ਹਸਤਾਖ਼ਰ" ਨਾਵਲ ਵਿਚ ਵਰਡ ਦੀ ਉਜਾੜ ਅਤੇ ਫਿਰ ਉਹਦੀ ਅੰਤਰਯਾਮੀ ਉਡਾਣ ਵਿਚ ਵਰਨਣ ਕਰਦਾ ਸੀਮਾ ਦਾ ਮੌਤ ਤੋਂ ਪਹਿਲਾਂ ਵਰਣਨ ਡੂੰਘੀ ਅਰਥ ਗਰਭਿਤ ਇਕੱਲ ਦਾ ਬਿੰਬ।

5. ਕੁਕਨੁਸ ਨਿਯਮ ਦੀ ਰੋਸ਼ਨੀ ਅਤੇ ਨਿਗਰ ਕਥਾ ਕੁਕਨੁਸ ਦੀ ਨਾਵਲ ਵਿਚ ਇਸ ਭਾਵ ਦਾ ਪ੍ਰਕਾਸ਼ ਹੁੰਦਾ ਹੈ।

ਟਿਵਾਣਾ ਨੇ ਆਪਣੇ ਨਾਵਲਾਂ ਵਿਚ ਮਨੁੱਖ ਦੇ ਅੰਦਰਲੇ ਅਤੇ ਬਾਹਰਲੇ ਜਗਤ ਦੇ ਯਥਾਰਥ ਨੂੰ ਕਾਲ ਦੇ ਅਬੁੱਝ ਇਤਿਹਾਸ ਨਾਲ ਮੇਲ ਕੇ ਪੇਸ਼ ਕੀਤਾ ਹੈ। ਮਨੁੱਖਤਾ ਦੇ ਪਿਉ ਦਾਦੇ ਦੇ ਵਿਰਸੇ ਦਾ ਗਿਆਨ ਅਤੇ ਉਸ ਦੀ ਸਮੇਂ ਤੋਂ ਪਾਰ ਦੇ ਵਿਸਮਾਦ ਵੱਲ ਉਡਾਣ ਦੀ ਚੇਤਨਾ ਉਸ ਦੀ ਨਾਵਲ ਕਲਾ ਦਾ ਅੰਗ ਹੈ।

ਇਸਤਰੀ ਬਾਰੇ ਉਹ ਆਪਣਾ ਪੱਖ ਸਪਸ਼ਟ ਕਰਦੀ ਹੋਈ ਲਿਖਦੀ ਹੈ ਕਿ ਭਾਰਤੀ ਔਰਤ ਦੇ ਜੀਣ, ਥੀਣ ਤੇ ਸੋਚ ਦਾ ਆਦਿ ਅੰਤ ਉਸ ਦਾ ਆਦਮੀ ਹੀ ਹੁੰਦਾ ਹੈ। ਉਹ ਉਸ ਦਾ ਮੁੱਲ ਮਿਥਦਾ ਹੈ ਤੇ ਉਹ ਆਪ ਹੀ ਆਪਣਾ ਉਹੀ ਮੁੱਲ ਪ੍ਰਵਾਨ ਕਰ ਲੈਂਦੀ ਹੈ। ਉਸ ਨੇ ਇਹ ਵੀ ਪ੍ਰਵਾਨ ਕਰ ਲਿਆ ਹੋਇਆ ਹੈ ਕਿ ਉਸਨੇ ਬਾਕੀ ਸਾਰਿਆਂ ਲਈ ਜਿਉਣਾ ਹੈ। ਧਰਮ ਸਮਾਜ ਤੋਂ ਲੈ ਕੇ ਘਰ ਪਰਿਵਾਰ ਤਕ ਉਹਦੇ ਫ਼ਰਜ਼ਾਂ ਦੀ ਗਵਾਹੀ ਹਨ ? ਕੋਈ ਉਹਦੇ ਲਈ ਜੀਵੇ ਇਹ ਅੱਜ ਵੀ ਉਸ ਦਾ ਸੁਪਨਾ ਹੈ। ਉਸ ਦੀ ਹੋਂਦ ਦਾ ਸਵੀਕਾਰਿਆ ਜਾਣਾ ਹੀ ਉਸ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਜੋ ਕਿਸੇ ਵਿਰਲੀ ਔਰਤ ਨੂੰ ਪ੍ਰਾਪਤ ਹੁੰਦੀ ਹੈ। " ਉਸਦੀ ਇਹ ਪ੍ਰਵਿਰਤੀ ਉਸ ਦੇ ਸਾਰੇ ਨਾਵਲਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਉਪਲਬਧ ਹੈ।

ਟਿਵਾਣਾ ਬਾਕੀ ਇਸਤਰੀ ਲੇਖਿਕਾਂ ਨਾਲੋਂ ਆਪਣੀ ਗਲਪ ਸਿਰਜਣਾ ਵਿਚ ਵਿਸ਼ੇ, ਵਿਸ਼ੇ ਦੇ ਨਿਭਾਅ, ਪਾਤਰ ਉਸਾਰੀ, ਇਸਤਰੀ ਸੰਵੇਦਨਾ ਅਤੇ ਬਿੰਬ ਘੜਣ ਵਿਚ ਨਿਵੇਕਲੀ ਹੈ। ਉਸ ਦੀਆਂ ਨਾਇਕਾਵਾਂ ਪਰੀ ਦੇਸ਼ ਨਾਲ ਸਬੰਧਤ ਨਹੀਂ ਸਗੋਂ ਧਰਤੀ ਤੇ ਵਿਚਰਦੀਆਂ ਦੁਖ ਸਹਿੰਦੀਆਂ ਮਨ ਦੀ ਵਿਸ਼ਾਲਤਾ ਦੀਆਂ ਮਾਲਕ ਹਨ। ਉਨ੍ਹਾਂ ਦੀ ਚੁੱਪਚਾਪ ਦੁਖ ਸਹਿਣ ਵਿਚ ਹੋਣੀ ਨੂੰ ਇਕ ਲਲਕਾਰ ਹੈ ਕਿ ਇਸ ਤੋਂ ਅੱਗੇ ਹੋਰ ਤੇਰੇ ਪਾਸ ਕੁਝ ਕਰਨ ਦੀ ਸਮਰੱਥਾ ਨਹੀਂ। ਉਹ ਮਾਣ ਮਰਯਾਦਾ ਵਿਚ ਰਹਿੰਦੀਆਂ ਆਪਾ ਕੁਰਬਾਨ ਕਰਨ ਦੇ ਸਮਰੱਥ ਹਨ। ਅਜਿਹਾ ਕੋਈ ਬਲਵਾਨ ਇਰਾਦੇ ਵਾਲਾ ਹੀ ਵਿਅਕਤੀ ਕਰ ਸਕਦਾ ਹੈ। ਇਹ ਲੇਖਿਕਾ ਦੀ ਵਡਿਆਈ ਹੈ।

-0-

# ਦਲੀਪ ਕੌਰ ਟਿਵਾਣਾ ਦੀ ਗਲਪ ਸਿਰਜਨਾ

ਦਲੀਪ ਕੌਰ ਟਿਵਾਣਾ ਦਾ ਪੰਜਾਬੀ ਗਲਪ ਵਿਚ ਇਕ ਨਿਵੇਕਲਾ ਸਥਾਨ ਹੈ। ਉਹ ਹੁਣ ਤਕ ਵੀਹ ਦੇ ਕਰੀਬ ਆਪਣੇ ਨਾਵਲ ਪੰਜਾਬੀ ਨਾਵਲ ਜਗਤ ਨੂੰ ਦੇ ਚੁੱਕੀ ਹੈ। ਉਸ ਨੇ ਆਪਣੇ ਨਾਵਲਾਂ ਵਿਚ ਔਰਤ ਦੀ ਮਨੋ ਪੀੜਾ ਅਤੇ ਉਸ ਵਿਚੋਂ ਉਪਜੀ ਤ੍ਰਾਸਦੀ ਨੂੰ ਸ਼ੁੱਧ ਸਮਾਜਿਕ ਸੰਦਰਭ ਵਿਚ ਰੱਖ ਕੇ ਚਿਤਰਿਆ ਹੈ ਅਤੇ ਚਿਤਵਿਆ ਹੈ। ਉਸ ਦੀ ਇਹ ਚਿਤਵਨ ਦੀ ਕਿਰਿਆ ਉਸ ਦੀ ਕਲਮ ਨੂੰ ਇਕ ਨਿਵੇਕਲੀ ਨੁਹਾਰ ਦੇਂਦੀ ਹੈ। ਇਸ ਪਹਿਚਾਣ ਨੂੰ ਸਥਾਪਤ ਕਰਨ ਲਈ ਉਸ ਦੀ ਸੁਹਿਰਦਤਾ ਅਤੇ ਸਾਹਿਤਕ ਸੂਝ ਬਹੁਤ ਵੱਡਾ ਹਿੱਸਾ ਪਾਉਂਦੀ ਹੈ। ਆਪਣੀ ਹੋਂਦ ਦੇ ਅਰਥ ਤਲਾਸ਼ ਕਰਨ ਜਾਂ ਆਪਣੀ ਹੋਂਦ ਦਾ ਸਮਰਥਨ ਜਾਂ ਸਾਰਥਿਕਤਾ ਲੱਭਣੀ ਕਿਸੇ ਵੀ ਲੇਖਕ ਲਈ ਜਿਉਣ ਲਈ ਵੀ ਤੇ ਲਿਖਣ ਲਈ ਵੀ ਇਨ੍ਹਾਂ ਵਿਚੋਂ ਇਕ ਕੇਂਦਰੀ ਬਿੰਦੂ ਹੁੰਦਾ ਹੈ। ਲੇਖਕ ਆਪਣੇ ਆਪ ਨੂੰ ਲੱਭਣ ਲਈ ਜਾਂ ਭੁੱਲਣ ਲਈ ਸਾਹਿਤ ਸਿਰਜਦਾ ਹੈ।

ਸਾਹਿਤ ਵਿਚ ਵਾਸਵਿਕਤਾ ਨੂੰ ਚਿਤਰਨ ਦੇ ਤਿੰਨ ਰੂਪ ਮੰਨੇ ਜਾਂਦੇ ਹਨ :

ਆਦਰਸ਼ਵਾਦ, ਰੋਮਾਂਚਿਕ ਅਤੇ ਯਥਾਰਥਵਾਦ। ਪਹਿਲੇ ਦੋਵੇਂ ਰੂਪ ਚਿਤਰਨ ਵਿਚ ਕੋਈ ਡੂੰਘੀ ਸੂਝ ਦੀ ਲੋੜ ਨਹੀਂ ਹੁੰਦੀ। ਯਥਾਰਥਵਾਦੀ ਚਿਤਰਨ ਬਾਰੀਕ ਅਤੇ ਵਿਗਿਆਨਕ ਸੂਝ ਦੀ ਮੰਗ ਕਰਦਾ ਹੈ। ਯਥਾਰਥਵਾਦ ਦਾ ਭਾਵ ਹੈ ਜੀਵਨ ਨੂੰ ਉਸਦੇ ਵਾਸਤਵਿਕ ਰੂਪ ਵਿਚ ਪੇਸ਼ ਕਰਨਾ । ਲੇਖਕ ਆਪਣੇ ਅਨੁਭਵ ਨੂੰ ਵਿਅਕਤੀਗਤ ਵਿਆਖਿਆ ਦੇ ਰੂਪ ਵਿਚ ਨਹੀਂ ਸਗੋਂ ਸ਼ੁਧ ਅਵਿਅਕਤੀਗਤ ਨੂੰ ਪੇਸ਼ ਕਰਦਾ ਹੈ। ਯਥਾਰਥਵਾਦੀ ਨਾਵਲਕਾਰ, ਯਥਾਰਥਵਾਦ ਦਾ ਚਿਤਰਨ ਕਰਦਾ ਹੋਇਆ ਆਦਰਸ਼ਵਾਦ ਅਤੇ ਰੋਮਾਂਸਵਾਦ ਤੋਂ ਬਚ ਕੇ ਆਪਣੀਆਂ ਰਚਨਾਵਾਂ ਵਿਚ ਜੀਵਨ ਦੀਆਂ ਸਧਾਰਨ ਅਣਗੌਲੀਆਂ ਅਤੇ ਸਭਿਆਚਾਰ ਵਾਲੀਆਂ ਘਟਨਾਵਾਂ ਤੇ ਪ੍ਰਕਾਸ਼ ਪਾ ਕੇ ਸਮਾਜਿਕ ਜੀਵਨ ਦੇ ਕੋਝੇ ਤੋਂ ਕੋਝੇ ਪੱਖ ਨੂੰ ਵੀ ਆਪਣੀ ਦ੍ਰਿਸ਼ਟੀ ਤੋਂ ਉਹਲੇ ਨਹੀਂ ਹੋਣ ਦੇਂਦਾ। ਇਹ ਜੀਵਨ ਦੇ ਕਿਸੇ ਅੰਸ਼ ਨੂੰ ਲੈ ਕੇ ਆਪਣੀ ਦ੍ਰਿਸ਼ਟੀ ਦਾ ਕੇਂਦਰ ਬਣਾ ਕੇ ਵਿਗਿਆਨਿਕ ਵਾਸਤਵਿਕਤਾ ਨਾਲ ਆਪਣੀ ਕਲਾ ਦੀ ਛੋਹ ਨਾਲ ਸਭ ਕੁਝ ਬਿਆਨ ਕਰ ਦਿੰਦਾ ਹੈ। ਯਥਾਰਥਵਾਦੀ ਨਾਵਲਕਾਰ ਆਪਣੀ ਰਚਨਾ ਨੂੰ

ਸਮਾਜਿਕ ਸਮੱਸਿਆਵਾਂ ਨੂੰ ਕਲਾਮਈ ਢੰਗ ਨਾਲ ਉਪਸਥਿਤ ਕਰਨ ਦਾ ਇਕ ਮਾਧਿਅਮ ਸਮਝਦਾ ਹੈ। ਉਸ ਦੀ ਦ੍ਰਿਸ਼ਟੀ ਵਿਚ ਸਮਾਜਿਕ ਪ੍ਰਾਣੀ ਆਪਣੇ ਵਿਰਸੇ ਅਤੇ ਵਾਤਾਵਰਨ ਨਾਲ ਇਸ ਤਰ੍ਹਾਂ ਜੁੜਿਆ ਹੋਇਆ ਹੈ ਕਿ ਉਹ ਆਪਣੀ ਮਰਜ਼ੀ ਨਾਲ ਕੋਈ ਕੰਮ ਕਰ ਹੀ ਨਹੀਂ ਸਕਦਾ। ਲੇਖਿਕਾ ਦਾ ਵਿਚਾਰ ਹੈ ਕਿ ਸਾਹਿਤ ਅੰਤਰ ਧਿਆਨ ਦਾ ਨਾਮ ਹੈ। ਅੱਜ ਅਸੀਂ ਸੋਚਣ ਤੋਂ ਟਲਦੇ ਜਾ ਰਹੇ ਹਾਂ। ਆਪਣੇ ਆਪ ਦੀ ਵਿਆਖਿਆ ਦੂਜੇ ਪਾਸੋਂ ਮੰਨਦੇ ਹਾਂ।

ਦਲੀਪ ਕੌਰ ਟਿਵਾਣਾ ਇਕ ਯਥਾਰਥਵਾਦੀ ਲੇਖਿਕਾ ਹੈ। ਉਸ ਦੇ ਨਾਵਲ ਯਥਾਰਥਵਾਦ ਦੀ ਧਰਾਤਲ ਉਤੇ ਉਸਰੇ ਹਨ। ਉਹ ਆਪਣੀ ਕਥਾ ਸਮਾਜ ਵਿਚੋਂ ਲੈਂਦੀ ਹੈ ਅਤੇ ਉਸ ਨੂੰ ਯਥਾਰਥ ਦੀ ਧਰਾਤਲ ਉਤੇ ਉਸਾਰਦੀ ਹੈ। ਉਸ ਦਾ ਨਾਵਲ, 'ਏਹੁ ਹਮਾਰਾ ਜੀਵਣਾ' ਜਿਸ ਨੂੰ ਸਾਹਿਤ ਅਕਾਡਮੀ ਵੱਲੋਂ ਸਾਲ 1972 ਦਾ ਇਨਾਮ ਮਿਲਿਆ ਸੀ, ਉਸ ਦੀ ਇਹ ਉੱਤਮ ਤੇ ਯਥਾਰਥਵਾਦੀ ਰਚਨਾ ਹੈ। ਇਸ ਨਾਵਲ ਵਿਚੋਂ ਯਥਾਰਥ ਅਤੇ ਮਨੋਵਿਗਿਆਨਕ ਸਥਿਤੀ ਨੇ ਦੁਖਾਂਤ ਦਾ ਸਰਾਪ ਆਪਣੀ ਮੂਲ ਸਥਿਤੀ ਕਰਕੇ ਭੋਗਣਾ ਪ੍ਰਗਟ ਕਰਦੀ ਹੈ। ਇਸ ਵਿਚ ਜਗੀਰਦਾਰੀ ਪ੍ਰਥਾ ਦੇ ਅੰਤਰਗਤ ਮਰਦ ਪ੍ਰਧਾਨ ਸਮਾਜ ਤੇ ਪਤੀ ਪ੍ਰਧਾਨ ਪਰਿਵਾਰ ਵਿਚ ਨਾਰੀ ਦੀ ਤ੍ਰਾਸਦਿਕ ਗਾਥਾ ਹੈ। ਨਾਰੀ ਦੀ ਤ੍ਰਾਸਦੀ ਨੂੰ ਦਲੀਪ ਕੌਰ ਟਿਵਾਣਾ ਨੇ ਆਪਣੇ ਨਾਵਲ ਵਿਚ ਕਈ ਪਹਿਲੂਆਂ ਨੂੰ ਸੰਗਠਿਤ ਕੀਤਾ ਹੈ। ਉਸ ਦੀ ਸਾਰੀ ਪ੍ਰਕਿਰਿਆ ਸਪਸ਼ਟ ਰੂਪ ਵਿਚ ਆਉਂਦੀ ਹੈ ਕਿ ਨਾਰੀ ਭਾਵੇਂ ਕਿਸੇ ਵਰਗ ਦੀ ਵੀ ਹੋਵੇ ਉਹ ਉਸ ਨੂੰ ਚੁਪਚਾਪ ਦੁਖ ਸਹਿੰਦੀ ਹੀ ਦਰਸਾਉਂਦੀ ਹੈ। ਰਾਜ ਪ੍ਰਬੰਧ, ਸਮਾਜ, ਪਰਿਵਾਰ ਤੇ ਭਾਈਚਾਰਾ ਉਸ ਉਪਰ ਜ਼ੁਲਮ ਕਮਾਉਂਦੇ ਹਨ ਤੇ ਉਹ ਸਹਿਨਸ਼ੀਲਤਾ ਦੀ ਦੇਵੀ ਵਾਂਗ ਸਭ ਕੁਝ ਸਹਿ ਜਾਂਦੀ ਹੈ। ਨਾਰੀ ਦੀ ਇਹ ਸਥਿਤੀ ਸਾਰੇ ਨਾਵਲਾਂ ਵਿਚ ਵਿਰਤ ਹੈ। ਨਾਇਕਾਵਾਂ ਵਿੱਲਖਣਤਾ ਨਹੀਂ ਦਰਸਾ ਸਕੀਆਂ। ਇਕ ਵਿਆਪਕ ਹੋਣੀ ਨੂੰ ਉਹ ਇਕ ਸਮਾਨ ਤੇ ਸਮਾਨ ਸਮਤੁਲ ਤੇ ਭੋਗਦੀਆਂ ਹਨ। ਇਸ ਸਥਿਤੀ ਨੂੰ ਉਹ ਆਪਣੀ ਮਾਨਸਿਕਤਾ ਅਨੁਸਾਰ ਹੀ ਉਸਾਰਦੀ ਹੈ। ਇਹ ਉਸ ਦੀ ਆਪਣੀ ਸੋਚ ਦੀ ਦੇਣ ਹੈ।

ਉਸ ਨੇ ਇਸ ਨਾਵਲ ਦਾ ਆਰੰਭ ਪਿੰਡ ਦੇ ਅਮਲੀ ਨਰੈਣ ਦੇ ਘਰ ਤੋਂ ਕੀਤਾ ਹੈ। ਉਹਨੇ ਪਿੰਡ ਦੇ ਜੀਵਨ ਨੂੰ ਬੜੇ ਯਥਾਰਥਕ ਰੰਗ ਵਿਚ ਚਿਤਰਿਆ ਹੈ। ਪਿੰਡਾਂ ਦਾ ਭਾਈਚਾਰਾ, ਸਭਿਆਚਾਰ ਅਤੇ ਆਰਥਿਕ ਮੰਦਹਾਲੀ ਨੂੰ ਦਿਖਾਇਆ ਹੈ। ਜਗੀਰਦਾਰੀ ਦੇ ਪ੍ਰਬੰਧ ਦੇ ਸੰਸਕਾਰਾਂ ਉਪਰ ਉਸਰੇ ਸਮਾਜ ਵਿਚ ਮਾਂ ਬਾਪ ਦੀ ਗਰੀਬੀ ਜਾਂ ਕਿਸੇ ਹੋਰ ਕਾਰਨ ਕਰਕੇ ਇਸਤਰੀ ਦਾ ਵੇਚਣ-ਖਰੀਦਣ ਇਸ ਨਾਵਲ ਦਾ ਗਲਪ ਬ੍ਰਿਤਾਂਤ ਹੈ। ਉਹ ਇਸਤਰੀ ਦੇ ਦੋਹਰੇ ਸ਼ੋਸ਼ਣ ਦੀ ਗੱਲ ਕਰਦੀ ਹੈ। ਇਸ ਸਮਾਜ ਵਿਚ ਔਰਤ ਇਕ ਤੋਂ ਬਹੁਤੇ ਮਰਦਾਂ

ਨਾਲ ਜ਼ਿੰਦਗੀ ਬਿਤਾਉਂਦੀ ਹੈ। ਇਸ ਤਰ੍ਹਾਂ ਦਾ ਸ਼ੋਸ਼ਿਤ ਜੀਵਨ ਬਿਤਾਉਣ ਦਾ ਮੂਲ ਕਾਰਨ ਜਾਗੀਰਦਾਰੀ ਸਮਾਜ ਅਨੁਸਾਰ ਔਰਤ ਨੂੰ ਵੇਚਿਆ ਤੇ ਖਰੀਦਿਆ ਜਾਂਦਾ ਹੈ। ਇਹ ਉਸ ਸਭਿਆਚਾਰ ਵਿਚਲੀ ਇਸਤਰੀ ਦਾ ਆਰਥਿਕ ਸੰਕਟ ਹੈ। ਉਹ ਇਸ ਸੰਕਟ ਨੂੰ ਭਾਨੋ ਵਰਗੀ ਸਬਰ ਵਾਲੀ ਇਸਤਰੀ ਦੇ ਰੂਪ ਵਿਚ ਪੇਸ਼ ਕਰਦੀ ਹੈ। ਗਰੀਬ ਪਰਿਵਾਰਾਂ ਦਾ ਦੁਖਾਂਤ ਇਹ ਹੈ ਕਿ ਉਹ ਇਕ ਦੋ ਪੁੱਤਰ ਮੁੱਲ ਦੇ ਕੇ ਵਿਆਹ ਲੈਂਦੇ ਹਨ ਤੇ ਬਾਕੀ ਦੇ ਘਰ ਦੇ ਜੀਵ ਉਨ੍ਹਾਂ ਮੁੱਲ ਦੀਆਂ ਇਸਤਰੀਆਂ ਨੂੰ ਮੁੱਲ ਦੀ ਵਸਤ ਵਾਂਗ ਵਰਤਣ ਦਾ ਹੱਕ ਸਮਝਦੇ ਹਨ ਪਰ ਭਾਨੋ ਸਰਵਣ ਦੇ ਮਰਨ ਤੇ ਉਸ ਘਰ ਨਾਲੋਂ ਨਾਤਾ ਤੋੜ ਆਈ।

ਸਰਵਣ ਦੀ ਮੌਤ ਉਪਰੰਤ ਉਸ ਦੇ ਭਰਾਵਾਂ ਦਾ ਭਾਨੋ ਨੂੰ ਘਰ ਵਸਾਉਣ ਦੀ ਯੋਜਨਾ ਅਸੁਭਾਵਿਕ ਲਗਦੀ ਹੈ। ਸਰਵਣ ਨੂੰ ਮਾਰਨ ਦੇ ਦੋਸ਼ ਵਿਚ ਉਹ ਗ੍ਰਿਫ਼ਤਾਰ ਕਿਉਂ ਨਹੀਂ ਹੋਏ ? ਉਨ੍ਹਾਂ ਨੂੰ ਸਜ਼ਾ ਕਿਉਂ ਨਹੀਂ ਹੋਈ? ਉਨ੍ਹਾਂ ਭਾਨੋ ਨੂੰ ਘਰੋਂ ਕਿਵੇਂ ਜਾਣ ਦਿੱਤਾ? ਕਈ ਪ੍ਰਸ਼ਨ ਉਤਪੰਨ ਹੁੰਦੇ ਹਨ। ਨਰੈਣ ਨੂੰ ਵਾਰਸ ਨਾ ਦੇ ਸਕਣ ਦੇ ਕਾਰਣ ਉਹ ਉਸ ਦੇ ਘਰ ਵਿਚ ਅਧਿਕਾਰ ਪ੍ਰਾਪਤ ਨਹੀਂ ਕਰ ਸਕੀ। ਉਸ ਨੂੰ ਇਹ ਘਰ ਇਸ ਘਾਟ ਦੇ ਕਾਰਣ ਛੱਡਣ ਤੇ ਮਜਬੂਰ ਹੋਣਾ ਪਿਆ। ਪਿੰਡਾਂ ਦੇ ਜੀਵਨ ਵਿਚ ਵਾਰਸ ਦਾ ਆਪਣਾ ਮਹੱਤਵ ਹੈ। ਇਸ ਸਥਿਤੀ ਵਿਚ ਦੁਖ ਆਪਣਾ ਰੂਪ ਵਟਾ ਕੇ ਕਰੁਣਾ ਨੂੰ ਸਧਾਰਣੀਕਰਨ ਦੀ ਸਥਿਤੀ ਉਤੇ ਲੈ ਆਉਂਦਾ ਹੈ।

ਉਸ ਦਾ ਨਾਵਲ 'ਪੀਲੇ ਪੱਤਿਆਂ ਦੀ ਦਾਸਤਾਨ' ਅਸਲ ਵਿਚ ਇਸਤਰੀ ਦੀ ਦੁਖਾਂਤਕ ਦਾਸਤਾਨ ਨੂੰ ਹੀ ਬ੍ਰਿਤਾਂਤ ਰਾਹੀਂ ਪੇਸ਼ ਕਰਦਾ ਹੈ। ਪੀਲੇ ਪੱਤੇ ਚਿੰਨ੍ਹ ਦਾ ਰੂਪ ਧਾਰ ਕੇ ਯਥਾਰਥ ਦਾ ਜਾਮਾ ਪਹਿਨ ਕੇ ਇਸਤਰੀ ਦੀ ਮਨੋ ਤ੍ਰਾਸਦੀ ਨੂੰ ਨਿਖਾਰਦੇ ਹਨ। ਇਸ ਵਿਚਲੀ ਤ੍ਰਾਸਦਿਕ ਸਥਿਤੀ ਨਾਰੀ ਦੀ ਜ਼ਿੰਦਗੀ ਵਿਚ ਕਈ ਵਾਰੀ ਇਕ ਭਿਆਨਕ ਮੋੜ ਲੈ ਆਉਂਦੀ ਹੈ। ਜਿਸ ਦੀ ਸਾਡਾ ਸਮਾਜ ਤੇ ਸਭਿਆਚਾਰ ਕਦੀ ਵੀ ਉਮੀਦ ਨਹੀਂ ਕਰਦਾ। ਮਰਦ ਨੇ ਨਾਰੀ ਨੂੰ ਸਦਾ ਉਸ ਦੇ ਰਹਿਮ ਉਤੇ ਪਲਣ ਵਾਲੀ ਦੇ ਰੂਪ ਵਿਚ ਵੇਖਿਆ ਹੈ। ਇਸ ਕਰਕੇ ਉਸ ਦਾ ਸਭਿਆਚਾਰ ਨੂੰ ਠੇਸ ਪਹੁੰਚਾਉਣ ਵਾਲਾ ਕੋਈ ਵੀ ਕਰਮ ਨਹੀਂ ਭਾਉਂਦਾ। ਅਜੋਕੀ ਇਸਤਰੀ ਮਰਦ ਦਾ ਬਹੁਤਾ ਦਬਾ ਸਹਿਣ ਨਾ ਕਰਦੀ ਹੋਈ ਬਗ਼ਾਵਤ ਉਤੇ ਉਤਰ ਆਉਂਦੀ ਹੈ। ਉਹ ਪਰੰਪਰਾ ਨਾਲੋਂ ਟੁੱਟ ਕੇ ਸਹਿਜ ਗਵਾ ਬੈਠਦੀ ਹੈ। ਉਹ ਚੁਣੇ ਰਾਹ ਨੂੰ ਹੀ ਠੀਕ ਸਮਝਦੀ ਹੈ। ਜਿਹੜਾ ਸਮਾਜ ਦੇ ਮਾਪਦੰਡ ਅਨੁਸਾਰ ਉਚਿਤ ਨਹੀਂ।'

ਇਸ ਵਿਚਾਰ ਨੂੰ ਉਸ ਗਲਪ ਵਿਚ ਸਮੋ ਕੇ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਇਹ ਅਸਲੀਅਤ ਦੇ ਨੇੜੇ ਹੋ ਨਿਬੜਿਆ ਹੈ। ਇਸ ਨਾਵਲ ਦੇ ਅੰਤ ਨਾਲ ਬਹੁਤੇ ਅਲੋਚਕ ਸਹਿਮਤ ਨਹੀਂ ਹੋਏ ਕਿਉਂਕਿ ਇਹ ਇਸਤਰੀ ਨੂੰ ਭਟਕਣਾ ਦੇ ਮਾਰਗ ਤੇ ਲੈ ਜਾਂਦਾ ਹੈ ਪਰ ਜਿਨ੍ਹਾਂ ਪਰਿਸਥਿਤੀਆਂ 'ਵਿਚ ਇਸ ਦੀ ਨਾਇਕਾ ਭਾਈਚਾਰਕ ਪ੍ਰਬੰਧ ਨੂੰ ਤਜਦੀ ਹੈ ਕੀ ਉਹ ਪਰਿਸਥਿਤੀਆਂ ਉਸ ਨੂੰ ਇਸ ਰਾਹ ਵੱਲ ਧਕੇਲਣ ਦਾ ਕਾਰਣ ਨਹੀਂ ਬਣਦੀਆਂ ?ਉਨਾ ਨੇ ਉਸ ਨੂੰ ਉਸ ਚੁਰਾਹੇ ਉਤੇ ਲਿਆ ਖੜ੍ਹਾ ਕੀਤਾ ਜਿਥੇ ਘਬਰਾਈ ਹੋਈ ਉਸ਼ਾ ਨੂੰ ਹੋਰ ਕੋਈ ਮਾਰਗ ਦਿਖਾਈ ਨਹੀਂ ਦਿੰਦਾ। ਇਹ ਉਸ ਦੇ ਮਨ ਵਿਚੋਂ ਉਪਜੇ ਵਿਦਰੋਹ ਦੀ ਲਹਿਰ ਹੈ ਜਿਹੜੀ ਯਥਾਰਥ ਦੇ ਨੇੜੇ ਦੀ ਵਸਤੂ ਬਣ ਨਿਬੜਦੀ ਹੈ।

ਟਿਵਾਣਾ ਯਥਾਰਥ ਨੂੰ ਇਸਤਰੀ ਦੇ ਸੰਘਰਸ਼ ਦੇ ਰੂਪ ਵਿਚ ਨਹੀਂ ਚਿਤਰਦੀ। ਉਸ ਦੀ ਨਾਰੀ ਸਮੁੱਚੇ ਗਲਪ ਵਿਚ ਅਬਲਾਵਾਂ ਦੇ ਰੂਪ ਵਿਚ ਦੁਖ ਸਹਿੰਦੀ ਅਤੇ ਦੁਖ ਦੇ ਘੇਰੇ ਵਿਚ ਰਹਿ ਕੇ ਹੀ ਦਮ ਘੁਟਦੀਆਂ ਹਨ। ਇਹ ਦੁਖਾਂ ਤੇ ਦਰਦਾਂ ਦੀਆਂ ਕਹਾਣੀਆਂ ਹੋਣ ਕਰਕੇ ਉਸ ਦੀਆਂ ਰਚਨਾਵਾਂ ਵਿਚੋਂ ਅਗਾਂਹ ਵਧੂ ਜਾਂ ਇਸਤਰੀ ਨੂੰ ਨਵ ਚੇਤਨਾ ਦਾ ਭਾਵ ਨਹੀਂ ਮਿਲਦਾ।'

ਟਿਵਾਣਾ ਅਨੁਸਾਰ ਉਸ ਨੇ ਧਾਰਨਾ ਬਣਾ ਲਈ ਹੈ ਕਿ ਭਾਰਤੀ ਇਸਤਰੀ ਦੇ ਜੀਣ ਬੀਣ ਤੇ ਸੋਚ ਦਾ ਆਦਿ ਅੰਤ ਉਸਦਾ ਆਦਮੀ ਹੀ ਹੁੰਦਾ ਹੈ। ਉਹੀ ਉਹਦਾ ਮੁੱਲ ਮਿੱਥਦਾ ਹੈ। ਉਹ ਆਪ ਹੀ ਉਸ ਦਾ ਮਿਥਿਆ ਮੁੱਲ ਪ੍ਰਵਾਨ ਕਰ ਲੈਂਦੀ ਹੈ । ਇਸੇ ਧਾਰਨਾ ਨੂੰ ਲੈ ਕੇ ਉਹ ਚਲਦੀ ਹੈ।

ਉਹ ਆਪਣੇ ਗਲਪ ਦੇ ਕਥਾਨਕ ਨੂੰ ਹੌਲੀ-ਹੌਲੀ ਉਸਾਰਦੀ ਹੋਈ ਸ਼ਿਖਰ ਵੱਲ ਨੂੰ ਬੜੇ ਸੁਭਾਵਕ ਰੂਪ ਵਿਚ ਵਧੀ ਜਾਂਦੀ ਹੈ। ਉਸ ਨੂੰ ਕਥਾਨਕ ਸਿਰਜਣ ਵਿਚ ਕੋਈ ਉਚੇਚ ਨਹੀਂ ਕਰਨੀ ਪੈਂਦੀ ਸਗੋਂ ਉਹ ਕਈ ਮੋੜ ਕਟਦਾ ਹੋਇਆ ਆਪਣੀ ਮੰਜ਼ਲ ਵੱਲ ਅਗੇ ਵਧੀ ਜਾਂਦਾ ਹੈ। ਜਦ ਉਹ ਆਪਣੇ ਕਥਾਨਕ ਨੂੰ ਆਪਣੇ ਸਿਰਜੇ ਵਿਚਾਰ ਅਨੁਸਾਰ ਉਸਾਰ ਲੈਂਦੀ ਹੈ ਤੇ ਜਦ ਉਹ ਸਮਝਦੀ ਹੈ ਉਸ ਦੇ ਕਹਿਣ ਦਾ ਭਾਵ ਪੂਰਾ ਹੋ ਗਿਆ ਹੈ ਤਾਂ ਉਹ ਇਕਦਮ ਆਪਣੇ ਕਥਾਨਕ ਨੂੰ ਸਮੇਟ ਲੈਂਦੀ ਹੈ।

ਲੇਖਿਕਾ ਦਾ ਵਿਚਾਰ ਹੈ ਕਿ ਮਨੁੱਖ ਦੇ ਦੋ ਹੀ ਰਿਸ਼ਤੇ ਹੁੰਦੇ ਹਨ। ਇਕ ਰਿਸ਼ਤਾ ਆਪਣੇ ਨਾਲ ਤੇ ਦੂਜਾ ਸਰਿਸ਼ਟੀ ਨਾਲ। ਇਨ੍ਹਾਂ ਰਿਸ਼ਤਿਆਂ ਦਾ ਆਧਾਰ ਵਿਗਿਆਨਕ ਬੁੱਧੀ, ਧਾਰਮਿਕ ਵਿਸ਼ਵਾਸ ਹੋ ਸਕਦਾ ਹੈ । ਸੁਹਜ ਦੀ ਸੂਝ ਹੋ ਸਕਦੀ ਹੈ। ਲੇਖਕ ਵਿਗਿਆਨ ਤੇ ਧਰਮ ਤੋਂ ਇਨਕਾਰੀ ਨਹੀਂ ਪਰ ਉਸ ਦਾ ਧਿਆਨ ਵਧੇਰੇ ਸੁਹਜ ਵੱਲ ਹੁੰਦਾ ਹੈ। ਉਸ ਦੇ

ਗਲਪ ਵਿਚ ਸੁਹਜ ਤਾਂ ਉਪਜਦਾ ਹੈ ਪਰ ਉਹ ਸੁਹਜ ਨਾਲੋਂ ਵਿਅਕਤੀ ਦੇ ਸਵੈ ਦੀ ਵਿਆਖਿਆ ਵਧੇਰੇ ਕਰਦੀ ਹੈ। ਮਨੁੱਖ ਤਾਂ ਧਰਤੀ ਉਤੇ ਆਜ਼ਾਦ ਆਇਆ ਹੈ ਤੇ ਮਨੁੱਖ ਹੀ ਦੂਜੇ ਨੂੰ ਬੰਦੀ ਬਣਾਉਣ ਲਈ ਉਸ ਲਈ ਜੰਜ਼ੀਰਾਂ ਘੜਦਾ ਤੇ ਸੜਯੰਤਰ ਰਚਦਾ ਹੈ। ਉਸ ਤੋਂ ਉਸ ਦੀ ਪਹਿਚਾਨ ਖੋਹ ਲੈਂਦਾ ਹੈ। "

ਉਸ ਦੇ ਮੁੱਢਲੇ ਨਾਵਲਾਂ ਦੇ ਕਥਾਨਕ ਜਾਗੀਰਦਾਰੀ ਪ੍ਰਥਾ ਵਿਚੋਂ ਉਪਜੀ ਇਸਤਰੀ ਦੀ ਤ੍ਰਾਸਦੀ ਦਾ ਉਲੇਖ ਹੀ ਕਰਦੇ ਹਨ। ਫਿਰ ਹੌਲੀ-ਹੌਲੀ ਉਹ ਵਿਦੇਸ਼ਾਂ ਵਿਚ ਜਾ ਪ੍ਰਵੇਸ਼ ਕਰਦੀ ਹੈ। ਉਹ ਵਿਸ਼ਵ ਵਿਦਿਆਲਿਆਂ ਦੇ ਪ੍ਰਬੰਧ ਨੂੰ ਵੀ ਆਪਣੇ ਕਥਾਨਕ ਦਾ ਅੰਗ ਬਣਾਉਂਦੀ ਹੈ। ਉਹ ਦਰਸਾਉਂਦੀ ਹੈ ਕਿ ਵਿਸ਼ਵ ਵਿਦਿਆਲੇ ਦਾ ਵੀ ਰਾਜਸੀ ਦਖ਼ਲ ਨਾਲ ਵਾਤਾਵਰਣ ਭ੍ਰਿਸ਼ਟ ਹੋ ਜਾਂਦਾ ਹੈ। ਇਹ ਸਾਜਿਸ਼ਾਂ ਦਾ ਗੜ੍ਹ ਬਣ ਜਾਂਦੇ ਹਨ ਅਤੇ ਕਿਸੇ ਨੂੰ ਵੀ ਪ੍ਰਬੰਧ ਬਾਰੇ ਉਂਗਲ ਉਠਾਉਣ ਦੀ ਆਗਿਆ ਨਹੀਂ ਦਿੰਦੇ। ਇਹ ਆਪਣੀ ਹਉਮੈ ਕਾਰਨ ਸੜਯੰਤਰ ਰਚ ਕੇ ਵਿਦਿਆਰਥੀ ਅਤੇ ਪ੍ਰੋਫ਼ੈਸਰਾਂ ਨੂੰ ਨਰਕ ਕੁੰਭੀ ਵੱਲ ਧਕੇਲ ਸਕਦੇ ਹਨ। ਇਨ੍ਹਾਂ ਨੂੰ ਵਿਦਿਆਰਥੀਆਂ ਦੇ ਭਵਿੱਖ ਨਾਲੋਂ ਆਪਣੇ ਭਵਿੱਖ ਦੀ ਵਧੇਰੇ ਚਿੰਤਾ ਹੈ।

ਉਸ ਦਾ ਕਥਾਨਕ ਰਜਵਾੜਾਸ਼ਾਹੀ ਦੇ ਟੁੱਟਣ ਨੂੰ ਵੀ ਆਪਣੇ ਕਲਾਵੇ ਵਿਚ ਲੈਂਦਾ ਹੈ। ਰਜਵਾੜਾਸ਼ਾਹੀ ਦੀ ਪ੍ਰਥਾ ਟੁੱਟਣ ਨਾਲ ਜਿਹੜੇ ਲੋਕ ਜੀਵਨ ਨੂੰ ਬਦਲੇ ਵਾਤਾਵਰਣ ਅਨੁਸਾਰ ਨਹੀਂ ਢਾਲਦੇ ਉਹ ਟੁੱਟ ਜਾਂਦੇ ਹਨ।

ਉਹ ਮੁੱਢ ਤੋਂ ਲੈ ਕੇ ਅਖ਼ੀਰ ਤਕ ਮੁੱਖ ਰੂਪ ਵਿਚ ਇਸਤਰੀ ਦੀ ਤ੍ਰਾਸਦੀ ਨੂੰ ਹੀ ਚਿਤਰਦੀ ਹੈ। ਜਦੋਂ ਉਹ ਇਹ ਸਮਝ ਲੈਂਦੀ ਹੈ ਕਿ ਉਸ ਦੀ ਕਹਾਣੀ ਉਸ ਦਾ ਪ੍ਰਯੋਜਨ ਪੂਰਾ ਕਰ ਚੁੱਕੀ ਹੈ ਤਾਂ ਉਹ ਇਕਦਮ ਕਹਾਣੀ ਨੂੰ ਸਮਾਪਤ ਕਰ ਦਿੰਦੀ ਹੈ। ਪਾਠਕ ਮਨ ਅਜੇ ਤਿਆਰ ਨਹੀਂ। ਉਹ ਸਾਹਿਤਕਾਰ ਪਾਸੋਂ ਆਸ ਰਖਦਾ ਹੈ ਕਿ ਉਸ ਨੂੰ ਜੀਵਨ ਦੀ ਅਗਵਾਈ ਮਿਲੇ। ਉਹ ਨਾਵਲ ਦੀ ਕਹਾਣੀ ਦੀ ਸਮਾਪਤੀ ਸਮੇਂ ਉਸ ਚੁਰਾਹੇ 'ਤੇ ਖੜ੍ਹਾ ਹੁੰਦਾ ਹੈ ਜਿਥੋਂ ਅੱਗੇ ਰਸਤਾ ਭਾਲਣ ਤੇ ਵੀ ਨਹੀਂ ਮਿਲਦਾ। ਉਹ ਕਈ ਵਾਰ ਨਿਰਾਸ਼ ਹੋ ਜਾਂਦਾ ਹੈ।

ਉਸ ਦਾ ਵਿਸ਼ਵਾਸ ਹੈ ਕਿ ਉਹੀ ਸਾਹਿਤਕਾਰ ਸਮਾਜ ਦੀ ਸੀਮਾ ਨੂੰ ਪਾਰ ਕਰਕੇ ਜੀਵਨ ਦਾ ਕੋਈ ਦਰਸ਼ਨ ਦੇ ਸਕਦਾ ਹੈ ਜਿਸ ਦਾ ਆਪਾ ਸਵੈ ਦੀ ਭਾਲ ਵਿਚ ਨਿਕਲਿਆ ਕੋਈ ਮੰਤਵ ਦੀ ਪ੍ਰਾਪਤੀ ਕਰ ਚੁੱਕਾ ਹੋਵੇ ਅਤੇ ਉਹ ਆਪਣੇ ਪਾਠਕਾਂ ਨੂੰ ਇਕ ਮੁੱਖ ਦਰਸ਼ਕ ਦੇ ਰੂਪ ਵਿਚ ਅਗਵਾਈ ਕਰੇ।

ਕਿਹਾ ਜਾਂਦਾ ਹੈ ਕਿ ਟਿਵਾਣਾ ਦੀ ਨਾਵਲ ਕਲਾ ਜੀਵਨ ਹੋਂਦ ਦੀ ਅਸਲੀਅਤ ਦੇ ਰਾਜ ਨੂੰ ਢੂੰਡਦੀ ਹੋਈ ਆਪਣੇ ਨੈਣ-ਨਕਸ਼ ਨਿਖਾਰਦੀ ਹੈ। ਜੀਵਨ ਦੇ ਹਜ਼ਾਰਾਂ ਪਹਿਲੂਆਂ ਦੀ ਤ੍ਰਿਖਾ ਇਸੇ ਨੁਕਤੇ ਤੋਂ ਸ਼ੁਰੂ ਹੋ ਕੇ ਇਸ ਦੀ ਸੰਪੂਰਨਤਾ ਦੇ ਕਿਸੇ ਝਲਕਾਰੇ ਉਤੇ ਆਪਣੇ ਆਪ

ਨੂੰ ਇਕਾਗਰ ਕਰਦੀ ਹੈ। ਉਸ ਦਾ ਰਚਨਾਤਮਕ ਉਛਾਲ ਆਪਣਾ ਪ੍ਰਥਮ ਘੇਰਾ ਅਜੇਹੀ ਇੱਕਲ ਜਾਂ ਉਪਰਾਮਤਾ ਵਿਚ ਨਿਸਚਿਤ ਹੈ, ਜਿਹੜੀ ਉਦੋਂ ਦ੍ਰਿਸ਼ਟਮਾਨ ਹੁੰਦੀ ਹੈ ਜਦੋਂਕਿ ਕਿਸੇ ਵਿਸ਼ੇਸ਼ ਕਾਰਨ ਕਰਕੇ ਮਾਨਵ ਹੋਂਦ ਦਾ ਕੋਈ ਮੁੱਖ ਪਹਿਲੂ ਅਚਾਨਕ ਜਾਂ ਕਿਸੇ ਤਰਕ ਨਿਯਮ ਅਨੁਸਾਰ ਆਪਣੇ ਅਰਥ ਗੁਆ ਬੈਠਦਾ ਹੈ ਜਾਂ ਇੰਝ ਬਾਹਰੋਂ ਜਾਪਦਾ ਹੈ। ਟਿਵਾਣਾ ਦੇ ਨਾਵਲਾਂ ਵਿਚ ਕਦੇ ਵਕਤੀ ਤੌਰ ਤੇ ਅਤੇ ਕਦੇ ਪੱਕੇ ਤੌਰ ਉਤੇ ਉਪਰਾਮਤਾ ਅਤੇ ਇਕੱਲਤਾ ਦੀ ਸੰਘਣੀ ਨਿਰਾਰਥਕਤਾ ਵਿਚ ਵਿਚਰਦੀ ਰਾਸਦੀ ਦਾ ਅਜਿਹਾ ਰੂਪ ਯਕੀਨਨ ਉਤਰਦਾ ਹੈ ਪਰ ਜੀਵਨ ਹਰਕਤ ਕਦੇ ਧੀਮੀ ਸਰ ਵਿਚ ਅਤੇ ਕਦੇ ਤੇਜ ਸੁਰ ਵਿਚ ਕਾਇਮ ਰਹਿੰਦੀ ਹੈ।"

ਗਲਪ ਬਾਰੇ ਆਪਣੇ ਵਿਚਾਰ ਦਿੰਦਾ ਹੋਇਆ ਚੈਫਰਈਵ ਕਹਿੰਦਾ ਹੈ ਕਿ ਗਲਪ ਵਿਚ ਪਦੱਤ ਤੇ ਸੰਭਾਵਤ ਦਾ ਤਣਾਓ ਰਚਨਾਤਮਕ ਪਕਿਰਿਆ ਵਜੋਂ ਵਿਦਵਾਨ ਰਹਿੰਦਾ ਹੈ। ਇਹ ਸਾਰੀ ਪ੍ਰਕਿਆ ਅਸਲ ਵਿਚ ਮਨੁੱਖ ਦੀ ਨਿਰਮਾਣ ਪ੍ਰਕਿਆ ਹੈ ਜਿਸ ਵਿਚ ਵਾਸਰਵਿਕਤਾ ਕਲਪਨਾ ਤੇ ਭਾਵਨਾ ਪੂਰੀ ਤਰ੍ਹਾਂ ਸਮਿਲਤ ਹਨ। ਵਾਸਤਵਿਕਤਾ ਉਹ ਜ਼ਮੀਨ ਹੈ ਜਿਸ ਉਪਰ ਮਨੁੱਖ ਖੜਾ ਹੁੰਦਾ ਹੈ। ਕਲਪਨਾ ਉਹ ਵਿਧੀ ਤੇ ਦਿਸ਼ਟੀ ਹੈ ਜਿਸ ਰਾਹੀਂ ਮਨੁੱਖ ਪ੍ਰਦੱਤ ਨੂੰ ਰੂਪਾਂਤਰ ਦੇਂਦਾ ਹੈ ਤੇ ਸੰਭਾਵਨਾ ਸਭਿਆਚਾਰ ਦੀਆਂ ਭਵਿਖ ਦੀਆਂ ਦਿਸ਼ਾਵਾਂ ਨੂੰ ਉਘਾੜਨ ਵਾਲੀ ਸ਼ਕਤੀ ਹੈ। ਸਪਸ਼ਟ ਹੈ ਕਿ ਇਹ ਸਾਰੀਆਂ ਵਿਧੀਆਂ ਜੋ ਇਕ ਤਰਾਂ ਨਾਲ ਗਲਪ ਦਾ ਨਿਰਮਾਣਕਾਰੀ ਰੋਤ ਹਨ ਤੇ ਸਮੁੱਚੇ ਸਭਿਆਚਾਰ ਨੂੰ ਸਿਰਜਣ ਵਾਲੀਆਂ ਵੀ ਸ਼ਕਤੀਆਂ ਹਨ। ਇਨ੍ਹਾਂ ਦੀ ਸਹਾਇਤਾ ਨਾਲ ਮਨੁੱਖ ਸਭਿਆਚਾਰ ਦਾ ਨਿਰਮਾਣ ਕਰਦਾ ਹੈ ਤੇ ਫਿਰ ਆਪਣੀ ਪਰਿਭਾਸ਼ਾ ਵੀ ਸਭਿਆਚਾਰ ਤੋਂ ਪ੍ਰਾਪਤ ਕਰਦਾ ਹੈ। ਅਸੀਂ ਜਦੋਂ ਵੀ ਮਨੁੱਖ ਨੂੰ ਕਲਪਦੇ, ਸੰਕਲਪਦੇ ਹਾਂ ਉਸ ਵੇਲੇ ਅਸੀਂ ਉਸ ਦੇ ਵਿਸ਼ੇਸ਼ ਸਭਿਆਚਾਰ ਦੀਆਂ ਕਾਰਜਸ਼ੀਲ ਗਲਪੀ ਵਿਧੀਆਂ ਦੇ ਆਧਾਰ ਤੇ ਹੀ ਗ੍ਰਹਿਣ ਕਰਦੇ ਹਾਂ। ਇਸ ਤੋਂ ਬਿਨਾਂ ਮਨੁੱਖ ਦਾ ਕੋਈ ਵੀ ਸਮੂਰਤ ਬਿੰਬ ਉਜਾਗਰ ਹੀ ਨਹੀਂ ਹੁੰਦਾ।" ਇਨਾਂ ਅਰਥਾਂ ਵਿਚ ਗਲਪ ਇਕ ਵਿਆਪਕ ਰੂਪ ਸਿਰਜਣ ਪ੍ਰਕਿਆ ਨੇ ਅਰਬ ਦੇਂਦਾ ਹੈ।

ਨੋਰਥਰੋਪ ਦਾ ਮਤ ਹੈ ਕਿ ਮਨੁੱਖ ਦਾ ਸਾਰਾ ਵਿਚਾਰ ਤਿੰਨ ਪੱਧਰਾਂ ਤੋਂ ਕਾਰਜਸ਼ੀਲ ਹੁੰਦਾ ਹੈ। ਪਹਿਲਾ ਉਪਯੋਗੀ ਹੈ। ਇਸ ਰਾਹੀਂ ਵਿਅਕਤੀ ਆਪਣੇ ਜੀਵਨ ਦੀਆਂ ਵਿਚਾਰਕ ਗਤੀਆਂ, ਪ੍ਰਗਤੀਆਂ ਦੀ ਪੂਰਤੀ ਕਈ ਪ੍ਰਕਾਰ ਦੀਆਂ ਰੂੜੀਆਂ ਤੇ ਵਿਧੀਆਂ ਰਾਹੀਂ ਕਰਦਾ ਹੈ। ਇਹ ਹੇਠਲੀ ਪੱਧਰ ਹੈ। ਉਚੇਰੀ ਕੋਟੀ ਦੀ ਚੇਤਨਾ ਚਿੰਤਨ ਦੀ ਹੈ। ਇਸ ਰਾਹੀਂ ਸੰਕਲਪ ਤੇ ਅਮੂਰਤ ਚਿੰਤਨ ਦੀ ਘਾੜਤ ਕਰਕੇ ਮਨੁੱਖ ਦੀ ਹੋਣੀ ਨੂੰ ਸੰਭਾਵਨਾਵਾਂ ਦੀ ਰਾਹ ਤੇ ਪਾਈ ਰਖਦੀ ਹੈ। ਤੀਸਰੀ ਕੋਟੀ ਵਿਚ ਵਿਹਾਰ ਤੇ ਵਿਚਾਰ ਸਮਿਲਤ ਹੋ ਕੇ ਇਹ ਵੱਖਰੀ ਪ੍ਰਕਾਰ ਦੀ

ਰੂਪਾਂਤਰਿਕ ਵਿਧੀ ਸਿਰਜਦੇ ਹਨ। ਇਹ ਵਿਧੀ ਮਨੁੱਖੀ ਵਿਹਾਰ ਤੇ ਵਿਚਾਰ ਦੋਹਾਂ ਨੂੰ ਆਪਣੇ ਵਿਚ ਸਮਿਲਤ ਕਰਦੀ ਹੈ।"

ਇਹ ਤੀਸਰੀ ਕੋਟੀ ਆਪਣੇ ਅਸਲ ਰੂਪ ਵਿਚ ਗਲਪ ਦਾ ਨਿਰਮਾਣ ਕਰਦੀ ਹੈ। ਇਸ ਵਿਚ ਦੋ ਅਨੁਭਵ ਸਮਿਲਤ ਹੁੰਦੇ ਹਨ। ਇੰਦਰੀਆਂ ਰਾਹੀਂ ਪ੍ਰਾਪਤ ਹੋਣ ਵਾਲਾ ਦੂਸਰਾ ਦ੍ਰਿਸ਼ਟੀ ਰਾਹੀਂ ਇਸ ਵਿਚ ਦ੍ਰਿਸ਼ਟੀ ਅਮੂਰਤ ਹੁੰਦੀ ਹੈ । ਉਸ ਅਨੁਸਾਰ ਅੱਜ ਦਾ ਅਸਤਿਤਵਵਾਦੀ ਮਨੁੱਖ ਆਖਦਾ ਹੈ ਜੀ ਨਾਲ ਜਹਾਨ ਹੈ, ਭਾਵ ਆਤਮਾ ਸ੍ਰਿਸ਼ਟੀ, ਮੁਲਕ, ਪਿੰਡ, ਪਰਿਵਾਰ ਸਭ ਕੁਝ ਆਪਣੇ ਸਵੇ ਦੀ ਖਾਤਰ ਕੁਰਬਾਨ ਕਰ ਰਿਹਾ ਹੈ ਤੇ ਸਾਹਿਤਕਾਰ ਵੀ ਅੱਜ ਦੇ ਸਮੇਂ ਵਿਚ ਹੀ ਜੀ ਰਿਹਾ ਹੈ। ਕਿਥੋਂ ਤੁਰੇ ਸੀ ਕਿਥੇ ਆ ਗਏ ਹਾਂ ਇਥੇ ਸੰਕਟ ਨੂੰ ਸਮਝਣ ਦੀ ਕੋਸ਼ਿਸ਼ ਹੈ ਮੇਰੀ ਰਚਨਾ।"

ਉਕਤ ਵਿਚਾਰਾਂ ਨੂੰ ਆਪਣੀ ਦ੍ਰਿਸ਼ਟੀ ਵਿਚ ਰਖਦਿਆਂ ਅਸੀਂ ਟਿਵਾਣਾ ਦੇ ਨਾਵਲਾਂ ਦੇ ਵਿਸ਼ਾ-ਵਸਤੂ ਉਤੇ ਸੰਖੇਪ ਚਰਚਾ ਕਰਾਂਗੇ। ਉਸ ਦੇ ਸਾਰੇ ਨਾਵਲਾਂ ਦੇ ਵਿਸ਼ੇ ਇਸਤਰੀ ਦੀ ਤ੍ਰਾਸਦੀ ਨਾਲ ਸੰਬੰਧਤ ਹਨ। ਇਨ੍ਹਾਂ ਵਿਚ ਇਸਤਰੀ ਕਿਤੇ ਤਾਂ ਬੇਬੱਸ ਹੋ ਕੇ ਰਹਿ ਜਾਂਦੀ ਹੈ ਜਿਵੇਂ 'ਏਹੁ ਹਮਾਰਾ ਜੀਵਣਾ' ਦੀ ਭਾਨੋ ਵਿਚਾਰੀ ਚੁੱਪਚਾਪ ਦੋਵੇਂ ਹੱਥ ਝਾੜ ਕੇ ਪਿੰਡ ਦੀ ਵੀਹ ਵਿਚੋਂ ਤੁਰੀ ਜਾ ਰਹੀ ਹੈ। 'ਪੀਲੇ ਪਤਿਆਂ ਦੀ ਦਾਸਤਾਨ' ਵਾਲੀ ਉਸਾ ਮਾਰਗ ਨਾ ਮਿਲਣ ਤੇ ਭਟਕ ਜਾਂਦੀ ਹੈ। ਇਥੇ ਟਿਵਾਣਾ ਆਪਣੀ ਅਮੂਰਤ ਦ੍ਰਿਸ਼ਟੀ ਦਾ ਪ੍ਰਯੋਗ ਕਰਕੇ ਨਿਵੇਕਲਾ ਮਾਰਗ ਦਰਸਾ ਸਕਦੀ ਸੀ ਪਰ ਇਹ ਜੀਵਨ ਦਾ ਯਥਾਰਥ ਹੈ। ਉਹ ਆਪਣੀਆਂ ਨਾਇਕਾਵਾਂ ਨੂੰ ਆਪਣਾ ਰਾਸਤਾ ਆਪ ਢੂੰਡਣ ਲਈ ਉਨ੍ਹਾਂ ਨੂੰ ਉਨ੍ਹਾ ਦੇ ਹਾਲ ਉਤੇ ਹੀ ਛੱਡ ਦਿੰਦੀ ਹੈ। ਉਹ ਉਨ੍ਹਾਂ ਦੀ ਪਰੀ ਮਾਂ ਬਣਕੇ ਜੀਵਨ ਦੀਆਂ ਗੁੰਝਲਾਂ ਨਹੀਂ ਖੋਲ੍ਹਣਾ ਚਾਹੁੰਦੀ। ਉਸ ਦਾ ਕੰਮ ਉਨ੍ਹਾਂ ਨੂੰ ਗੜ੍ਹੀ ਨੀਂਦ ਤੋਂ ਜਗਾਉਣਾ ਹੈ। ਜਾਗਿਆ ਵਿਅਕਤੀ ਆਪਣੀ ਬੁੱਧੀ ਦੇ ਬਲ ਆਪਣਾ ਮਾਰਗ ਆਪ ਨਿਰਧਾਰਤ ਕਰ ਸਕਦਾ ਹੈ। ਇਸੇ ਤਰ੍ਹਾਂ ਲੰਮੀ ਉਡਾਰੀ ਦੀ ਸੀਤਾ ਆਪਣੇ ਜੀਵਨ ਦੇ ਸੰਘਰਸ਼ ਤੋਂ ਘਬਰਾ ਕੇ ਪਹਿਲਾਂ ਚੇਤਨਾ ਖੋਹ ਬੈਠੀ ਹੈ ਤੇ ਫਿਰ ਜੀਵਨ ਮਾਰਗ ਤੋਂ ਫੋਟਕ ਕੇ ਕਾਲ ਗਰਲ ਬਣ ਜਾਂਦੀ ਹੈ। ਉਸ ਦੀਆਂ ਨਾਇਕਾਵਾਂ ਮਨਦੀਪ, ਸੀਤਾ, ਭਾਨ, ਉਸ਼ਾ, ਗੀਤਾ ਤੇ ਸੀਮਾ ਸਾਰੀਆਂ ਨੂੰ ਹੀ ਉਸ ਨੇ ਜਿਉਣ ਬੀਣ ਲਈ ਭਰਪੂਰ ਬਣਾਇਆ ਹੈ। ਅਣਚਾਹੀਆ ਸਥਿਤੀਆਂ ਵਿਚ ਟੁੱਟ ਜਾਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਉਹ ਭਾਵਨਾ ਨਾਲ ਸਮਾਜਿਕ ਹਕੀਕਤਾ ਅੱਗ ਖੜ੍ਹੀਆਂ ਹਨ। ਉਹ ਬੇਹਿਸ ਹੁੰਦੀਆਂ ਹੋਈਆਂ ਭਾਵੇਂ ਆਪਣੀ ਪਹਿਚਾਣ ਕਾਇਮ ਕਰਦੀਆਂ ਹਨ ਪਰ ਉਨ੍ਹਾਂ ਦਾ ਜੀਵਨ ਮਾਰਗ ਕੀ ਹੈ ? ਇਹ ਮਾਰਗ ਨਾ ਤਾਂ ਲੁਪਤ ਰੂਪ ਵਿਚ ਸਾਹਮਣੇ ਆਇਆ ਹੈ ਅਤੇ ਨਾ ਹੀ ਪ੍ਰਤੱਖ ਰੂਪ ਵਿਚ।

ਇਸ ਸਥਿਤੀ ਵਿਚ ਟਿਵਾਣਾ ਮਰਦ ਪ੍ਰਧਾਨ ਸਮਾਜ ਨਾਲ ਟੱਕਰ ਲੈਣ ਤੋਂ ਝਿਝਕਦੀ ਪ੍ਰਤੀਤ ਹੁੰਦੀ ਹੈ। ਉਸ ਦੀਆ ਪੜ੍ਹੀਆਂ ਲਿਖੀਆਂ ਨਾਇਕਾਵਾਂ 'ਐਰ ਵੈਰ ਮਿਲਦਿਆਂ' ਦੀ ਨਾਇਕਾ ਹਰਜੀਤ ਘਰ ਤੋਂ ਬਗ਼ਾਵਤ ਕਰਕੇ ਵੱਖਰੀ ਰਹਿਣ ਲੱਗ ਜਾਂਦੀ ਹੈ ਪਰ ਉਹ ਆਪਣੇ ਪਤੀ ਨੂੰ ਨਹੀਂ ਭੁੱਲਦੀ। ਉਸ ਦੀ ਚਾਹਨਾ ਉਸੇ ਪਾਸੇ ਰਹਿਣ ਦੀ ਹੈ। ਟਿਵਾਣਾ ਵੱਲੋਂ ਪੇਸ਼ ਕੀਤੀ ਮਾਨਵ ਹੋਂਦ ਦੀ ਨਿਰਾਰਥਕ ਪਹੁੰਚ ਵਕਤੀ ਹੈ. ਇਹ ਸਦੀਵੀ ਨਿੰਦਣ ਦੇ ਘੇਰੇ ਵਿਚ ਨਹੀਂ ਆਉਂਦੀ ਸਗੋਂ ਇਸ ਵਿਚ ਅਰਥ ਭਰਪੂਰ ਨਿਰੰਤਰ ਚਲਦੇ ਸੋਮੇ ਦਾ ਵਹਾਅ ਹੈ। ਉਹਦੇ ਸਿਰਜੇ ਹਨੇਰਿਆਂ ਵਿਚੋਂ ਵੀ ਉਜਾਲੇ ਦੀ ਝਲਕ ਦਿਸਦੀ ਹੈ। ਉਸ ਦੀ ਰਚਨਾ ਸੂਰਜ ਤੇ ਸਮੁੰਦਰ' ਦੇ ਸਾਰੇ ਪਾਤਰ ਸਵੇ ਸਿੱਧੀ ਲਈ ਵੱਖਰੇ ਵੱਖਰ ਮਾਰਗ ਅਪਨਾਉਂਦੇ ਹਨ। ਪੋਫੈਸਰ ਸਾਹਿਬ ਸਿਰਜਣਾ ਰਾਹੀਂ ਅਜੀਤ ਸਰੀਰਕ ਸੈਰਸਟੀ ਰਾਹੀਂ ਤੇ ਸੋਨਾ ਧਰਮ ਰਾਹੀਂ ਸਵੈ-ਸਿੱਧੀ ਕਾਲਦੇ ਹਨ ਪਰ ਉਹ ਸਾਰੇ ਆਪਣੇ-ਆਪਣੇ ਮਾਰਗ ਵਿਚ ਅਸਫਲ ਹਨ। ਉਹ ਤਿੰਨੇ ਹੀ ਆਪਣੇ ਆਪਣੇ ਮਾਰਗ ਬਦਲ ਲੈਂਦੇ ਹਨ। ਇਸ ਨਾਵਲ ਵਿਚ ਸੋਨਾ ਨੇ ਮਨ ਦਾ ਪਤੀਕ ਅਜੀਤ ਨੂੰ ਕਰਮ ਦਾ ਅਤੇ ਪੋਫੈਸਰ ਨੂੰ ਵਚਨ ਦਾ ਪ੍ਰਤੀਕ ਮੰਨਿਆ ਹੈ। ਮਨ -ਬਚ-ਕਰਮ ਦੀ ਇਕਸੁਰਤਾ ਨਾਲ ਹੀ ਸਵੈ-ਸਿੱਧੀ ਦਾ ਮਾਰਗ ਪ੍ਰਾਪਤ ਹੋ ਸਕਦਾ ਹੈ। ਅਜੇਹੀਆਂ ਸਥਿਤੀਆਂ ਵਿਚ ਇਹ ਮਾਰਗ ਅਪਣਾਇਆ ਜਾ ਸਕਦਾ ਹੈ। ਅੱਜ ਕਿਸ ਪਾਸ ਸਬਰ ਹੈ।

ਡਾਕਟਰ ਹਰਿਭਜਨ ਸਿੰਘ, 'ਇਕ ਖ਼ਤ ਸੱਜਣਾਂ ਦੇ ਨਾਮ ਵਿਚ ਲਿਖਦੇ ਹਨ ਕਿ ਅੱਜ ਦਾ ਸਮਾਂ ਤੇ ਪਵਾਰਿਕ ਜਿੰਦਗੀ ਬੜੇ ਜਟਿਲ ਹਨ ਤੇ ਜੋ ਰਚਨਾਵਾਂ ਇਹੋ ਜਿਹੇ ਗੁਣਾ ਦੀਆਂ ਧਾਰਨੀ ਹੁੰਦੀਆਂ ਤਾਂ ਉਨ੍ਹਾਂ ਵਿਚੋਂ ਕੋਈ ਅਗਾਂਹ ਵਧ ਦਿਸ਼ਟੀ ਜ਼ਰੂਰ ਨਜ਼ਰ ਪੈਂਦੀ। ਉਨ੍ਹਾਂ ਅਨੁਸਾਰ ਸਾਹਿਤ ਨਿਰੋਲ ਦੁਖ ਦੀ ਦਾਸਤਾਨ ਨਹੀਂ ਹੋਣੀ ਚਾਹੀਦੀ। ਸਗੋਂ ਸਾਹਿਤ ਤਾਂ ਇਕ ਅਜਿਹੀ ਦਿਸ਼ਟੀ ਹੈ ਜੋ ਦੁਖਾਂ ਨੂੰ ਨਿਵਾਰਨ ਵਾਲੀ ਹੁੰਦੀ ਹੈ। ਉਸ ਅਨੁਸਾਰ ਸਾਹਿਤਕਾਰੀ ਦੁਖ ਦਾ ਸਿੱਧਾ ਪ੍ਰਗਟਾਵਾ ਨਹੀਂ ਹੋਣਾ ਚਾਹੀਦਾ। ਸਗੋਂ ਸੂਝਵਾਨ ਤਰੀਕੇ ਨਾਲ ਵਿਥਿਆ ਸੁਣਾਉਣ ਦਾ ਯੋਗ ਸਾਧਨ ਹੋਣਾ ਚਾਹੀਦਾ ਹੈ।

ਉਸ ਦਾ ਨਾਵਲ 'ਦੂਜੀ ਸੀਤਾ' ਵਿਚ ਕਰੁਣਾ ਬੋਧ ਬੜਾ ਡੂੰਘਾ ਅਤੇ ਹਿਰਦੇ ਵਧਕ ਹੈ। ਕੇਵਲ ਸੀਤਾ ਹੀ ਜ਼ਿੰਦਗੀ ਦੇ ਮਾਰਗ ਨੂੰ ਗੁਆ ਨਹੀਂ ਬੈਠਦੀ ਸਗੋਂ ਉਸ ਨਾਲ ਜੁੜਿਆ ਪਰਿਵਾਰ ਵੀ ਆਪਣਾ ਆਪਣਾ ਜੀਵਨ ਲਕਸ਼ ਗੁਆ ਬੈਠਦਾ ਹੈ। ਇਸ ਨਾਵਲ ਵਿਚ ਮਾਨਵੀ ਹੋਣੀ ਤੇ ਕਰੁਣਾਮਈ ਪ੍ਰਸੰਗ ਦੋਵੇਂ ਦਿਲ ਹਿਲਾਉਣ ਵਾਲੇ ਹਨ ਕਿ ਸਮਕਾਲੀ ਜੀਵਨ ਦੇ ਅੰਤਰ-ਵਿਰੋਧਾਂ ਅਤੇ ਵਿਸੰਗਤੀਆਂ ਪ੍ਰਤੀ ਪਾਠਕ ਮਨ ਵਿਚ ਵਿਸ਼ਾਦ ਦੀ ਭਾਵਨਾ ਉਘੜਦੀ ਹੈ। ਸੀਤਾ ਦਾ ਅੰਤ ਉਤੇ ਖ਼ੁਦਕਸ਼ੀ ਕਰਨਾ ਮਨ ਨੂੰ ਟੁੰਬ ਜਾਂਦਾ ਹੈ। ਇਥੇ ਮਨ ਵਿਚ

ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਕੀ ਮੁਸੀਬਤਾਂ ਦਾ ਹੱਲ ਆਤਮ ਹੱਤਿਆ ਹੀ ਹੈ? ਕੀ ਉਹ ਆਪਣੀ ਕਹਾਣੀ ਸੁਣਾਉਣ ਤਕ ਵੀ ਜਿਉਂਦੀ ਰਹਿਣੀ ਚਾਹੀਦੀ ਸੀ ਅਤੇ ਦਰਦ ਭਰੀ ਕਹਾਣੀ ਸੁਣਾਉਣ ਬਾਅਦ ਉਸ ਦੇ ਜੀਵਨ ਦਾ ਲਕਸ਼ ਸਮਾਪਤ ਹੋ ਗਿਆ ਸੀ ? ਜਾਗੀਰਦਾਰੀ ਪ੍ਰਬੰਧ ਅਤੇ ਸਰਮਾਏਦਾਰੀ ਪ੍ਰਥਾ ਵਿਚ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਕੀ ਇਨ੍ਹਾਂ ਘਟਨਾਵਾਂ ਤੋਂ ਪੀੜਤ ਵਿਅਕਤੀ ਲਈ ਜੀਵਨ ਦੇ ਸਾਰੇ ਮਾਰਗ ਬੰਦ ਹੋ ਜਾਂਦੇ ਹਨ ? ਹਰ ਮਹਾਨ ਲੇਖਕ ਪਾਸੋਂ ਅਜਿਹੀ ਸਥਿਤੀ ਵਿਚ ਜੀਵਨ-ਮਾਰਗ-ਦਰਸ਼ਨ ਦੀ ਆਸ ਕੀਤੀ ਜਾਂਦੀ ਹੈ। ਬਲਾਤਕਾਰ ਵਰਗੀ ਇਸ ਘਿਨਾਉਣੀ ਕਿਰਿਆ ਵਿਰੁੱਧ ਤਾਂ ਕੋਈ ਭਾਵਨਾ ਸਮਾਜ ਵਿਚ ਉਤਪੰਨ ਨਹੀਂ ਹੋਈ। ਇਸ ਘਿਨੋਣੇ ਕਰਮ ਨੂੰ ਸਮਾਪਤ ਕਰਨ ਲਈ ਨਾਵਲ ਰਾਹੀਂ ਲੋਕ ਲਹਿਰ ਉਭਰਨੀ ਚਾਹੀਦੀ ਸੀ, ਜਿਹੜੀ ਉਭਰ ਨਹੀਂ ਸਕੀ। ਕਿਸੇ ਦੀ ਆਤਮਾ ਕੁਚਲਣ ਦੀ ਪ੍ਰਕਿਆ ਮਾਨਵਤਾ ਦਾ ਘੋਰ ਪਾਪ ਹੈ। ਕਿੰਨਾ ਚਿਰ ਇਸਤਰੀ ਇਹ ਸੰਤਾਪ ਹੰਢਾਉਂਦੀ ਰਹੇਗੀ ?

'ਦੂਸਰੀ ਸੀਤਾ' ਦਾ ਪਹਿਲੀ ਇਤਿਹਾਸਕ ਸੀਤਾ ਨਾਲ ਕੇਵਲ ਏਨਾ ਹੀ ਮੇਲ ਹੈ ਕਿ ਸਮਾਜ ਨੇ ਪਹਿਲੀ ਨੂੰ ਪ੍ਰਵਾਨ ਨਹੀਂ ਕੀਤਾ। ਦੂਸਰੀ ਇਸੇ ਡਰ ਕਰਕੇ ਕਿ ਸਮਾਜ ਨੂੰ ਹੁਣ ਉਹ ਮੂੰਹ ਦੇਣ ਜੋਗੀ ਨਹੀ ਰਹੀ ਉਹ ਆਤਮ ਹੱਤਿਆ ਕਰ ਲੈਂਦੀ ਹੈ। ਇਸ ਵਿਚ ਉਸ ਵਿਚਾਰੀ ਦਾ ਕੀ ਦੋਸ਼ ਸੀ ? ਪਹਿਲੀ ਸੀਤਾ ਨੂੰ ਤਾਂ ਰਾਮ ਆਪਣੀ ਤਾਕਤ ਨਾਲ ਕੇਵਲ ਵਾਪਸ ਹੀ ਨਹੀਂ ਲਿਆਇਆ ਸੀ ਸਗੋਂ ਉਧਾਲਾ ਕਰਨ ਵਾਲੇ ਦਾ ਸਭ ਕੁਝ ਤਬਾਹ ਕਰ ਉਸ ਨੂੰ ਮਾਰ ਆਇਆ ਸੀ । ਉਸ ਦੇ ਉਧਾਲੇ ਦਾ ਕਾਰਨ ਭੈਣ ਦਾ ਬਦਲਾ ਸੀ ਅਤੇ ਸੁਅੰਬਰ ਸਮੇਂ ਸੀਤਾ ਨੂੰ ਪ੍ਰਾਪਤ ਨਾ ਕਰ ਸਕਣ ਦੀ ਨਮੋਸ਼ੀ ਸੀ ਪਰ ਦੂਜੀ ਸੀਤਾ ਤਾਂ ਜ਼ੋਰ ਵਾਲਿਆਂ ਦੀ ਹਵਸ ਦਾ ਸ਼ਿਕਾਰ ਹੋਈ ਸੀ। ਉਸ ਦੇ ਬਚਾਅ ਲਈ ਕੋਈ ਵਿਦਰੋਹ ਵੀ ਨਹੀਂ ਕਰ ਸਕਿਆ ਸੀ। ਇਹ । ਣਦਿਆਂ ਹੋਇਆਂ ਵੀ ਕਿ ਉਹ ਜ਼ੋਰ ਤੇ ਜ਼ਬਰ ਦਾ ਸ਼ਿਕਾਰ ਹੋਈ ਹੈ, ਸਾਰਾ ਪਿੰਡ ਡਰਦਾ ਕੁਝ ਕਰਨ ਨੂੰ ਤਿਆਰ ਨਹੀਂ। ਸਰਕਾਰ ਵੀ ਜ਼ੋਰ ਵਾਲਿਆਂ ਦੇ ਨਾਲ ਹੈ। ਪੈਸੇ ਦੀ ਝਲਕ ਮੂੰਹ ਬੰਦ ਕਰਨ ਦੇ ਸਮਰੱਥ ਹੈ।

ਕੀ ਟਿਵਾਣਾ ਇਥੇ ਸੁਝਾ ਵਜੋਂ ਕੋਈ ਜੀਵਨ ਜਾਚ ਦਾ ਸੁਝਾਅ ਨਹੀਂ ਦੇ ਸਕਦੀ ਸੀ ? ਲਗਦਾ ਹੈ ਕਿ ਉਹ ਸਮਾਜਿਕ ਰਹੁ-ਰੀਤਾ ਨਾਲ ਟੱਕਰ ਲੈਣ ਨੂੰ ਤਿਆਰ ਨਹੀਂ। ਇਸ ਕਰਕੇ ਉਸ ਨੂੰ ਆਤਮ-ਹੱਤਿਆ ਦਾ ਰਾਹ ਦਰਸਾ ਕੇ ਉਸ ਸਮਾਜ ਨੂੰ, ਪਿੰਡ ਵਾਲਿਆਂ ਵਾਂਗ ਨਰਾਜ਼ ਨਹੀਂ ਕੀਤਾ। ਇਸੇ ਤਰ੍ਹਾਂ ਉਸ ਹਸਤਾਖ਼ਰ ਦੀ ਸੀਤਾ ਨੂੰ ਬਰੇਨ ਹੈਮਰਿਜ ਕਰਕੇ ਅਮਰ ਦਾ

ਰਸਤਾ ਸਾਫ਼ ਕਰ ਦਿੱਤਾ। ਸੀਤਾ ਮਾਨਸਿਕ ਤਣਾਓ ਵਿਚ ਟੁੱਟ ਗਈ ਹੈ। ਉਹ ਮਰ ਕੇ ਵੀ ਕੁਕਨੁਸ ਵਾਂਗ ਭਵਿੱਖ ਨਾਲ ਜੁੜਦੀ ਹੈ। ਉਸ ਦੀ ਮਿੱਟੀ ਵਿਚੋਂ ਪੈਦਾ ਹੋਣ ਵਾਲੀ ਧੀ ਸਿਮਰਨ ਉਸ ਸਾਰੀ ਸੋਚ ਅੱਗੇ ਪ੍ਰਸ਼ਨ-ਚਿੰਨ੍ਹ ਹੈ, ਜਿਸ ਸੋਚ ਨੇ ਉਸ ਦੀ ਮਾਂ ਨੂੰ ਤ੍ਰਾਸਦੀ ਵੱਲ ਧੱਕਿਆ। ਸਿਮਰਨ ਦਾ ਇਹ ਵਿਚਾਰ "ਔਰਤ ਹੋਣ ਤੋਂ ਵਧ ਔਰਤ ਹੋਣ ਦੇ ਮਹਿਨੇ ਆਉਣੇ ਚਾਹੀਦੇ ਹਨ।" ਉਸ ਦੀ ਇਹ ਧਾਰਾ ਇਸ ਸਦਭਾਵਨਾ ਨੂੰ ਜਨਮ ਦੇਂਦੀ ਪ੍ਰਤੀਤ ਹੁੰਦੀ ਹੈ ਕਿ ਇਸਤਰੀ ਨਵੀਆਂ ਸਦਭਾਵਨਾਵਾਂ ਨੂੰ ਸਿਰਜਣ ਦੀ ਸਮਰਥਾ ਰਖਦੀ ਹੈ। ਉਹ ਜ਼ਿੰਮੀ ਦਾ ਪ੍ਰਤੀਕ ਬਣ ਕੇ ਸਾਰੀਆਂ ਔਰਤਾਂ ਦੀ ਸੋਚ ਅੱਗੇ ਸੁਆਲ ਬਣ ਕੇ ਆ ਖੜ੍ਹੀ ਹੋਈ ਹੈ। ਉਹ ਕੇਵਲ ਜਾਗਰੰਤ ਚੇਤਨਾ ਦਾ ਹੀ ਸੂਚਕ ਬਣ ਸਕੀ ਹੈ। ਉਸ ਨੇ ਸਿਮਰਨ ਨੂੰ ਆਪਣੀ ਪਹਿਚਾਣ ਕਰਵਾ ਦਿੱਤੀ ਹੈ। ਜੀਵਨ ਪ੍ਰਤੀ ਸੁਝਾਅ ਇਥੇ ਵੀ ਲੋਪ ਹੈ। 118 ਉਸ ਦੀ ਅੰਤਰ ਦ੍ਰਿਸ਼ਟੀ ਮਾਨਵ ਹੱਦ ਦੇ ਅਰਥ ਨੂੰ ਸਹੀ ਰੱਖਣ ਲਈ ਉਸ ਨੂੰ ਕਲਾਤਮਕ ਸਹਾਰਾ ਦਿੰਦੀ ਹੈ। ਨਿਰਾਸਤਾ ਤੇ ਮੌਤ ਦੇ ਵਾਤਾਵਰਣ ਨੂੰ ਕਿਸ ਅਦੇਖ ਸੱਚ ਰਾਹੀਂ ਉਸ ਨੂੰ ਬਦਲਣ ਅਤੇ ਆਸ਼ਾਵਾਦੀ ਮੋੜ ਦੇਣ ਦੀ ਉਸ ਪਾਸ ਇਕ ਅਨੋਖੀ ਕਲਾ ਹੈ। ਉਸ ਦੀ ਸਿਰਜੀ ਦੁਨੀਆਂ ਦਾ ਕੋਈ ਵਾਸੀ ਨਿਰਾਰਥਕਤਾ ਨੂੰ ਸਾਰਥਕਤਾ ਦੇ ਅਰਥ ਦੇ ਦਿੰਦਾ ਹੈ। ਉਸ ਨੇ ਆਪਣੇ ਨਾਵਲਾਂ ਵਿਚ ਵਿਚਾਰ ਨੂੰ ਨਿਖਾਰਨ ਲਈ ਵਿਅੰਗ ਦੀ ਵੀ ਵਰਤੋਂ ਕੀਤੀ ਹੈ। ਬੁਰਕ ਅਨੁਸਾਰ ਕਥਨ ਨੂੰ ਪ੍ਰਸੰਗ ਰਾਹੀਂ ਅਸਿੱਧਾ/ਪੁੱਠਾ ਕਰਨਾ ਹੀ ਵਿਅੰਗ ਹੈ। ਸਾਹਿਤ ਵਿਚਲਾ ਹਰ ਕਥਨ ਇਕ ਵਿਸ਼ੇਸ਼ ਪ੍ਰਸੰਗ ਦੇ ਵਰਨਣ ਵਿਚ ਆਪਣੀ ਸਾਰਥਿਕਤਾ ਗ੍ਰਹਿਣ ਕਰਦਾ ਹੈ ਅਤੇ ਉਸ ਦੇ ਸਮੁੱਚੇ ਅਰਥ ਨੂੰ ਢਾਲਦਾ ਹੈ। ਕਥਨ ਅਤੇ ਘਟਨਾ ਦੇ ਵਿਅੰਗ ਵਿਚ ਸਦਾ ਟਾਕਰੇ ਦਾ ਤੱਤ ਹੁੰਦਾ ਹੈ। ਸਾਹਿਤ ਵਿਚ ਦੋਹਾਂ ਪ੍ਰਕਾਰਾਂ ਦਾ ਵਿਅੰਗ ਹੋ ਸਕਦਾ ਹੈ। ਸਾਹਿਤ ਲਈ ਕਥਨ ਅਤੇ ਰਵੱਈਏ ਦਾ ਵਿਅੰਗ ਅਵਸ਼ਕ ਹੈ। ਵਿਅੰਗਾਤਮਕ ਪ੍ਰਭਾਵ ਦਾ ਸਫ਼ਲ ਸੰਗਠਨ ਇਕ ਸਾਹਿਤਕਾਰ ਦੀ ਮੁੱਖ ਸਮੱਸਿਆ ਹੁੰਦੀ ਹੈ। ਸਧਾਰਨ ਗੱਲਬਾਤ ਵਿਚ ਤਾਂ ਇਹ ਵਿਅੰਗ ਮੁਦਰਾਵਾਂ, ਅਵਾਜ਼ ਦੇ ਲਹਿਜੇ ਆਦਿ ਨਾਲ ਪ੍ਰਗਟ ਕੀਤਾ ਜਾ ਸਕਦਾ ਹੈ ਪ੍ਰੰਤੂ ਕਵਿਤਾ ਵਿਚ ਅਜਿਹੇ ਵਿਅੰਗ ਨੂੰ ਪ੍ਰਗਟ ਕਰਨ ਲਈ ਹਰ ਤਰ੍ਹਾਂ ਦੇ ਸਾਧਨ ਵਰਤਣੇ ਪੈਂਦੇ ਹਨ।"

ਟਿਵਾਣਾ ਨੇ ਆਪਣੇ ਨਾਵਲ 'ਦੂਸਰੀ ਸੀਤਾ' ਵਿਚ ਪੋਰਾਣਿਕ ਕਥਾ ਦੇ ਵਿਪਰੀਤ ਆਪਣੀ ਵੱਖਰੀ ਕਥਾ ਦੀ ਸਿਰਜਣਾ ਕੀਤੀ ਹੈ। ਵਿਅੰਗ ਸਿਰਜਣਾ ਲਈ ਉਸ ਨੇ ਪ੍ਰਸੰਗ ਬਦਲ ਦਿੱਤੇ ਹਨ। ਪਹਿਲੀ ਰਾਜ ਬੰਸ ਦੀ ਅਤੇ ਦੂਸਰੀ ਨਿਮਨ ਪੱਧਰ ਦੇ ਜੀਵਨ ਦੀ ਦੁਖਾ ਭਰੀ ਵਾਰਤਾ ਹੈ। ਉਸ ਦਾ ਪਿਤਾ ਕਾਮਾ ਸ਼੍ਰੇਣੀ ਵਿਚੋਂ ਹੈ। ਉਹ ਪਿਤਾ ਪੁਰਖੀ ਇਹ ਕੰਮ ਕਰੀ ਆ ਰਹੇ ਹਨ। ਇਸ ਤਰ੍ਹਾਂ ਦੋਹਾਂ ਦਾ ਵਾਤਾਵਰਣ ਵੱਖਰਾ ਹੈ। ਭਾਵੇਂ ਲੇਖਿਕਾ ਨੇ ਕੁਝ

ਮੁੱਢਲੀਆਂ ਪ੍ਰਸਥਿਤੀਆਂ ਘੜਣ ਦਾ ਉਪਰਾਲਾ ਕੀਤਾ ਹੈ ਪਰ ਉਸ ਨੇ ਇਸ ਵਿਚ ਅਜੋਕੇ ਸਮਾਜਿਕ ਆਰਥਕ ਆਧਾਰ ਨੂੰ ਮੁੱਖ ਰੱਖ ਕੇ ਤਬਦੀਲੀਆਂ ਕੀਤੀਆ ਹਨ। ਇਸ ਤਰ੍ਹਾਂ ਇਸ ਨਾਵਲ ਦਾ ਸਮੁੱਚਾ ਭਾਵ ਜਗਤ ਹੀ ਬਦਲ ਗਿਆ ਹੈ।

ਇਸ ਨਾਵਲ ਦੀ ਕਹਾਣੀ ਉਤੇ ਉਹ ਕੇਵਲ ਇਸ ਦੀ ਮੁੱਢਲੀ ਬਣਤਰ ਉਤੇ ਹੀ ਵਿਅੰਗ ਨਹੀਂ ਕਰਦੀ ਸਗੋਂ ਇਸ ਵਿਚੋਂ ਉਪਜੇ ਅੰਤਰੀਵ ਭਾਵਾਂ ਉਤੇ ਵੀ ਆਪਣੀ ਵਿਅੰਗ ਕਲਾ ਨਾਲ ਚੋਟ ਕਰਦੀ ਹੈ। ਉਹ ਨਾਥ (ਰਾਜਾ) ਦੀ ਬੇਵਸੀ ਦਾ ਪ੍ਰਗਟਾਅ ਕਰਕੇ ਉਲੇਖ ਕਰਦੀ ਹੈ ਕਿ ਬਲਦੇਵ ਸਿੰਘ ਨੇ ਨਾਥ ਦੀ ਬੇਵਸੀ ਦਾ ਲਾਭ ਉਠਾ ਕੇ ਉਸ ਦੀ ਸੀਤਾ ਦਾ ਹਰਨ ਹੀ ਨਹੀਂ ਕੀਤਾ ਸਗੋਂ ਉਸ ਦੇ ਸਤ ਨੂੰ ਵੀ ਭੰਗ ਕੀਤਾ ਹੈ।

ਭਾਵ ਜੁਗਤ ਦੀ ਪੱਧਰ ਤੇ ਵੀ ਸਾਰਥਕ ਵਿਅੰਗ ਦੀ ਸਿਰਜਣਾ ਹੋਈ ਹੈ। ਭਾਵੇਂ ਦੋਹਾਂ ਨਾਰੀਆਂ ਦੀ ਸਾਮਜਿਕ ਸਥਿਤੀ ਵਿਚ ਕੋਹਾਂ ਦਾ ਅੰਤਰ ਹੈ ਪਰ ਦੋਹਾਂ ਨਾਲ ਵਾਪਰੇ ਦੁਖਾਂਤ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਦੋਹਾਂ ਨਾਰੀਆਂ ਦੀ ਹੋਣੀ ਵਿਚ ਕੋਈ ਅੰਤਰ ਨਹੀਂ। ਪਹਿਲੀ ਸੀਤਾ ਵੀ ਅਯੁੱਧਿਆ ਵਿਚ ਆਪਣੀ ਮਾਨ ਮਰਯਾਦਾ ਸਥਾਪਤ ਨਾ ਕਰਾ ਸਕੀ। ਸਮਾਜ ਨੇ ਰਾਮ ਨੂੰ ਵੀ ਨਹੀਂ ਬਖਸ਼ਿਆ। ਦੂਸਰੀ ਸੀਤਾ ਹਵਸ ਦਾ ਸ਼ਿਕਾਰ ਹੋਣ ਉਪਰੰਤ ਜਰਵਾਣਿਆਂ ਦੀ ਕੈਦ ਤੋਂ ਭੱਜ ਕੇ ਸਮਾਜ ਸਾਹਮਣੇ ਹੋਣ ਦਾ ਹੀਆ ਨਾ ਕਰ ਸਕਣ ਕਾਰਨ ਉਸ ਡੁੱਬ ਮਰਨ ਨੂੰ ਹੀ ਠੀਕ ਸਮਝਿਆ। ਦੋਵੇਂ ਇਕੋ ਜਿਹੇ ਤ੍ਰਾਸਦਿਕ ਅੰਤ ਨੂੰ ਪਹੁੰਚਦੀਆਂ ਹਨ। ਇਹ ਲੇਖਿਕਾ ਦਾ ਵਿਅੰਗ ਵਿਧਾ ਦੀ ਸ਼ਕਤੀਸ਼ਾਲੀ ਪ੍ਰਮਾਣ ਹੈ।

ਟਿਵਾਣਾ ਪ੍ਰਤੀਗਤ ਵਤੀਰਾ ਰੱਖਣ ਵਾਲੀ ਗਲਪਕਾਰ ਹੈ। ਇਹ ਪ੍ਰਤੀਗਤ ਵਤੀਰਾ ਉਸ ਨੂੰ ਬਹੁਤ ਵਾਰੀ ਕਰੜੇ ਯਥਾਰਥ ਦੇ ਸਨਮੁੱਖ ਉਸ ਦੇ ਪਾਤਰਾਂ ਦੀ ਬੇਵਸੀ ਤੇ ਮਜ਼ਬੂਰੀ ਕਾਰਨ ਉਪਜਦਾ ਹੈ ਤੇ ਕਈ ਵਾਰੀ ਉਹ ਭਾਵੁਕ ਤੇ ਪ੍ਰਤੀਭਾਵੁਕ ਚਿਤਰਣ ਰਾਹੀਂ ਵੀ ਪ੍ਰਗਟਾਉਂਦੀ ਹੈ। ਉਹ "ਅਗਨੀ ਪ੍ਰੀਖਿਆ" ਵਿਚੋਂ ਮਨਦੀਪ ਤੇ ਹਰਦੇਵ ਦੀ ਮੰਗਣੀ ਦਾ ਵਾਤਾਵਰਣ ਉਸਾਰ ਕੇ ਸਿਧਾਂਤਕ ਭਾਵਨਾ ਉਸਾਰਦੀ ਹੈ ਤੇ ਇਹ ਸੁੱਖ ਦਾ ਵਾਤਾਵਰਣ ਨਾਟਕੀ ਮੋੜ ਰਾਹੀਂ ਤ੍ਰਾਸਦੀ ਹੋ ਨਿਬੜਦਾ ਹੈ। ਇਸ ਦੇ ਨਾਲ ਹੀ ਮਨਦੀਪ ਦੀ ਮਾਨਸਿਕਤਾ ਦੀ ਪੀੜਾ ਦਰਸਾਈ ਗਈ ਹੈ।

ਟਿਵਾਣਾ ਆਪਣੇ ਨਾਵਲ "ਪੈੜ ਚਾਲ" ਦੇ ਆਰੰਭ ਵਿਚ ਸਾਹਿਤ ਤੇ ਮਿਥਿਹਾਸ ਦੇ ਸੰਗਮ ਨਾਲ ਪ੍ਰਤੀਕ ਸਿਰਜ ਕੇ ਸੀਮਾ ਨੂੰ ਮੇਨਕਾ, ਜਿਹੜੀ ਅਜੋਕੇ ਵਿਸ਼ਵਾਮਿੱਤਰ (ਪ੍ਰੋ: ਅਮਰ) ਨਾਲ ਸ਼ਾਦੀ ਕਰਕੇ ਸਿਮਰਨ (ਸ਼ਕੁੰਤਲਾ) ਨੂੰ ਜਨਮ ਦੇਂਦੀ ਹੈ। ਇਸ ਨਾਵਲ ਵਿਚ ਮਾਤ ਲੋਕ ਤੇ ਸਵਰਗ ਦੀਆਂ ਛੋਹਾਂ ਦਾ ਸੁਮੇਲ ਹੈ। ਉਹ ਚੇਤਨਾ ਵਿਚੋਂ ਆਪਣੀ ਹੋਂਦ ਦੇ ਅਰਥ ਢੂੰਡਦੀ ਹੈ। ਹੁਸਨ, ਨੀਝ, ਵਲਵਲਾ, ਕਲਪਨਾ ਅਤੇ ਪਿਆਰ ਸਬੰਧੀ ਵਿਚਾਰ

ਉਪਜਦੇ ਤੇ ਆਪੇ ਹੀ ਵਿਰੋਧ ਭਾਵ ਵਿਚ ਸਮਾਪਤ ਹੋ ਜਾਂਦੇ ਹਨ। ਇਹ ਮਾਨਵ ਹੋਂਦ ਦੀ ਸਜੀਵਤਾ ਦੀ ਭਾਲ ਵੱਲ ਇਕ ਯਤਨ ਮਾਤਰ ਕਿਹਾ ਜਾ ਸਕਦਾ ਹੈ।

ਟਿਵਾਣਾ ਆਪਣੇ ਆਲੇ ਦੁਆਲੇ ਵਿਚੋਂ ਆਪਣੇ ਪਾਤਰਾਂ ਦੀ ਚੋਣ ਕਰਦੀ ਹੈ। ਪਿੰਡਾਂ ਦਾ ਜੀਵਨ ਵਰਣਨ ਕਰਨ ਵਾਲੇ ਨਾਵਲਾਂ ਵਿਚ ਉਸ ਆਪਣੇ ਪਿੰਡ ਰਾਹੋਂ ਦੇ ਪਾਤਰ ਲਏ ਹਨ। ਪਾਤਰਾਂ ਬਾਰੇ ਉਹ ਲਿਖਦੀ ਹੈ, ਉਂਝ ਤਾਂ ਸਾਰੀ ਸ੍ਰਿਸ਼ਟੀ ਹੀ ਇਕ ਲੀਲ੍ਹਾ, ਇਕ ਨਾਟਕ ਹੈ ਅਤੇ ਅਸੀਂ ਸਭ ਆਪਣਾ ਆਪਣਾ ਪਾਰਟ ਕਰ ਰਹੇ ਇਸ ਦੇ ਪਾਤਰ ਹਾਂ ਪਰ ਕਲਾਕਾਰ ਮਨ ਜਦੋਂ ਨੀਝ ਨਾਲ ਇਹਨਾਂ ਵੱਲ ਤੱਕਦਾ ਹੈ ਤਾਂ ਕੁਝ ਪਾਤਰ ਉਸ ਦੇ ਮਨ ਵਿਚ ਮੋਹ ਜਗਾਉਂਦੇ ਹਨ ਤੇ ਕੁਝ ਨਫ਼ਰਤ। ਕੁਝ ਭੈ ਤੇ ਕੁਝ ਕਰਣਾ। ਉਹ ਅਜਿਹੇ ਪਾਤਰ ਸਿਰਜਣ ਦੀ ਕੋਸ਼ਿਸ਼ ਕਰਦਾ ਹੈ ਜਿਨ੍ਹਾਂ ਦਾ ਜ਼ਿੰਦਗੀ ਨਾਲ ਰਿਸ਼ਤਾ ਇਮਾਨਦਾਰ ਤੇ ਖੂਬਸੂਰਤ ਹੋਵੇ। ਜਿਹੜੇ ਜ਼ਿੰਦਗੀ ਲਈ ਸੋਚ ਪੈਦਾ ਕਰਨ। ਇਸ ਤਰ੍ਹਾਂ ਉਹ ਸੁਫ਼ਨਿਆਂ ਦਾ ਸੰਸਾਰ ਸਿਰਜਣ ਬੈਠ ਜਾਂਦਾ ਹੈ। ਇਸ ਲਈ ਕਲਾਕਾਰ ਆਪਣੇ ਸਮੇਂ ਵਿਚ ਖੜ ਕੇ ਸਾਰਿਆਂ ਜੋਗੀ  ਕੋਈ ਹੀਨ ਕਰਕੇ ਜਾਵ ਯਥਾਰਥ ਰਾਹੀਂ, ਸੋਚ ਨੂੰ ਸਿਰਜ ਕੇ ਹੀ ਕੋਈ ਦੁਖਸੂਰਤ ਰਚਨਾ ਹਰ ਸਕਦਾ ਹੈ।" ਗਲਪਕਾਰ ਦੇ ਪਾਤਰ ਆਪਣੀ ਉਲੀਕੀ ਜ਼ਿੰਦਗੀ ਜਿਉਂਦੇ ਕੁਝ ਜੀਵਨ ਦੀਆਂ ਪ੍ਰਸਥਿਤੀਆਂ ਦੀ ਪਾਲਣਾ ਜਾਂ ਅਲੋਚਨਾ ਕਰਦੇ ਹਨ। ਨਾਵਲ ਵਿਚ ਪਾਤਰ ਦੀ ਉਸਾਰੀ ਕੀਤੀ ਜਾਂਦੀ ਹੈ। ਪਾਤਰ ਉਸਾਰੀ ਰਾਹੀਂ ਲੇਖਕ ਕਿਸੇ ਪਾਤਰ ਨੂੰ ਪ੍ਰਸਥਿਤੀਆਂ ਵਿਚੋਂ ਲੰਘਦਿਆਂ ਵਿਕਾਸ ਕਰਦਾ ਦਿਖਾਉਂਦਾ ਹੈ। ਉਸ ਦੇ ਸਿਰਜੇ ਵਿਅਕਤਿਤਵ ਦੀਆਂ ਜੜ੍ਹਾਂ ਮਨੋਵਿਗਿਆਨ, ਦਰਸ਼ਨ, ਸੁਹਜ ਅਤੇ ਆਤਮਕ ਮੈਡਲ ਵਿਚ ਹਨ। ਸਵੇ ਦੀ ਭਾਲ ਕਰਦਾ ਵਿਅਕਤੀ ਆਪਣੇ ਆਪ ਵਿਚ ਜਿਉਂਦਾ ਹੈ। ਟਿਵਾਣਾ ਪਾਤਰ ਚਿਤਰਨ ਕਰਨ ਸਮੇਂ ਕਿਸੇ ਨਿਸਚਿਤ ਸਿਧਾਤਾਂ ਦੀ ਵਰਤ ਨਹੀਂ ਕਰਦੀ। ਫਿਰ ਵੀ ਉਨ੍ਹਾਂ ਦੀ ਕੋਈ, ਵਿਸ਼ੇਸ਼ ਧਰਾਤਲ ਹੈ। ਇਸ ਵਿਧੀ ਅਨੁਸਾਰ ਹੀ ਉਸ ਦੇ ਨਾਵਲਾ ਵਿਚ ਪਾਤਰ ਪ੍ਰਵੇਸ਼ ਕਰ ਸਕਦੇ ਹਨ। ਉਹ ਵਸਤੂਗਤ ਪ੍ਰਸਥਿਤੀਆਂ ਅਨੁਸਾਰ ਭਲਦੇ ਨਹੀਂ ਜਿਵੇਂ ਭਾਨੋ, ਸੀਤਾ, ਕੰਵਲ (ਵਾਟ ਹਮਾਰੀ) ਅਤੇ ਸਿਮਰਨ (ਪੈੜ ਚਾਲ) ਇਹ ਸਾਰੇ ਇਕੋ ਹੀ ਨਾਰੀ ਦੇ ਵੱਖ-ਵੱਖ ਕਿਰਦਾਰ ਹਨ। ਫਰਕ ਕੇਵਲ ਸਮਾਜਿਕ ਪ੍ਰਵੇਸ਼ ਦਾ ਹੈ।

ਉਸ ਦੇ ਪਾਤਰ ਸਵੈ-ਚੋਣ ਸਬੰਧੀ ਦ੍ਰਿੜ੍ਹ ਹਨ। ਉਨ੍ਹਾਂ ਨੇ ਦੁਖਾਂ ਨੂੰ ਆਪਣੀ ਕਰਨੀ ਅਨੁਸਾਰ ਹੀ ਵਿਹਾਜਿਆ ਹੈ। ਦੁੱਖਾਂ ਨੂੰ ਆਪਣੇ ਆਪਣੇ ਗਲ ਲਾਉਣ ਦਾ ਉਨ੍ਹਾਂ ਦਾ ਅੰਦਾਜ਼ ਵੱਖਰਾ ਹੈ ਪਰ ਇਹ ਸਿਖਰ ਤੇ ਪੁੱਜਣ ਤੋਂ ਪਹਿਲਾਂ ਹੀ ਉਤਾਰੀ ਵੱਲ ਰਿੜ੍ਹ ਪੈਂਦੇ ਹਨ ਪਰ

ਇਹ ਅਜਿਹੀ ਸਥਿਤੀ ਵਿਚ ਆਪਣੇ ਮਿਥੇ ਰਸਤੇ ਉਤੇ ਸ਼ਿਕਾਇਤ ਭਾਵ ਪ੍ਰਗਟ ਨਹੀਂ ਹੋਣ ਦੇਂਦੇ। ਉਹ ਅਹਿੱਲ ਸਭ ਕੁਝ ਸਹਿਣ ਕਰਦੇ ਹਨ।

ਉਸ ਦੇ ਪਾਤਰ ਸੰਵੇਦਨਸ਼ੀਲ ਹਨ। ਜਿਸ ਰਾਹੀਂ ਇਹ ਸਮਾਜ ਦੇ ਜ਼ੁਲਮ ਨੂੰ ਨੰਗਾ ਕਰਦੇ ਹਨ। ਭਾਨੋ ਸੀਤਾ ਕੰਵਲ, ਸੀਮਾ, ਗੀਤਾ, ਉਸ਼ਾ ਦੀ ਸੰਵੇਦਨਸ਼ੀਲਤਾ ਬੇ ਰਹਿਮ ਸਮਾਜ ਦੇ ਡੰਗ ਨੂੰ ਖੁੰਡਾ ਕਰਨ ਦਾ ਇਕ ਹਮਲਾ ਹੈ।"ਟਿਵਾਣਾ ਆਪਣੇ ਪਾਤਰਾਂ ਨੂੰ ਸਰੀਰਕ ਸੁੰਦਰਤਾ ਜਾਂ ਬਣਤਰ ਦੇ ਪੱਖ ਤੋਂ ਨਹੀਂ ਚਿਤਰਦੀ ਉਸ ਦੇ ਨਾਰੀ ਤੇ ਪੁਰਸ਼ ਇਕੋ ਭਾਵ ਤੇ ਨੁਹਾਰ ਦੇ ਪਾਤਰ ਹਨ। ਉਹ ਇਨ੍ਹਾਂ ਦੇ ਸਰੀਰਕ ਲੱਛਣਾਂ ਉਤੇ ਨਹੀਂ ਸਗੋਂ ਉਨ੍ਹਾਂ ਦੇ ਕਾਰਜ ਉਤੇ ਜ਼ੋਰ ਦੇਂਦੀ ਹੈ। ਹਰ ਇਕ ਦਾ ਕਾਰਜ ਖੇਤਰ ਵੱਖ-ਵੱਖ ਹੈ ਪਰ ਬੇਗਾਨਗੀ, ਬੇਬਸੀ ਅਤੇ ਓਪਰੇਪਣ ਦੇ ਭਾਵਾਂ ਨੂੰ ਇਕੋ ਪਾਤਰ ਹੀ ਪ੍ਰਗਟ ਕਰਨ ਦੇ ਸਮਰੱਥ ਹੈ ਜਿਵੇਂ ਭਾਨੋ ਆਦਿ। ਉਸ ਦੇ ਪਾਤਰ ਕਿਸੇ ਸਿਧਾਂਤ ਦੀ ਵਿਆਖਿਆ ਵੀ ਨਹੀਂ ਕਰਦੇ। ਉਹ ਆਪਣੇ ਪਾਤਰਾਂ ਵਿਚ ਜਿਉਂਦੀ ਹੈ ਭਾਵੇਂ ਉਸ ਦੇ ਪਾਤਰ ਇਹ ਮੰਨਣ ਨੂੰ ਤਿਆਰ ਨਹੀਂ।

ਉਹ ਕੇਵਲ ਇਸਤਰੀ ਪਾਤਰ ਹੀ ਚਿੱਤਰ ਸਕੀ ਹੈ। ਮਰਦ ਪਾਤਰ ਉਸ ਦੇ ਗਲਪ ਵਿਚ ਬਹੁਤ ਪਾਖੰਡੀ ਅਤੇ ਇਸਤਰੀ ਉਤੇ ਜ਼ੁਲਮ ਕਰਨ ਵਾਲੇ, ਸ਼ੱਕੀ ਅਤੇ ਇਸਤਰੀ ਦੀ ਭਾਵੁਕਤਾ ਦਾ ਲਾਭ ਉਠਾਉਣ ਵਾਲੇ ਹਨ। ਉਨ੍ਹਾਂ ਪ੍ਰਤੀ ਘਿਰਣਾ ਦੇ ਭਾਵ ਮਨ ਵਿਚ ਉਪਜਦੇ ਹਨ। ਉਸ ਨੇ ਅਜਿਹੀ ਸਥਿਤੀ ਨੂੰ ਆਪਣਾ ਭਾਵ ਜਗਤ ਉਸਾਰਨ ਲਈ ਵਿਉਂਤਿਆ ਹੈ।

ਉਹ ਆਪਣੇ ਨਾਵਲਾਂ ਦੇ ਕਥਾਨਕ ਨੂੰ ਵਿਉਂਤਰਨ ਲਈ ਸਮੇਂ ਆਦਿ, ਮੱਧ ਅਤੇ ਅੰਤ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਉਸਾਰਦੀ ਹੈ। ਉਸ ਦਾ ਕਥਾਨਕ ਪਾਠਕ ਦੀ ਉਤਸੁਕਤਾ ਨੂੰ ਉਭਾਰਦਾ ਆਪਣੀ ਤੋਰ ਅੱਗੇ ਵਧੀ ਜਾਂਦਾ ਹੈ। ਉਸ ਦਾ ਕਥਾਨਕ ਸਮਾਪਤ ਹੋਣ ਤੇ ਵੀ ਪਾਠਕ ਮਨ ਵਿਚ ਦ੍ਰਿਸ਼ ਅੱਗੇ ਚਲਦਾ ਜਾਂਦਾ ਹੈ। ਉਹ ਨਾਵਲ ਵਿਚ ਉਠੇ ਮੁੱਦਿਆਂ ਦਾ ਹੱਲ ਢੁੱਡਦਾ ਹੈ।

ਆਪਣੇ ਨਾਵਲਾਂ ਵਿਚੋ ਉਸਾਰੇ ਗਲਪ ਨੂੰ ਉਹ ਪ੍ਰਮਾਣਿਕ ਬਨਾਉਣ ਲਈ ਦ੍ਰਿਸ਼ ਅਤੇ ਸਥਾਨਕ ਰੰਗਤ ਨੂੰ ਬੜੀ ਕਲਾ ਕੌਸ਼ਲਤਾ ਨਾਲ ਚਿਤਰਦੀ ਹੈ। ਉਸ ਦੀ ਇਹ ਵਿਧੀ ਵਰਨਣ ਗਾਥਾ ਨੂੰ ਵਧੇਰੇ ਮੰਨਣ ਯੋਗ ਅਤੇ ਜੀਵਨ ਦੇ ਵਧੇਰੇ ਨੇੜੇ ਲੈ ਜਾਂਦੀ ਹੈ। ਲੰਮੀ ਉਡਾਰੀ ਵਿਚ ਜਦ ਉਹ ਇੰਗਲੈਂਡ ਵਿਖੇ ਗੀਤਾ ਨੂੰ ਹਸਪਤਾਲ ਵਿਖੇ ਮਿਲਣ ਜਾਂਦੀ ਹੈ ਤਾਂ ਹਸਪਤਾਲ ਦਾ ਦ੍ਰਿਸ਼ ਵਰਣਨ ਕਰਦੀ ਹੈ :-

ਇਹ ਕੋਈ ਹਸਪਤਾਲ ਨਹੀਂ ਸੀ ਲਗਦਾ ਕਈ ਮੀਲਾਂ ਦੀ ਵਲਗਣ ਫੁੱਲ, ਬੂਟੇ, ਕਿਆਰੀਆਂ, ਘਾਹ, ਦਰੱਖ਼ਤ, ਕਮਰੇ, ਖੇਡਾਂ ਦੇ ਮੈਦਾਨ, ਕਲੱਬ, ਕੰਟੀਨ ਤੇ ਤਰ੍ਹਾਂ ਤਰ੍ਹਾਂ ਦੇ ਹੋ ਰਹੇ ਕੰਮ। ਕੋਈ ਕੁਝ ਕਰ ਰਿਹਾ ਸੀ, ਕੋਈ ਕੁਝ ਕਰ ਰਿਹਾ ਸੀ। ਉਪਰੀ ਨਜ਼ਰੇ ਇਹ ਇੰਜ ਆਮ ਸੰਸਾਰ ਲਗਦਾ ਸੀ ਪਰ ਧਿਆਨ ਨਾਲ ਵੇਖਿਆ ਇਹ ਇਕ ਅਜੀਬ ਢਿੱਲੇ ਜੋੜ ਵਾਲੀ ਦੁਨੀਆਂ ਦਿਸਦੀ ਸੀ। ਜਿਥੇ ਕਿਸੇ ਦਾ ਹੱਥ ਜਾਂ ਤਾਂ ਉਠਦਾ ਹੀ ਨਹੀਂ ਸੀ ਜੇ ਉਠਦਾ ਸੀ ਤਾਂ ਹੋਰ ਪਾਸੇ ਨੂੰ ਹੀ ਲਟਕ ਜਾਂਦਾ ਸੀ। ਕਿਸੇ-ਕਿਸੇ ਦੀ ਤੱਕਣੀ ਵਿਚ ਕੋਈ ਤੱਕਣੀ ਹੀ ਨਹੀਂ ਸੀ। ਕੋਈ ਉਜਡਾਂ ਵਰਗਾ ਹਾਸਾ ਹੱਸੀ ਜਾ ਰਿਹਾ ਸੀ । ਕਈ ਵਿਚੋਂ ਬੜੇ ਆਰਾਮ ਨਾਲ ਕੰਮ ਕਰ ਰਹੇ ਸਨ ਜਿਵੇਂ ਉਨ੍ਹਾਂ ਨੂੰ ਕੁਝ ਹੋਇਆ ਹੀ ਨਹੀਂ ਸੀ । ਇਕ ਕੁੜੀ ਆਪਣਾ ਸਾਰਾ ਦਿਨ ਵਾਲਾਂ ਨੂੰ ਹੀ ਵਾਹੁੰਦੀ ਰਹਿੰਦੀ ਹੈ। ਇਹ ਇਕ ਵੱਖਰੀ ਹੀ ਦੁਨੀਆਂ ਸੀ। ਉਸ ਨੇ ਇੰਗਲੈਂਡ ਦੇ ਮੈਂਟਲ ਹਸਪਤਾਲ ਦਾ ਦ੍ਰਿਸ਼ ਸਾਡੀਆਂ ਅੱਖਾਂ ਅੱਗੇ ਲਿਆ ਖੜ੍ਹਾ ਕੀਤਾ ਹੈ। ਉਹ ਇਸੇ ਨਾਵਲ ਵਿਚ ਹੀ ਸ਼ੈਕਸਪੀਅਰ ਦੇ ਘਰ ਦਾ ਦ੍ਰਿਸ਼ ਚਿਤਰਦੀ ਹੈ ਪਰ ਅੱਜ ਉਸ ਦਾ ਸ਼ਹਿਰ, ਸ਼ਹਿਰ ਵਿਚ ਉਸ ਦਾ ਘਰ ਮੇਰੇ ਸਾਹਮਣੇ ਸੀ। 23 ਅਪ੍ਰੈਲ, 1564 ਨੂੰ ਸੈਕਸਪੀਅਰ ਪੈਦਾ ਹੋਇਆ ਸੀ । ਉਸ ਘਰ ਵਿਚ ਉਹ ਸਭ ਚੀਜ਼ਾਂ ਸਾਂਭ ਕੇ ਰੱਖੀਆਂ ਹੋਈਆਂ ਸਨ ਜਿਹੜੀਆਂ ਉਸ ਵੇਲੇ ਸਨ ਜਦੋਂ ਸੈਕਸਪੀਅਰ ਵੀ ਸੀ। ਉਸ ਦਾ ਮੰਜਾ, ਬਿਸਤਰਾ, ਮੇਜ, ਕੁਰਸੀ, ਤਸਵੀਰ, ਕਿਤਾਬਾਂ, ਫੁੱਲਦਾਨ ਤੇ ਗਰਾਮਰ ਸਕੂਲ ਵਿਚੋਂ ਚੁਕਵਾ ਕੇ ਲਿਆ ਡੈਸਕ, ਜਿਥੇ ਬੈਠ ਕੇ ਸੈਕਸਪੀਅਰ ਪੜ੍ਹਦਾ ਹੁੰਦਾ ਸੀ। ਹੈ ਜਿਸ ਵਿਚ ਉਹ ਦਰਖਤ, ਫੁੱਲ, ਬੂਟ ਅਤੇ ਬਾੜੀਆਂ ਲਾਏ ਘਰ ਦੇ ਪਿਛੇ ਬਾਗ ਹੋਏ ਸਨ ਜਿਨ੍ਹਾਂ ਦਾ ਆਪਣੀਆਂ ਕਿਰਤਾ ਵਿਚ ਸ਼ੈਕਸਪੀਅਰ ਨੇ ਜ਼ਿਕਰ ਕੀਤਾ ਹੈ। ਇਸੇ ਇਹ ਇਕ ਵਿਸ਼ੇਸ਼ ਗੁਲਾਬ ਦਾ ਪੌਦਾ ਹੈ ਜੋ ਮਲਕਾ ਐਲਜ਼ਾਬੈਥ ਦੂਜੀ ਨੇ ਆਪਣੀ ਤਾਜਪੋਸ਼ੀ ਦੇ ਸਮੇਂ ਵਿਚ ਇਸੇ ਥਾਂ ਲਈ ਤੋਹਫ਼ਾ ਭੇਜਿਆ ਸੀ। ਇਹ ਮਲਕਾ ਆਪਣੀ ਤਾਜਪੋਸ਼ੀ ਦੇ ਸਮੇਂ ਆਪਣੇ ਇਕ ਹੋ ਚੁੱਕੇ ਲੇਖਕ ਦੇ ਸ਼ਹਿਰ, ਉਸ ਦੇ ਘਰ ਦੀ ਬਗੀਚੀ ਲਈ ਗੁਲਾਬ ਦੇ ਫੁੱਲਾ ਦਾ ਬੂਟਾ ਭੇਜਦੀ ਹੈ। ਉਹ ਆਪਣੇ ਨਾਵਲ ਪੈੜ ਚਾਲ ਵਿਚ ਦ੍ਰਿਸ਼ ਵਰਣਨ ਕਰਦੀ ਹੈ :-

ਬੋਟੈਨੀਕਲ ਗਾਰਡਨ ਵਿਚ ਬਣੀਆਂ ਪਗਡੰਡੀਆਂ ਉਪਰ ਇਕ ਵੇਲੇ ਇਕੋ ਬੰਦਾ ਤੁਰ ਸਕਦਾ ਸੀ। ਲੱਦਿਆਂ ਫੁੱਲਾਂ, ਬੂਟਿਆਂ ਦੀ ਭਾਸ਼ਾ ਸਮਝਣ ਵਾਲੇ ਮਾਲੀ ਨੇ ਆਪੇ ਹੀ ਜਾਣ ਲਿਆ ਕਿ ਇਸ ਸੰਸਾਰ ਵਿਚ ਸਭ ਇਕੱਲੇ ਇਕੱਲੇ ਹੀ ਤੁਰਦੇ ਨੇ। ਮੈਡਮ ਸੋਧੀ ਕਿਸੇ ਹੋਰ

ਪਗਡੰਡੀ ਤੇ ਚਲੀ ਗਈ ਤੇ ਸਿਮਰਨ ਕਿਸੇ ਹੋਰ ਤੇ, ਫੁੱਲਾਂ, ਬੂਟਿਆਂ, ਪੌਦਿਆਂ, ਵੇਲਾਂ, ਰੁੱਖਾਂ, ਕਲਮਾਂ, ਪਨੀਰੀਆਂ ਵਿਚ ਬਨਸਪਤੀ, ਸੰਸਾਰ ਦੇ ਸਾਰੇ ਪੜਾਅ, ਆਪਣੀਆਂ ਆਪਣੀਆਂ ਸੀਮਾਵਾਂ ਤੇ ਸੰਭਾਵਨਾ ਸਮੇਤ ਉਨ੍ਹਾਂ ਦੇ ਸਾਹਮਣੇ ਸਨ।

ਟਿਵਾਣਾ ਦੇ ਸਾਰੇ ਨਾਵਲਾਂ ਵਿਚ ਦ੍ਰਿਸ਼ ਵਰਣਨ ਅਤੇ ਸਥਾਨਕ ਚਿਤਰਨ ਥਾਂ ਥਾ ਨਗੀਨੇ ਵਾਂਗ ਜੁੜੇ ਹੋਏ ਹਨ। ਇਹ ਕੇਵਲ ਸਥਾਨਕ ਰੰਗਣ ਜਾਂ ਪ੍ਰਕ੍ਰਿਤੀ ਚਿਤਰਨ ਤਕ ਹੀ ਸੀਮਤ ਨਹੀਂ ਸਗੋਂ ਉਸ ਦੇ ਗਲਪ ਦੇ ਸਮੁੱਚੇ ਕਾਰਜ ਵਿਚ ਇਕ ਵਿਸ਼ੇਸ਼ ਚਿੰਨ੍ਹ ਦੀ ਭੂਮਿਕਾ ਨਿਭਾਉਂਦੇ ਹਨ। ਉਹ ਮੈਂਟਲ ਹਸਪਤਾਲ ਦੇ ਦ੍ਰਿਸ਼ ਵਰਣਨ ਤੋਂ ਇਹ ਭਾਵ ਪ੍ਰਗਟਾਉਂਦੀ ਹੈ। ਕਿ ਕੁਦਰਤ ਨੇ ਵਿਅਕਤੀ ਨੂੰ ਕਲਪਨਾ ਦੀਆਂ ਉਡਾਰੀਆਂ ਮਾਰਨ ਲਈ ਉਸ ਨੂੰ ਆਪਣੇ ਨਾਲ ਇਕ ਸੁਰ ਕਰਨ ਲਈ ਆਪਣੀ ਸਿਰਜਣਾਤਮਕ ਸ਼ਕਤੀ ਰਾਹੀਂ ਇਕ ਹੁਲਾਰਾ ਦਿੱਤਾ ਹੈ ਪਰ ਉਹ ਆਪਣੀ ਮਾਨਸਿਕਤਾ ਵਿਚ ਏਨਾ ਖੁਭ ਗਿਆ ਕਿ ਕੁਦਰਤ ਵੀ ਉਸ ਵਿਚ ਨਰੋਏ ਅਹਿਸਾਸ ਉਪਜਾਣ ਵਿਚ ਅਸਮਰੱਥ ਹੋ ਗਈ ਹੈ। ਕੁਦਰਤ ਤੋਂ ਦੂਰ ਜਾ ਕੇ ਉਹ ਆਪਣਾ ਸੰਤੁਲਨ ਖੋ ਬੈਠਾ ਹੈ।

ਸ਼ੈਕਸਪੀਅਰ ਦੇ ਘਰ ਵਿਚ ਉਹ ਮਹਾਰਾਣੀ ਸਮਝਦੀ ਹੈ ਕਿ ਗੁਲਾਬ ਦਾ ਫੁੱਲ ਲਾਉਣ ਨਾਲ ਲੇਖਕ ਦੀ ਲੇਖਣੀ ਵਿਚ ਨਵਾਂ ਖੇੜਾ, ਨਵੇਂ ਰੰਗ ਅਤੇ ਨਵ-ਚੇਤਨਾ ਉਪਜਾਣ ਵਿਚ ਉਹ ਸਹਾਈ ਹੋ ਸਕਦੀ ਹੈ।

ਉਹ ਦ੍ਰਿਸ਼ ਵਰਨਣ ਕਦੀ ਤਾਂ ਆਪਣੇ ਭਾਵ ਪ੍ਰਗਟਾਉਣ ਲਈ ਕਦੀ ਚਿੰਨ੍ਹ ਰੂਪ ਵਿਚ ਵਰਤਦੀ ਹੈ, ਕਦੀ ਗਾਥਾ ਦੀ ਕਰੁਣਾ ਨੂੰ ਹੋਲਾ ਫੁੱਲ ਕਰਨ ਲਈ, ਕਦੀ ਵਾਤਾਵਰਨ

ਉਸਾਰਨ ਲਈ ਅਤੇ ਕਦੇ ਕੋਈ ਘਟਣ ਵਾਲੀ ਘਟਨਾ ਦਾ ਪਾਠਕ ਮਨ ਉਤੇ ਪੈਂਦਾ ਅਸਰ ਘਟਾਉਣ ਲਈ ਚਿਤਰਦੀ ਹੈ। ਉਹ ਇਕ ਚੇਤੰਨ ਤੇ ਪ੍ਰੋੜ ਲੇਖਿਕਾ ਦਾ ਭਾਵ ਆਪਣੇ ਪਾਠਕਾਂ ਵਿਚ ਲੈ ਆਉਂਦੀ ਹੈ। ਪਾਠਕ ਆਪਣੇ ਆਪ ਨੂੰ ਉਨ੍ਹਾਂ ਦ੍ਰਿਸ਼ਾਂ ਵਿਚ ਵਿਚਰਦਾ ਮਹਿਸੂਸਦਾ ਹੈ।

ਟਿਵਾਣਾ ਆਪਣੇ ਗਲਪ ਵਿਚ ਇਕ ਵਿਸ਼ੇਸ਼ ਸ਼ੈਲੀਕਾਰ ਦੇ ਰੂਪ ਵਿਚ ਵਿਚਰਦੀ ਹੈ। ਉਸ ਦੀ ਬੋਲੀ ਦਾ ਪੱਖ ਵੀ ਬੜਾ ਮਹੱਤਵਪੂਰਨ ਹੈ। ਲੇਖਿਕਾ ਸ਼ੈਲੀ ਨੂੰ ਵਿਅਕਤੀ ਦੀ ਆਤਮਾ ਦਾ ਪ੍ਰਕਾਸ਼ ਮੰਨਦੀ ਹੈ। ਉਸ ਦੀ ਸ਼ੈਲੀ ਉਸ ਦੀ ਸ਼ਖ਼ਸੀਅਤ ਵਿਚੋਂ ਉਪਜਦੀ ਹੈ। ਉਸ ਦੀ ਸ਼ੈਲੀ ਬੜੀ ਸੂਤਰਬੱਧ, ਵਿਅੰਗਾਤਮਕ, ਨਾਵਲੀ ਅਤੇ ਭਾਵ ਉਸਾਰੀ ਵਾਲੀ ਹੈ। ਉਸ ਦੀ ਸ਼ੈਲੀ ਵਿਚ ਪਾਠਕ ਨੂੰ ਆਪਣੀ ਸੁਰ ਨਾਲ ਇਕ ਸੁਰ ਕਰਨ ਦੀ ਸ਼ਕਤੀ ਹੈ। ਉਹ ਹੌਲੀ ਹੌਲੀ ਏਨੀ ਉਤਸੁਕਤਾ ਤੇ ਭਾਵੁਕਤਾ ਪਾਠਕ ਦੇ ਮਨ ਵਿਚ ਉਪਜਾ ਦੇਂਦੀ ਹੈ ਕਿ

ਪਾਠਕ ਉਸ ਦੇ ਸਿਰਜੇ ਪਾਤਰਾਂ ਤੇ ਦੁਖਾ ਨਾਲ ਦੁਖੀ, ਉਸ ਦੇ ਖੁਸ਼ ਹੋਣ ਨਾਲ ਖੁਸ਼ ਹੋ ਜਾਂਦਾ ਹੈ। ਉਸ ਦੀ ਭਾਵੁਕਤਾ ਪਾਠਕ ਨੂੰ ਭਾਵੁਕ ਕਰਨ ਦੇ ਸਮਰੱਥ ਹੈ ਅਤੇ ਉਹ ਭਾਵੁਕਤਾ ਵੱਸ ਸਭ ਕੁਝ ਕਰਨ ਲਈ ਤਿਆਰ ਹੋ ਜਾਂਦਾ ਹੈ ਪਰ ਉਹ ਆਪ ਛੋਪਲੇ ਜਿਹੇ ਸ਼ਾਂਤ-ਚਿਤ-ਅਨੰਦ ਲੋਪ ਹੋ ਜਾਂਦੀ ਹੈ। ਉਸ ਦੀ ਸ਼ੈਲੀ ਵਿਚ ਵਿਅਕਤੀ ਦੇ ਅਹਿਸਾਸ ਉਭਾਰਨ ਦੀ ਸ਼ਕਤੀ ਹੈ ਅਤੇ ਅਹਿਸਾਸ ਉਭਾਰ ਕੇ ਉਹ ਉਸ ਨੂੰ ਆਪਣੀ ਮਰਜ਼ੀ ਨਾਲ ਮਾਰਗ ਚੁਣਨ ਲਈ ਉਸ ਦੀ ਹਾਲਤ ਉਤੇ ਛੱਡ ਦੇਂਦੀ ਹੈ ਉਸ ਵਿਚ ਹਰ ਤਰ੍ਹਾਂ ਦੇ ਪਾਤਰ ਸਿਰਜਣ ਦੀ ਸ਼ਕਤੀ ਹੈ। ਉਸ ਦੇ ਪਾਤਰ ਉਸ ਦਾ ਇਸ਼ਾਰਾ ਉਡੀਕਦੇ ਰਹਿੰਦੇ ਹਨ।

ਉਸ ਦੀ ਭਾਸ਼ਾ ਵਿਚ ਬੜਾ ਜ਼ੋਰ ਹੈ। ਜਿਹੋ ਜਿਹੇ ਉਸ ਦੇ ਪਾਤਰ ਹੋਣਗੇ ਉਹੋ ਜਿਹੀ ਉਸ ਦੀ ਉਹ ਭਾਸ਼ਾ ਵਰਤਣ ਦੇ ਸਮਰੱਥ ਹੈ। ਉਸ ਦੇ ਪਾਤਰ ਵੱਖੋ ਵੱਖ ਸ਼੍ਰੇਣੀਆਂ ਵਿਚੋਂ ਹੋਣ ਕਰਕੇ ਉਹ ਉਸੇ ਸ਼੍ਰੇਣੀ ਦੇ ਪੱਧਰ ਅਨੁਸਾਰ ਹੀ ਉਨ੍ਹਾਂ ਦੀ ਭਾਸ਼ਾ ਵਰਤਦੀ ਹੈ। ਪਿੰਡਾਂ ਨਾਲ ਸਬੰਧਿਤ ਪਾਤਰ ਪਿੰਡਾਂ ਦੀ ਖਾਸ ਕਰਕੇ ਮਾਲਵੇ ਦੀ ਭਾਸ਼ਾ ਦਾ ਪ੍ਰਯੋਗ ਕਰਦੇ ਹਨ ਜਿਵੇਂ 'ਏਹੁ ਹਮਾਰਾ ਜੀਵਣਾ' ਵਿਚ ਨਰੈਣ ਤੇ ਸੰਤੀ ਦੇ ਵਾਰਤਾਲਾਪ ਵਿਚ।

"ਵੇ ਨਰੈਣ ਤੇਰੀ ਬਹੂ ਤਾਂ ਬੜੀਓ ਸਹੁਨੀ ਐ" ਕੰਡਾ ਕਢਾਉਣ ਲਈ ਆਈ ਬੰਤੀ ਨੇ ਧੋਤੇ ਹੋਏ ਕੱਪੜੇ ਪਾਈ ਬੈਠੇ ਚਿਲਮ ਪੀ ਰਹੇ ਨਰੈਣ ਨੂੰ ਕਿਹਾ।

ਬਾਹਲਾ ਤਾਰੀਫ਼ ਕਰਕੇ ਤੂੰ ਏਹਨੂੰ ਬਗਾੜ ਨਾ ਦੇਈਂ ਬੰਤੀ। "ਭਾਵੇਂ ਵਿਗੜਿਆ ਹੋਇਆ ਤਾਂ ਸਗੋਂ ਤੂੰ ਐ, ਹਰ ਵੇਲੇ ਕੋਈ ਨਾ ਕੋਈ ਅਮਲ। ਦੇਖ ਤਾਂ ਏਹਦਾ ਕੀ ਹਾਲ ਕਰ ਛੱਡਿਐ ਕਾਨਿਆਂ ਵਰਗੀਆਂ ਟੰਗਾਂ, ਬਾਹਵਾਂ, ਸੁੱਕਿਆ ਮੂੰਹ । ਬਈ ਬੰਦਾ ਦੁੱਧ ਘਿਉ ਖਾਵੇ ਜਿਹਾ ਰਾਹ ਹੈ।"

ਉਸ ਦੇ ਸ਼ਹਿਰੀ ਪਾਤਰ ਬੜੀ ਉਚੇਚੀ ਤੇ ਪ੍ਰਭਾਵ ਪਾਉਣ ਵਾਲੀ ਭਾਸ਼ਾ ਦਾ ਪ੍ਰਯੋਗ ਕਰਦੇ ਹਨ। ਜਿਵੇਂ ਪੇੜ ਚਾਲ ਵਿਚ ਮਿਸ ਸੋਧੀ ਸਿਮਰਨ ਨੂੰ ਕਹਿੰਦੀ ਹੈ :-

"ਮਨੁੱਖੀ ਹੋਂਦ ਦੇ ਬਹੁਤ ਸਾਰੇ ਧਰਾਤਲ ਨੇ ਸਿਮਰਨ। ਤੁਸੀ ਹਾਥੀ ਨੂੰ ਉਡਣ ਨਹੀ ਲਾ ਸਕਦੇ ਤੇ ਨਾ ਮੱਛੀ ਨੂੰ ਭਰਨ ਲਾ ਸਕਦੇ ਓ ਤੇ ਨਾ ਕਾਂ ਨੂੰ ਕਰਨਾ। ਮਨੁੱਖੀ ਜਾਮ ਵਿਚ ਪਤਾ ਨਹੀਂ ਕਿਹੜਾ ਕਿਹੜੀ ਜਨ ਹੁੰਦਾ ਰਿਹੈ. ਇਸ ਲਈ ਜੇ ਉਹ ਹੈ ਉਸ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਗਲਤ ਉਮੀਦਾਂ ਰੱਖ ਕੇ ਆਪਣੀ ਮੂਰਖਤਾ ਦਾ ਸਬੂਤ ਨਾ ਦਿਓ। ਇਹ ਗੱਲ ਮੇ ਤੇਰੇ ਨਾਲ ਇਸ ਲਈ ਕਰ ਰਹੀ ਹਾਂ ਕਿ ਤੂੰ ਇਨ੍ਹਾਂ ਨੂੰ ਸਮਝ ਸਕਦੀ ਐਂ ?"

ਟਿਵਾਣਾ ਦੇ ਵਿਚਾਰਾਂ ਨੂੰ ਰੂਪਮਾਨ ਕਰਨ ਵਾਲੀ ਉਸ ਦੀ ਭਾਸ਼ਾ ਹੈ ਜਿਹੜੀ ਸੂਖਮ ਤੋਂ ਸੂਖਮ ਭਾਵ ਨੂੰ ਪਾਠਕ ਤਕ ਪਹੁੰਚਾਉਣ ਦੇ ਸਮਰੱਥ ਹੈ। ਅਧਿਆਪਕ ਹੋਣ ਕਰਕੇ ਉਸ ਪਾਸ ਸ਼ਬਦਾਵਲੀ ਦਾ ਅਥਾਹ ਭੰਡਾਰ ਹੈ। ਉਹ ਵਿਚਾਰਾਂ ਨੇ ਤਰਾਸ਼ਨ ਦੇ ਨਾਲ-ਨਾਲ ਭਾਸ਼ਾ ਨੂੰ ਵੀ ਤਰਾਸ਼ਨ ਦੇ ਸਮਰੱਥ ਹੈ।

ਉਹ ਭਾਸ਼ਾ ਵਿਚ ਸੁਤਰਕ ਸ਼ੈਲੀ ਦਾ ਪ੍ਰਯੋਗ ਆਪਣੇ ਸਾਰੇ ਨਾਵਲਾ ਵਿਚ ਕਰਦੀ ਹੈ। ਜਿਵੇਂ 'ਏਹ ਹਮਾਰਾ ਜੀਵਣਾ' ਦੇ 14ਵੇਂ ਕਾਂਡ ਦੇ ਆਰੰਭ ਵਿਚ ਕੁਝ ਸ਼ਬਦਾਂ ਦੀ ਵਰਤੋਂ ਨਾਲ ਵਾਤਾਵਰਣਨ ਉਸਾਰ ਦਿੰਦੀ ਹੈ।

ਦਿਨ ਛਿਪ ਗਿਆ, ਰਾਤ ਆ ਗਈ, ਰਾਤ ਲੰਘ ਗਈ, ਤੜਕਾ ਹੋ ਗਿਆ।

ਭਾਨੇ ਨੂੰ ਸਮਝ ਨਹੀਂ ਸੀ ਆ ਰਹੀ ਉਹ ਸੁੱਤੀ ਹੋਈ ਹੈ ਕਿ ਜਾਗਦੀ ਹੈ। ਜਿਥੇ ਉਸ ਨੇ ਸੰਖੇਪ ਤੋਂ ਸੰਖੇਪ ਵਰਟਨ ਨਾਲ ਭਾਵ ਜਗਤ ਸਿਰਜ ਦਿੱਤਾ ਹੈ। ਉਥੇ ਉਸ ਦੇ ਪਾਸ ਸੋਹੜੇ ਤੋਂ ਬੇਹੜੇ ਸ਼ਬਦਾਂ ਵਿਚ ਆਪਣੀ ਗੱਲ ਕਹਿਣ ਦੀ ਸ਼ਕਤੀ ਹੈ। ਉਸ ਦੀ ਭਾਸ਼ਾ ਦਾ ਵਹਾਅ ਏਨਾ ਬਲਵਾਨ ਤੇ ਵਿਲੱਖਣਤਾ ਵਾਲਾ ਹੈ ਅਤੇ ਉਸ ਦੀ ਭਾਸ਼ਾ ਕਿਸੇ ਭਾਵ ਵਰਨਣ ਵੇਲੇ ਏਨੀ ਭਾਵਕ ਹੋ ਜਾਂਦੀ ਹੈ ਕਿ ਉਹ ਪਾਠਕ ਨੂੰ ਵੀ ਉਸੇ ਵਹਿਣ ਵਿਚ ਵਹਾਅ ਕੇ ਲੈ ਜਾਂਦੀ ਹੈ। ਉਹ ਨਾਵਲ ਵਿਚ ਕਾਵਿਕ ਭਾਸ਼ਾ ਦੀ ਵਰਤੋਂ ਕਰਦੀ ਹੈ । ਉਹ ਕਈ ਵਾਰੀ ਆਪਣੇ ਭਾਵ ਪ੍ਰਗਟਾਉਣ ਲਈ ਪ੍ਰਤੀਕਾਤਮਕ ਭਾਸ਼ਾ ਦੀ ਵਰਤੋਂ ਕਰਦੀ ਹੈ। ਜਿਵੇਂ ਸੂਰਜ ਤੇ ਸਮੁੰਦਰ ਦੇ ਆਰੰਭ ਵਿਚ ਹੀ:

ਸਮੁੰਦਰ ਜਿਸ ਵਿਚ ਨਿੱਤ ਸੂਰਜ ਡੁੱਬਦਾ ਹੈ ਤੇ ਜਿਸ ਵਿਚ ਨਿੱਤ ਸੂਰਜ ਚੜ੍ਹਦਾ ਹੈ। ' ਸਮੁੰਦਰ ਜਿਸ ਵਿਚ ਜ਼ਹਿਰੀਲੇ ਜਾਨਵਰ ਵੀ ਹਨ ਤੇ ਸੁੱਚੇ ਮੋਤੀ ਵੀ।

ਉਸ ਨੇ ਕਈ ਥਾਵਾਂ ਤੇ ਗਲਪੀ ਥੀਮ ਦੀ ਵਰਤੋਂ ਕੀਤੀ ਹੈ। ਮਰਦ ਪ੍ਰਧਾਨ ਦੇਸ਼ ਦੇ ਸਮਾਜ ਵਿਚ ਨਾਰੀ ਦੀ ਤ੍ਰਾਸਦੀ ਨੂੰ ਵੱਖ-ਵੱਖ ਰੂਪਾਂ ਵਿਚ ਪੇਸ਼ ਕਰਨਾ ਥੀਮ ਹੈ। ਇਸ ਥੀਮ ਨੂੰ ਉਸ ਰੂਪਕ ਦੀ ਪੱਧਰ ਉਤੇ ਸੁਤਿਆ ਸੋਧਿਆ ਵੀ ਹੈ ਤੇ ਪ੍ਰਯੋਗ ਦੀ ਪੱਧਰ ਤੇ ਖਿਲਾਰਿਆ ਵੀ ਹੈ। ਰੂਪਕ ਦੀ ਪੱਧਰ ਤੇ ਉਸ ਦੀ ਅਜਿਹੀ ਥੀਮ ਨੂੰ ਨਿਰੂਪਣ ਕਰਨ ਵਾਲੇ ਉਸ ਦੇ ਨਾਵਲਾਂ ਦੇ ਸਿਰਲੇਖ ਹਨ ਜਿਵੇਂ 'ਅਗਨੀ ਪ੍ਰੀਖਿਆ, ਏਹੁ ਹਮਾਰਾ ਜੀਵਣਾ, ਪੀਲੇ ਪੱਤਿਆ ਦੀ ਦਾਸਤਾਨ' ਆਦਿ ਇਹ ਸਾਰੇ ਰੂਪਕ ਇਕ ਦੂਜੇ ਨਾਲ ਸਾਂਝੇ ਹਨ। ਇਨ੍ਹਾਂ ਰੂਪਕਾ ਤੇ ਬੰਧ ਵਿਸ਼ਾਦ ਦਾ ਹੀ ਹੁੰਦਾ ਹੈ। ਇਹ ਵਿਸ਼ਾਦ ਦੀ ਭਾਵਨਾ ਹੀ ਉਸ ਵੱਲੋਂ ਤ੍ਰਾਸਦਿਕ ਭਾਵਨਾ ਨੂੰ

ਜਨਮ ਦਿੰਦੀ ਹੈ ਅਤੇ ਯਥਾਰਥ ਦੀ ਥਾਂ ਉਸ ਦੇ ਨਾਵਲਾਂ ਵਿਚ ਰੂਪਕ ਦਾ ਵਿਸਥਾਰ ਹੁੰਦਾ ਜਾਂਦਾ ਹੈ। ਉਹ ਨਾਰੀ ਦੇ ਵਿਸ਼ਾਦ ਦੀ ਸਮੱਸਿਆ ਨੂੰ ਰੂਪਕ ਤੋਂ ਰੂਪਕ ਤਕ ਦਾ ਸਫਰ ਕਰਵਾ ਕੇ ਰੂਪਮਾਨ ਕਰਦੀ ਹੈ। ਇਹ ਉਪਭਾਵੁਕਤਾ ਤੇ ਯਥਾਰਥ ਦੇ ਸੁਮੇਲ ਤੋਂ ਪ੍ਰਭਾਵ ਨਿਖਰਦਾ। ਹੈ ?"

ਇਕ ਵਿਚਾਰ ਉਕਤ ਸੰਖੇਪ ਚਰਚਾ ਤੋਂ ਸਾਡੇ ਮਨ ਵਿਚ ਆਉਂਦਾ ਹੈ ਕਿ ਨਾਵਲਕਾਰ ਦਾ ਕਾਰਜ ਭਾਵੁਕ ਜਾਂ ਆਪਣੇ ਵਿਚਾਰ ਉਤੇ ਪਹਿਰਾ ਦਿੰਦਿਆਂ ਉਸ ਦਾ ਚਿਤਰਨ ਕਰਨਾ ਹੀ ਨਹੀਂ ਸਗੋਂ ਉਸ ਦਾ ਮੁੱਖ ਉਦੇਸ਼ ਜੀਵਨ ਦੀ ਭਵਿਖਾਰਥੀ ਸਾਰਥਕਤਾ ਦਾ ਉਲੇਖ ਕਰਨਾ ਵੀ ਹੈ। ਉਸ ਨੂੰ ਜੀਵਨ ਦੀਆਂ ਸੰਭਾਵੀ ਸਥਿਤੀਆਂ ਨੂੰ ਜੀਵਨ ਦੀ ਭਵਿਖਵਾਦੀ ਸੋਧ ਵਿਚ ਰੱਖ ਕੇ ਸੁਝਾਤਮਕ ਦ੍ਰਿਸ਼ਟੀ ਅਨੁਸਾਰ ਨਵੀਂ ਸੋਚ ਦੇਣੀ ਚਾਹੀਦੀ ਹੈ। ਉਸ ਨੂੰ ਸਭਿਆਚਾਰ ਦੀਆਂ ਤਿਆਗਣ ਯੋਗ ਕੋਈ ਦੀ ਪਹਿਚਾਣ ਹੋਣੀ ਚਾਹੀਦੀ ਹੈ। ਸਭਿਆਚਾਰ ਦੀ ਇਸ ਸੋਚ ਨੂੰ ਟਿਵਾਣਾ ਦੀ ਗਲਪ ਸੰਰਚਨਾ ਨੂੰ ਇਸ ਸੰਦਰਭ ਵਿਚ ਰੱਖ ਕੇ ਵਿਚਾਰਿਆ ਜਾ ਸਕਦਾ ਹੈ।

-0-

## ਡਾ. ਦਲੀਪ ਕੌਰ ਟਿਵਾਣਾ ਦੀ ਕਹਾਣੀ ਕਲਾ ਤੇ ਅਨੁਭਵ

ਡਾ. ਦਲੀਪ ਕੌਰ ਟਿਵਾਣਾ ਨੇ ਆਪਣੇ ਸਾਹਿਤਕ ਸਫਰ ਦਾ ਆਰੰਭ ਕਹਾਣੀ ਰਚਨਾ ਤੇ ਕੀਤਾ। ਉਹ ਇਕ ਉੱਘੀ ਕਹਾਣੀ ਲੇਖਿਕਾ ਦੇ ਰੂਪ ਵਿਚ ਪੰਜਾਬੀ ਸਾਹਿਤ ਸੰਸਾਰ ਵਿਚ ਜਾਣੀ ਜਾਣ ਲੱਗੀ। ਉਹ ਹੁਣ ਤਕ ਆਪਣੇ ਅੱਠ ਕਹਾਣੀ ਸੰਗ੍ਰਿਹ ਦੇ ਚੱਕੀ ਹੈ ਜਿਨਾਂ ਨੂੰ ਨਵਯੁਗ ਪਬਲਿਸ਼ਰ ਨੇ 1990 ਵਿਚ ਮੇਰੀਆਂ ਸਾਰੀਆਂ ਕਹਾਣੀਆਂ ਦੇ ਨਾਂ ਹੇਠ ਪਕਾਸ਼ਤ ਕੀਤਾ ਹੈ। ਇਸ ਵਿਚ ਨੰ. 1 ਤੇਰਾ ਕਮਰਾ ਮੇਰਾ ਕਮਰਾ 2. ਇਕ ਕੜੀ 3 ਕਿਸੇ ਦੀ ਧੀ 4. ਸਾਧਨਾ 5. ਵੇਦਨਾ 6. ਯਾਤਰਾ 7. ਪਬਲ ਵਹਿਣ ਤੇ 8. ਵੈਰਾਗੇ ਨੈਣ ਕਹਾਣੀ ਸੰਗ੍ਰਹਿ ਹਨ। ਇਸ ਪੁਸਤਕ ਵਿਚ 118 ਕਹਾਣੀਆਂ ਦਾ ਸੰਗਹਿ ਹੈ। ਇਸ ਉਪਰੰਤ ਉਹ ਨਾਵਲ ਰਚਨਾ ਵਿਚ ਰੁੱਝ ਗਈ ਅਤੇ ਕਹਾਣੀਆਂ ਲਿਖਣੀਆਂ ਉਸ ਲਗਭਗ ਬੰਦ ਕਰ ਦਿੱਤੀਆਂ।

ਟਿਵਾਣਾ ਆਪਣੀਆ ਕਹਾਣੀਆਂ ਬਾਰੇ ਕਹਿੰਦੀ ਹੈ ਕਿ “ਮੇਰੇ ਲਈ ਸਮੱਸਿਆ ਇਹ ਹੀ ਹੈ ਕਿ ਸਵੇ ਦਾ ਸਵੈ ਨਾਲ ਤੇ ਸਵੈ ਦਾ ਸ੍ਰਿਸ਼ਟੀ ਨਾਲ ਰਿਸ਼ਤਾ ਮੋਹ ਭਿਜਿਆ, ਤੰਦਰੁਸਤ ਤੇ ਖੂਬਸੂਰਤ ਹੋਵੇ। ਪਰ ਨਿਰਾ ਚਾਹੁਣ ਨਾਲ ਤਾਂ ਕੁਝ ਨਹੀਂ ਹੋ ਸਕਦਾ। ਜਦੋਂ ਮੈਂ ਇਹ ਕਹਾਣੀਆਂ ਰਚੀਆਂ ਸਨ ਉਦੋਂ ਸਵੇ ਤੇ ਸ੍ਰਿਸ਼ਟੀ ਦੇ ਮੂਲ ਤੱਤਾਂ ਦੀ ਪਹਿਚਾਣ ਸਿਰਫ਼ ਦੁਮੇਲ ਤਕ ਹੀ ਸੀ। ਇਸ ਕਾਰਨ ਉਸ ਦੁਮੇਲ ਨੂੰ ਹੀ ਆਖ਼ਰੀ ਮੰਜ਼ਲ ਮਿੱਥ ਲਿਆ ਸੀ। ਇਸ ਕਰਕੇ ਇਹ ਕਹਾਣੀਆਂ ਸਫ਼ਰ ਦੀਆਂ ਕਹਾਣੀਆਂ ਹਨ।" ਟਿਵਾਣਾ ਦਾ ਇਹ ਵਿਚਾਰ ਕਿ ਉਸ ਨੇ ਸਵੇ ਦੀ ਆਪਣੀ ਭਾਲ ਆਪਣੀਆਂ ਕਹਾਣੀਆਂ ਰਾਹੀਂ ਕਰਨੀ ਚਾਹੀ। ਉਹ ਕਹਾਣੀਆ ਰਾਹੀਂ ਲੱਭਣ ਦਾ ਯਤਨ ਕਰਦੀ ਰਹੀ ਹੈ। ਆਪਣਾ ਆਪਾ? ਉਹ ਇਸ ਪ੍ਰਸ਼ਨ ਨੂੰ ਫਿਰ ਦੁਹਰਾਉਂਦੀ ਹੈ-ਕਿਹੜਾ ਆਪਾ ? ਇਸ ਦੀ ਭਾਲ ਦਾ ਭੁਲੇਖਾ ਉਸ ਨੂੰ ਆਪ ਹੀ ਲੱਗਾ ਕਿ ਉਸ ਦੀ ਭਾਲ ਦੀ ਮੰਜ਼ਲ ਕੀ ਹੈ ?ਜੇ ਉਹ ਆਪੇ ਦੀ ਢੂੰਡ ਇਨ੍ਹਾਂ ਰਾਹੀਂ ਕਰ ਰਹੀ ਹੈ ਤਾਂ ਇਹ ਉਸ ਦੀਆਂ ਆਪਣੀਆਂ ਨਿੱਜੀ ਜੀਵਨ ਦੀਆਂ ਕਹਾਣੀਆਂ ਹੀ ਹਨ। ਇਹ ਭੁਲੇਖਾ ਹੋਰਨਾਂ ਨੂੰ ਵੀ ਪੈਣਾ ਕੁਦਰਤੀ ਸੀ।

ਸਾਹਿਤਕਾਰ ਦਾ ਆਪਾ ਉਸ ਦੀ ਸਾਹਿਤ ਸਮਝ ਵਿਚ ਹਰ ਥਾਂ ਰੱਖਿਆ ਹੁੰਦਾ ਹੈ। ਉਸ ਦੀ ਦ੍ਰਿਸ਼ਟੀ, ਸੋਚ, ਸਭਿਆਚਾਰ, ਉਸ ਦੀ ਰਹਿਣੀ ਬਹਿਣੀ, ਉਸ ਦਾ ਆਲਾ ਦੁਆਲਾ, ਉਸ ਦੀ ਪਸੰਦ ਨਾ ਪੰਸਦ ਉਸ ਦੀਆਂ ਆਦਤਾਂ, ਉਸ ਦਾ ਜੀਵਨ ਪਤੀ ਦਰਸ਼ਨ ਤੇ ਹੋਰ ਕਿੰਨਾ ਕੁਝ ਹੀ ਛੋਪਲੇ ਜਿਹੇ ਉਸ ਵਿਚ ਆ ਪਸਰਦਾ ਹੈ ਅਤੇ ਜਦੋਂ ਉਸ ਦਾ ਦੁਖ ਆਪਣੇ ਸੀਨੇ ਤੇ ਹੀ ਹੰਢਾਉਂਦੀ ਹੈ। ਉਹ ਦੁਖ ਦੇ ਸੋਅਲੇ ਅਲੰਬੇ ਦਾ ਰੂਪ ਧਾਰ ਵਹਿ ਉਠਦੇ ਹਨ ਤਾਂ ਆਪਣੇ ਦਿਲ ਦੀ ਤਪਨ ਨੂੰ ਕੱਢਣ ਲਈ ਉਹ ਲਾਵੇ ਨੂੰ ਦੂਸਰਿਆ ਨਾਲ ਸਾਂਝਿਆਂ ਕਰਦਾ ਹੈ। ਇਸ ਲਾਵੇ ਵਿਚ ਸਾਹਿਤਕਾਰ ਦਾ ਆਪਾ ਵੀ ਸੰਮਿਲਤ ਹੁੰਦਾ ਹੈ। ਇਸ ਕਰਕੇ ਇਹ ਦੂਸਰੇ ਦਾ ਦੁਖ ਹੁੰਦਾ ਹੋਇਆ ਵੀ ਨਿੱਜੀ ਹੋ ਨਿਬੜਦਾ ਹੈ। ਉਹ ਇਸ ਵਿਚਾਰ ਨੂੰ ਪੰਜਾਬੀ ਦੁਨੀਆਂ ਦੇ ਮਾਰਚ, 1961 ਦੇ ਅੰਕ ਵਿਚ ਸਵੀਕਾਰਦੀ ਹੈ। ਕੁਝ ਸੁਣਨਾ ਅਤੇ ਸੁਣਾਉਣਾ ਮਨੁੱਖ ਦੀਆਂ ਆਦਿ ਦੀਆਂ ਕੁੱਖਾਂ ਹਨ। ਉਹ ਕੀ ਸੁਣਦਾ ਅਤੇ ਕੀ ਸੁਣਾਉਂਦਾ ਹੈ ਇਹ ਉਸ ਦੀ ਮਾਨਸਿਕ ਅਤੇ ਜਜ਼ਬਾਤੀ ਪੱਧਰ ਤੇ ਨਿਰਭਰ ਹੁੰਦਾ ਹੈ। ਮਨੁੱਖ ਦੀ ਇਸ ਪੱਧਰ ਨੂੰ ਨੀਯਤ ਕਰਨ ਵਾਲੀਆਂ ਪਰਿਸਥਿਤੀਆਂ ਉਸ ਦੇ ਵਿਰਸੇ ਤੇ ਅਧਾਰਤ ਹੁੰਦੀਆਂ ਹਨ। ਉਸ ਦਾ ਵਿਰਸਾ ਦੇਸ਼ ਦਾ ਰਾਜਸੀ ਪ੍ਰਬੰਧ, ਆਰਥਿਕ ਢਾਂਚੇ, ਵਿਦਿਅਕ ਵਿਕਾਸ, ਸਮਾਜ ਦੀ ਧਾਰਮਿਕ ਅਤੇ ਸਦਾਚਾਰਕ ਪੱਧਰ ਦਾ ਨੀਯਤ ਕੀਤਾ ਹੁੰਦਾ ਹੈ। ਇਸ ਤਰ੍ਹਾਂ ਕਹਾਣੀ ਦਾ ਇਤਿਹਾਸ ਆਦਿ ਮਨੁੱਖ ਤੋਂ ਲੈ ਕੇ ਆਧੁਨਿਕ ਮਨੁੱਖ ਦੇ ਮਨ ਤੇ ਵਿਕਾਸ ਨੂੰ ਉਲੀਕਦਾ ਹੈ। ਮਨੁੱਖੀ ਅਨੁਭਵ ਮਾਨਵਵਾਦ ਦੇ ਵਿਸ਼ਾਲ ਅਰਥਾਂ ਦੇ ਘੇਰੇ ਵਿਚ ਆ ਸਕਦਾ ਹੈ ਪਰ ਮਨੁੱਖੀ ਅਨੁਭਵ ਪੂਰਨ ਮਾਨਵਵਾਦ ਨਹੀਂ ਹੈ। ਮਾਨਵਵਾਦ ਤੋਂ ਬਹੁਤ ਡੂੰਘਾ ਹੈ। ਨਿੱਕੀ ਕਹਾਣੀ ਵਿਚ ਮਨੁੱਖੀ ਅਨੁਭਵ ਦਾ ਅਰਥ ਇਹ ਦੱਸਣਾ ਹੈ ਕਿ ਸਮੁੰਦਰੋਂ ਡੂੰਘੇ ਦਿਲਾਂ ਦੇ ਦਰਿਆਵਾਂ ਵਿਚ ਕੀ ਤੂਫਾਨ ਆਉਂਦੇ ਹਨ ? ਕਿਵੇਂ ਪ੍ਰਤਿ ਕਰਮਾਂ ਦੀਆਂ ਲਹਿਰਾਂ ਟਕਰਾਉਂਦੀਆਂ ਹਨ? ਕਿਵੇਂ ਮਨੁੱਖ ਦਾ ਰੋਮ ਰੋਮ ਬਾਹਰਲੇ ਜਾਂ ਅੰਦਰਲੇ ਪ੍ਰਤੀਕਰਮਾਂ ਜਾਂ ਸੋਚਾਂ ਜਾਂ ਤ੍ਰਿਪਤੀਆਂ ਜਾਂ ਅਤ੍ਰਿਪਤੀਆਂ ਜਾਂ ਸੰਜੋਗ ਵਿਜੋਗ ਨਾਲ ਤੜਪਦਾ ਹੈ ਜਾਂ ਕੁਮਲਾਉਂਦਾ ਹੈ। ਸੋ ਮਨੁੱਖੀ ਅਨੁਭਵ ਦੀ ਤਾਸੀਰ ਵੱਖਰੀ ਹੀ ਹੈ। ਆਤਮਾ ਮਨੋਵਿਗਿਆਨਕ ਹੈ। ਸੁਭਾ ਬਾਹਰਮੁਖੀ ਨਹੀਂ, ਅੰਤਰਮੁਖੀ ਹੈ। ਮਨੁੱਖ ਦੇ ਹਰ ਚਿੰਨ੍ਹ ਨੂੰ ਸਮਝਦਾ ਅਤੇ ਪ੍ਰਗਟਾਉਂਦਾ ਹੈ।

ਅਜੋਕੇ ਵਿਅਕਤੀ ਦੀ ਜੀਵਨ ਗਤੀ ਤਿੱਖੀ ਚਲਣ ਕਰਕੇ ਉਸ ਦੇ ਤਜਰਬੇ ਵਿਚ ਵਿਸਥਾਰ ਆ ਗਿਆ ਹੈ ਪਰ ਭਾਵੁਕਤਾ ਦੀ ਪੂਰਤੀ ਅਤੇ ਡੂੰਘਿਆਈ ਘਟ ਗਈ ਹੈ। ਇਸ ਸਥਿਤੀ ਵਿਚ ਸਾਡੀ ਸਮਾਜਿਕ ਅਤੇ ਸਭਿਆਚਾਰਕ ਕਦਰਾਂ ਕੀਮਤਾਂ ਵਿਚ ਕੋਈ ਵਾਧਾ ਨਹੀਂ ਹੁੰਦਾ। ਅਜੋਕੇ ਵਿਅਕਤੀ ਬੌਧਿਕ ਬ੍ਰਿਤੀ ਦਾ ਧਾਰਨੀ ਹੋਣ ਕਰਕੇ ਆਦਰਸ਼ਕ, ਰੁਮਾਂਟਿਕ ਅਤੇ

ਭਾਵੁਕਤਾ ਦੇ ਅੰਤਰਗਤ ਉਹ ਵਿਅਕਤੀ ਦੀ ਧੁਰ ਅੰਦਰਲੀ ਤਹਿ ਤੇ ਵੱਸਦੇ ਭਾਵ ਵੇਖਣ ਦੀ ਚਾਹਨਾ ਰੱਖਦੇ ਹਨ। ਕਹਾਣੀਕਾਰ ਪਾਸੋਂ ਉਹ ਮਨੁੱਖ ਦੀ ਸੰਭਾਵਨਾ ਭਰੀ ਸਵੇਰ ਨੂੰ ਵੇਖਣ ਦੀ ਚਾਹਨਾ ਰੱਖਦੇ ਹਨ। ਰੁਝੇਵੇਂ ਵਧ ਜਾਣ ਦੇ ਬਾਵਜੂਦ ਉਸ ਦੀ ਅਸੀਮ ਸੋਚ ਦੀਆਂ ਕੰਧਾਂ ਅਨੰਤ ਤਕ ਪੁੱਜ ਗਈਆਂ ਹਨ।

ਅਜੋਕੇ ਮਨੁੱਖੀ ਸਬੰਧਾਂ ਦੀ ਤਹਿ ਦੇ ਅੰਤਰਗਤ ਕੰਮ ਕਰ ਰਹੀਆਂ ਸ਼ਕਤੀਆਂ ਨੂੰ ਲੱਭਣਾ ਅਤੇ ਸੱਚ ਦਾ ਵਰਣਨ ਤੇ ਇਸ ਸੱਚ ਸੱਚ ਨੂੰ ਨੂੰ ਸਮਾਜਿਕ ਜੀਵਨ ਦੇ ਸੱਚ ਨਾਲ ਮੇਲ ਕੇ ਉਸ ਵਿਚਲੀ ਵਿੱਥ ਨੂੰ ਮੇਲਣ ਵਾਲੀ ਕਲਾ ਹੀ ਚੰਗੀ ਕਲਾ ਹੋ ਸਕਦੀ ਹੈ।

ਰਿਚਰਡ ਚਰਚ ਆਖਦਾ ਹੈ ਕਿ ਕਹਾਣੀ ਲਈ ਜਰੂਰੀ ਹੈ ਕਿ ਮਲ ਸਚਿਆਈਆ ਘਟਨਾਵਾਂ ਪਾਤਰਾਂ ਤੇ ਅਸਥਾਨਾ ਨੇ ਪੇਸ਼ ਕਰਨ ਵਿਚ ਰੋਮਾਂਟਿਕ ਤੇ ਸਰਦੀ ਹੋਵੇ ਨਾ ਕਿ ਉਨ੍ਹਾਂ ਦਾ ਕੇਵਲ ਛੋਟੇ ਚਿੱਤਰ ਅਤੇ ਇਹ ਸਚਿਆਈਆ ਅਵੱਸ ਅਜਿਹੇ ਸੰਕੇਤ ਅਤੇ ਚਿੰਨ ਹੋਣ ਜਿਹੜੇ ਕਲਪਨਾ ਨੇ ਵਿਸ਼ਾਲਤਾ ਗਹਿਣ ਕਰਨ ਲਈ ਉਤੇਜਤ ਕਰਨ ਜਾਂ ਫਿਰ ਡੂੰਘੀ ਸੰਵੇਦਨਾ ਨੂੰ ਉਭਾਰਨ ਜਿਹੜੀ ਕਹਾਣੀ ਦੇ ਲੋਕਟ ਵਿਚ ਬੰਦ ਪਏ ਛੋਟੇ ਛੋਟੇ ਵੇਰਵੇ ਤੇ ਵਿਸਥਾਰ ਨੂੰ ਰੂਪਮਾਨ ਕਰਕੇ ਉਸ ਨੂੰ ਸਰਬ ਸੰਸਾਰੀ ਮਹੱਤਤਾ ਪ੍ਰਦਾਨ ਕਰਨ।

ਟਿਵਾਣਾ ਆਪਣੀਆਂ ਸਾਰੀਆਂ ਕਹਾਣੀਆਂ ਦੀ ਭੂਮਿਕਾ 'ਕਥਾ ਯਾਤਰਾ' ਵਿਚ ਕਹਿੰਦੀ ਹੈ ਕਿ :

ਬਚਪਨ ਵਿਚ ਗੱਡੀਆਂ ਪਟੋਲਿਆਂ ਵਿਚ ਖੇਡਦਿਆਂ ਕੁੜੀਆਂ ਆਪ ਉਨ੍ਹਾਂ ਗੁੱਡੀਆ ਦੇ ਨਾਲ ਰਚਾ ਲੈਂਦੀਆਂ ਹਨ। ਸੁਹਾਗ ਗਾਉਂਦੀਆਂ, ਬੋਲੀ ਬਿਠਾਉਂਦੀਆਂ, ਉਨ੍ਹਾਂ ਸਾਰੀਆਂ ਰਸਮਾਂ ਨੂੰ ਲੰਘ ਜਾਂਦੀਆਂ ਹਨ ਜਿਨਾਂ ਵਿਚੋਂ ਦੀ ਉਨ੍ਹਾਂ ਨੇ ਆਪ ਸੱਚੀ ਮੱਚੀ ਲੰਘਣਾ ਹੁੰਦਾ ਹੈ ਤੇ ਫੇਰ ਉਨ੍ਹਾਂ ਗੱਡੀਆਂ ਵਿਚੋਂ ਕੋਈ ਗੱਡੀ ਮਰ ਜਾਂਦੀ ਹੈ। ਰੋਂਦੀਆਂ ਕੁਰਲਾਂਦੀਆਂ ਸਿਆਪਾ ਕਰਦੀਆਂ ਉਹ ਗੱਡੀ ਵਕਣ ਤਰ ਪੈਂਦੀਆਂ ਹਨ ਤੇ ਦੇਣ ਪਾਉਂਦੀਆਂ ਹਨ " ਹੈ ਹੈ ਧੀਏ ਮੋਰਨੀਏ, ਤੇਰੇ ਗਜ ਗਜ ਲੰਮੇ ਵਾਲ ਨੀ ਧੀਏ ਮੋਰਨੀਏ।"

ਕੁਝ ਇਹੋ ਜਿਹਾ ਹੀ ਮੇਰਾ ਰਿਸ਼ਤਾ ਮੇਰੀਆਂ ਕਹਾਣੀਆਂ ਨਾਲ ਸੀ। ਤੇਰੇ ਗਜ ਗਜ ਲੰਮੇ ਵਾਲ ਨੀ ਧੀਏ ਮੋਰਨੀਏ ਆਖਦਿਆਂ ਮੈਨੂੰ ਲਗਦਾ ਹੈ ਕਿ ਜਿਵੇਂ ਉਹ ਸਭ ਗੱਟੇ ਗੱਡੀਆਂ ਦੀ ਖੇਡ ਸੀ ਨਹੀਂ ਤਾਂ ਮੈਂ ਜਦੋਂ ਜਰਾ ਵੱਡੀ ਹੋਈ ਉਸ ਖੇਡ ਤੋਂ ਦੂਰ ਕਿਉਂ ਚਲੀ ਗਈ?

ਉਸ ਉਮਰੇ ਸੱਚ ਤੇ ਛਲ, ਸੱਚ ਤੇ ਸਪਨੇ ਵਿਚਕਾਰਲੀ ਲਕੀਰ ਦੀ ਏਡੀ ਪਹਿਚਾਣ ਨਹੀਂ ਹੁੰਦੀ। ਪ੍ਰਿੰਸੀਪਲ ਤੇਜਾ ਸਿੰਘ ਨੇ ਜਦੋਂ ਇਕ ਕਹਾਣੀ ਬਾਰੇ ਆਖਿਆ, ਇਹ ਏਡੀ ਵਧੀਆ ਨਹੀਂ ਤਾਂ ਮੇਰਾ ਜੁਆਬ ਸੀ, ਕਹਾਣੀ ਤਾਂ ਵਧੀਆ ਹੀ ਹੈ ਪਰ ਤੁਹਾਨੂੰ ਸਮਝ ਨਹੀਂ ਲੱਗੀ।

ਡਾ. ਦਲੀਪ ਕੌਰ ਟਿਵਾਣਾ ਦਾ ਉਕਤ ਕਥਨ ਜੀਵਨ ਦੀ ਸਚਿਆਈ ਦਾ ਪ੍ਰਗਟਾ ਹੀ ਨਹੀਂ ਕਰਦਾ ਸਗੋਂ ਕਹਾਣੀ ਦੇ ਯਥਾਰਥ ਨੂੰ ਵੀ ਪ੍ਰਗਟ ਕਰਦਾ ਹੈ। ਓਪਰੀ ਨਜ਼ਰ ਬੱਚਿਆਂ ਦੀ ਗੁੱਡੀ ਗੁੱਡੇ ਦੀ ਖੇਡ, ਉਨ੍ਹਾਂ ਦੀ ਇਕ ਆਮ ਜਿਹੀ ਖੇਡ ਲੱਗਦੀ ਹੈ ਪਰ ਇਸ ਦੇ ਅੰਦਰ ਕਹਾਣੀ ਦੀ ਸਾਰੀ ਖੇਡ ਬੀਜ ਰੂਪ ਵਿਚ ਉਪਲਬਧ ਹੈ। ਕੁੜੀਆਂ ਦੀ ਖੇਡ ਵਿਚ ਸੰਸਾਰ ਦੀ ਖੇਡ ਲੁਪਤ ਹੈ। ਬਾਲ ਕਹਾਣੀ ਦੇ ਪਾਤਰ ਗੁੱਡੀ ਗੁੱਡਾ ਮਰਦ ਤੇ ਇਸਤਰੀ ਪਾਤਰ ਹੀ ਤਾਂ ਹੁੰਦਾ ਹੈ। ਇਸ ਨਾਲ ਹੀ ਸੰਸਾਰ ਦੀ ਗੱਡੀ ਦੇ ਨਾਲ-ਨਾਲ ਸਮਾਜ ਦੀ ਗਤੀ ਚਲਦੀ ਹੈ। ਸਮਾਜ ਵਿਚ ਇਸਤਰੀ ਤੇ ਪਤੀ ਦੇ ਮੇਲ ਤੋਂ ਹੀ ਸਭ ਰਿਸ਼ਤਿਆਂ ਦੀ ਕੜੀ ਚਲਦੀ ਹੈ। ਇਸੇ ਨਾਲ ਹੀ ਭਾਵੁਕ ਸਾਂਝ ਵਿਚੋਂ ਪਿਆਰ, ਆਤਮਕ ਸਾਂਝ ਅਤੇ ਨਫਰਤ ਪਲਰਦੀ ਹੈ। ਇਹੀ ਨਫ਼ਰਤ ਅੱਗੇ ਗਜ ਗਜ ਲੰਮੇ ਵਾਲਾਂ ਵਾਲੀ ਦੀ ਮੌਤ ਦਾ ਕਾਰਨ ਬਣਦੀ ਹੈ। ਇਥੋਂ ਹੀ ਇਸਤਰੀ ਦੇ ਤ੍ਰਾਸਦਿਕ ਜੀਵਨ ਦੀ ਕਹਾਣੀ ਉਸਰਦੀ ਹੈ। ਇਸ ਕਰਕੇ ਬੱਚਿਆਂ ਦੀਆਂ ਕਹਾਣੀਆਂ ਆਪਣਾ ਭਾਵ ਜਗਤ ਆਪਣੇ ਵਿਚ ਸਮੋਈ ਬੈਠੀਆਂ ਹਨ।

ਟਿਵਾਣਾ ਦਾ ਇਹ ਕਥਨ ਹੈ ਕਿ ਉਸ ਦਾ ਇਹੋ ਜਿਹਾ ਹੀ ਰਿਸ਼ਤਾ ਉਸ ਦੀਆਂ ਕਹਾਣੀਆ ਨਾਲ ਹੈ। ਉਸ ਦੀਆਂ ਕਹਾਣੀਆਂ ਇਸਤਰੀ ਦੀ ਨਿਰਾਸਤਾ ਦੇ ਅਹਿਸਾਸ ਵਿਚੋਂ ਉਪਜੇ ਉਹ ਪੀੜਾਂ ਦੇ ਪਰਾਗੇ ਹਨ ਜਿਸ ਵਿਚ ਇਸਤਰੀ ਮਨ ਦੀਆਂ ਆਹਾ, ਸਿਸਕੀਆਂ, ਭਟਕਣਾ ਦੇ ਭਾਵ ਉਸਰਦੇ ਹਨ। ਉਨ੍ਹਾਂ ਦੀ ਮੌਤ ਉਤੇ ਉਹ ਵੀ ਦੁਖ ਦੇ ਅੱਥਰੂ ਕਰਦੀ ਹੈ ਅਤੇ ਉਨ੍ਹਾਂ ਦਾ ਸੋਲ ਆਪਣੇ ਸੀਨੇ ਉਤੇ ਹੰਢਾਉਂਦੀ ਉੱਚੀ ਉੱਚੀ ਕਹਿੰਦੀ ਹੈ ਕਿ ਤੇਰੇ ਗਜ ਗਜ ਲੰਮੇ ਵਾਲ ਨੀ ਧੀਏ ਮੋਰਨੀਏ, ਕਹਾਣੀਆ ਦੀਆ ਸਾਰੀਆਂ ਨਾਇਕਾਵਾਂ ਉਸ ਦੀਆਂ ਆਪਣੀਆਂ ਸਿਰਜੀਆਂ ਹਨ।

ਟਿਵਾਣਾ ਆਪਣੇ ਸਮਕਾਲੀ ਸਮਾਜ ਦੀ ਚਾਲ ਨਾਲ ਤੁਰਦੀ ਇਸ ਤੋਂ ਅੱਗੇ ਵੇਖਣ ਦਾ ਯਤਨ ਕਰਦੀ ਹੈ। ਉਸ ਦੀ ਕਹਾਣੀ ਵਿਚ ਆਪਣੇ ਸਮੇਂ ਦੀ ਇਸਤਰੀ ਮਨ ਦੀ ਮਾਨਸਿਕਤਾ ਅਤੇ ਉਸ ਮਾਨਸਿਕਤਾ ਤੋਂ ਉਪਜੀ ਉਪਰਾਮਤਾ ਦੀ ਫੁਨਕਾਰ ਹੈ। ਉਹ ਇਸਤਰੀ ਹਿਰਦੇ ਵਿਚਲੀ ਸਿਰਜਨਾਸ਼ੀਲ ਚਿੰਤਨ ਨੂੰ ਜੜ੍ਹ ਤੱਤ ਦੀ ਸਹਾਇਤਾ ਨਾਲ ਸਾਕਾਰ ਰੂਪ ਵਿਚ ਨਿਖਾਰਨਾ ਚਾਹੁੰਦੀ ਹੈ। ਉਸ ਸਮਾਜ ਦੀ ਸਥੂਲ ਸਾਮਗਰੀ ਫਿਰ ਸੂਖਮ ਭਾਵਨਾ ਉਪਜਾਦੀ ਹੈ

ਤਾਂ ਜੋ ਉਸ ਦੀ ਰਚਨਾ ਪਾਠਕ ਦੀ ਅੰਤਰ-ਆਤਮਾ ਨੂੰ ਦੱਬ ਕੇ ਆਪਣੇ ਨਾਲ ਤੋਰ ਸਕੇ ਅਤੇ ਉਸ ਨੂੰ ਨਿਰਾਰਥਕ ਹੋਂਦ ਦੀ ਸੋਝੀ ਕਰਵਾ ਸਕੇ। ਉਹ ਕੇਵਲ ਸੋਝੀ ਕਰਵਾਉਣ ਤਕ ਹੀ ਆਪਣਾ ਕਾਰਜ ਸਮਝਦੀ ਹੈ। ਉਸ ਦੀ ਰਚਨਾ ਵਿਚ ਇਸਤਰੀ ਮਨ ਦੀ ਕਰੁਣਾ ਯਥਾਰਥ ਦਾ ਰੂਪ ਧਾਰ ਲੈਂਦੀ ਹੈ।

ਟਿਵਾਣਾ ਅਨੁਸਾਰ ਕਹਾਣੀ ਮਨੁੱਖ ਦੀ ਗੱਲ ਕਰਦੀ ਹੈ। ਮਨੁੱਖ ਇਕ ਸਮਾਜਿਕ ਜੀਵ ਹੈ। ਸਮਾਜ, ਦੇਸ਼ ਦੀਆਂ ਸਮਾਜਿਕ, ਆਰਥਿਕ, ਰਾਜਸੀ, ਧਾਰਮਿਕ ਤੇ ਸਾਂਸਕ੍ਰਿਤਿਕ ਪਰਿਸਥਿਤੀਆਂ ਨਾਲ ਉਸਰਦਾ ਹੈ। ਸਾਹਿਤਕਾਰ ਸਮਾਜਿਕ ਪ੍ਰਭਾਵਾਂ ਹੇਠ ਪਲਦਾ ਹੈ ਅਤੇ ਆਪਣੇ ਵਿਚਾਰਾ ਦੁਆਰਾ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ।

ਟਿਵਾਣਾ ਸਮਾਜ ਦੀ ਸਥੂਲ ਸਾਮਗਰੀ ਵਿਚ ਸੂਖ਼ਮ ਭਾਵਨਾਵਾਂ ਉਪਜਾਂਦੀ ਹੈ ਤਾਂ ਜੋ ਉਸ ਦੀ ਰਚਨਾ ਪਾਠਕ ਦੀ ਅੰਤਰ-ਆਤਮਾ ਨੂੰ ਟੁੰਬ ਕੇ ਆਪਣੇ ਨਾਲ ਤੋਰ ਸਕੇ। ਸਮੇਂ ਦੀ ਚਾਲ ਨਾਲ ਸਮਾਜਿਕ ਪਰਿਸਥਿਤੀਆਂ ਬਦਲਦੀਆਂ ਰਹਿੰਦੀਆਂ ਹਨ। ਇਸ ਨਾਲ ਵਿਅਕਤੀ ਦੇ ਜੀਵਨ ਵਿਚ ਪਰਿਵਰਤਨ ਆਉਂਦਾ ਹੈ। ਜੀਵਨ ਦੇ ਬਦਲਣ ਨਾਲ ਸਾਹਿਤ ਧਾਰਾ ਦਾ ਰੂਪ ਵੀ ਬਦਲਦਾ ਹੈ। ਇਸਤਰੀ ਨੂੰ ਸਮਾਜ ਵਿਚ ਬਰਾਬਰ ਦਾ ਅਧਿਕਾਰ ਹੈ। ਜਿਸ ਨਾਲ ਉਹ ਆਪਣੀ ਸਦੀਆਂ ਤੋਂ ਦੱਬੀ ਹੋਈ ਮਾਨਸਿਕਤਾ ਨੂੰ ਬਦਲਣ ਅਤੇ ਜੀਵਨ ਦੇ ਨਵੇਂ ਮਾਪ-ਦੰਡ ਸਿਰਜਣ ਦੇ ਯਤਨ ਵਿਚ ਹੈ। ਸਮਾਜ ਵਿਚੋਂ ਉਚ ਨੀਚ ਦੀਆਂ ਦੀਵਾਰਾਂ ਟੁੱਟ ਰਹੀਆਂ ਹਨ। ਇਕ ਨਵੀਂ ਸ਼੍ਰੇਣੀ ਆਪਣੀ ਹੋਂਦ ਉਸਾਰ ਰਹੀ ਹੈ। ਪੁਰਾਣੀਆਂ ਧਾਰਾਵਾਂ ਬਦਲ ਰਹੀਆਂ ਹਨ।

ਡਾ. ਦਲੀਪ ਕੌਰ ਟਿਵਾਣਾ ਆਪਣੀ ਕਹਾਣੀ ਨੂੰ ਵਾਸਤਵਿਕ ਜੀਵਨ ਨਾਲ ਜੋੜਦੀ ਹੈ ਜਦ ਤਕ ਲੇਖਕ ਦੀਆਂ ਰਚਨਾਵਾਂ ਵਾਸਤਵਿਕ ਜੀਵਨ ਦਾ ਭੁਲੇਖਾ ਪਾ ਕੇ ਪਾਠਕ ਵਰਗ ਨੂੰ ਪ੍ਰਭਾਵਿਤ ਕਰੇਗੀ ਤਦ ਤਕ ਉਸ ਦੀ ਕਿਰਤ ਪਾਠਕਾਂ ਨੂੰ ਪ੍ਰਭਾਵਿਤ ਕਰਕੇ ਆਪਣੇ ਨਾਲ ਤੋਰਨ ਤੋਂ ਅਸਮੱਰਥ ਰਹੇਗੀ। ਵਿਗਿਆਨ ਦੀਆਂ ਲਭਤਾਂ ਨੂੰ ਮਨੋਵਿਗਿਆਨ ਦੀ ਸੋਝੀ ਨੇ ਮਨੁੱਖ ਦੀ ਸੋਚਣੀ ਤੇ ਵਿਚਾਰਨੀ ਵਿਚ ਫੇਰ ਵਾਧਾ ਕੀਤਾ ਹੈ। ਅੱਜ ਦਾ ਪਾਠਕ ਭਰੋਸੇਯੋਗ ਲਗਣ ਵਾਲੀ ਗੱਲ ਤੇ ਵਿਸ਼ਵਾਸ ਨਹੀਂ ਕਰਦਾ। ਜਦੋਂ ਤਕ ਉਹ ਉਸ ਦੇ ਅਨੁਭਵ ਤੇ ਪਰੀ ਨਾ ਉਤਰੇ। ਇਸੇ ਦ੍ਰਿਸ਼ਟੀ ਤੇ ਜਦੋਂ ਅਸੀਂ ਟਿਵਾਣਾ ਦੀਆ ਕਹਾਣੀਆ ਨੇ ਵਿਚਾਰਦੇ ਹਾਂ ਤਾਂ ਗਿਆਨ ਹੁੰਦਾ ਹੈ ਕਿ ਉਸ ਆਪਣੀਆ ਸਾਰੀਆਂ ਕਹਾਣੀਆਂ ਯਥਾਰਥ ਨੇ ਮੁੱਖ ਰੱਖ ਕੇ ਲਿਖੀਆਂ ਹਨ। ਕਿਤੇ ਇਹ ਯਥਾਰਥ ਗੁਪਤ ਰੂਪ ਵਿਚ ਹੈ ਅਤੇ ਕਿਤੇ ਜਾਹਰਾ ਰੂਪ ਵਿਚ। ਪਾਠਕ ਨੂੰ ਉਸ ਦੀ ਆਪੇ ਸੋਝੀ ਹੋ ਜਾਂਦੀ ਹੈ।

ਟਿਵਾਣਾ ਦਾ ਵਿਚਾਰ ਹੈ ਕਿ ਆਦਰਸ਼ ਜਦੋਂ ਭਾਰ ਨਾ ਰਹੇ ਤਾਂ ਜਿਉਣਾ ਮਨੁੱਖ ਦੀ ਪਮੁੱਖ ਲੋੜ ਹੋ ਗਈ। ਜਿਉਦਿਆ ਰਹਿਣ ਲਈ ਸਰੀਰਕ ਲੋੜਾ ਪਹਿਲੇ ਆਉਂਦੀਆਂ ਹਨ। ਜਿਉਂਦੇ ਦੀਆਂ ਪ੍ਰਾਪਤੀਆਂ ਦੀ ਮਹੱਤਤਾ ਹੋਰ ਵੀ ਵਧ ਗਈ ਜਦੋਂ ਮਾਰਕਸਵਾਦੀ ਫਲਸਫੇ ਨੇ ਦੱਸਿਆ ਕਿ ਮਨੁੱਖ ਦੀ ਜਜਬਾਤੀ ਤੇ ਬੌਧਿਕ ਪੱਧਰ, ਉਸ ਦੇ ਆਚਰਨ ਤੇ ਵਿਚਾਰਨ ਨੇ ਉਸ ਦੀਆਂ ਭੌਤਿਕ ਪਰਿਸਥਿਤੀਆਂ ਹੀ ਨਿਰਧਾਰਤ ਕਰਦੀਆਂ ਹਨ।

ਨਵੇਂ ਸਮਾਜ ਦੇ ਨਵੇਂ ਮਨੁੱਖ ਨੇ ਪਰਸ ਤੇ ਪਕਿਤੀ ਦੇ ਸਬੰਧਾਂ ਨੂੰ ਜਦੋਂ ਸਮਾਜਿਕ ਪ੍ਰਕਰਣ ਵਿਚ ਰੱਖ ਕੇ ਵਿਗਿਆਨਕ ਦਿਸਟੀ ਨਾਲ ਪਰਖਿਆ। ਪੜਚੋਲਿਆ ਤਾਂ ਉਸ ਨੇ ਆਦਰਸ਼ਵਾਦ, ਰਮਾਂਸਵਾਦ, ਅਧਿਆਤਮਵਾਦ ਵੱਲ ਉਲਰਟ ਦੀ ਥਾਂ ਯਥਾਰਥਵਾਦ ਨੇ ਪ੍ਰਮੁੱਖਤਾ ਦਿੱਤੀ ਹੈ। ਹਿਰਦੇਗਤ ਦ੍ਰਿਸ਼ਟੀਕੋਣ ਦੀ ਥਾਂ ਬੁਧੀਮਤ ਦ੍ਰਿਸ਼ਟੀਕੋਣ ਅਨੁਸਾਰ ਤਤਕਾਲੀਨ ਯਥਾਰਥ ਦੀ ਮਹੱਤਤਾ ਵਧੀ ਤੇ ਨਿਰਾਕਾਰ ਸੱਚ ਨੇ ਕੁਝ ਦੇਰ ਲਈ ਲਾਂਭੇ ਰੱਖ ਕੇ ਮਨੁੱਖ ਯਥਾਰਥ ਨਾਲ ਹੀ ਨਿਪਟਣ ਲੱਗਿਆ।

ਵਿਗਿਆਨ ਦੇ ਕਾਰਨ ਕਰਮ, ਨਿਯਮ ਨੇ ਜਦੋਂ ਸਾਰੇ ਪੁਰਾਤਨ ਨਿਯਮਾਂ, ਕੀਮਤਾਂ,. ਸਿਧਾਂਤਾਂ, ਆਦਰਸਾਂ ਦੀਆਂ ਨੀਹਾਂ ਹਿਲਾ ਦਿੱਤੀਆਂ ਤਾਂ ਆਧੁਨਿਕ ਮਨੁੱਖ ਜਦੋਂ ਹੀ ਹੀਣ ਹੋ ਗਿਆ। ਹੁਣ ਉਸ ਦੇ ਜੀਵਨ ਦਾ ਕੋਈ ਨਿਸ਼ਚਿਤ ਪੱਖ ਨਹੀਂ। ਕੋਈ ਨਿਸਚਿਤ ਸਿਧਾਂਤ ਨਹੀਂ। ਕਿਸੇ ਕਾਇਦੇ ਕਾਨੂੰਨ ਦਾ ਉਹ ਪਾਬੰਦ ਨਹੀਂ। ਕਿਸੇ ਖਿਆਲ ਵਿਚਾਰ ਸਬੰਧੀ ਉਸ ਤੋਂ ਨੈਤਿਕ ਦਾ ਉਹ ਪਾਲਕ ਹੈ। ਜਿਉਣਾ ਉਸ ਲਈ ਇਕ ਆਦਤ ਨੂੰ ਸ਼ਰਧਾ ਨਹੀਂ। ਨਾ ਕਿਸੇ ਨੈਤਿ ਹੈ। ਉਹ ਆਪਣੇ ਆਪ ਨੂੰ 1 ਨੂੰ ਭੀੜ ਵਿਚ ਗੁਆਚਿਆ ਮਹਿਸੂਸ ਕਰਦਾ ਹੈ। ਇਹ ਹੁਸੜ ਬਹਿਰੀਕਰਨ ਦੇ ਕਾਰਨ ਵੱਡੇ ਸ਼ਹਿਰਾਂ ਵਿਚ ਵਧੇਰੇ ਮਹਿਸੂਸ ਹੁੰਦਾ ਹੈ। ਅਜੋਕੇ ਸਵੇਦਨਸ਼ੀਲ ਮਨੁੱਖ ਦਾ ਰੱਬ ਜਾਂ ਅਧਿਆਤਮਿਕਤਾ ਤੋਂ ਨਿਸਚਾ ਡੋਲ ਗਿਆ ਹੈ। ਜਿਸ ਦੇ ਪ੍ਰਣਾਮ ਵਜੋਂ ਅਸ਼ਾਂਤੀ, ਕਾਹਲਾਪਣ, ਅਵਿਸ਼ਵਾਸ, ਇਕਸੁਰਤਾਹੀਣਤਾ ਉਸ ਦੇ ਜੀਵਨ ਦੇ ਅੰਗ ਬਣ ਗਏ ਹਨ। ਜੀਵਨ ਦੀ ਇਸ ਅਨਜੋੜਤਾ ਅਤੇ ਖੁਦਗਰਜ਼ੀ ਦਾ ਅਸਰ ਟੱਬਰਾਂ ਦੇ ਜੀਵਨ 'ਤੇ ਵੀ ਪਿਆ ਹੈ। ਸਮੂਹਿਕ ਸੰਸਥਾਵਾਂ ਦੀ ਅੰਤਿਮ ਕੜੀ ਪਰਿਵਾਰ ਹੈ ਜਿਥੇ ਵਿਅਕਤੀ ਅਤੇ ਉਸ ਨਾਲ ਸਬੰਧ ਰੱਖਣ ਵਾਲੇ ਸਾਰੇ ਮਨੁੱਖਾਂ ਦੇ ਆਰਥਿਕ, ਮਾਨਸਿਕ ਅਤੇ ਸਰੀਰਕ ਸਬੰਧ ਆਪੋ ਵਿਚ ਜੁੜੇ ਹੋਏ ਹੁੰਦੇ ਹਨ। ਪਰਿਵਾਰ ਹੀ ਇਕ ਅਜਿਹਾ ਬਿੰਦੂ ਹੈ ਜਿਸ ਉਤੇ ਖੜੋ ਕੇ ਵਿਅਕਤੀ ਅਤੇ ਸਮਾਜ ਦੇ ਸਬੰਧਾਂ ਨੂੰ ਨਾਪਿਆ ਜਾ ਸਕਦਾ ਹੈ। ਵਿਅਕਤੀ ਅਤੇ ਸਮਾਜ ਨੂੰ ਜੋੜਣ ਵਾਲੇ ਪੁਲਾਂ ਵਿਚ ਦਰਾੜਾਂ ਆ ਗਈਆਂ ਹਨ।

ਅਜੋਕਾ ਕਲਾਕਾਰ ਆਈਨਸਟਾਈਨ ਦੇ ਸਖੇਪਤਾ ਦੇ ਸਿਧਾਂਤ ਅਨੁਸਾਰ ਨਵੇਂ ਰੂਪ,ਨਵੇਂ ਰੰਗ ਤੇ ਨਵੇਂ ਅਰਥ ਲੱਭਣ ਲੱਗਾ, ਵੰਡੀਆਂ ਜੰਗਾਂ ਨੇ ਮਨੁੱਖ ਵਿਚ ਜੀਵਨ ਦਾ ਵਿਸ਼ਵਾਸ ਮੁਕਾ ਦਿੱਤਾ ਤੇ ਉਹ ਹਰ ਪਲ ਨੂੰ ਜੀਵਨ ਲਈ ਮਹੱਤਵਪੂਰਨ ਸਮਝਣ ਲੱਗਾ। ਉਸ ਦੇ ਸੁਭਾ ਵਿਚ ਵਿਅਰਥਤਾ ਦਾ ਵੀ ਬੜਾ ਵੱਡਾ ਹੱਥ ਹੈ। ਉਹ ਆਪਣੇ ਅੰਦਰ ਇਕ ਖਲਾਅ ਮਹਿਸੂਸ ਕਰਦਾ ਹੈ।

ਅੱਜ ਦਾ ਲੇਖਕ ਸਮਝਦਾ ਹੈ ਕਿ ਮਨੁੱਖ ਆਪ ਹੀ ਆਪਣਾ ਦੁਸ਼ਮਣ ਹੈ। ਅੱਜ ਸਵੇ ਦੀ ਸਵੇ ਨਾਲ ਟੱਕਰ ਹੈ। ਉਹ ਆਪ ਨੂੰ ਧੋਖਾ ਦੇ ਰਿਹਾ ਹੈ। ਡਾ. ਦਲੀਪ ਕੌਰ ਟਿਵਾਣਾ ਨੇ ਜਦ ਕਹਾਣੀ ਲਿਖਣੀ ਆਰੰਭ ਕੀਤੀ ਤਾਂ ਉਸ ਸਾਹਮਣੇ ਸਮਾਜ ਅਤੇ ਇਸ ਨਾਲ ਸੰਬੰਧਤ ਹੋਰ ਅਨੇਕਾਂ ਵਿਸ਼ੇ ਸਨ ਪਰ ਉਸ ਨੇ ਨਾਰੀ ਹੁੰਦਿਆਂ ਨਾਰੀ ਦੇ ਦੁਖਾਂ ਨੂੰ ਮਹਿਸੂਸ ਕੀਤਾ। ਉਸ ਨੇ ਆਪਣੀਆਂ ਕਹਾਣੀਆਂ ਰਾਹੀਂ ਨਾਰੀ ਨੂੰ ਉਸ ਦਾ ਆਪਾ ਲੱਭ ਕੇ ਦੇਣ ਦਾ ਯਤਨ ਕੀਤਾ ਹੈ। ਉਹ ਨਾਰੀ ਨੂੰ ਕਰੁਣਾਮਈ ਜੀਵਨ ਵਿਚੋਂ ਨਿਕਲਣ ਲਈ ਉਸ ਨੂੰ ਛੋਪਲੇ ਜਿਹੇ ਆਸਾ ਦੀ ਕਿਰਨ ਹੀ ਨਹੀਂ ਦਰਸਾਉਂਦੀ ਸਗੋਂ ਉਸ ਨੂੰ ਉਸ ਦੇ ਦੁਖਾਂ ਤੋਂ ਛੁਟਕਾਰਾ ਦਿਵਾਉਣ ਲਈ, ਆਪਣੇ ਸਵੈ ਦੀ ਖੋਜ ਲਈ, ਜੀਵਨ ਨੂੰ ਨਵੀਆਂ ਸੰਭਾਵਨਾ ਲਈ ਮੋੜ ਦੇਣ ਲਈ ਅਤੇ ਆਪਣੇ ਭਵਿੱਖ ਦੇ ਉਲੀਕੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਉਸ ਨੂੰ ਸੁਝਾ ਦੇਂਦੀ ਹੈ। ਉਸ ਦੀ ਕਹਾਣੀ ਵਿਚ ਇਕ ਭਾਵ ਜਗਤ ਲੁਪਤ ਹੁੰਦਾ ਹੈ। ਜਿਵੇਂ 'ਤੇਰਾ ਕਮਰਾ ਮੇਰਾ ਕਮਰਾ'। ਇਸ ਕਹਾਣੀ ਵਿਚ ਇਸਤਰੀ ਪੁਰਸ਼ ਕੰਮ ਕਰਨ ਵਾਲੇ ਨਾਲ ਨਾਲ ਕਮਰਿਆਂ ਵਿਚ ਬੈਠਿਆਂ ਇਸਤਰੀ ਦੀ ਮਨੋਦਸ਼ਾ ਦਾ ਉਸ ਮਨੋਵਿਗਿਆਨਕ ਢੰਗ ਨਾਲ ਵਰਣਨ ਕੀਤਾ ਹੈ। ਦੋਹਾਂ ਕਮਰਿਆਂ ਵਿਚ ਬੈਠੇ ਵਿਅਕਤੀ ਆਪਣੀ ਆਪਣੀ ਥਾਂਵੇਂ ਦ੍ਰਿੜ੍ਹ ਹਨ। ਜਿਵੇਂ ਕਮਰੇ ਇਕ ਦੂਜੇ ਵਿਚ ਸਮਲਿਤ ਨਹੀਂ ਹੋ ਸਕਦੇ ਕਿਉਂਕਿ ਦੋਹਾਂ ਕਮਰਿਆਂ ਦੇ ਵਿਚਕਾਰ ਇਕ ਦੀਵਾਰ ਹੈ। ਜਿਹੜੀ ਦੋਹਾਂ ਦੀ ਹੋਂਦ ਨੂੰ ਸਥਿਰ ਰੱਖਦੀ ਹੈ। ਇਸ ਤਰ੍ਹਾਂ ਉਹ ਦੋਵੇਂ ਭਾਵੇਂ ਨਾਲ-ਨਾਲ ਬੈਠੇ ਹਨ ਅਤੇ ਇਕ ਦੂਜੇ ਨਾਲ ਭਾਵੁਕ ਸਾਂਝ ਕਰਨਾ ਚਾਹੁੰਦਿਆਂ ਹੋਇਆ ਵੀ ਸਮਾਜ ਦੀ ਇਕ ਕੰਧ ਉਨ੍ਹਾਂ ਦੇ ਵਿਚ ਉਸਰੀ ਹੋਈ ਹੈ। ਇਹ ਕੰਧ ਭਾਵਨਾਵਾਂ ਨੂੰ ਆਪਣੀਆਂ ਸੀਮਾਵਾਂ ਵਿਚ ਰੱਖਣ ਲਈ ਹੈ ਪਰ ਭਾਵਾਂ ਦੇ ਪ੍ਰਗਟਾ ਲਈ ਕੋਈ ਕੰਧ ਨਹੀਂ। ਕੋਈ ਰੋਕ ਨਹੀਂ। ਪਤਾ ਨਹੀਂ ਇਹ ਕਦੋਂ ਆਪ ਮੁਹਾਰੇ ਸੀਨੇ ਵਿਚੋਂ ਫੁੱਟ ਪੈਣ ਅਤੇ ਅੰਦਰੋ ਅੰਦਰ ਹੀ ਆਪਣਾ ਰੂਪ ਧਾਰ ਕੇ ਇਕ ਸੁਪਨਾ ਬਣ ਜਾਣ ਪਰ ਸੁਪਨੇ ਸੁਪਨੇ ਹੀ ਰਹਿੰਦੇ ਹਨ। ਦਰਮਿਆਨ ਇਕ ਕੰਧ ਉਸਾਰੀ ਹੋਈ ਹੈ। ਜਿਹੜੀ ਦਿਲਾਂ ਤੇ ਕਮਰਿਆਂ ਨੂੰ ਅੱਡ ਅੱਡ ਰੱਖਦੀ

ਹੈ। ਨਾ ਇਹ ਉਧਰ ਜਾ ਸਕਦੀ ਹੈ ਅਤੇ ਨਾ ਉਹ ਇਧਰ ਆ ਸਕਦਾ ਹੈ। ਦੋਹਾਂ ਦੀ ਆਪਣੀ ਆਪਣੀ ਸੀਮਾ ਹੈ, ਸਮਾਜਿਕ ਬੰਧਨ ਹਨ।

ਕੰਮ ਕਰਨ ਵਾਲੀਆਂ ਔਰਤਾਂ ਨੂੰ ਲੇਖਿਕਾ ਦੱਸਣਾ ਚਾਹੁੰਦੀ ਹੈ, ਆਰਥਿਕ ਸੁਤੰਤਰਤਾ ਨਾਲ ਜੋ ਸਵੈ-ਵਿਸ਼ਵਾਸ ਪ੍ਰਾਪਤ ਕੀਤਾ ਹੈ, ਉਹ ਉਨ੍ਹਾਂ ਨੂੰ ਮਨੁੱਖ ਦੇ ਜ਼ੁਲਮ ਅੱਗੇ ਝੁਕਣ ਤੋਂ ਉਨ੍ਹਾਂ ਦਾ ਸਵੇ ਉਨ੍ਹਾਂ ਨੂੰ ਰੋਕਦਾ ਹੈ ਤੇ ਦੂਜੇ ਪਾਸੇ ਅਜੋਕਾ ਮਨੁੱਖ ਉਸ ਨੂੰ ਬਾਹਰ ਕੰਮ ਕਰਨ ਦੀ ਆਗਿਆ ਤਾਂ ਦੇਂਦਾ ਹੈ ਪਰ ਉਸ ਨੂੰ ਮਰਜ਼ੀ ਨਾਲ ਚੱਲਣ ਦੀ ਆਗਿਆ ਨਹੀਂ ਦੇਂਦਾ। ਇਸ ਨਾਲ ਦੋਹਾਂ ਦੇ ਵਿਚਕਾਰ ਬਹੁਤ ਸਾਰੀਆਂ ਸਮੱਸਿਆਵਾਂ ਖੜ੍ਹੀਆਂ ਹੋ ਗਈਆ ਹਨ। ਜਿਨਾਂ ਨੇ ਨਾਰੀ ਹਰ ਪੱਖ ਤੇ ਕੋਸ਼ਿਸ ਕਰਨ ਤੇ ਵੀ ਉਹ ਮਨੁੱਖ ਦੇ ਅੰਦਰ ਉਸਰੀ ਦੀਵਾਰ ਨੂੰ ਤੋੜ ਨਹੀਂ ਸਕੀ।

'ਟਿਵਾਣਾ ਨੇ ਆਪਣੀ ਕਹਾਣੀ 'ਮਰਨ ਰੁੱਤ' ਵਿਚ ਸੁਪਨੇ ਵਿਚ ਸੱਪ ਲੜਨ ਨੂੰ ਜੀਵਨ ਦੀ ਹਕੀਕਤ ਨਾਲ ਜੋੜ ਕੇ ਪੇਸ਼ ਕੀਤਾ ਹੈ। ਨਾਰੀ ਮਰਦ ਪਤੀ ਆਪਣੀ ਵਿਸ਼ਵਾਸ ਅਤੇ ਸਤਿਕਾਰ ਦੀ ਭਾਵਨਾ ਮਨ ਵਿਚ ਰੱਖ ਕੇ ਉਸ ਨਾਲ ਜੀਵਨ ਸਾਂਝ ਕਰਦੀ ਹੈ ਪਰ ਮਨੁੱਖ ਦੀ ਮੰਦ ਭਾਵਨਾ ਸੱਪ ਦਾ ਰੂਪ ਧਾਰ ਕੇ ਉਸ ਦੀ ਆਤਮਾ ਨੂੰ ਡਸਦੀ ਹੈ। ਇਸ ਵਿਚ ਜਿਥੇ ਮਨੁੱਖ ਦੇਸ਼ੀ ਹੈ ਉਥੇ ਦੂਜੀ ਔਰਤ ਵੀ ਉਨੀ ਹੀ ਦੋਸੀ ਹੈ, ਜਿਹੜੀ ਦੂਸਰੀ ਔਰਤ ਦਾ ਹੱਕ ਖੋਹਦੀ ਹੈ। ਇਸ ਦਿਸ਼ਾ ਵਿਚ ਪਹਿਲੀ ਔਰਤ ਘਬਰਾ ਜਾਂਦੀ ਹੈ। ਲੇਖਿਕਾ ਇਸ ਮਨੋਦਸਾ ਦਾ ਉਲੇਖ ਰੋਕ ਦੇ ਬਿੰਬ ਰਾਹੀਂ ਕਰਦੀ ਹੈ। ਹਾਂ ਰੁੱਤਾਂ ਸਿਰਫ ਬਾਹਰਲੀਆਂ ਹੀ ਨਹੀਂ ਹੁੰਦੀਆ ਮਨ ਦੀਆਂ ਵੀ ਹੁੰਦੀਆਂ ਨੇ। ਜਿਨਾਂ ਵਿਚੋਂ ਇਕ ਰੁੱਤ ਅਜਿਹੀ ਵੀ ਹੁੰਦੀ ਹੈ ਜਿਸ ਦੇ ਵਿਚ ਖਲੋਤਿਆਂ ਆਰ ਪਾਰ ਕੁਝ ਨਹੀਂ ਦਿਸਦਾ। ਜਿਹੜੀ ਬਾਂਝ ਹੁੰਦੀ ਹੈ ਜਿਸ ਰੁੱਤ ਵਿਚ ਵਾ-ਵਰਲੇ ਉਠਦੇ ਨੇ, ਜਿਸ ਵਿਚ ਭੂਤਨੇ ਨੱਚਦੇ ਨੇ, ਉਹ ਤਾਂ ਮਰਨ ਰੁੱਤ ਹੁੰਦੀ ਹੈ, ਰਚਨਾ ਨੇ ਹਨੇਰੇ ਦਾ ਦਬਾਓ ਆਪਣੇ ਸਾਹਾਂ ਤੇ ਅਨੁਭਵ ਕਰਦਿਆਂ ਕਿਹਾ ਹੈ।

ਰਚਨਾ ਦੀ ਇਹ ਮਨੋਦਸ਼ਾ ਉਸ ਨੂੰ ਆਉਣ ਵਾਲੀ ਘਟਨਾ ਦਾ ਪਤੀਕ ਰੂਪ ਵਿਚ ਗਿਆਨ ਕਰਾਉਂਦੀ ਹੈ। ਉਸ ਦੇ ਮਨ ਵਿਚ ਰਾਸਦਿਕ ਭਾਵ ਆਪ ਮੁਹਾਰੇ ਫੁੱਟ ਪੈਂਦੇ ਹਨ। ਜਦੋਂ ਉਹ ਆਪਣੇ ਸੁਪਨੇ ਦਾ ਸਾਕਾਰ ਰੂਪ ਅਰਵਿੰਦ ਦੇ ਕਮਰੇ ਵਿਚ ਕਿਸੇ ਦੂਸਰੀ ਕੁੜੀ ਨੂੰ ਵੇਖਦੀ ਹੈ ਤਾਂ ਉਸ ਦੇ ਵਿਸ਼ਵਾਸ ਦੀ ਕੰਧ ਡੋਲ ਜਾਂਦੀ ਹੈ ਅਤੇ ਉਹ ਆਪਣੇ ਆਪ ਨੂੰ ਉਸ ਚੁਰਾਹੇ ਤੇ ਖੜ੍ਹੀ ਅਨੁਭਵ ਕਰਦੀ ਹੈ ਜਿਥੇ ਉਸ ਨੂੰ ਅਗੋਂ ਕੋਈ ਜੀਵਨ ਮਾਰਗ ਨਹੀ ਮਿਲਦਾ। ਉਹ ਆਪਣੀ ਹੋਂਦ ਕੇਵਲ ਆਪਣੇ ਤਕ ਹੀ ਦਰਸਾਉਂਦੀ ਹੈ ਪਰ ਉਸ ਨੂੰ ਆਪਣੀ ਸਥਿਤੀ ਦੀ ਸੋਝੀ ਹੋ ਜਾਂਦੀ ਹੈ। ਉਹ ਨਾ ਦੱਸ ਕੇ ਆਉਣ ਤੇ ਮੁਆਫ਼ੀ ਮੰਗਦੀ ਹੈ।

ਅਚਨਚੇਤ ਉਸ ਦੇ ਮਨ ਉਤੇ ਲੱਗੀ ਠੇਸ ਦਾ ਉਲੇਖ ਕਰਦੀ ਹੋਈ ਲੇਖਿਕਾ ਦਰਸਾਉਂਦੀ ਹੈ ਕਿ ਅਰਵਿੰਦ ਉਸ ਨੂੰ ਆਵਾਜ਼ ਦੇ ਰਿਹਾ ਸੀ ਪਰ ਉਸ ਨੂੰ ਲੱਗਾ ਮੈਂ ਰਚਨਾ ਨਹੀਂ। ਇਹ ਅਰਵਿੰਦ ਵੀ ਨਹੀਂ। ਮੈਂ ਕਿਹੜੀ ਥਾਂ ਆ ਗਈ ਹਾਂ। ਇਹ ਲੋਕ ਕੌਣ ਨੇ? ਇਹ ਕਿਹੜੀ ਰੁੱਤ ਏ ? ਆਰ ਪਾਰ ਕੁਝ ਵੀ ਨਹੀਂ ਦਿਸਦਾ।

ਕਿੰਨੇ ਹੀ ਵਾ-ਵਰੋਲੇ ਉਸ ਦੇ ਮਨ ਵਿਚੋਂ ਉਠੇ ਜਿਨ੍ਹਾਂ ਵਿਚ ਭੂਤਨੇ ਪ੍ਰਤੀਕ ਹੋਏ। ਉਹ ਆਪਣੇ ਸ਼ਹਿਰ ਜਾਣ ਵਾਲੀ ਬੱਸ ਵਿਚ ਬੈਠ ਗਈ। ਉਸ ਨੇ ਆਪਣੇ ਪੈਰ ਵੱਲ ਵੇਖਿਆ ਜਿਸ ਉਤੇ ਰਾਤੀਂ ਸੁਪਨੇ ਵਿਚ ਸੱਪ ਲੜਿਆ ਸੀ। ਜਿਸ ਦਾ ਜਹਿਰ ਉਸ ਨੂੰ ਹੁਣ ਚੜ੍ਹਦਾ ਪ੍ਰਤੀਤ ਹੋਇਆ।

ਇਹ ਹੈ ਨਾਰੀ ਦੀ ਮਨੋ-ਤ੍ਰਾਸਦੀ, ਜਿਹੜੀ ਆਪ ਵਫ਼ਾ ਕਰਦੀ ਮਰਦ ਤੋਂ ਵੀ ਵਧਾ ਦੀ ਆਸ ਲਾਈ ਬੈਠੀ ਹੈ, ਉਹ ਨਹੀਂ ਚਾਹੁੰਦੀ ਉਸ ਦਾ ਪਤੀ ਕਿਸੇ ਇਸਤਰੀ ਨਾਲ ਸਬੰਧ ਰੱਖੇ। ਜਦੋਂ ਕੋਈ ਇਸਤਰੀ ਅਜੇਹੇ ਸਬੰਧ ਵੇਖਦੀ ਹੈ ਤਾਂ ਉਸ ਦਾ ਆਪਾ ਸਾਬਤ ਨਹੀਂ ਰਹਿੰਦਾ। ਉਸ ਨੂੰ ਜੀਵਨ ਦੀ ਨਿਰਾਰਥਕਤਾ ਨੇ ਡੂੰਘੇ ਵਿਸ਼ਾਦ ਵਿਚ ਠੱਲ੍ਹ ਦਿੱਤਾ। ਉਸ ਦੀ

ਬੇਵਫਾਈ ਨੂੰ ਵੇਖ ਕੇ ਉਸ ਦੇ ਮਨ ਵਿਚੋਂ ਦਰਦ ਦਾ ਇਕ ਲਾਵਾ ਨਿਕਲ ਰਿਹਾ ਹੈ ਪਰ ਉਹ ਚੁੱਪ ਚਾਪ ਇਸ ਲਾਵੇ ਨੂੰ ਆਪਣੇ ਅੰਦਰ ਸਮੇਟੀ ਆਪਣੇ ਘਰ ਵੱਲ ਤੁਰੀ ਜਾ ਰਹੀ ਹੈ। ਆਪਣਾ ਸਭ ਕੁਝ ਦੂਸਰੀ ਔਰਤ ਨੂੰ ਸੌਂਪ ਕੇ। ਉਸ ਦੇ ਬੁੱਲ੍ਹਾਂ ਉਤੇ ਕੋਈ ਗਿਲਾ, ਕੋਈ ਸ਼ਿਕਵਾ ਨਹੀਂ ਪਰ ਅੰਦਰੋਂ ਉਹ ਟੁੱਟ ਗਈ ਹੈ।

ਟਿਵਾਣਾ ਦੀ ਕਹਾਣੀ 'ਖ਼ਰਾਬ ਔਰਤ' ਵਿਚ ਉਸ ਨੇ ਇਸਤਰੀ ਦੀ ਮਨੋਦਸ਼ਾ ਦਾ ਜ਼ਿਕਰ ਕੀਤਾ ਹੈ। ਉਸ ਦੀ ਆਰਥਿਕ ਮਜਬੂਰੀ ਦਾ ਲਾਭ ਉਠਾਇਆ ਜਾਂਦਾ ਹੈ। ਕੰਮ ਕਰਨ ਵਾਲੀਆ ਔਰਤਾਂ ਨੂੰ ਮਨੁੱਖਾਂ ਵੱਲੋਂ, ਉਸ ਵੱਲੋਂ ਉਨ੍ਹਾਂ ਦੀ ਗੱਲ ਦਾ ਹੁੰਗਾਰਾ ਨਾ ਭਰਨ ਕਰਕੇ, ਉਸ ਨੂੰ ਖਰਾਬ ਔਰਤ ਕਹਿ ਕੇ ਭੰਡਿਆ ਜਾਂਦਾ ਰਿਹਾ ਹੈ। ਉਹ ਗਹਿਰ-ਗੰਭੀਰ ਇਹ ਸੈੱਲ ਆਪਣੇ ਸੀਨੇ ਉਤੇ ਸਹਿੰਦੀ ਰਹਿੰਦੀ ਹੈ। ਅੰਤ ਉਹ ਮਰਦ ਦੀ ਕਰੋਪੀ ਦਾ ਸ਼ਿਕਾਰ ਹੋ ਗਈ। ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਉਹ ਨਹੀਂ ਚਾਹੁੰਦੇ ਉਸ ਦੀ ਗੰਦਗੀ ਦੀ ਸੜਿਆਂਦ ਨਾਲ ਦਫਤਰ ਦਾ ਸਾਰਾ ਵਾਤਾਵਰਨ ਦੂਸ਼ਤ ਹੋਵੇ। ਉਹ ਆਪਣੇ ਮਨ ਤੇ ਲੱਗਾ ਇਹ ਘਾਓ ਆਪਣੇ ਇਕ ਕੁਲੀਗ ਨਾਲ ਸਾਂਝਿਆਂ ਕਰਨ ਲਈ ਉਸ ਦੇ ਘਰ ਰਾਤ ਨੂੰ ਗਈ। ਉਸ ਨਾਲ ਸ਼ਰਾਬ ਪੀਤੀ ਨਹਾ ਕੇ ਉਸ ਨਾਲ ਇਕੱਠੀ ਸੁੱਤੀ । ਜਿਸ ਤੇ ਮਰਦ ਨੂੰ ਯਕੀਨ ਆ ਗਿਆ ਕਿ

ਉਹ ਅਜੇ ਕੁਆਰੀ ਹੈ ਖਰਾਬ ਨਹੀਂ। ਉਸ ਦੇ ਮਨ ਨੂੰ ਇਹ ਜਾਣ ਕੇ ਸੰਤੁਸਟੀ ਹੋਈ ਕਿ ਉਸ ਨੂੰ ਖਰਾਬ ਕਹਿਣ ਵਾਲੇ ਮਾਨਸਿਕ ਰੋਗੀ ਹਨ। ਜਿਹੜੇ ਖਰਾਬ ਦਾ ਨਾਮ ਦੇ ਉਸ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣਾ ਚਾਹੁੰਦੇ ਹਨ। ਉਹ ਉਸ ਮਰਦ ਪਾਸੋਂ ਸਵੇਰੇ ਚਲੀ ਗਈ ਅਤੇ ਗੱਡੀ ਹੇਠ ਆ ਕੇ ਆਤਮ ਹੱਤਿਆ ਕਰ ਲਈ। ਉਸ ਨੇ ਮਰਨ ਤੋਂ ਪਹਿਲਾਂ ਆਪਣੇ ਸਾਥੀ ਪੁਰਸ਼ ਨੂੰ ਇਹ ਵਿਸਵਾਸ ਦਿਵਾ ਦਿੱਤਾ ਕਿ ਉਹ ਖ਼ਰਾਬ ਨਹੀਂ ਹੈ। ਉਸ ਨੇ ਉਸ ਮਰਦ ਦੇ ਕਹਿਣ ਤੇ ਵਿਸ਼ਵਾਸ ਕਰਨ ਉਪਰੰਤ ਆਤਮ-ਹੱਤਿਆ ਕਰ ਲਈ।

ਇਸ ਕਹਾਣੀ ਨੂੰ ਅਸੀਂ ਦੋ ਭਾਗਾਂ ਵਿਚ ਵੰਡਦੇ ਹਾਂ। ਪਹਿਲੇ ਭਾਗ ਵਿਚ ਉਹ ਮਰਦਾਂ ਵੱਲੋਂ ਉਨ੍ਹਾਂ ਦੇ ਇਸ਼ਾਰਿਆ ਤੇ ਨਾ ਚੱਲਣ ਕਰਕੇ ਉਸ ਨੂੰ ਬਦਨਾਮ ਕੀਤਾ ਜਾਂਦਾ ਰਿਹਾ ਪਰ ਉਹ ਇਸ ਸੰਤਾਪ ਨੂੰ ਕਿ ਉਹ ਖਰਾਬ ਔਰਤ ਹੈ ਆਪਣੇ ਸੀਨੇ ਉਤੇ ਹੰਢਾਉਂਦੀ ਰਹੀ। ਉਸ ਦੇ ਮਨ ਦੀ ਸਚਿਆਈ ਨੇ ਉਸ ਦੀ ਆਤਮਾ ਨੂੰ ਡੋਲਣ ਨਹੀਂ ਦਿੱਤਾ। ਉਹ ਅਟੱਲ ਆਪਣੇ ਥਾਂ ਤੇ ਖੜ੍ਹੀ ਕਿਸੇ ਦੀ ਪ੍ਰਵਾਹ ਨਹੀਂ ਕਰਦੀ । ਪਰ ਉਹ ਆਪਣੇ ਅੰਦਰ ਚੁੱਪ-ਚਾਪ ਇਕ ਸੰਤਾਪ ਨੂੰ ਭਗਦੀ ਹੈ।

ਇਸ ਨਾਲ ਪਾਠਕ ਦਾ ਮਨ ਦਰਵ ਜਾਂਦਾ ਹੈ ਜਦੋਂ ਉਸ ਵਿਰੁੱਧ ਪ੍ਰਚਾਰ ਕਰਨ ਵਾਲੇ ਦਫਤਰ ਦੇ ਪ੍ਰਬੰਧਕਾਂ ਇਸ ਦੋਸ਼ ਕਾਰਨ ਉਸ ਨੂੰ ਨੌਕਰੀ ਤੋਂ ਕੱਢਣ ਲਈ ਮਜਬੂਰ ਹੁੰਦੇ ਹਨ। ਉਹ ਏਨੀ ਘਬਰਾ ਜਾਂਦੀ ਹੈ ਕਿ ਆਪਣੇ ਨਿਰਦੋਸ਼ ਹੋਣ ਦਾ ਸਬੂਤ ਆਪਣੇ ਕੁਲੀਗ ਨੂੰ ਦੇਣ ਲਈ ਉਸ ਦੇ ਘਰ ਰਾਤ ਨੂੰ ਜਾਂਦੀ ਹੈ। ਉਹ ਸ਼ਰਾਬ ਪੀ ਕੇ ਉਸ ਨਾਲ ਇਕੱਠਿਆ ਸੱਦੀ ਹੈ। ਮਰਦ ਨੂੰ ਉਸ ਨਾਲ ਸੰਭੋਗ ਕਰਨ ਤੇ ਇਹ ਪਤਾ ਲੱਗਾ ਕਿ ਉਸ ਦਾ ਕੁਆਰ ਕਾਇਮ ਸੀ। ਕੇਵਲ ਉਹ ਅਜਿਹਾ ਵਿਸ਼ਵਾਸ ਦਿਵਾਉਣ ਲਈ ਅਸੁਭਾਵਕ ਕਰਮ ਨਹੀਂ ਕਰਦੀ, ਜਿਹੜੀ ਇਸਤਰੀ ਕਾਫ਼ੀ ਸਮਾਂ ਆਪਣੇ ਉਤੇ ਘਟੀਆ ਇਲਜ਼ਾਮ ਲਗਾਉਂਦੀ ਰਹੀ। ਉਸ ਮੂੰਹ ਤਕ ਨਾ ਖੋਹਲਿਆ ਅਤੇ ਨਾ ਹੀ ਕਿਸੇ ਨੂੰ ਕੋਈ ਵਿਸ਼ਵਾਸ ਦਿਵਾਇਆ ਕਿ ਉਹ ਖ਼ਰਾਬ ਔਰਤ ਨਹੀਂ। ਪਰੇਡ ਆਤਮ-ਹੱਤਿਆ ਕਰਨ ਤੋਂ ਪਹਿਲਾਂ ਉਸ ਨੇ ਇਸ ਲਈ ਆਪਣਾ ਸਭ ਕ ਕੀਤਾ ਕਿ ਉਹ ਪੁਰਸ਼ ਦੀ ਨਿਗਾ ਵਿਚ ਖਰਾਸ ਔਰਤ ਨਾ ਰਹੇ। ਉਸ ਦਾ ਠੀਕ ਸਿੱਧ ਹੋਣ ਲਈ ਸਭ ਭੰਗ ਕਰਾਉਣਾ ਕੋਈ ਨਿਆਂ-ਪਰਕ ਨਹੀਂ ਜਾਪਦਾ, ਜਿਥੇ ਕਹਾਣੀ ਦਾ ਪਹਿਲਾ ਭਾਗ ਮਨ ਵਿਚ ਉਸ ਸੋਚ ਪਤੀ ਹਮਦਰਦੀ ਦੇ ਭਾਵ ਉਪਜਾਉਂਦਾ ਹੈ ਉਸ ਵੱਲੋਂ ਅਖੀਰ 'ਤੇ ਕੀਤਾ ਕਰਮ ਹਮਦਰਦੀ ਦਾ ਰੰਗ ਫਿੱਕਾ ਕਰ ਦਿੰਦਾ ਹੈ। ਉਹ ਅਡੋਲ ਜੀਵਨ ਬਿਤਾ ਕੇ ਇਹ ਭੱਜਣ ਦਾ ਕਰਮ ਹੈ। ਨਾ ਹੀ ਇਹ ਔਰਤ ਲਈ ਮਾਰਗ ਦਰਸ਼ਨ ਹੈ। ਇਹ ਵੀ ਇਕ ਅਸੁਭਾਵਕ ਹੀ ਲੱਗਦਾ ਹੈ। ਜਦੋਂ ਉਸ ਔਰਤ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਅਤੇ ਜਿਸ ਮਰਦ ਪਾਸ ਉਹ ਰਾਤ ਰਹਿ ਕੇ ਉਸ ਦਾ ਅੱਛੀ ਔਰਤ ਹੋਣ ਦਾ ਕੇਵਲ ਵਿਸਵਾਸ ਲੈਣ

ਆਉਣਾ ਤੇ ਉਸ ਮਰਦ ਨੂੰ ਇਹ ਭੀ ਪਤਾ ਨਾ ਹੋਣਾ ਕਿ ਉਸ ਨੂੰ ਨੌਕਰੀ ਤੋਂ ਮੁਕਤ ਕਰ ਦਿੱਤਾ ਗਿਆ ਹੈ। ਉਪਰੀ ਨਜਰੇ ਤਾਂ ਉਕਤ ਭਾਵ ਠੀਕ ਜਾਪਦੇ ਹਨ ਪਰ ਜਦੋਂ ਇਸਤਰੀ ਦੀ ਇਸ ਦਸ਼ਾ ਉਸ ਦੀ ਮਨੇ ਪੀਰਾ ਵਿਚੋਂ ਇਹ ਤਾਸਦਿਕ ਭਾਵ ਬਾਰ ਬਾਰ ਇਹ ਸ਼ਬਦ ਦੁਹਰਾਉਣ ਕਿ ਕੀ ਉਹ ਖ਼ਰਾਬ ਔਰਤ ਹੈ ? ਉਸ ਦੀ ਮਨੋ ਸਥਿਤੀ ਤੇ ਪ੍ਰਕਾਸ਼ ਪਾਉਂਦੀ ਹੈ ਉਸ ਦਾ ਮਨ ਦਰਦ ਨਾਲ ਕਰਿਆ ਪਿਆ ਹੈ। ਉਹ ਦਰਦ ਪਾਠਕ ਮਨ ਨੇ ਪਭਾਵਿਤ ਕਰਨ ਨਹੀਂ ਰਹਿੰਦਾ। ਉਸ ਮਰਦ ਦਾ ਵਿਸ਼ਵਾਸ ਵਕਤੀ ਤੌਰ ਤੇ ਤਾਂ ਉਸ ਦੇ ਮਨ ਦਾ ਖਲਾਅ ਚਰ ਸਕਦਾ ਹੈ ਪਰ ਨਿਰਾਰਥਕਤਾ ਉਸ ਤੇ ਬੜੀ ਭਾਰੂ ਹੈ। ਉਸ ਨੂੰ ਆਤਮ-ਹੱਤਿਆ ਵੱਲ ਲੈ ਜਾਂਦੀ ਹੈ।

ਉਸ ਦੀ ਇਕ ਹੋਰ ਕਹਾਣੀ 'ਇਕ ਔਰਤ' ਵਿਚ ਉਹ ਦਰਸਾਂਦੀ ਹੈ ਉਹ ਇਕ ਸਾਧਾਰਨ ਔਰਤ ਸੀ, ਉਸ ਦਾ ਇਕ ਘਰ ਸੀ, ਪਤੀ ਸੀ, ਬੱਚੇ ਸਨ। ਪਤੀ ਉਹ ਦਾ ਕਮਾ ਲਿਆਉਂਦਾ। ਉਹ ਰਿਨ੍ਹ ਪਕਾ ਲੈਂਦੀ, ਘਰ ਸੰਭਾਲਦੀ, ਬੱਚਿਆਂ ਦੀ ਦੇਖਭਾਲ ਕਰਦੀ।"

ਕਦੇ ਕਦੇ ਉਨ੍ਹਾਂ ਦੇ ਘਰ ਕੋਈ ਮਹਿਮਾਨ ਆ ਜਾਂਦਾ। ਕਦੇ ਕਦੇ ਉਹ ਦੋ ਚਾਰ ਦਿਨ ਪੇਕੀਂ ਸਹੁਰੀ ਚਲੀ ਜਾਂਦੀ।

ਕਦੇ ਉਹਦਾ ਪਤੀ ਉਹਦੇ ਨਾਲ ਨਾਰਾਜ਼ ਹੋ ਜਾਂਦਾ। ਉਹ ਬੱਚਿਆਂ ਨੂੰ ਵੱਢ ਵੱਢ ਖਾਂਦੀ ਪਰ ਕਦੇ ਕਦੇ ਖੁਸ਼ ਹੋ ਕੇ ਕੋਈ ਗਹਿਣਾ ਕਪੜਾ ਵੀ ਬਨਵਾ ਦੇਂਦਾ। ਇਉਂ ਹੀ ਦਿਨ. ਮਹੀਨੇ, ਸਾਲ ਲੰਘਦੇ ਗਏ ਅਤੇ ਇਉਂ ਹੀ ਉਮਰ ਲੰਘਾ ਕੇ ਉਹ ਮਰ ਗਈ।

ਡਾ. ਟੀ. ਆਰ. ਵਿਨੋਦ ਨੇ ਟਿਵਾਣਾ ਦੀ ਉਕਤ ਕਹਾਣੀ ਦੇ ਆਧਾਰ ਤੇ ਉਸ ਦੀ ਕਹਾਣੀ ਰਚਨਾ ਦੇ ਮੂਲ ਸਿਧਾਂਤ ਨੂੰ ਪ੍ਰਭਾਸ਼ਿਤ ਕਰਨ ਦਾ ਉਪਰਾਲਾ ਕੀਤਾ ਹੈ। ਉਸ ਅਨੁਸਾਰ ਕਹਾਣੀ ਸਾਡੀ-ਰਾਹਾਂ ਤੇ ਤੁਰਨ ਵਾਲੀ ਜ਼ਿੰਦਗੀ ਬਾਰੇ ਨਹੀਂ ਲਿਖੀ ਜਾ ਸਕੀ। ਜੰਮਣਾ, ਜਿਉਣਾ ਤੇ ਮਰ ਜਾਣਾ, ਇਹ ਮਨੁੱਖ ਦੀ ਕੁਦਰਤੀ ਕਥਾ ਤਾਂ ਹੋ ਸਕਦੀ ਹੈ, ਸਾਂਸਕ੍ਰਿਤਕ-ਕਥਾ ਨਹੀਂ ਜੋ ਕਲਾ ਦਾ ਮਜ਼ਬੂਨ ਹੁੰਦੀ ਹੈ। ਉਤਲੀ ਕਥਾ ਦਾ ਆਖ਼ਰੀ ਫ਼ਿਕਰਾ ਡਾ. ਟਿਵਾਣਾ ਦੇ ਕਾਵਿ ਸ਼ਾਸ਼ਤਰ ਦੇ ਇਸ ਮੂਲ ਸਿਧਾਂਤ ਵੱਲ ਸੰਕੇਤ ਕਰਦਾ ਹੈ। ਹਾਂ ਭਾਵੀ ਸ਼ਬਦਾਂ ਵਿਚ ਕਹਾਣੀ ਤਾਂ ਅਜਿਹੇ ਵਿਅਕਤੀ ਬਾਰੇ ਲਿਖੀ ਜਾ ਸਕਦੀ ਹੈ ਜੋ ਵਸਤੂ ਯਥਾਰਥ ਨਾਲ ਤਣਾਓ ਦੀ ਸਥਿਤੀ ਵਿਚ ਵਿਚਰਦਾ ਹੈ। ਤਣਾਓ ਸਥਿਤੀ ਨੂੰ ਗਤੀ ਪ੍ਰਦਾਨ ਕਰਦਾ ਹੈ। ਗਤੀ ਬਿਰਤਾਂਤ ਨੂੰ ਜਨਮ ਦੇਂਦੀ ਹੈ ਅਤੇ ਬ੍ਰਿਤਾਂਤ ਕਹਾਣੀ ਵਿਧਾ ਦਾ ਮੁੱਢਲਾ ਪਰ ਮੂਲ ਨਿਖੇੜਕ ਲੱਛਣ ਹੈ। ਡਾ ਟਿਵਾਣਾ ਦੀਆ ਕਹਾਣੀਆਂ ਵੀ ਤਣਾਓ ਮੁਹੱਬਤ ਦੇ ਖੇਤਰ ਵਿਚ ਵਾਪਰਦਾ ਹੈ।" ਇਹ ਕਹਾਣੀ ਆਪਣੇ ਅੰਦਰ ਭਾਵ ਛੁਪਾਈ ਬੈਠੀ ਹੈ।

ਓਪਰੀ ਨਜ਼ਰੇ ਬੜੀ ਜਾਂਦੀ ਹੈ ਪਰ ਇਸ ਵਿਚ ਇਸਤਰੀ ਲਈ ਜੀਵਨ ਪ੍ਰਕਿਰਿਆ ਆ ਜਾਂਦੀ ਹੈ। ਮਰਦਾਂ ਦੇ ਗੁੱਸੇ ਹੋਣ ਨਾਲ ਉਸ ਦੇ ਮਨ ਦਾ ਸੰਤੁਲਨ ਖੋ ਜਾਂਦਾ ਹੈ ਅਤੇ ਮਰਦ ਦੇ ਖੁਸ਼ ਹੋਣ ਨਾਲ ਉਹ ਜਨਤ ਸਮਝਦੀ ਹੈ। ਇਹ ਕਹਾਣੀ ਇਸਤਰੀ ਨੂੰ ਇਕ ਚੁੱਪ ਸੁਝਾਅ ਹੈ ਕਿ ਉਸ ਦੇ ਜੀਵਨ ਦਾ ਕੇਵਲ ਏਨਾ ਮਨੋਰਥ ਨਹੀਂ ਕਿ ਮਨੁੱਖ ਦੀ ਖੁਸ਼ੀ ਨਾਲ ਉਹ ਖੁਸ਼ ਹੈ ਤੇ ਹੱਸ ਹੋਣ ਕਾਰਨ ਉਹ ਗੁੱਸਾ ਬੱਚਿਆਂ 'ਤੇ ਕੱਢਦੀ ਹੈ। ਸਗੋਂ ਉਸ ਦੇ ਜੀਵਨ ਦਾ ਲਕਸ਼ ਕੁਝ ਹੋਰ ਵੀ ਹੈ ਉਹ ਹੈ ਆਪਣੀ ਹੋਂਦ ਅਤੇ ਗੁਆਚੇ ਆਪੇ ਦੀ ਪਹਿਚਾਣ।

ਲੇਖਿਕਾ ਆਧੁਨਿਕ ਵਿਅਕਤੀ ਦੇ ਬਦਲ ਚੁੱਕੇ ਸਮਾਜਿਕ, ਸਭਿਆਚਾਰਕ, ਪਰਿਵੇਸ਼ ਤੋਂ ਭਲੀ ਭਾਂਤ ਚੇਤਨ ਹੈ। ਉਹ ਜਾਣਦੀ ਹੈ ਕਿ ਗਿਆਨ ਅਤੇ ਵਿਗਿਆਨ ਦੇ ਖੇਤਰ ਰਾਹੀਂ ਆਏ ਨਵੇਂ ਵਿਚਾਰਾਂ ਨੇ ਮਨੁੱਖ ਨੂੰ ਆਧਾਰਹੀਣ ਬਣਾ ਦਿੱਤਾ ਹੈ। ਫਰਾਈਡ, ਮਾਰਕਸ ਅਤੇ ਆਈਨ ਸਟਾਈਨ ਵਰਗੇ ਚਿੰਤਕਾਂ ਨੇ ਮਨੁੱਖ ਦੀ ਰਵਾਇਤੀ ਸਰਦਾਰੀ ਨੂੰ ਬੁਰੀ ਤਰ੍ਹਾਂ ਚੈਲੰਜ ਕਰ ਦਿੱਤਾ ਹੈ। ਉਸ ਦੇ ਵਿਸਵਾਸ ਤੇ ਆਦਰਸ਼ ਥਿੜਕ ਗਏ ਹਨ। ਉਸ ਦਾ ਕੋਈ ਸਿਧਾਂਤ ਜਾਂ ਨੈਤਿਕ ਨਹੀਂ। ਇਸ ਲਈ ਅਜੋਕਾ ਕਹਾਣੀਕਾਰ ਪਰੰਪਰਾ ਨੂੰ ਤਿਆਗਦਾ ਹੋਇਆ ਉਹ ਨਵੇਂ ਮਨੁੱਖ ਅਨੁਸਾਰ ਆਪਣੀ ਰਚਨਾ ਕਰਨ ਦੇ ਆਹਰ ਵਿਚ ਹੈ।

ਟਿਵਾਣਾ ਆਪਣੀ ਪੁਸਤਕ 'ਕਹਾਣੀ, ਕਲਾ ਤੇ ਮੇਰਾ ਅਨੁਭਵ' ਦੇ ਪੰਨਾ 14 ਤੇ ਅਜੋਕੀ ਕਹਾਣੀ ਬਾਰੇ ਆਪਣੇ ਵਿਚਾਰ ਦੇਂਦੀ ਹੈ ਕਿ ਘਟਨਾਵਾਂ ਪਾਤਰ ਤੇ ਉਨ੍ਹਾਂ ਦੇ ਕਰਮ ਪ੍ਰਤੀਕਰਮ ਨੂੰ ਪ੍ਰਭਾਵ ਦੀ ਏਕਤਾ ਲਈ ਕਹਾਣੀ ਚਾਲ ਵਿਚ ਖਾਸ ਥਾਂ ਟਿਕਾਣੇ ਸਿਰ ਰੱਖਿਆ ਜਾਂਦਾ ਹੈ ਪਰ ਅੱਜ ਦੇ ਕੁਝ ਕਹਾਣੀਕਾਰ ਤਾਂ ਬਣਤਰ ਨਾਲ ਪੈਦਾ ਕੀਤੀ ਏਕਤਾ ਵਿਚ ਯਕੀਨ ਰੱਖਦੇ ਹਨ। ਜਿਵੇਂ ਕਿ ਅੰਗਰੇਜ਼ੀ ਲੇਖਕ ਹੇਨਰੀ ਜੇਮਜ਼ ਅਤੇ ਵਿਲੀਅਮ ਫਾਕਨਰ । ਕਹਾਣੀ ਵਿਚ ਚੋਣ ਅਤੇ ਤਰਤੀਬ ਨੂੰ ਬੜੀ ਮਹੱਤਤਾ ਦਿੰਦੇ ਹਨ। ਪੰਜਾਬੀ ਵਿਚ ਨਾਨਕ ਸਿੰਘ, ਗੁਰਮੁਖ ਸਿੰਘ ਮੁਸਾਫਰ, ਸੁਜਾਨ ਸਿੰਘ, ਗੁਰਬਖਸ਼ ਸਿੰਘ ਦੀਆਂ ਬਹੁਤ ਸਾਰੀਆਂ ਕਹਾਣੀਆਂ 'ਚੋਂ ਇਸ ਕਿਸਮ ਦੀ ਕਾਰੀਗਰੀ ਸਾਫ਼ ਦਿਸਦੀ ਹੈ ਪਰ ਕੁਝ ਲੇਖਕ ਜੇਮਜ਼ ਜਾਂ ਇਸ ਵਾਂਗ ਇਹ ਸਮਝਦੇ ਹਨ ਇਕ ਜ਼ਿੰਦਗੀ ਦੇ ਧੁਰ ਅੰਦਰ ਇਸ ਦੀ ਆਪਣੀ ਏਕਤਾ ਮੌਜੂਦ ਹੈ। ਕਲਾਕਾਰ ਨੇ ਉਸ ਏਕਤਾ ਨੂੰ ਆਪਣੀ ਅੰਤਰ ਦ੍ਰਿਸ਼ਟੀ ਨਾਲ ਭਰਨਾ ਹੁੰਦਾ ਹੈ। ਬਾਹਰਲੀ ਵਿਉਂਤ ਉਸ ਨੂੰ ਲੱਭਣ ਦਾ ਸਾਧਨ ਬਣਦੀ ਹੈ।

ਟਿਵਾਣਾ ਦੇ ਵਿਚਾਰ ਉਸ ਦੀਆਂ ਕਹਾਣੀਆਂ ਦੀ ਸੋਚ ਉਤੇ ਪੂਰੀ ਤਰ੍ਹਾਂ ਢੁਕਦੇ ਹਨ। ਉਸ ਦੀ ਕਹਾਣੀ ਦੀ ਆਪਣੀ ਸੋਚ ਹੈ। ਉਸ ਦੇ ਵਿਚਾਰ ਦੀ ਰਵਾਨਗੀ ਨਾਲ ਸੋਚ ਚਲਦੀ ਹੈ ਅਤੇ ਉਸੇ ਅਨੁਸਾਰ ਕਹਾਣੀ ਦਾ ਚੋਖਟਾ ਘੜਦੀ ਹੈ ਅਤੇ ਉਹ ਜਿਵੇਂ ਚਾਹੇ ਉਸ ਨੂੰ ਤੋੜ

ਮਰੋੜ ਲੈਂਦੀ ਹੈ। ਉਸ ਦੀ ਕਹਾਣੀ ਵਿਚ ਪ੍ਰਭਾਵ ਤੇ ਵਿਚਾਰ ਦੀ ਪ੍ਰਧਾਨਤਾ ਹੈ। ਉਹ ਪਾਠਕ ਮਨ ਨੂੰ ਹੌਲੀ ਹੌਲੀ ਆਪਣੇ ਨਾਲ ਤੋਰੀ ਜਾਂਦੀ ਹੈ ਤੇ ਜਦੋਂ ਉਸ ਦੀ ਸੋਚ ਦੀ ਲੜੀ ਅਜ ਚਲਦੀ ਹੁੰਦੀ ਹੈ ਉਹ ਛਪਲ ਜਿਹੇ ਵਿਚ ਅਲਪ ਹੋ ਜਾਂਦੀ ਹੈ। ਪਾਠਕ ਦੀ ਸੋਚ ਲਈ ਅੱਗੇ ਤੁਰਦੀ ਵਿਚਾਰਾਂ ਦਾ ਕਿੰਨਾ ਹੀ ਪੈਂਡਾ ਤਹਿ ਕਰ ਲੈਂਦੀ ਹੈ। ਇਹ ਉਸ ਦੀ ਕਹਾਣੀ ਕਲਾ ਦਾ ਉੱਤਮ ਰੰਗ ਹੈ। ਉਸ ਅਨੁਸਾਰ ਨਿੱਕੀ ਕਹਾਣੀ ਆਧੁਨਿਕ ਮਨੁੱਖ ਦੀ ਚੇਤਨ ਸਾਹਿਤ ਸਿਰਜਣਾ ਹੈ। ਜਿਸ ਵਿਚ ਹਰ ਸਾਲ ਦੀ ਸਥੂਲ ਧਰਤੀ ਤੋਂ ਲੋ ਕ ਰੂਹ ਦੀ ਤਿੰਨ ਕਾਲਾ ਤੋਂ ਉਪਰ ਦੀ ਉਡਾਨ ਤਕ ਦੀ ਗੱਲ ਹੋ ਸਕਦੀ ਹੈ। ਉਸ ਦੀ ਕਹਾਣੀ ਦੀ ਤਕਨੀਕ ਸੰਬੰਧੀ ਵੀ ਵਿਚਾਰ ਦੀ ਪਾਲਣਾ ਅਤੇ ਕੁਝ ਉਨ੍ਹਾਂ ਤੋਂ ਖੁੱਲ੍ਹ ਲੈਂਦ ਹਨ। ਕਹਾਣੀਕਾਰ ਦੀ ਇਸ ਤਕਨੀਕ ਦਾ ਧਿਆਨ ਨਹੀਂ ਰੱਖਣਾ ਚਾਹੀਦਾ।

ਇਸ ਕਰਕੇ ਉਸ ਦੀਆਂ ਕਹਾਣੀਆਂ ਤਕਨੀਕ ਦੇ ਬੰਧਨਾਂ ਦੀ ਪਾਲਣਾ ਨਹੀਂ ਕਰਦੀ ਇਸ ਕਰ ਕੇ ਚਾਰ ਨੂੰ ਸਿਰਜਦੀ ਹੈ ਇਸੇ ਕਰਕੇ ਕਹਾਣੀਆਂ ਵਿਚ ਮੌਕਾ ਮੇਲ ਦੀ ਘਾਟ ਹੈ। ਉਸ ਦੀ ਰਚਨਾ ਜੁਗਤ ਵਿਚ ਲਟਕਾਉ ਦਾ ਵੀ ਅਭਾਵ ਹੈ। ਡਾ. ਵਿਨੋਦ ਅਨੁਸਾਰ ਉਸ ਦੀਆਂ ਕਹਾਣੀਆਂ ਤਾਂ ਸਮਤਲ ਉਤੇ ਵਹਿੰਦੀ ਸ਼ਾਂਤ ਨਦੀ ਵਾਂਗ ਹਨ ਜਿਸ ਵਿਚ ਪਰਸਪਰ ਸੰਬੰਧਿਤ ਪਰ ਵਿਰੋਧੀ ਵੇਗਾਂ ਦੀਆਂ ਲਹਿਰਾਂ ਉਡਦੀਆਂ ਹਨ ਅਤੇ ਸਮਾ ਜਾਂਦੀਆ ਹਨ। ਮਾਨਸਿਕ ਸੰਘਰਸ਼ ਦੀ ਇਸ ਪ੍ਰਕਿਰਿਆ ਨੂੰ ਕਹਾਣੀਕਾਰ ਬੜੀਆਂ ਸਾਧਾਰਨ ਚਿਹਨਕ ਯੁਕਤਾਂ ਦੀ ਸਹਾਇਤਾ ਨਾਲ ਵਿਅਕਤ ਕਰਦੀ ਹੈ। ਉਸ ਦੀਆਂ ਵਧੇਰੇ ਕਲਾਮਈ ਕਹਾਣੀਆਂ ਉਹੀ ਹਨ ਜਿਨ੍ਹਾਂ ਵਿਚ ਇਕ ਠਰੰਮਾ ਅਤੇ ਸੰਜਮ ਮੌਜੂਦ ਹੈ।

ਟਿਵਾਣਾ ਆਪਣੀ 'ਮਾਸੀ' ਨਾਮੀ ਕਹਾਣੀ ਬਾਰੇ ਚਰਚਾ ਕਰਦੀ ਲਿਖਦੀ ਹੈ ਸਵਾਲ ਸੀ ਜੇ ਮੇਰੀ ਆਪਣੀ ਨਹੀਂ ਤਾਂ ਫੇਰ ਕੀਹਦੀ ਗੱਲ ਕਰਦੀਆਂ ਹਨ ਇਹ ਕਹਾਣੀਆਂ ? ਉਨ੍ਹਾਂ ਹੀ ਦਿਨਾਂ ਵਿਚ ਮੈਂ ਕਿਧਰੇ ਪੜ੍ਹਿਆ ਸੀ, Every human being is a limited menifestation of the unlimited self ਇਸ ਕਰਕੇ ਇਹ ਕਹਾਣੀਆਂ ਮੇਰੀਆਂ ਹੋ ਕੇ ਵੀ ਮੇਰੀਆਂ ਨਹੀਂ ਸਨ। ਮੇਰੀਆਂ ਨਾ ਹੋ ਕੇ ਵੀ ਮੇਰੀਆਂ ਸਨ।

ਗੱਲ ਸਪੱਸ਼ਟ ਕਰੋਗੇ ? ਕਿਸੇ ਨੇ ਪੁੱਛਿਆ।

ਸੁਣੋ ਜਦੋਂ ਕੋਈ ਮਰਦਾ ਹੈ, ਮਰਨ ਵਾਲੇ ਦੇ ਨਾਲ ਜਿੰਨਾ ਜਿੰਨਾ ਕਿਸੇ ਦਾ ਰਿਸ਼ਤਾ ਹੁੰਦਾ ਹੈ, ਉਹ ਉਨਾ ਉਸ ਦੇ ਨਾਲ ਮਰਦਾ ਵੀ ਹੈ ਉਨਾ ਉਨਾ ਉਹਦੇ ਨਾਲ ਸਿਵੇ ਵਿਚ ਜਲਦਾ ਵੀ ਹੈ। ਮਰਨ ਵਾਲਾ ਤਾਂ ਸਿਵੇ ਤਕ ਪਹੁੰਚ ਕੇ ਆਪਣੀ ਕਹਾਣੀ ਮੁਕਾ ਜਾਂਦਾ ਹੈ । ਪਰ ਪਿਛੇ

ਰਹਿਣ ਵਾਲਿਆਂ ਲਈ ਜਿਉਂਦੇ ਰਹਿਣ ਤੇ ਜਿਉਣ ਦੀ ਰੁਟੀਨ ਨਿਭਾਉਣ ਦੀ ਮਜਬੂਰੀ ਵੀ ਹੁੰਦੀ ਹੈ। ਜੋ ਗੱਲ ਸਵੇ ਜਾਂ ਪਰ ਨਾਲ ਰਿਸ਼ਤੇ ਦੀ ਹੁੰਦੀ ਹੈ।"

ਉਹ ਆਪਣੀਆਂ ਕਹਾਣੀਆਂ ਵਿਚ ਕਹਿਣਾ ਚਾਹੁੰਦੀ ਹੈ ਕਿ ਉਹਦੇ ਲਈ ਸਮੱਸਿਆ ਇਹੀ ਹੈ ਕਿ ਸਵੇ ਦਾ ਸਵੇ ਨਾਲ ਤੇ ਸਵੇ ਦਾ ਸ੍ਰਿਸ਼ਟੀ ਨਾਲ ਰਿਸ਼ਤਾ ਮੋਹ ਭਿਜਿਆ, ਤੰਦਰੁਸਤ ਤੇ ਖੂਬਸੂਰਤ ਹੋਵੇ ਪਰ ਨਿਰਾ ਚਾਹੁਣ ਨਾਲ ਤਾਂ ਸਭ ਕੁਝ ਨਹੀਂ ਹੋ ਸਕਦਾ। ਜਦੋਂ ਉਨ੍ਹਾਂ ਇਹ ਕਹਾਣੀਆਂ ਰਚੀਆਂ ਸਨ ਉਦੋਂ ਸਵੇ ਤੇ ਸ੍ਰਿਸ਼ਟੀ ਦੇ ਮੂਲ ਤੱਤਾਂ ਤੇ ਮੂਲ ਵਿਰੋਧਾ ਦੀ ਪਹਿਚਾਣ ਸਿਰਫ ਦੁਮੇਲ ਤਕ ਦੀ ਹੁੰਦੀ ਸੀ। ਇਸੇ ਕਾਰਨ ਉਸ ਦੁਮੇਲ ਨੂੰ ਹੀ ਆਖਰੀ ਮੰਜ਼ਿਲ ਮਿੱਥ ਲਿਆ ਸੀ। ਇਸੇ ਕਰਕੇ ਇਹ ਕਹਾਣੀਆ ਸਫਰ ਦੀਆਂ ਕਹਾਣੀਆਂ ਹਨ।

ਉਸ ਪਾਸੋਂ ਪੁੱਛਿਆ ਜਾਂਦਾ ਹੈ ਕਿ ਉਸ ਦੀ ਚੰਗੀ ਕਹਾਣੀ ਕਿਹੜੀ ਹੈ ? ਉਹ ਕਹਿੰਦੀ ਹੈ ਕਿ ਉਸ ਨੂੰ ਲਗਦਾ ਹੈ ਅਜੇ ਉਹਨੇ ਲਿਖਣੀ ਹੈ।

ਕਦੋਂ ਲਿਖਣੀ ਹੈ? ਕਹਾਣੀਆਂ ਲਿਖਣੀਆਂ ਤਾਂ ਤਕਰੀਬਨ ਛੱਡ ਹੀ ਦਿੱਤੀਆਂ ਹਨ। ਇਕ ਹੋਰ ਸੁਆਲ ਹੈ ਜੋ ਉਹਦੇ ਕੋਲੋਂ ਅਕਸਰ ਪੁੱਛਿਆ ਜਾਂਦਾ ਹੈ ਕਿ ਉਹ ਕਹਾਣੀਆਂ ਛੱਡ ਕੇ ਨਾਵਲ ਕਿਉਂ ਲਿਖਣ ਲੱਗ ਪਈ ? ਉਸ ਦਾ ਉੱਤਰ ਕਿ ਕਹਾਣੀ ਲਿਖ ਕੇ ਲੱਗਦਾ ਸੀ ਕਿ ਜੋ ਆਖਣਾ ਸੀ ਅਜੇ ਆਖਿਆ ਨਹੀਂ ਗਿਆ।

ਉਹ ਲਿਖਦੀ ਹੈ ਕਿ ਇਕ ਸੁਆਲ ਤੁਸੀਂ ਪੁੱਛਣਾ ਚਾਹੋਗੇ ਕਿ ਫਿਰ ਗੁੱਡੀਆਂ ਪਟੋਲਿਆਂ ਦੀਆਂ ਇਹ ਕਹਾਣੀਆਂ ਸਾਂਭਣ ਦੀ ਕੀ ਲੋੜ ਸੀ ਕਿਉਂਕਿ ਗੁੱਡੀਆਂ ਪਟੋਲਿਆਂ ਨਾਲ ਕੁੜੀਆਂ ਹੁਣ ਵੀ ਖੇਡਦੀਆਂ ਹਨ ਤੇ ਮੇਰੀ ਕਥਾ ਯਾਤਰਾ ਦਾ ਇਹ ਇਕ ਪੜਾਅ ਹੈ ।

ਡਾ. ਦਲੀਪ ਕੌਰ ਟਿਵਾਣਾ ਦੀਆਂ ਕਹਾਣੀਆਂ ਇਸਤਰੀ ਅਨੁਭਵ ਦਾ ਹੀ ਪ੍ਰਗਟਾਵਾ ਹਨ। ਉਹ ਔਰਤ ਹੋਣ ਕਰਕੇ ਔਰਤ ਦੀ ਜਿੰਦਗੀ ਦੇ ਤੱਥ ਤੇ ਸੱਚ ਨੂੰ ਵਧੇਰੇ ਸਹਿਜ ਰੂਪ ਵਿਚ ਜਾਣ ਸਕਦੀ ਹੈ, ਸਮਝ ਸਕਦੀ ਹੈ ਤੇ ਬਿਆਨ ਕਰ ਸਕਦੀ ਹੈ। ਉਹ ਇਸਤਰੀ ਨੂੰ ਆਪਣਾ ਆਪ ਪਹਿਚਾਨਣ, ਆਪਣਾ ਆਪ ਸਮਝਣ ਵਿਚ ਸਹਾਇਤਾ ਕਰਦੀ ਹੈ। ਅਜੋਕੀ ਇਸਤਰੀ ਆਪਣੇ ਸਵੇ ਦੀ ਤਲਾਸ਼ ਆਪ ਕਰ ਰਹੀ ਹੈ। ਉਹ ਆਪਣੇ ਆਪ ਨੂੰ ਸਮਝਣ ਲਈ ਭਟਕ ਰਹੀ ਹੈ ਕਿਉਂਕਿ ਅਜੇ ਉਹ ਖਲਾਅ ਵਿਚ ਲਟਕ ਰਹੀ ਹੈ। ਇਸ ਲਈ ਕਹਾਣੀਆਂ ਵਿਚ ਕਲਾਤਮਕ ਢੰਗ ਨਾਲ ਪ੍ਰਗਟਾਇਆ ਇਸਤਰੀ ਅਨੁਭਵ ਉਸ ਨੂੰ ਸਵੈ ਦੀ ਤਲਾਸ਼ ਵਿਚ ਸਹਾਇਤਾ ਕਰਦਾ ਹੈ। ਇਸੇ ਕਰਕੇ ਉਸ ਦੀ ਕਹਾਣੀ ਕਿਸੇ ਡੂੰਘੇ ਇਸਤਰੀ ਅਨੁਭਵ ਦਾ ਚਮਤਕਾਰ ਹੁੰਦੀ ਹੈ।

ਕਹਾਣੀ ਲਿਖਣ ਦਾ ਉਸ ਦਾ ਨਿਵੇਕਲਾ ਢੰਗ ਹੈ। ਉਹ ਰੋਮਾਨੀਅਤ ਤੇ ਭਾਵਕਤਾ ਦੇ ਰੰਗ ਤੋਂ ਸਫ਼ਰ ਕਰਦੀ ਕਰਦੀ ਸਾਡੇ ਸਮਕਾਲੀ ਸਮਾਜਿਕ ਪਰਿਵੇਸ਼ ਨਾਲ ਜੁੜ ਗਈ ਹੈ। ਉਸ ਦਾ ਸਮਕਾਲੀ ਪੰਜਾਬੀ ਕਹਾਣੀ ਨੂੰ ਨਿਖ਼ਾਰਨ ਅਤੇ ਸੰਵਾਰਨ ਵਿਚ ਵਿਸ਼ੇਸ਼ ਯੋਗਦਾਨ ਹੈ।

-0-

## ਡਾ. ਦਲੀਪ ਕੌਰ ਟਿਵਾਣਾ : ਸਵੈ-ਜੀਵਨੀਕਾਰ

ਸਾਹਿਤ ਵਿਚ ਅਨੇਕਾਂ ਰੂਪ ਪ੍ਰਚਲਿਤ ਹਨ। ਸਵੈ-ਜੀਵਨੀ ਸਾਹਿਤ ਦਾ ਇਕ ਅਜਿਹਾ ਰੂਪ ਹੈ, ਜਿਹੜਾ ਸਾਹਿਤਕਾਰ ਦੇ ਜੀਵਨ ਦੀ ਗਾਥਾ ਹੁੰਦੀ ਹੈ, ਦਰਸ਼ਨ ਦਾ ਵਿਕਾਸ ਹੁੰਦਾ ਹੈ, ਯਾਤਰਾ ਦਾ ਦਰਪਣ ਤੇ ਸੰਪਰਕ ਵਿਚ ਆਈ ਮਨੁੱਖਤਾ ਦਾ ਸੁੰਦਰ ਪਰਿਚਯ ਹੁੰਦਾ ਹੈ। ਇਸ ਰਾਹੀਂ ਉਸ ਦੀ ਲਗਨ, ਸੱਧਰਾਂ ਰੀਝਾਂ, ਸੋਚਣੀ ਅਤੇ ਵਿਚਾਰਾਂ ਦਾ ਪ੍ਰਗਟਾਅ ਹੁੰਦਾ ਹੈ। ਸਵੈ-ਜੀਵਨੀ ਲੇਖਕ ਵਿਚ ਸਮੇਂ ਅਤੇ ਗਤੀ ਅਨੁਸਾਰ ਆਈਆਂ ਤਬਦੀਲੀਆਂ ਅਤੇ ਉਸ ਦੀ ਸ਼ਖਸੀਅਤ ਦੇ ਵਿਕਾਸ ਕ੍ਰਮ ਦਾ ਇਤਿਹਾਸ ਹੁੰਦਾ ਹੈ। ਉਸ ਦੀਆਂ ਜੀਵਨ-ਰੇਖਾਵਾਂ ਦਾ ਪ੍ਰਗਟਾਅ ਅਤੇ ਆਪੇ ਦਾ ਮਨੋਵਿਸ਼ਲੇਸ਼ਣ ਹੁੰਦਾ ਹੈ।

ਸਵੈ-ਜੀਵਨੀ ਸਾਹਿਤ ਦਾ ਸਵੈ-ਸੰਬੋਧਨੀ ਰੂਪ ਹੈ। ਇਸ ਵਿਚ ਰਚਣਹਾਰ ਆਪਣੇ ਆਪ ਨਾਲ ਗੱਲਾਂ ਕਰਦਾ ਹੈ। ਆਪਣੀ ਆਤਮਾ ਦੇ ਪੰਨੇ ਫਰੋਲਦਾ ਹੈ। ਆਪਣੀਆ ਕਮਜੋਰੀਆਂ ਤਜਰਬਿਆਂ ਅਤੇ ਸਫਲਤਾਵਾਂ ਦਾ ਵਰਣਨ ਕਰਦਾ ਹੈ। ਅਤੀਤ ਨੂੰ ਵਰਤਮਾਨ ਨਾਲ ਇਕ ਲੜੀ ਵਿਚ ਪਰੋ ਕੇ ਪੇਸ਼ ਕਰਦਾ ਹੈ। ਗੱਲਾਂ ਤਾਂ ਲੇਖਕ ਭਾਵੇਂ ਆਪਣੇ ਆਪ ਨਾਲ ਕਰਦਾ ਹੈ ਪਰ ਕੋਈ ਵਿਅਕਤੀ ਵੀ ਸਮਾਜ ਤੋਂ ਅੱਡ ਨਹੀਂ ਹੁੰਦਾ। ਇਸ ਕਾਰਨ ਉਸ ਦੇ ਜੀਵਨ ਪ੍ਰਗਟਾਅ ਦੇ ਨਾਲ ਨਾਲ ਅਨੇਕਾਂ ਹੋਰ ਪੁਰਸ਼ਾਂ, ਵਹਿਮਾਂ, ਰੁਚੀਆਂ, ਪ੍ਰਵਿਰਤੀਆਂ ਧਾਰਨਾਵਾਂ ਅਤੇ ਸੰਸਕਾਰਾਂ ਦਾ ਪ੍ਰਗਟਾਅ ਵੀ ਹੋ ਜਾਂਦਾ ਹੈ। ਸਾਹਿਤਕਾਰ ਆਪਣੀ ਸਵੈ-ਜੀਵਨੀ ਦੇ ਕੈਨਵਸ ਉਤੇ ਸਮਾਜ ਨੂੰ ਵੀ ਚਿੱਤਰ ਲੈਂਦਾ ਹੈ। ਸੋ ਸਵੈ-ਜੀਵਨੀ, ਲੇਖਕ ਅਤੇ ਉਸ ਦੇ ਸੰਪਰਕ ਵਿਚ ਆਏ ਸਮੁੱਚੇ ਸਮਾਜ ਦਾ ਵੀ ਚਿੱਤਰ ਹੁੰਦਾ ਹੈ।

ਸਵੈ-ਜੀਵਨੀ ਇਤਿਹਾਸ ਨਹੀਂ, ਇਤਿਹਾਸ ਨਿਰੋਲ ਤੱਥਾਂ ਦਾ ਇਕ ਸੰਗ੍ਰਹਿ ਹੁੰਦਾ ਹੈ। ਜਿਸ ਵਿਚ ਇਤਿਹਾਸਕਾਰ ਘਟਨਾਵਾਂ ਦਾ ਵਰਣਨ ਬਿਨਾਂ ਆਪੋ ਦੀ ਛੋਹ ਤੋਂ ਕਰਦਾ ਹੈ, ਸਵੈ-ਜੀਵਨੀ ਇਤਿਹਾਸ ਨਹੀਂ, ਇਸ ਵਿਚ ਲੇਖਕ ਦੀਆਂ ਜੀਵਨ ਘਟਨਾਵਾਂ ਦੇ ਨਾਲ-ਨਾਲ ਉਸ ਦੀ ਆਤਮਾ ਅਤੇ ਹੋਰ ਮਾਨਸਿਕ ਤੱਤਾਂ ਦਾ ਵੀ ਵਰਣਨ ਹੁੰਦਾ ਹੈ। ਇਸ ਲਈ ਸਵੈ-

ਜੀਵਨੀ ਕਿਸੇ ਲੇਖਕ ਦੇ ਜੀਵਨ-ਤੱਥ ਹੁੰਦਿਆਂ ਵੀ ਇਤਿਹਾਸ ਨਹੀਂ। ਇਸ ਕਰਕੇ ਹਰ ਵਿਅਕਤੀ ਸਵੈ-ਜੀਵਨੀ ਦਾ ਰਚੇਤਾ ਨਹੀਂ ਹੋ ਸਕਦਾ, ਕੋਈ ਭਰਿਆ ਭਾਂਡਾ ਹੀ ਲੋਕਾਂ ਨੂੰ ਕੁਝ ਦੇ ਸਕਦਾ ਹੈ। ਆਦਰਸ਼ਹੀਣ ਮਨੁੱਖ, ਜੋ ਦੰਭ ਅਤੇ ਚੁਸਤੀ ਨਾਲ ਕੋਈ ਉੱਚ ਪਦਵੀ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਲੋਕਾਂ ਨੂੰ ਕੀ ਦੇ ਸਕਦਾ ਹੈ ?ਸੋ ਚੰਗਾ ਸਵੈ-ਜੀਵਨੀ ਲੇਖਕ ਆਪਣੇ ਭਰੇ ਭਾਂਡੇ ਵਿਚੋਂ ਪਾਠਕ ਨੂੰ ਜਰੂਰ ਕੁਝ ਨਾ ਕੁਝ ਦੇਂਦਾ ਹੈ। ਪਾਠਕ ਉਸ ਦੀਆਂ ਅਸਫਲਤਾਵਾਂ ਸਫਲਤਾਵਾਂ ਅਤੇ ਜੀਵਨ ਦੀਆਂ ਘਟਨਾਵਾਂ ਤੋਂ ਬਹੁਤ ਕੁਝ ਗ੍ਰਹਿਣ ਕਰਦਾ ਹੈ ਅਤੇ ਉਨ੍ਹਾਂ ਕੌੜੇ ਤਜਰਬਿਆਂ ਤੋਂ ਕਿਨਾਰਾਕਸ਼ੀ ਕਰਦਾ ਹੈ ਜਿਨ੍ਹਾਂ ਕਾਰਨ ਲੇਖਕ ਨੂੰ ਅਸਫਲਤਾ ਹੋਈ ਹੋਵੇ। ਮਨੁੱਖ, ਮਨੁੱਖ ਤੋਂ ਬਹੁਤ ਕੁਝ ਸਿਖਦਾ ਹੈ। ਸਫਲ ਮਨੁੱਖ ਦੀ ਸਵੈ-ਜੀਵਨੀ ਸਮਾਜ ਦੇ ਬਾਕੀ ਲੋਕਾਂ ਲਈ ਰਹਿਨੁਮਾਈ ਦਾ ਕੰਮ ਕਰਦੀ ਹੈ।

"ਨੰਗੇ ਪੈਰਾਂ ਦਾ ਸਫ਼ਰ" ਡਾ. ਦਲੀਪ ਕੌਰ ਟਿਵਾਣਾ ਦੀ ਸਵੈ-ਜੀਵਨੀ ਦਾ ਪ੍ਰਥਮ ਭਾਗ ਹੈ। ਉਸ ਨੇ ਇਸ ਦੇ ਤਿੰਨ ਹੋਰ ਭਾਗ ਲਿਖਣੇ ਹਨ। ਦੂਸਰੇ ਭਾਗ ਨੂੰ ਉਹ ਸਿਖਰ ਦੁਪਹਿਰੇ ਦੇ ਨਾਮ ਨਾਲ ਲਿਖੇਗੀ । ਦੂਸਰੀ ਪੁਸਤਕ ਉਸ ਨੇ "ਪੂਛਤੇ ਹੋ ਤੋ ਸੁਨੋ" ਸਾਹਿਤਕ ਸਵੈ-ਜੀਵਨੀ ਦੇ ਰੂਪ ਵਿਚ ਲਿਖੀ ਹੈ। ਇਸ ਵਿਚ ਉਹ ਸਿਖਰ ਦੁਪਹਿਰੇ ਬਾਰੇ ਲਿਖਦੀ ਹੈ ਕਿ ਸਿਖਰ ਦੁਪਹਿਰ ਨੂੰ ਤਾਂ ਉਹ ਭੁੱਲ ਜਾਣਾ ਚਾਹੁੰਦੀ ਹੈ।

"ਨੰਗੇ ਪੈਰਾਂ ਦਾ ਸਫਰ" ਨੂੰ ਟਿਵਾਣਾ ਨੇ ਨਿਵੇਕਲੀ ਸ਼ੈਲੀ ਵਿਚ ਲਿਖਿਆ ਹੈ। ਜਿਵੇਂ ਜਿਵੇਂ ਮਨ ਵਿਚ ਅਤੀਤ ਦੇ ਵਿਚਾਰ ਆਏ, ਤਿਵੇਂ ਤਿਵੇਂ ਉਸ ਨੇ ਉਨ੍ਹਾਂ ਵਿਚਾਰਾਂ ਨੂੰ ਲਿਖ ਦਿੱਤਾ। ਇਸ ਸਵੈ-ਜੀਵਨੀ ਉਤੇ ਕੋਈ ਅਕਾਦਮਿਕ ਪਰਿਭਾਸ਼ਾ ਲਾਗੂ ਨਹੀਂ ਕੀਤੀ ਜਾ ਸਕਦੀ। ਹਰ ਲੇਖਕ ਦਾ ਆਪਣਾ ਲਿਖਣ ਤੇ ਸੋਚਣ ਢੰਗ ਹੁੰਦਾ ਹੈ। ਜੇ ਉਹ ਸਵੈ-ਜੀਵਨੀ ਬਾਰੇ ਅਕਾਦਮਿਕ ਪਰਿਭਾਸ਼ਾ ਨੂੰ ਹੀ ਸਨਮੁਖ ਰੱਖ ਕੇ ਆਪਣੀ ਸਵੈ-ਜੀਵਨੀ ਦੀ ਸਿਰਜਣਾ ਕਰੇਗਾ ਤਾਂ ਉਸ ਵਿਚੋਂ ਵਿਚਾਰ ਤੇ ਭਾਵੁਕਤਾ ਲੋਪ ਹੋ ਜਾਵੇਗੀ।

ਸਵੈ-ਜੀਵਨੀ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਕੋਈ ਪਰਿਭਾਸ਼ਾ ਨਹੀਂ ਸਥਾਪਤ ਹੁੰਦੀ ਸਗੋਂ ਲੇਖਕ ਦੇ ਲਿਖਣ ਢੰਗ ਵਿਚੋਂ ਹੀ ਇਹ ਸਿਰਜੀ ਜਾਂਦੀ ਹੈ।

ਟਿਵਾਣਾ "ਨੰਗੇ ਪੈਰਾਂ ਦਾ ਸਫਰ" ਵੀ ਇਸੇ ਕਰਕੇ ਹੀ ਕਰਦੀ ਹੈ ਕਿਉਂਕਿ ਉਸ ਦੀ ਸੋਚਣੀ ਅਤੇ ਸ਼ਖ਼ਸੀਅਤ ਵਿਚ ਇਕ ਫ਼ਕੀਰੀ ਰੋਗ ਹੈ ਜਿਸ ਕਰਕੇ ਉਸ ਦੇ ਮਨ ਦੀਆਂ ਤਰੰਗਾਂ ਜਿਸ ਪਾਸੇ ਨੂੰ ਉਛਾਲਾ ਦੇ ਗਈਆਂ ਉਸੇ ਪਾਸੇ ਹੀ ਉਹ ਵਹਿ ਤੁਰੀਆਂ। ਉਸ ਦਾ ਲਿਖਣ ਢੰਗ ਵੀ ਨਿਵੇਕਲਾ ਹੈ ਜਿਸ ਵਿਚੋਂ ਉਸ ਦੇ ਮਨ-ਦਰਪਣ ਉਤੇ ਝਾਤੀ ਪੈਂਦੀ ਹੈ। ਉਹ

ਮੁੱਢ ਤੋਂ ਹੀ ਕੁਝ ਭਾਲ ਕਰਦੀ ਪ੍ਰਤੀਤ ਹੁੰਦੀ ਹੈ। ਇਹ ਉਸ ਦੀ ਸਵੈ ਦੀ ਭਾਲ ਹੈ। ਸਵੈ ਤੋਂ ਉਹ ਅਨੰਤ ਤਕ ਪੁੱਜਣਾ ਲੋੜਦੀ ਹੈ।

ਸਾਡੇ ਕਿੱਸਾਕਾਰ ਨੇ ਆਪਣੇ ਕਿੱਸਿਆਂ ਵਿਚ ਕਿਤੇ ਕਿਤੇ ਆਪਣੀ ਜਾਣ ਪਹਿਚਾਣ ਕਰਵਾਈ ਹੈ ਪਰ ਇਹ ਜੀਵਨੀ ਦੇ ਘੇਰੇ ਵਿਚ ਨਹੀਂ ਆਉਂਦੀ। ਇਹ ਕੇਵਲ ਉਨ੍ਹਾਂ ਦੀ ਜਾਣ-ਪਹਿਚਾਣ ਤਕ ਹੀ ਸੀਮਤ ਸੀ।

ਭਾਰਤੀ ਸਾਹਿਤਕਾਰਾਂ ਵਿਚ ਆਪਣਾ ਜੀਵਨ ਆਪ ਲਿਖਣ ਦੀ ਕੋਈ ਪ੍ਰਥਾ ਨਹੀਂ ਸੀ। ਕੇਵਲ ਵੀਰਾਂ ਦੀ ਵੀਰਤਾ ਦੇ ਗੁਣ ਗਾਇਨ ਕਰਨ ਦਾ ਰਿਵਾਜ ਸੀ। ਬੀਰ ਰਸੀ ਵਾਰਾਂ ਜਾਂ ਪਸੰਗਾਂ ਨੂੰ ਬੜੀ ਅਲੰਕਾਰਕ ਵਿਧੀ ਨਾਲ ਗਾਇਨ ਕਰਕੇ ਬੀਰਤਾ ਨੂੰ ਹੋਰਨਾਂ ਵਿਚ ਉਪਜਾਇਆ ਜਾਂਦਾ ਸੀ। ਉਹ ਕਾਲ ਬੀਰਤਾ ਉਪਜਾਣ ਦਾ ਕਾਲ ਸੀ।

ਸਾਮੀ ਅਤੇ ਅੰਗੇਜ਼ੀ ਸਾਹਿਤ ਤੇ ਸਭਿਆਚਾਰ ਵਿਚ ਸਵੈ-ਜੀਵਨੀ ਲਿਖਣ ਦਾ ਰਿਵਾਜ ਪ੍ਰਚਲਿਤ ਸੀ। ਮੁਗਲ ਸ਼ਾਸਕ ਆਪਣੀ ਸਵੈ-ਜੀਵਨੀ ਲਿਖਦੇ ਆਏ ਹਨ। ਡਾ ਗੰਡਾ ਸਿੰਘ ਦਾ ਮਤ ਹੈ ਕਿ ਸਾਡੇ ਸਵੈ-ਜੀਵਨੀ ਦੀ ਘਾਟ ਦਾ ਕਾਰਨ ਪੁਰਥਲਾ ਦਿਸਟੀਕੇਟ ਹੈ। ਭਾਰਤੀ ਲੋਕ ਬਹੁਤੀਆਂ ਜੁਨਾ ਅਤੇ ਸਮੇਂ ਦੀ ਅਨੰਤਕਤਾ ਦੇ ਵਿਸ਼ਵਾਸੀ ਹਨ ਪ੍ਰੇਤ ਸਾਮੀ ਵਿਚਾਰਧਾਰਾ ਇਸ ਦੇ ਵਿਪਰੀਤ ਦੇ ਸਾਮੀ ਲੋਕਾਂ ਲਈ ਵਿਅਕਤੀ ਦੀ ਕੇਵਲ ਇਕ ਹੀ ਜਿੰਦਗੀ ਹੈ। ਇਸ ਲਈ ਉਹ ਹਰ ਮਹੱਤਵਪੂਰਨ ਜਿੰਦਗੀ ਦੇ ਨਿੱਕੇ ਨਿੱਕੇ ਵੇਰਵੇ ਨੇ ਸੰਭਾਲਣ ਦੀ ਕੋਸ਼ਿਸ਼ ਵਿਚ ਮਸਰੂਫ਼ ਰਹਿੰਦੇ ਹਨ। ਭਾਰਤੀ ਸਦਾ ਆਪਣੇ ਆਪ ਨੂੰ ਨਾਸ਼ਵਾਨ ਮੰਨਦੇ ਆਏ ਹਨ। ਉਹ ਆਤਮਾ ਤੇ ਬ੍ਰਹਮ ਉਤੇ ਹੀ ਆਪਣਾ ਦਰਸ਼ਨ ਕੇਂਦਰਿਤ ਕਰਦੇ ਆਏ ਹਨ। ਇਸ ਕਰਕੇ ਭਾਰਤੀ ਦਾਰਸ਼ਨਿਕਾਂ ਤੇ ਸਾਹਿਤਕਾਰਾਂ ਦੀ ਸਵੈ-ਜੀਵਨੀ ਦੇ ਹੀ ਰਹੀ ਹੈ, ਪੰਜਾਬ ਵਿਚ ਸਭ ਸਵੈ-ਜੀਵਨੀ ਦੇ ਲੇਖਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ ਜਿਨ੍ਹਾਂ ਬਚਿੱਤਰ ਨਾਟਕ ਵਿਚ ਆਪਣੇ ਜੀਵਨ ਦੇ ਮੁਖ ਉਦੇਸਾਂ ਨੂੰ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ। ਉਨ੍ਹਾਂ ਦੀ ਇਹ ਸਵੈ-ਜੀਵਨੀ ਸਭ ਲਈ ਪ੍ਰੇਰਨਾ ਸ੍ਰੋਤ ਹੈ। ਇਸ ਸਵੈ-ਜੀਵਨੀ ਦਾ ਸਾਹਿਤਕ ਮਹੱਤਵ ਵੀ ਬਹੁਤ ਹੈ। ਭਾਰਤ ਵਿਚ ਇਸ 'ਬਚਿੱਤਰ ਨਾਟਕ' ਦੇ ਤੁਲ ਹੋਰ ਕੋਈ ਗ੍ਰੰਥ ਨਹੀਂ, ਇਸ ਗ੍ਰੰਥ ਨੇ ਸਵੈ-ਜੀਵਨੀ ਲਿਖਣ ਦੇ ਖੇਤਰ ਵਿਚ ਨਵੇਂ ਪੂਰਨੇ ਪਾਏ ਹਨ।

"ਐਨਸਾਈਕਲੋਪੀਡੀਆ ਬ੍ਰਿਟੈਨਿਕਾ" ਨੇ ਸਵੈ-ਜੀਵਨੀ ਦੀ ਪਰਿਭਾਸ਼ਾ ਦੇਂਦਿਆ ਲਿਖਿਆ ਹੈ ਕਿ ਸਵੈ-ਜੀਵਨੀ ਵਿਅਕਤੀ ਦੀ ਆਪ ਲਿਖੀ ਜੀਵਨੀ ਹੁੰਦੀ ਹੈ। ਇਸ ਵਿਚ ਉਸ ਦਾ ਆਪਾ ਅਤੇ ਜੀਵਨ ਘਟਨਾਵਾਂ ਦੀ ਲੜੀ ਹੁੰਦੀ ਹੈ। " ਸਵੈ-ਜੀਵਨੀ ਦੇ ਕਈ ਪ੍ਰੇਰਨਾ ਸ੍ਰੋਤ ਹੁੰਦੇ ਹਨ। ਉਸ ਦੇ ਕੁਝ ਪੱਖ ਇਸ ਪ੍ਰਕਾਰ ਹਨ : ਸਵੈ-ਰੱਖਿਆ ਲਈ, ਆਪਣੇ ਕਾਰ

ਵਿਹਾਰ ਨੂੰ ਉਚਿਤ ਘੋਸ਼ਿਤ ਕਰਨ ਲਈ, ਆਪਣੇ ਸੰਸਕਾਰਾਂ ਅਤੇ ਜੀਵਨ ਘਟਨਾਵਾਂ ਨੂੰ ਮੁੜ ਲਿਖਤ ਰਾਹੀਂ ਸਾਕਾਰ ਕਰਨ ਲਈ, ਆਪਣੇ ਅਨੁਭਵ ਦੂਜਿਆਂ ਲਈ ਪੱਥ-ਦਰਸ਼ਕ ਬਣਾਉਣ ਲਈ, ਸੰਸਾਰ ਨੂੰ ਨਵੀਂ ਸੇਧ ਦੇਣ ਲਈ ਅਤੇ ਰਚਨਾਤਮਕ ਗਤੀ ਵਿਧੀ ਲਈ। ਸਵੈ-ਜੀਵਨੀ ਸਾਹਿਤ ਦਾ ਮਹੱਤਵਪੂਰਨ ਅੰਗ ਹੈ। ਇਸ ਵਿਚ ਜੀਵਨ ਦੀ ਸਹੀ ਤੇ ਨਰੋਈ ਗਤੀ ਉਪਲਬਧ ਹੁੰਦੀ ਹੈ।

ਪੰਜਾਬੀ ਵਿਚ ਸਵੈ-ਜੀਵਨੀ ਸਾਹਿਤ ਦੀ ਰਚਨਾ ਗਿਣਾਤਮਕ ਰੂਪ ਵਿਚ ਭਾਵੇਂ ਘਟ ਹੋਈ ਹੈ ਪਰ ਗੁਣਾਤਮਕ ਰੂਪ ਵਿਚ ਇਹ ਸੰਸਾਰ ਸਾਹਿਤ ਨਾਲ ਆਪਣਾ ਮੌਂਕਾ ਮੇਲਦੀ ਹੈ। ਸਾਡੇ ਪੰਜਾਬੀ ਸਾਹਿਤਕਾਰਾਂ ਨੇ ਆਪਣੇ ਜੀਵਨ ਦਰਪਣ ਤੇ ਪਰਦਾ ਹਟਾ ਕੇ ਆਪਣੇ ਹਿਰਦੇ ਉਤੇ ਝਾਤ ਪੁਆਉਣ ਦਾ ਸਫਲ ਯਤਨ ਕੀਤਾ ਹੈ। ਕੁਝ ਕੁ ਵਿਸ਼ੇਸ਼ ਸਾਹਿਤਕਾਰਾਂ ਦੇ ਨਾਵਾਂ ਦਾ ਵਰਣਨ ਅਸੀਂ ਕਰਨਾ ਚਾਹਾਂਗੇ :

ਗੁਰਬਖਸ਼ ਸਿੰਘ ਪ੍ਰੀਤਲੜੀ - ਮੇਰੀਆਂ ਅਭੁੱਲ ਯਾਦਾਂ, 1947

ਨਾਨਕ ਸਿੰਘ - ਮੇਰੀ ਦੁਨੀਆ, 1948

ਪਿਆਰਾ ਸਿੰਘ ਦਾਤਾ - ਆਪ ਬੀਤੀਆਂ, 1952

ਤੇਜਾ ਸਿੰਘ -ਆਰਸੀ, 1952

ਮਾਸਟਰ ਤਾਰਾ ਸਿੰਘ, ਮੇਰੀਆਂ ਯਾਦਾ, 1955

ਹੀਰਾ ਸਿੰਘ ਦਰਦ - ਮੇਰੀਆਂ ਕੁਝ ਇਤਿਹਾਸਕ ਯਾਦਾਂ, 1956

ਦੀਵਾਨ ਸਿੰਘ ਮਕਤੂਲ - ਨਾ ਕਾਬਲੇ ਫਰਾਮੋਸ਼, 1957

ਦੀਵਾਨ ਸਿੰਘ ਮਕਤੂਲ-ਹੱਡ ਬੀਤੀਆਂ, 1959

ਗੁਰਬਖਸ਼ ਸਿੰਘ - ਮੇਰੀ ਜੀਵਨ ਕਹਾਣੀ (ਤਿੰਨ ਭਾਗ), 1959

ਸੋਹਣ ਸਿੰਘ ਭਕਨਾ - ਜੀਵਨ ਸੰਗਰਾਮ, 1967

ਅੰਮ੍ਰਿਤਾ ਪ੍ਰੀਤਮ - ਰਸੀਦੀ ਟਿਕਟ, 1976

ਦਲੀਪ ਕੌਰ ਟਿਵਾਣਾ - ਨੰਗੇ ਪੈਰਾਂ ਦਾ ਸਫ਼ਰ, 1980

ਬਲਵੰਤ ਗਾਰਗੀ – ਨੰਗੀ ਧੁੱਪ, 1980

ਅਜੀਤ ਕੌਰ - ਖਾਨਾ ਬਦੋਸ਼, 1983

ਮਹਿੰਦਰ ਸਿੰਘ ਰੰਧਾਵਾ - ਆਪ ਬੀਤੀ, 1985

ਕਰਤਾਰ ਸਿੰਘ ਦੁੱਗਲ - ਕਿਸ ਪਹਿ ਖੋਲੇ ਗੰਢੜੀ, 1986

ਜਸਵੰਤ ਸਿੰਘ ਰਾਹੀ - ਮੈਂ ਜੀਵਨ ਕਿਵੇਂ ਜੀਵਿਆ

ਬਲਰਾਜ ਸਾਹਨੀ - 1. ਮੇਰੀ ਫਿਲਮੀ ਆਤਮ ਕਥਾ

2. ਮੇਰੀ ਗੈਰ ਜਜ਼ਬਾਤੀ ਡਾਇਰੀ

ਪ੍ਰਭਜੋਤ ਕੌਰ - ਜੀਣਾ ਵੀ ਇਕ ਅਦਾ ਹੈ

ਡਾ. ਦੀਵਾਨ ਸਿੰਘ - ਮੇਰਾ ਜੀਵਨ ਪੰਧ

ਸਰਦਾਰਾ ਸਿੰਘ ਜੌਹਲ - ਰੰਗਾਂ ਦੀ ਗਾਗਰ

ਅਜੀਤ ਸਿੰਘ ਰਾਹੀ - ਅੱਧੀ ਸਦੀ ਦਾ ਸਫ਼ਰ

ਹਰਭਜਨ ਸਿੰਘ - ਚੋਲਾ ਟਾਕੀਆਂ ਵਾਲਾ

ਕੈਲਾਸ਼ਪੁਰੀ - ਬਾਰ ਜਾਉਂ ਲਖ ਬਰੀਆ।

ਪਿਛਲੇ ਸਾਲਾਂ ਵਿਚ ਪੰਜਾਬੀ ਯੂਨੀਵਰਸਿਟੀ ਵੱਲੋਂ ਦਸ ਦੇ ਕਰੀਬ ਸਵੈ-ਜੀਵਨੀਆਂ ਪ੍ਰਕਾਸ਼ਿਤ ਹੋਈਆਂ ਹਨ। ਪੰਜਾਬੀ ਸਾਹਿਤ ਵਿਚ ਗਿਣਾਤਮਕ ਪੱਖੋਂ ਭਾਵੇਂ ਥੋੜ੍ਹੀਆਂ ਸਵੈ-ਜੀਵਨੀਆਂ ਰਚੀਆਂ ਗਈਆਂ ਹਨ ਪਰ ਗੁਣਾਤਮਕ ਪੱਧਰ ਤੋਂ ਇਹ ਸਾਹਿਤ ਪ੍ਰੀ ਵਿਸ਼ੇਸ਼ ਦੇਣ ਹਨ। ਉਕਤ ਸਵੈ ਜੀਵਨੀਆਂ ਆਪਣੀ ਨਿਵੇਕਲੀ ਦ੍ਰਿਸ਼ਟੀ ਕਾਰਨ ਪੰਜਾਬੀ ਜੀਵਨ ਸਾਹਿਤ ਵਿਚ ਵਿਸ਼ੇਸ਼ ਸਥਾਨ ਰੱਖਦੀਆਂ ਹਨ। ਕੁਝ ਸਵੈ ਜੀਵਨੀਆਂ ਵਿਚ ਗਲਪੀਕਰਣ ਵੀ ਹੋਇਆ ਹੈ। ਇਹ ਸਵੈ-ਜੀਵਨੀਆਂ ਲੇਖਿਕਾ ਦੀ ਆਤਮਕ ਜ਼ਿੰਦਗੀ ਦੀ ਗਤੀ ਉਤੇ ਆਧਾਰਿਤ ਹਨ। ਉਨ੍ਹਾਂ ਦੀ ਆਤਮਾ ਦੇ ਧੀਮੇ ਬਲ ਇਨ੍ਹਾਂ ਵਿਚੋਂ ਸੁਣਾਈ ਦੇਂਦੇ ਹਨ। ਤੇਬ ਤੇ ਸੱਚ ਦੇ ਸੰਗਮ ਨਾਲ ਹੀ ਸਵੈ-ਜੀਵਨੀ ਲਿਖਣਾ ਕੋਈ ਸਫਲ ਕੰਮ ਨਹੀਂ। ਇਕ ਸਫਲ ਸਵੈ-ਜੀਵਨੀ ਹੋਂਦ ਵਿਚ ਆਉਂਦੀ ਹੈ। ਭਾਵ ਲਖਕ ਦਾ ਆਪਾ ਉਸ ਦੇ ਹਰ ਅੱਖਰ ਵਿਚ ਓਤਪੋਤ ਹੁੰਦਾ ਹੈ ਪਰ ਉਹ ਆਪਣੇ ਮਨ ਦਰਪਣ ਨੂੰ ਛਿਪਾ ਕੇ ਰੱਖਦਾ ਹੈ। ਪਾਠਕ ਵਰਗ ਲੇਖਕ ਬਾਰੇ ਬਹੁਤ ਸਾਰੀਆਂ ਕਿਆਸ ਅਰਾਈਆਂ ਲਾਉਂਦਾ ਹੈ। ਲਖਕ ਦੀ ਖਾਨਾ ਵੀ ਆਲੋਚਨਾ ਕਰਨ ਸਮੇਂ ਆਲੋਚਕ ਨੂੰ ਉਸ ਬਾਰੇ ਜਾਣਨਾ ਜਰੂਰੀ ਹੈ ਕਿ ਜਿਸ ਰਚਨਾ ਬਾਰੇ ਉਹ ਆਲੋਚਨਾ ਕਰ ਰਿਹਾ ਹੈ ਇਹ ਰਚਨਾ ਕਿਸ ਵੇਲੇ ਅਤੇ ਅਸਰ ਹੇਠਾ ਹੋਈ। ਇਸ ਨੂੰ ਵੇਖਦਿਆਂ ਸਵੈ-ਜੀਵਨੀ ਇਕ ਅਤਿ ਲਾਭਦਾਇਕ ਚੀਜ ਬਣ ਜਾਂਦੀ ਹੈ। ਜਦੋਂ ਇਸੀ ਦਲੀਪ ਕੌਰ ਟਿਵਾਣਾ ਦੇ ਗਲਪ ਦਾ ਮੁੱਲਾਂਕਣ ਕਰਨ ਲਗਦੇ ਹਾਂ ਤਾਂ 'ਨੰਗੇ ਪੈਰਾਂ ਦਾ ਸਫਰ' ਅਤੇ 'ਪੂਛਤੇ ਹੋ ਤੋ ਸੁਨੇਂ' ਸਾਨੂੰ ਪੂਰੀ ਤਰ੍ਹਾਂ ਮਾਰਗ ਦਰਸਾ ਕੇ ਰਚਨਾ ਦੀ ਧੁਰ ਤਹਿ ਤਕ ਲੈ ਜਾਂਦੀਆਂ ਹਨ।

ਟਿਵਾਣਾ ਦੀ ਸਵੈ-ਜੀਵਨੀ 'ਨੰਗੇ ਪੈਰਾਂ ਦਾ ਸਫ਼ਰ' ਦੇ ਸਤਾਈ ਕਾਂਡ ਹਨ। ਭਾਵੇਂ ਲੇਖਿਕਾ ਨੇ ਇਸ ਵਿਚ ਘਟਨਾਵਾਂ ਦੀਆਂ ਤਾਰੀਖਾਂ ਆਦਿ ਦਾ ਕੋਈ ਵਿਸ਼ੇਸ਼ ਵੇਰਵਾ ਨਹੀਂ ਦਿੱਤਾ ਪਰ ਇਸ ਦੀ ਅੰਦਰਲੀ ਸਮੱਗਰੀ ਨੂੰ ਵਾਚਣ ਤੋਂ ਅਸੀਂ ਵੇਖਦੇ ਹਾਂ ਕਿ ਉਸ ਦੀ ਇਸ ਸਵੈ-ਜੀਵਨੀ ਦਾ ਘੇਰਾ 1935 ਈ. ਤੋਂ ਲੈ ਕੇ 1980 ਈ. ਤਕ ਫੈਲਿਆ ਹੋਇਆ ਹੈ। ਇਨ੍ਹਾਂ 45 ਸਾਲਾਂ ਦੀ ਜੀਵਨ ਦੀ ਲੜੀ ਨੂੰ ਉਸ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਵਰਣਨ ਕੀਤਾ ਹੈ। ਉਸ ਦੀ ਕਲਮ ਦਾ ਇਹ ਮੀਰੀ ਗੁਣ ਹੈ ਕਿ ਉਸ ਨੇ ਇਸ ਦੇ ਰੰਗ ਨੂੰ ਕਿਤੋਂ ਵੀ ਫਿੱਕਾ ਨਹੀ ਪੈਣ ਦਿੱਤਾ ਅਤੇ ਆਪਣੇ ਵਰਣਨ ਨੂੰ ਕੁਝ ਹੀ ਸ਼ਬਦ ਛੋਹਾਂ ਨਾਲ ਰੂਪਮਾਨ ਕਰ ਦਿੱਤਾ ਹੈ। ਜਿਸ ਵਿਚੋਂ ਉਸ ਦੇ ਗਲਪ ਦੀ ਨੁਹਾਰ ਧੀਮੀ ਗਤੀ ਵਿਚ ਨਿਸਰਦੀ ਹੈ।

ਲੇਖਿਕਾ ਦੇ ਜਨਮ ਤੋਂ ਲੈ ਕੇ ਰਚਨਾਤਮਕ ਅਨੁਭਵ ਉਤੇ ਜਿਹੜੇ ਪ੍ਰਭਾਵ ਪਏ, ਉਨ੍ਹਾਂ ਦਾ ਵੇਰਵਾ ਬੜੇ ਸੰਪੂਰਨ ਤੇ ਸੱਜਰੇ ਢੰਗ ਦੁਆਰਾ, ਸੱਚ ਤੇ ਤੱਥ ਸਾਨੂੰ ਸਵੈ-ਜੀਵਨੀ ਵਿਚੋਂ ਪ੍ਰਾਪਤ ਹੁੰਦਾ ਹੈ। ਉਸ ਦੀ ਸ਼ਖ਼ਸੀਅਤ ਨੂੰ ਘੜਨ ਤੇ ਉਸਾਰਨ ਵਿਚ ਉਸ ਦੀ ਦਾਦੀ ਦਾ ਬਹੁਤ ਹਿੱਸਾ ਹੈ। ਉਸ ਦੀ ਦਾਦੀ ਪਿੰਡ ਦੇ ਜੀਵਨ ਅਤੇ ਜਾਗੀਰਦਾਰੀ ਜੀਵਨ ਦਰਮਿਆਨ ਇਕ ਪੁਲ ਸੀ। ਜਿਸ ਨੇ ਉਸ ਨੂੰ ਆਪਣੇ ਪਿੰਡ ਨਾਲੋਂ ਟੁੱਟਣ ਨਹੀਂ ਦਿੱਤਾ।

ਉਸ ਦੇ ਜੀਵਨ ਦੇ ਪਹਿਲੇ ਕੁਝ ਵਰ੍ਹੇ ਉਸ ਦੀ ਸ਼ਖ਼ਸੀਅਤ ਦੇ ਨਿਰਮਾਣ ਵਿਚ ਮਹੱਤਵਪੂਰਨ ਹਿੱਸਾ ਪਾਉਂਦੇ ਹਨ। ਉਸ ਦੇ ਫੁੱਫੜ ਜਿਹੜੇ ਪਟਿਆਲਾ ਦਰਬਾਰ ਵਿਚ ਬੜ ਮਹੱਤਵਪੂਰਨ ਅਹੁਦੇ ਉਤੇ ਸਨ, ਉਨ੍ਹਾਂ ਦੇ ਘਰ ਕੋਈ ਔਲਾਦ ਨਹੀਂ ਸੀ। ਉਨ੍ਹਾਂ ਦਲੀਪ ਕੌਰ ਨੂੰ ਗੋਦ ਲੈ ਲਿਆ। ਇਹ ਉਸ ਸਮੇਂ ਮਸਾਂ ਤੁਰਨ ਹੀ ਸਿੱਖੀ ਸੀ। ਉਸ ਦੇ ਭੂਆ ਜੀ, ਬੇਜੀ ਤੇ ਫੁੱਫੜ ਦੀ ਪਹਿਲੀ ਪਤਨੀ ਉਸ ਦੇ ਵੱਡੇ ਬੇਜੀ ਸਨ। ਉਥੇ ਨਾ ਕੋਈ ਪਿਆਰਾ ਸੀ ਨਾ ਦੁਪਿਆਰਾ। ਸਭ ਹੀ ਆਪਣੇ ਸਨ ਤੇ ਸਨ ਹੀ ਬੇਗਾਨੇ । ਉਸ ਘਰ ਵਿਚ ਸਦਾ ਗਹਿਮਾ ਗਹਿਮੀ ਰਹਿੰਦੀ ਸੀ।

ਉਹ ਲਿਖਦੀ ਹੈ : ਨੰਗੇ ਪੈਰੀ ਫਿਰਨਾ ਮੈਨੂੰ ਬੇਹੱਦ ਪਸੰਦ ਹੈ। ਕਈ ਤਰ੍ਹਾਂ ਦੇ ਭੋਜਨਾ, ਪਦਾਰਥਾਂ ਜਾਂ ਚਟਨੀ ਨਾਲ ਰੋਟੀ ਖਾ ਲੈਣ ਵਿਚ ਮੈਨੂੰ ਕੋਈ ਫਰਕ ਨਹੀਂ ਲੱਗਦਾ। ਪਾਪੀਆਂ ਨੂੰ ਤੱਤੇ ਤੇਲ ਦੇ ਕੜਾਹੇ ਵਿਚ ਤਲਿਆ ਜਾਣਾ, ਅੰਗਿਆਰਾ ਉਤੇ ਤੁਰਨਾ, ਪੁੱਠੇ ਲਟਕੇ ਹੋਣਾ ਤੇ ਕੋਹੜੇ ਪੈਂਦੇ ਮੈਨੂੰ ਅਜੇ ਯਾਦ ਹਨ। ਜਾਣਦਿਆਂ ਹੋਇਆਂ ਵੀ ਕਿ ਪੈਸਾ ਕੰਮ ਦੀ ਚੀਜ਼ ਹੈ,

ਪੈਸੇ ਲਈ ਕੋਈ ਮੋਹ ਨਹੀਂ ਉਪਜਦਾ ਤੇ ਅੱਜ ਵੀ ਜਦੋਂ ਕਦੇ ਸਾਡੇ ਸ੍ਰੀਮਾਨ ਜੀ ਮਾੜਾ ਜਿਹਾ ਆਕੜ ਕੇ ਬੋਲਦੇ ਹਨ ਤਾਂ ਮੈਂ ਡਰ ਜਾਂਦੀ ਹਾਂ, ਭਾਵੇਂ ਜਾਣਦੀ ਹਾਂ ਕਿ ਡਰਨ ਵਾਲੀ ਕੋਈ ਗੱਲ ਨਹੀਂ। ਇਹ ਸ਼ਾਇਦ ਉਸ ਅਮੀਰ ਘਰ ਵਿਚ ਰਹਿਣ ਵਾਲੀ ਗਰੀਬ ਔਰਤ ਦਾ ਮੇਰੇ ਸਿਰ ਰਿਣ ਸੀ। ਉਸ ਘਰ ਦੀ ਧੀ ਹੋਣ ਕਰਕੇ, ਜਿਹੜੀ ਮੈਂ ਚੁੱਕਾ ਰਹੀ ਹਾਂ। ਤੇ ਮੈਨੂੰ ਲਗਦਾ ਹੈ ਉਸ ਅਮੀਰ ਘਰ ਦੇ ਹਰ ਬੰਦੇ ਨੇ ਉਸ ਗਰੀਬ ਔਰਤ ਦਾ ਕੁਝ ਨਾ ਕੁਝ ਦੇਣਾ ਹੈ।

ਇਸ ਹਵਾਲੇ ਵਿਚ ਟਿਵਾਣਾ ਦੀ ਸ਼ਖਸੀਅਤ ਦੇ ਮਹੱਤਵਪੂਰਣ ਪੱਖ ਨਿਖਰਦੇ ਹਨ। ਉਸ ਦੀ ਸ਼ਖ਼ਸੀਅਤ ਦੀ ਇਹ ਵਡਿੱਤਣ ਹੈ ਕਿ ਉਹ ਮੂੰਹ ਦੇ ਸੁਆਦ ਤੋਂ ਬੇ-ਪ੍ਰਵਾਹ ਹੈ। ਉਸ ਲਈ ਵਧੀਆ ਭੋਜਨ ਤੇ ਚਟਨੀ ਨਾਲ ਰੋਟੀ ਖਾਣ ਵਿਚ ਕੋਈ ਅੰਤਰ ਨਹੀਂ। ਉਸ ਦੇ ਮਨ ਵਿਚ ਇਹ ਗੱਲ ਬੈਠ ਗਈ ਹੈ ਕਿ ਜਿਹੜਾ ਵਿਅਕਤੀ ਪਾਪ ਕਰਦਾ ਹੈ ਉਸ ਨੂੰ ਉਸ ਪਾਪ ਬਦਲੇ ਕਰੜਾ ਦੰਡ ਮਿਲਦਾ ਹੈ। ਉਹ ਪੈਸਿਆਂ ਤੋਂ ਬੇਪ੍ਰਵਾਹ ਹੈ।

ਉਸ ਦੀ ਇਸ ਸ਼ਖ਼ਸੀਅਤ ਦੇ ਅੰਗ ਉਸ ਦੀਆਂ ਕਹਾਣੀਆਂ ਅਤੇ ਨਾਵਲਾਂ ਦੀਆਂ ਨਾਇਕਾਵਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਉਘੜਦਾ ਹੈ। ਟਿਵਾਣਾ ਜਾਗੀਰਦਾਰੀ ਵਾਤਾਵਰਨ ਵਿਚ ਪਲਣ ਕਰਕੇ ਆਪਣੇ ਪਿਤਾਮਾ ਦੇ ਸਾਹਮਣੇ ਸਦਾ ਚੁੱਪ ਚਾਪ ਰਹੀ ਹੈ। ਇਸ ਤਰ੍ਹਾਂ ਹੀ ਉਸ ਦੀਆਂ ਨਾਇਕਾਵਾਂ ਵਿਆਹ ਪ੍ਰਥਾ ਦੀਆਂ ਪਾਬੰਦ ਅਤੇ ਪਤੀ ਦੀਆਂ ਆਗਿਆਕਾਰ ਹਨ। ਉਹ ਪਤੀ ਅੱਗੇ ਬਗ਼ਾਵਤ ਨਹੀਂ ਕਰਦੀਆਂ ਸਗੋਂ ਮਰਦ ਦੇ ਸਿਤਮ ਸਹਿੰਦੀਆਂ ਹਨ, ਦਿਨ ਕੱਟਦੀਆਂ ਹਨ। ਜਦ ਪਤੀ ਉਨ੍ਹਾਂ ਨੂੰ ਘਰੋਂ ਨਿਕਲਣ ਤੇ ਮਜਬੂਰ ਕਰ ਦੇਂਦਾ ਹੈ ਤਾਂ ਉਹ ਬਹੁਤੀ ਹੱਦ ਤਕ ਮੁੜ ਉਥੇ ਜਾਣ ਦੀਆਂ ਹੀ ਇਛੁੱਕ ਹੁੰਦੀਆਂ ਹਨ। ਉਸ ਨੇ ਭਾਨੋ (ਏਹੁ ਹਮਾਰਾ ਜੀਵਣਾ) ਦੇ ਚਰਿਤਰ ਵਿਚ ਆਪਣਾ ਸਬਰ ਅਤੇ ਮਨ ਦੀ ਵਿਸ਼ਾਲਤਾ ਦਾ ਸਾਰਾ ਚਰਿੱਤਰ ਭਰ ਦਿੱਤਾ ਹੈ ਜਿਹੜੀ ਹੋਣੀ ਦੇ ਪੂਰੇ' ਸਿਤਮ ਸਹਿੰਦੀ ਹੋਈ ਸਹਿਜ ਅਵਸਥਾ ਵਿਚ ਚੁੱਪ ਚਾਪ ਜੀਵਨ ਦੀ ਗਤੀ ਨਾਲ ਚਲੀ ਜਾ ਰਹੀ ਹੈ। ਉਸ ਦਾ ਸਿਤਮਗਰ ਪ੍ਰਤੀ ਕੋਈ ਗਿਲਾ ਨਹੀਂ। ਉਹ ਹੋਣੀ ਅੱਗੇ ਅਹਿਲ ਖੜ੍ਹੀ ਹੈ। ਉਹ ਆਪਣੇ ਮਨ ਦੀ ਵਿਸ਼ਾਲਤਾ ਅਤੇ ਗਹਿਰ ਗੰਭੀਰਤਾ ਨਾਲ ਹੋਣੀ ਨੂੰ ਵੰਗਾਰਦੀ ਲੱਗਦੀ ਹੈ ਕਿ ਉਹ ਇਸ ਤੋਂ ਵੱਧ ਉਸ ਨੂੰ ਹੋਰ ਦੁਖ ਕੀ ਦੇ ਸਕਦੀ ਹੈ। ਭਾਨੋ ਉਸ ਸਮੇਂ ਦੀ ਅਰਤ ਦੀ ਪ੍ਰਤੀਨਿਧਤਾ ਕਰਦੀ ਹੈ ਜਿਹੜੀ ਦੁਖ ਸਹਿਣ ਹੀ ਇਸ ਸੰਸਾਰ ਵਿਚ ਆਈ ਅਤੇ ਸਮਾਜ ਦੇ ਰਹਿਮ ਕਰਮ ਅਨੁਸਾਰ ਜੀਵਨ ਬਿਤਾ ਕੇ ਤੁਰ ਗਈ।

ਡਾ. ਜਸਪਾਲ ਕੌਰ 'ਕਾਂਗ' ਲਿਖਦੀ ਹੈ : "ਨੰਗੇ ਪੈਰਾਂ ਦਾ ਸਫ਼ਰ" ਇਕ ਅਜਿਹੀ ਦਸਤਾਵੇਜ਼ ਹੈ, ਜਿਸ ਦੀ ਹਰ ਘਟਨਾ ਹਰ ਸਥਿਤੀ ਪੂਰੇ ਸਿਸਟਮ ਦਾ ਵਿਸ਼ਲੇਸ਼ਣ ਕਰਦੀ

ਹੈ। ਇਸ ਸਵੈ-ਜੀਵਨੀ ਨੂੰ ਪੜ੍ਹਦਿਆਂ ਮੈਨੂੰ ਪਹਿਲਾ ਅਹਿਸਾਸ ਇਹ ਹੋਇਆ ਕਿ "ਨੰਗੇ ਪੈਰਾਂ ਦੇ ਸਫਰ ਵਿਚਲੀ ਔਰਤ ਦੀ ਕਹਾਣੀ ਕੇਵਲ ਟਿਵਾਣਾ ਦੀ ਨਹੀਂ ਸਗੋਂ ਇਹ ਤਾਂ ਹਰ ਉਸ ਔਰਤ ਦੀ ਕਹਾਣੀ ਹੈ ਜੋ ਪੂਰੇ ਸਿਸਟਮ ਵਿਚ ਆਪਣੇ ਆਤਮ ਦੀ ਤਲਾਸ਼ ਕਰਦੀ ਟੁੱਟਦੀ ਤੇ ਜੁੜਦੀ ਹੈ। ਦੂਜਾ ਇਹ ਰਚਨਾ ਸਵੈ-ਜੀਵਨੀ ਤੋਂ ਕਿਤੇ ਵਡੇਰੇ ਹਿਤ ਵਾਲੀ ਰਚਨਾ ਬਣ ਗਈ ਹੈ ਕਿਉਂਕਿ ਇਸ ਵਿਚ ਨਿਜ ਦਾ ਪਸਾਰਾ ਦੂਜੀ ਪਰਤ ਉਪਰ ਹੈ ਅਤੇ ਪਹਿਲੀ ਪਰਤ ਉਪਰ ਉਸ ਸਾਰੇ ਸਿਸਟਮ ਦਾ ਵਿਸ਼ਲੇਸ਼ਣ ਹੈ ਜਿਸ ਵਿਚ ਤ੍ਰਾਸਦੀ ਦੇ ਬੀਜ ਟਿਕੇ ਹੋਏ ਹਨ। ਗਲਪਕਾਰ ਟਿਵਾਣਾ ਦੀ ਇਹ ਰਚਨਾ ਇਸ ਪੱਖੋਂ ਵੀ ਬਹੁਤ ਮਹੱਤਵਪੂਰਨ ਹੈ ਕਿਉਂਕਿ ਉਸ ਦੀ ਗਲਪ ਰਚਨਾ ਅੰਦਰਲੇ ਕਾਰਜਸ਼ੀਲ ਮੂਲ ਸੰਸਕਾਰਾਂ ਦੀ ਸੋਝੀ ਇਸੇ ਵਿਚੋਂ ਹੁੰਦੀ ਹੈ। ਨਿਸ਼ਚੇ ਹੀ ਨੰਗੇ ਪੈਰਾਂ ਦਾ ਸਫ਼ਰ' ਦਲੀਪ ਕੌਰ ਟਿਵਾਣਾ ਦੀ ਕੇਵਲ ਆਤਮ-ਕਹਾਣੀ ਨਹੀਂ ਸਗੋਂ ਇਸ ਰਚਨਾ ਦਾ ਚਰਿਤਰ ਪਾਰਗਾਮੀ ਹੈ। ਇਸੇ ਪਾਰਗਾਮੀ ਚਰਿਤਰ ਕਾਰਨ ਹੀ ਨੰਗੇ ਪੈਰਾਂ ਦਾ ਸਫ਼ਰ ਟਿਵਾਣਾ ਦੀ ਸਾਰੀ ਗਲਪ ਰਚਨਾ ਦੇ ਅਰਥ ਵਿਸਥਾਰ ਨੂੰ ਵਧੇਰੇ ਸਪਸ਼ਟ ਕਰਨ ਦੇ ਸਮਰੱਥ ਹੈ। ਇਹ ਰਚਨਾ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਔਰਤ ਦੀ ਸਥਿਤੀ ਨੂੰ ਸਹੀ ਪਰਿਪੇਖ ਵਿਚ ਚਿਤਵ ਸਕਣ ਦੀ ਸੂਝ ਦਾ ਪ੍ਰਮਾਣ ਹੈ।

ਟਿਵਾਣਾ ਨੇ ਜੋ ਦੁਖ ਆਪਣੇ ਤਨ 'ਤੇ ਬਾਗੇ ਉਸ ਦਾ ਠੀਕ ਵਰਣਨ ਉਸ ਦੇ ਇਸਤਰੀ ਪਾਤਰਾਂ ਵਿਚੋਂ ਮਿਲਦਾ ਹੈ। ਔਰਤ ਦੇ ਸੰਤਾਪ ਅਤੇ ਉਸ ਦੀ ਹੋਣੀ ਦੇ ਵਿਭਿੰਨ ਰੂਪ ਉਹ ਆਪਣੇ ਆਪੇ ਤੋਂ ਸਿਰਜ ਸਕੀ ਹੈ। ਇਸ ਸਭ ਦੀ ਸੋਅ ਉਸ ਦੀ ਆਪਣੀ ਜੀਵਨੀ ਤੋਂ ਮਿਲਦੀ ਹੈ।

ਉਸ ਦਾ ਜਨਮ ਪਿੰਡ ਰੱਬੋ ਰਿਆਸਤ ਪਟਿਆਲਾ ਵਿਚ ਹੋਇਆ ਸੀ। ਉਸ ਦੇ ਵੱਖੋ ਵੱਖ ਨਾਵਲਾ ਵਿਚ ਰੱਬ ਪਿੰਡ ਦਾ ਅੰਸ਼ ਕਿਸੇ ਨਾ ਕਿਸੇ ਰੂਪ ਵਿਚ ਪਸਰਿਆ ਪਿਆ ਹੈ। ਉਹ ਇਸ ਪਿੰਡ ਦਾ ਵਰਣਨ ਨੰਗੇ ਪੈਰਾਂ ਦਾ ਸਫ਼ਰ ਵਿਚ ਕਰਦੀ ਲਿਖਦੀ ਹੈ:

ਜਿਹੇ ਇਸ ਰੱਬੋ ਨਾਂ ਦੇ ਪਿੰਡ ਤਕ ਨਾ ਕੋਈ ਸੜਕ ਪਹੁੰਚਦੀ ਸੀ ਨਾ ਕੋਲੋਂ ਲੰਘਦੀ ਨਹਿਰ ਦਾ ਪਾਣੀ। ਨਾ ਇਥੇ ਕੋਈ ਸਕੂਲ ਸੀ ਨਾ ਕੋਈ ਪੰਚਾਇਤ ਘਰ । ਸਰਧੀ ਖਤਰਾਣੀ ਦੀ ਤੇ ਲੱਖੂ ਬਾਣੀਏ ਦੀ ਬਸ ਦੇ ਹੀ ਹੱਟੀਆਂ ਸਨ ਜਿਥੇ ਲੂਣ ਮਿਰਚਾਂ, ਰੰਗ ਤੇ ਪਤਾਸੇ ਮਿਲ ਜਾਂਦੇ ਸਨ । ਗਿਆਨ ਦਾਸ ਦਾ ਡੇਰਾ, ਸ਼ਹੀਦਾਂ ਦੀ ਮਟੀ ਤੇ ਹਲਟੀ ਵਾਲਾ ਗੁਰਦੁਆਰਾ ਇਸ ਪਿੰਡ ਦੀਆਂ ਦੁਖਦੇ-ਸੁਖਦੇ ਜਾਣ ਵਾਲੀਆਂ ਥਾਵਾਂ ਸਨ। ਬਾਬੇ ਸੰਡੇ ਨਾਈ ਦੀਆਂ ਪੁੜੀਆਂ, ਕਪੂਰੀ ਝਿਉਰ ਦਾ ਹਥਲਾ, ਜੁਆਕਾਂ ਦੇ ਖੰਘ ਤਾਪ ਤੇ ਦੁਖਦੀਆਂ ਅੱਖਾਂ ਦੇ ਇਲਾਜ ਸਨ। ਨਾ ਪਿੰਡ ਵਿਚ ਅਜੇ ਕੋਈ ਖੂਨ ਹੋਇਆ ਸੀ ਅਤੇ ਨਾ ਹੀ ਇਥੇ ਕਦੇ ਥਾਣਾ ਉਤਰਿਆ ਸੀ।

ਹਰਿਦੁਆਰ ਫੁੱਲ ਪਾਉਣ, ਪਹੋਏ ਨਹਾਉਣ ਤੇ ਨੈਣਾਂ ਦੇਵੀ ਦੀ ਸੁਖ ਦੇਣ ਲੋਕੀ ਬਿਸ਼ਨੇ ਪਰੋਹਤ ਦੀ ਸਲਾਹ ਲੈ ਕੇ ਪੀਪੀਆਂ ਵਿਚ ਪੰਜੀਰੀ ਪਾ, ਲੱਕ ਨਾਲ ਰੁਪਈਏ ਬੰਨ੍ਹ, ਸੰਗ ਬਣਾ ਕੇ ਜਾਂਦੇ ਤੇ ਉਥੋਂ ਮੁੜਦੇ ਗਾਨੀਆਂ, ਗੰਗਾ ਜਲ ਤੇ ਖਿੱਲਾਂ ਲੈ ਕੇ ਆਉਂਦੇ।

ਉਸ ਨੇ ਆਪਣੇ ਪਿੰਡ ਅਤੇ ਇਸ ਦੇ ਲੋਕਾਂ ਨੂੰ ਆਪਣੇ ਨਾਵਲਾਂ ਵਿਚ ਪੇਸ਼ ਕੀਤਾ ਹੈ। "ਏਹੁ ਹਮਾਰਾ ਜੀਵਣਾ" ਦਾ ਪਿੰਡ ਦਾ ਸਾਰਾ ਵਾਤਾਵਰਨ ਹੀ ਰੱਬ ਪਿੰਡ ਦਾ ਹੈ। ਭਾਨੇ ਦੀ ਤ੍ਰਾਸਦੀ ਇਸ ਪੇਂਡੂ ਮਾਹੌਲ ਦੀ ਹੀ ਦੇਣ ਹੈ। ਇਸ ਵਿਚ ਮੁੱਲ ਦਾ ਸਾਕ ਅਤੇ ਪੁੰਨ ਦੇ ਸਾਕ ਦੀ ਪੂਰੀ ਤਰ੍ਹਾਂ ਵਿਆਖਿਆ ਕੀਤੀ ਗਈ ਹੈ । ਉਸ ਨੂੰ ਪੈਸੇ ਲੈ ਕੇ ਵਿਆਹਿਆ ਗਿਆ ਸੀ। ਇਹੀ ਸਮਾਜਿਕ-ਸਭਿਆਚਾਰਕ ਸਥਿਤੀ ਭਾਨੋ ਨੂੰ ਸਾਰੀ ਉਮਰ ਕੇਵਲ ਇਸੇ ਲਈ ਸਮਾਜਿਕ-ਸਭਿਆਚਾਰਕ ਮਰਯਾਦਾ ਪ੍ਰਾਪਤ ਨਹੀਂ ਹੁੰਦੀ ਕਿਉਂਕਿ ਉਹ ਵਿਕੀ ਹੋਈ ਇਸਤਰੀ ਸੀ।

'ਦੂਜੀ ਸੀਤਾ' ਵਿਚ ਉਸ ਨੇ ਆਪਣੇ ਪਿੰਡ ਦੇ ਸੰਤੇ ਨਾਈ ਨੂੰ ਪਾਤਰ ਦੇ ਰੂਪ ਵਿਚ ਪੇਸ਼ ਕੀਤਾ ਹੈ। ਸੰਤਾ ਨਾਈ ਪਿੰਡ ਵਿਚ ਆਪਣਾ ਕਸਬ ਵੀ ਕਰਦਾ ਹੈ ਅਤੇ ਬੱਚਿਆਂ ਦਾ ਦੁਆ ਦਾਰੂ ਵੀ ਕਰਦਾ ਹੈ । ਪਿੰਡ ਵਿਚ ਸੰਤੇ ਵਰਗੇ ਵਿਅਕਤੀਆਂ ਦੀ ਕੋਈ ਕਦਰ ਨਹੀਂ। ਉਸ ਦੀ ਬਹੂ-ਬੇਟੀ ਨੂੰ ਜ਼ਬਰਦਸਤੀ ਚੁੱਕ ਕੇ ਉਸ ਦੀ ਇੱਜ਼ਤ ਹੀ ਨਹੀਂ ਲੁੱਟੀ ਜਾਂਦੀ ਸਗੋਂ ਉਸ ਨੂੰ ਅਗੋਂ ਵੇਚਣ ਲਈ ਤੋਰ ਦਿੱਤਾ ਜਾਂਦਾ ਹੈ।

ਭਾਨੋ ਅਤੇ ਸੀਤਾ ਜੀਵਨ ਦੀ ਸਮਾਪਤੀ ਗੰਗਾ ਦੀ ਗੋਦ ਵਿਚ ਸਮਾ ਕੇ ਹੀ ਕਰਦੀਆਂ ਹਨ। ਭਾਨੇ ਨੂੰ ਸਵਰਣ ਬਚਾ ਲੈਂਦਾ ਹੈ ਪਰ ਸੀਤਾ ਲਈ ਸਮਾਜ ਵਿਚ ਕੋਈ ਸਥਾਨ ਨਹੀਂ ਇਸ ਕਰਕੇ ਉਹ ਗੰਗਾ ਦੀ ਗੋਦ ਵਿਚ ਸਮਾ ਗਈ।

ਉਸ ਦੇ ਪਿੰਡ ਦਾ ਤੀਰਥ ਯਾਤਰਾ ਤੇ ਜਾਣ ਦਾ ਸੰਕਲਪ 'ਸੂਰਜ ਅਤੇ ਸਮੁੰਦਰ' ਵਿਚ ਰੂਪਮਾਨ ਹੁੰਦਾ ਹੈ ਜਦੋਂ ਇਸ ਨਾਵਲ ਦੀ ਮੁੱਖ ਨਾਇਕਾ ਮਨ ਦੀ ਸੰਤੁਸ਼ਟੀ ਲਈ ਮਹਾਤਮਾ ਨਾਲ ਤੀਰਥ ਯਾਤਰਾ 'ਤੇ ਜਾਂਦੀ ਹੈ ਅਤੇ ਮਹਾਤਮਾ ਦੇ ਕਪਟ ਦਾ ਸ਼ਿਕਾਰ ਹੋ ਜਾਂਦੀ ਹੈ। ਸੰਤੇ ਨਾਈ ਦੇ ਫੁੱਲ ਹਰਿਦੁਆਰ ਪਾਏ ਜਾਂਦੇ ਹਨ ਅਤੇ 'ਤੀਲੀ ਦਾ ਨਿਸ਼ਾਨ' ਵਿਚ ਪਿਤਰਾਂ ਦੀ ਗਤੀ ਪਹੋਏ ਜਾ ਕੇ ਕਰਵਾਈ ਜਾਂਦੀ ਹੈ । ਪਹੋਏ ਜਾ ਕੇ ਇਸ ਦੀ ਨਾਇਕਾ ਨੂੰ ਆਪਣੇ ਫ਼ੌਜੀ ਪਤੀ ਦੇ ਮਰੇ ਦਾ ਅਹਿਸਾਸ ਹੁੰਦਾ ਹੈ।

"ਪੀਲੇ ਪੱਤਿਆਂ ਦੀ ਦਾਸਤਾਨ" ਵਿਚ ਵੀ ਇਸ ਪਿੰਡ ਦਾ ਵਾਤਾਵਰਨ ਪੂਰੀ ਤਰ੍ਹਾ ਪਸਰਿਆ ਪਿਆ ਹੈ। ਇਸ ਪਿੰਡ ਦੇ ਰਸਮ ਰਿਵਾਜ, ਸੋਚਣੀ, ਪਿਤਾ ਪੁਰਖੀ ਰੀਤਾਂ ਰਸਮਾਂ ਅਤੇ ਇਸਤਰੀ ਬਾਰੇ ਵਿਚਾਰ ਥਾਂ ਥਾਂ ਪਸਰੇ ਪਏ ਹਨ। ਲੇਖਿਕਾ ਨੇ ਦਸ਼ੀ ਕਚਲੀ ਇਸਤਰੀ ਦੀ ਮਨੇ ਦਸ਼ਾ ਨੂੰ ਆਪਣੇ ਨਾਵਲਾਂ ਵਿਚ ਦਰਸਾ ਕੇ ਉਨਾਂ ਦੀ ਸਥਿਤੀ ਬਦਲਣ ਲਈ ਆਪਣੇ ਗਲਪ ਰਾਹੀਂ ਸੁਝਾ ਦਿੱਤਾ ਹੈ।

ਉਹ ਆਪਣੀ ਸਾਹਿਤਕ ਸਵੈ-ਜੀਵਨੀ ਵਿਚ ਲਿਖਦੀ ਹੈ ਕਿ ਕਿਤਾਬਾਂ ਪੜ੍ਹਨ ਦੀ ਰੁਚੀ ਉਸ ਵਿਚ ਜਗਦੀਪ ਕੌਰ ਭੈਣ ਜੀ ਨੇ ਉਪਜਾਈ। ਕਿਤਾਬਾਂ ਨੇ ਉਸ ਨੂੰ ਗਿਆਨ ਦੇ ਨਾਲ-ਨਾਲ ਮਨ ਦਾ ਧਰਵਾਸ ਵੀ ਦਿੱਤਾ। ਉਹ ਵੱਡੇ ਹੋਣ ਤੇ ਕਈ ਝੱਖੜ ਝੁੱਲਣ 'ਤੇ ਵੀ ਆਪਣੇ ਆਪ ਨੂੰ ਸਥਿਰ ਰੱਖ ਸਕੀ ਤਾਂ ਇਹ ਪੁਸਤਕਾਂ ਦੀ ਹੀ ਦੇਣ ਸੀ। ਉਹ ਪੁਸਤਕਾਂ ਦੀ ਸੰਗਤ ਵਿਚ ਆਪਾ ਭੁੱਲ ਜਾਂਦੀ ਸੀ। ਕੁਝ ਹੋਰ ਬਣ ਕੇ ਆਪਣੇ ਆਪ ਨਾਲ ਵਾਪਰਦਾ ਵੇਖਦੀ ਰਹਿੰਦੀ। ਉਸ ਦੇ ਕੁਝ ਹੋਰ ਬਣ ਕੇ ਚੁੱਪ ਚਾਪ ਵੇਖਣ ਦੀ ਭਾਵਨਾ ਉਸ ਦੇ ਨਾਵਲਾਂ ਦੀਆਂ ਨਾਇਕਾਵਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਪ੍ਰਵਿਰਤ ਹੈ।

ਇਸ ਪ੍ਰਸੰਗ ਵਿਚ ਉਸ ਦਾ ਪਹਿਲਾ ਨਾਵਲ "ਅਗਨੀ ਪਰੀਖਿਆ" ਬੜੀ ਸਪਸ਼ਟ ਉਦਾਹਰਣ ਹੈ। ਇਸ ਨਾਵਲ ਦੀ ਮਨਦੀਪ ਜਿਨ੍ਹਾਂ ਤ੍ਰਾਸਦਿਕ ਸਥਿਤੀਆਂ ਵਿਚੋਂ ਲੰਘਦੀ ਕਦੀ ਟੁੱਟਦੀ ਅਤੇ ਕਦੀ ਮੁੜ ਜੁੜਦੀ ਹੈ, ਉਸ ਸਭ ਕੁਝ ਦਾ ਵਰਣਨ "ਨੰਗੇ ਪੈਰਾਂ ਦਾ ਸਫ਼ਰ" ਵਿਚ ਅੰਕਿਤ ਹੈ। ਇਹ ਨਾਵਲ ਟਿਵਾਣਾ ਦੀ ਸਵੈ-ਜੀਵਨੀ ਨੂੰ ਸਲਪ ਰੂਪ ਪ੍ਰਗਟ ਕਰਦਾ ਪ੍ਰਤੀਤ ਹੁੰਦਾ ਹੈ। ਉਹ ਆਪ ਇਸ ਨਾਵਲ ਬਾਰੇ ਲਿਖਦੀ ਹੈ ਕਿ ਇਹ ਨਾਵਲ ਉਨ੍ਹਾਂ ਪਲਾਂ ਦਾ ਜ਼ਿਕਰ ਕਰਦਾ ਹੈ ਜਦੋਂ ਜ਼ਿੰਦਗੀ ਦੇਣ ਤੇ ਜ਼ਿੰਦਗੀ ਲੈਣ ਵਾਲੀ ਅਗਨੀ ਕਿਸੇ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਹੈ। ਸੀਤਾ ਤਾਂ ਅਗਨੀ ਪਰੀਖਿਆ ਵਿਚੋਂ ਪਵਿੱਤਰ ਹੋ ਕੇ ਨਿਕਲੀ ਸੀ ਪਰ ਸਮਾਜ ਨੇ ਉਸ ਦੀ ਪਵਿੱਤਰਤਾ ਨੂੰ ਸਵੀਕਾਰ ਨਹੀਂ ਕੀਤਾ। ਇਸੇ ਕਰਕੇ ਹੀ ਉਸ ਨੂੰ ਧਰਤੀ ਮਾਂ ਨੇ ਆਪਣੀ ਗੋਦ ਵਿਚ ਥਾਂ ਦਿੱਤੀ । ਵਿਅਕਤੀ ਨੂੰ ਸਿਰਜਨ ਵਾਲੀ ਅਗਨੀ ਵਿਅਕਤੀ ਨੂੰ ਫ਼ਨਾਹ ਵੀ ਕਰਦੀ ਹੈ। ਇਸ ਨਾਵਲ ਵਿਚ ਉਹ ਆਪਣੀ ਜੀਵਨ ਦੇ ਨਿਘਾਰ ਦਾ ਸੁਆਲ ਢੂੰਡਦੀ ਹੈ ਕਿ ਉਹ ਕੌਣ ਹੈ ? ਜੀਣ ਥੀਣ ਦੀ ਇਹ ਭਾਵਨਾ ਉਸ ਦੇ ਹਰ ਨਾਵਲ ਵਿਚ ਕਿਸੇ ਨਾ ਕਿਸੇ ਰੂਪ ਵਿਚ ਪ੍ਰਵਿਰਤ ਹੈ।

ਉਸ ਦੇ ਨਾਵਲਾਂ ਵਿਚ ਜਾਗੀਰਦਾਰੀ ਸਮਾਜ ਦੀਆਂ ਬੁਰਾਈਆਂ ਨਹੀਂ ਉਪਲਬਧ ਹੁੰਦੀਆਂ। ਇਸ ਦਾ ਕਾਰਨ ਉਸ ਦੇ ਦਾਦਾ ਹਜ਼ੂਰ ਸਿੰਘ ਦਾ ਚਰਿਤਰ ਸੀ। ਉਹ ਰੱਜਿਆ-ਪੁੱਜਿਆ ਜ਼ਿਮੀਂਦਾਰ ਸੀ। ਘਰ ਅਤੇ ਪਿੰਡ ਵਿਚ ਉਸ ਦਾ ਪੂਰਾ ਚਰਿਤਰ ਸੀ। ਉਸ ਦਾ ਦਾਦਾ

ਜਾਗੀਰਦਾਰੀ ਦੀਆਂ ਬੁਰਾਈਆਂ ਤੋਂ ਬਚਿਆ ਹੋਇਆ ਸੀ। ਉਹ ਸੰਜੂੜਾ ਸੀ, ਘਰ ਵਿਚ ਖਰਚ ਬੜੇ ਹਿਸਾਬ ਨਾਲ ਕਰਦਾ ਪਰ ਜਿਥੇ ਇੱਜ਼ਤ ਦਾ ਸੁਆਲ ਹੁੰਦਾ, ਖੁੱਲ੍ਹ ਦਿਲੀ ਦਰਸਾਉਂਦਾ। ਉਹ ਪੁੰਨ ਦਾਨ ਦਿਲ ਖੋਲ੍ਹ ਕੇ ਕਰਦਾ। ਉਸ ਨੇ ਇਸਤਰੀ ਬਾਰੇ ਵਿਚਾਰ ਜਾਗੀਰਦਾਰੀ ਪ੍ਰਬੰਧ ਦੀ ਹੀ ਦੇਣ ਹਨ। ਉਸ ਅਨੁਸਾਰ ਜਿਹੜੀ ਤੀਵੀਂ ਮਰਦ ਨੂੰ ਪੁੱਤਰ ਜੰਮ ਕੇ ਨਹੀਂ ਦੇ ਸਕਦੀ, ਸਮਾਜ ਵਿਚ ਉਸ ਦਾ ਕੋਈ ਥਾਂ ਨਹੀਂ।

ਟਿਵਾਣਾ ਦੇ ਪਿਤਾਮਾ ਦੇ ਇਹ ਵਿਚਾਰ "ਭਾਨੇ" ਦੀ ਸਥਿਤੀ ਵਿਚ ਪ੍ਰਗਟ ਹੁੰਦੇ ਹਨ। ਸੱਚਾ ਨਾ ਹੋਣ ਕਰਕੇ ਉਹ ਸਰਵਣ ਦਾ ਘਰ ਛੱਡ ਕੇ ਤੁਰ ਗਈ। ਨਰੈਣ ਅਮਲੀ ਦਾ ਘਰ ਵੀ ਉਸ ਨੂੰ ਇਸੇ ਕਰਕੇ ਛੱਡਣਾ ਪਿਆ।

ਉਸ ਦੀ ਮਾਤਾ ਲੋਕ ਨਾਲੋਂ ਪ੍ਰਲੋਕਿਕ ਵਧੇਰੇ ਸੀ। ਉਹ ਸਦਾ ਧਰਮ ਕਰਮ ਵਿਚ ਲੱਗੀ ਰਹਿੰਦੀ ਅਤੇ ਅੱਗਾ ਸਵਾਰਨ ਦੇ ਆਹਰ ਵਿਚ ਸੀ। ਉਸ ਦੀ ਮਾਂ ਉਤੇ ਇਹ ਪ੍ਰਭਾਵ ਉਸ ਦੀ ਨਾਨੀ ਰਾਹੀਂ ਆਏ ਸਨ। ਉਸ ਦਾ ਨਾਨਕਾ ਘਰ ਵੀ ਪ੍ਰਲੋਕ ਸਵਾਰਨ ਦੇ ਆਹਰ ਵਿਚ ਲੱਗਾ ਰਹਿੰਦਾ। ਉਹ ਸੰਤਾਂ ਸਾਧੂਆਂ ਦੀ ਸੇਵਾ ਕਰਦਾ। ਨਾਂਗੇ ਸਾਧੂ ਸਦਾ ਉਨ੍ਹਾਂ ਦੇ -ਖੂਹ ਉਤੇ ਉਤਰਦੇ ਰਹਿੰਦੇ।

ਉਸ ਦੇ ਦਾਦਾ ਨੇ ਉਸ ਦਾ ਨਾਮ ਪਟਿਆਲੇ ਦੀ ਰਾਣੀ ਦੇ ਨਾਂ ਪੁਰ, ਜਿਸ ਦੀ ਬਹੁਤ-ਪੁਗਦੀ ਸੀ, ਰੱਖਿਆ ਸੀ ਤਾਂ ਕਿ ਉਹਦੀ ਵੀ ਪੁਗੇ।

"ਨੰਗੇ ਪੈਰਾਂ ਦਾ ਸਫ਼ਰ" ਪੰਜਾਬ ਦੇ ਸਾਂਸਕ੍ਰਿਤਕ ਅਤੇ ਸਭਿਆਚਾਰਕ ਵਿਰਸੇ ਦਾ ਇਕ ਅਮੁੱਲਾ ਦਸਤਾਵੇਜ਼ ਹੈ ਜਿਸ ਵਿਚ ਸਾਡਾ ਵਿਰਸਾ, ਵਿਸ਼ਵਾਸ ਅਤੇ ਧਰਮ ਦੀਆਂ ਤੰਦਾਂ ਇਕ ਦੂਜੇ ਨਾਲ ਜੁੜੀਆਂ ਹੋਈਆਂ ਹਨ। ਦੂਸਰੇ ਦੇ ਧਰਮ ਪ੍ਰਤੀ ਸੰਕੀਰਣ ਬਿਰਤੀ ਨਹੀਂ ਸੀ ਸਗੋਂ ਇਕ ਦੂਜੇ ਦੀਆਂ ਧਾਰਮਿਕ ਰਸਮਾਂ ਨੂੰ ਅਦਾ ਕੀਤਾ ਜਾਂਦਾ ਸੀ । ਧਰਮਾਂ ਦੇ ਕੋਈ ਵਿਤਕਰੇ ਨਹੀਂ ਸਨ। ਸਿੱਖ ਘਰਾਂ ਵਿਚ ਹਵਨ ਹੁੰਦੇ ਸਨ ਅਤੇ ਹਿੰਦੂ ਘਰਾਂ ਵਿਚ ਗੁਰਬਾਣੀ ਦਾ ਪਾਠ ਹੁੰਦਾ ਸੀ। ਸਿੱਖ ਇਸਤਰੀਆਂ ਸਾੜ੍ਹਸਤੀ ਨੂੰ ਘਰੋਂ ਕੱਢਣ ਲਈ ਪੰਡਤਾਂ ਦੇ ਪੈਰ ਧੋ ਧੋ ਭੋਜਨ ਛਕਾਉਂਦੀਆਂ, ਮੂੰਹਾਂ ਵਿਚ ਮੰਨਤਾਂ ਮੰਗਦੀਆਂ ਤੇ ਸਾੜ੍ਹਸਤੀ ਪਾਸੋਂ ਮੇਹਰ ਮੰਗਦੀਆਂ।

ਉਸ ਦੀ ਸਾਹਿਤਕ ਸਵੈ-ਜੀਵਨੀ ਵਿਚੋਂ ਉਸ ਦੇ ਜੀਵਨ 'ਤੇ ਪਏ ਪ੍ਰਭਾਵ ਉਸ ਦੀ ਗਲਪ ਦੀ ਸਿਰਜਨਾ ਵਿਚ ਕਿਸ ਕਿਸ ਵਿਚਾਰ, ਸਥਿਤੀ ਜਾਂ ਘਟਨਾ ਦੀ ਦੇਣ ਹੈ, ਦਾ ਮੁਕੰਮਲ ਵੇਰਵਾ ਮਿਲਦਾ ਹੈ। ਉਸ ਦੇ ਅਧਿਆਪਕ ਖ਼ਾਸ ਕਰਕੇ ਪ੍ਰੋਫੈਸਰ ਪ੍ਰੀਤਮ ਸਿੰਘ ਨੇ

ਉਸ ਨੂੰ ਉਤਸ਼ਾਹਿਤ ਕਰਨ ਅਤੇ ਲਿਖਣ ਲਈ ਪ੍ਰੇਰਨਾ ਦੇਣ ਅਤੇ ਉਸ ਅੰਦਰ ਛੁਪੀ ਸਾਹਿਤਕਾਰਾ ਨੂੰ ਜਗਾਉਣ ਲਈ ਯੋਗਦਾਨ ਪਾਇਆ ਹੈ।

ਉਹ ਤੱਥ ਤੋਂ ਸੱਚ ਤਕ ਦਾ ਸਫਰ ਕਰਨਾ ਚਾਹੁੰਦੀ ਹੈ। ਦਰਸ਼ਨ ਅਨੁਸਾਰ ਸੱਚ ਸਮੇਂ ਤੇ ਸਥਾਨ ਤੋਂ ਪ੍ਰਾਰ ਲੰਘ ਜਾਂਦਾ ਹੈ। ਉਹ ਉਸੇ ਸੱਚ ਦੀ ਭਾਲ ਲਈ ਆਪਣੇ ਸਵੈ ਰਾਹੀਂ ਤੁਰੀ ਹੈ। ਉਸ ਦੀ ਇਹ ਤਲਾਸ਼ ਸਮੇਂ ਅਤੇ ਸਥਾਨ ਦੇ ਬੰਧਨਾਂ ਤੋਂ ਸੁਤੰਤਰ ਹੈ।

ਉਸ ਦੇ ਨਾਵਲਾਂ ਦੀਆਂ ਨਾਇਕਾਵਾਂ ਵੀ ਇਹੋ ਕੁਝ ਸੋਚਦੀਆਂ ਰਹਿੰਦੀਆਂ ਹਨ। ਕਦੇ ਉਹ ਜ਼ਰਨ ਦੀ ਪੱਧਰ ਉਪਰ, ਕਦੇ ਵਿਸ਼ਲੇਸ਼ਣ ਦੀ ਪੱਧਰ ਉਪਰ ਤੇ ਕਦੇ ਵਿਦਰੋਹ ਦੀ ਪੱਧਰ ਉਪਰ ਜਿਵੇਂ ਹਸਤਾਖ਼ਰ, ਪੈੜਚਾਲ ਅਤੇ "ਔਰ ਵੈਰ" ਮਿਲਦਿਆਂ ਨਾਵਲਾਂ ਵਿਚ ਵੇਖਿਆ ਜਾ ਸਕਦਾ ਹੈ। ਉਹ ਲਿਖਦੀ ਹੈ ਇਹ ਮੇਰੇ ਨਾਵਲਾਂ, ਕਹਾਣੀਆਂ ਦੀਆਂ ਔਰਤਾ ਪਤਾ ਨਹੀਂ ਕਿਸ ਕਿਸ ਸਦੀ ਤੋਂ ਤੁਰ ਕੇ ਆ ਗਈਆਂ ਹਨ। ਵਕਤ ਸਿਰਫ ਬਾਹਰੀ ਨਹੀ ਹੁੰਦਾ। ਵਕਤ ਤੁਹਾਡੇ ਅੰਦਰਲਾ ਹੀ ਹੁੰਦਾ ਹੈ। ਕਦੇ ਕਦੇ ਤੁਸੀਂ ਇਕ ਪੈਰ ਵੀ ਪੱਟਿਆ ਨਹੀ ਹੁੰਦਾ ਕਿ ਵਰਿਆ ਦੇ ਵਰੇ ਲੰਘ ਜਾਂਦੇ ਨੇ ਤੇ ਕਦੇ ਕਦੇ ਉਸੇ ਘੜੀ ਪਲ ਵਿਚ ਸਮੁੱਚਾ ਕਾਲ ਸਮੋਇਆ ਹੁੰਦਾ ਹੈ"

ਉਸ ਦੀ ਤਲਾਸ਼ ਆਪਣੇ ਰਾਹੀਂ ਸੰਸਾਰ ਨੂੰ ਤੇ ਸੰਸਾਰ ਰਾਹੀਂ ਆਪਣੇ ਆਪ ਨੂੰ ਲੱਭਣ ਦੀ ਹੈ। ਬੰਦੇ ਦੇ ਵੱਡੇ ਜਾਂ ਛੋਟੇ ਹੋਣ ਨਾਲ ਉਸ ਦੀ ਤਲਾਸ਼ ਦਾ ਘੇਰਾ ਵੱਡਾ ਜਾਂ ਛੋਟਾ ਹੋ ਜਾਂਦਾ ਹੈ। ਜਿੰਨੀ ਵੱਡੀ ਜਾਂ ਛੋਟੀ ਲੇਖਕ ਦੀ ਤਲਾਸ਼ ਹੋਵੇਗੀ ਉਨੀਂ ਹੀ ਉਸ ਲੇਖਕ ਦੀ ਲੇਖਣੀ ਦੀ ਉਮਰ ਹੋਵੇਗੀ। ਉਸ ਦੀ ਤਲਾਸ ਦੇ ਘੇਰੇ ਦੇ ਸਬੰਧ ਵਿਚ ਉਸ ਦੀਆਂ ਰਚਨਾਵਾਂ ਦੀ ਉਮਰ ਚਿਰ ਸਥਾਈ ਹੈ।

ਜਿਨ੍ਹਾਂ ਪਲਾਂ ਵਿਚ ਉਹ ਲਿਖਦੀ ਹੈ ਉਨ੍ਹਾਂ ਪਲਾਂ ਵਿਚ ਲਿਖਣਾ ਉਹਦਾ ਸੁਭਾਵਿਕ ਕਰਮ ਬਣ ਜਾਂਦਾ ਹੈ। ਸਾਹ ਲੈਣ ਵਾਂਗ, ਭੁੱਖ ਲੱਗਣ ਵਾਂਗ, ਨੀਂਦ ਆਉਣ ਵਾਂਗ। ਉਹ ਘੜੀ, ਉਹ ਪਲ ਉਹ ਆਪਣੇ ਆਪ ਨੂੰ ਉਲੰਘ ਕੇ, ਆਪਣੇ ਆਪ ਤੋਂ ਪਾਰ ਲੰਘ ਕੇ ਕਿਸੇ ਹੋਰ ਖਿੱਤੇ ਦੇ ਰਾਹੀਆਂ ਨਾਲ ਜਾ ਰਲਦੀ ਹੈ। ਉਨ੍ਹਾਂ ਦੇ ਨਾਲ, ਉਨ੍ਹਾਂ ਦੇ ਰਾਹੀਂ, ਉਨ੍ਹਾਂ ਦਾ ਪੈਂਡਾ ਜਿਉਂਦੀ ਹੈ। ਇਸ ਤਰ੍ਹਾਂ ਆਪਣੇ ਆਪ ਤੋਂ ਹਾਜ਼ਰ ਹੋਣ ਦਾ ਸਾਧਨ ਵੀ ਢੂੰਡ ਲੈਂਦੀ ਹੈ। ਜੇ ਉਹ ਮੈਂ ਬਣ ਕੇ ਹੀ ਜਿਉਂਦੀ ਤਾਂ ਹੁਣ ਤਕ ਮਾਨਸਿਕ ਸਮਤੋਲ ਖੋਹ ਲੈਂਦੀ।

'ਨੰਗੇ ਪੈਰਾਂ ਦਾ ਸਫ਼ਰ' ਜਿਥੇ ਟਿਵਾਣਾ ਦੇ ਜੀਵਨ ਦੇ ਕੁਝ ਮੁੱਖ ਹਿੱਸਿਆਂ ਤੇ ਝਾਤ ਪੁਆਉਂਦੀ ਹੈ ਉਥੇ ਇਹ ਪਿਛਲੇ ਪੰਜਾਹ ਵਰ੍ਹੇ ਦੇ ਪੰਜਾਬ ਦੇ ਸਮਾਜਿਕ ਤੇ ਸਾਂਸਕ੍ਰਿਤਕ ਝਰੋਖੇ ਉਤੇ ਵੀ ਝਾਤ ਪੁਆਉਂਦੀ ਹੈ। ਪੰਜਾਬੀ ਸਭਿਆਚਾਰ ਥਾਂ ਪੁਰ ਥਾਂ ਆਪਣੀ ਦੁੱਖ ਦਿਖਾ ਰਿਹਾ ਹੈ। ਉਸ ਨੇ ਲੋਕ ਮਾਨਸ ਦੀ ਅਭਿਵਿਅਕਤੀ ਨੂੰ ਬੜੀ ਸੁਹਿਰਦਤਾ ਨਾਲ ਚਿਤਰਿਆ ਹੈ। ਪੰਜਾਬ ਦੇ ਵਿਰਸੇ ਨੂੰ ਇਹ ਪੁਸਤਕ ਆਪਣੇ ਪੰਨਿਆਂ ਉਤੇ ਸੰਭਾਲੀ ਬੈਠੀ ਹੈ।

ਸਾਹਿਤਕ ਦ੍ਰਿਸ਼ਟੀ ਤੋਂ ਇਨ੍ਹਾਂ ਦੋਹਾਂ ਸਵੈ-ਜੀਵਨੀਆਂ ਦਾ ਮਹੱਤਵ ਬਹੁਤ ਹੈ। ਉਸ ਦੇ ਗਲਪ ਦੀ ਧੜਕਣ ਇਨ੍ਹਾਂ ਵਿਚੋਂ ਧੜਕਦੀ ਮਹਿਸੂਸ ਹੁੰਦੀ ਹੈ। ਇਹ ਉਹ ਅਥਾਹ ਸਮੁੰਦਰ ਹੈ ਜਿਸ ਨੂੰ ਮੰਥਨ ਕਰਕੇ ਉਸ ਦੀ ਲਿਖਣ ਸਥਿਤੀ, ਉਸ ਦੇ ਕਥਾਨਕ, ਉਸ ਦੀ ਸੋਚ, ਵਿਸ਼ਾ ਵਸਤੂ, ਲਿਖਣ ਢੰਗ, ਉਸ ਦੇ ਮਨ ਦੇ ਪ੍ਰਭਾਵ, ਉਸ ਦਾ ਦਰਸ਼ਨ, ਉਸ ਦੀ ਸਵੈ ਦੀ ਭਾਲ ਤੇ ਉਸ ਦਾ ਆਪਾ ਕਿੰਨਾ ਕੁਝ ਹੀ ਵਾਰੀ ਵਾਰੀ ਨਿਕਲਦਾ ਆਉਂਦਾ ਹੈ। ਉਸ ਦੀਆਂ ਬਹੁਤੀਆਂ ਕਹਾਣੀਆਂ ਉਸ ਦੇ ਪਿੰਡ ਦੀ ਦੇਣ ਹਨ। ਉਸ ਨੇ ਕੇਵਲ ਇਨ੍ਹਾਂ ਨੂੰ ਆਪਣੇ ਮਨ ਵਿਚ ਵਸਾ ਕੇ ਭਾਵੁਕਤਾ ਦੀ ਚਾਸ਼ਨੀ ਵਿਚ ਡਬੋ ਕੇ ਪਾਠਕਾਂ ਪਾਸ ਨਵੇਂ ਰੂਪ ਦੇ ਕੇ ਪੇਸ਼ ਕੀਤਾ ਹੈ। ਇਸ ਤਰ੍ਹਾਂ ਉਸ ਨੇ ਇਸਤਰੀ ਮਨ ਨੂੰ ਜਬਾਨ ਦਿੱਤੀ ਹੈ ਜਿਸ ਦੀ ਮਨੇ ਪੀੜਾ ਪਾਠਕਾਂ ਤਕ ਪਹੁੰਚਾਣ ਲਈ ਸਫਲ ਹੈ। ਉਹ ਇਕ ਮਨੋਵਿਗਿਆਨੀ ਵਾਂਗ ਸਮੱਸਿਆ ਦੇ ਸਾਰੇ ਪੱਖ ਖੋਲ੍ਹ ਦੇਂਦੀ ਹੈ। ਉਸ ਸਮੱਸਿਆ ਨੂੰ ਪਾਠਕ ਮਨ ਅਨੁਭਵ ਕਰਦਾ ਹੈ। ਉਸ ਦੀ ਪੀੜਾ ਨਾਲ ਉਸ ਦਾ ਹਿਰਦਾ ਵੀ ਤਿਲਮਲਾ ਉਠਦਾ ਹੈ। ਉਹ ਆਪ ਉਸ ਦਾ ਮੁੱਲ ਢੂੰਡਦਾ ਹੈ।

ਟਿਵਾਣਾ ਇਹ ਵਿਲੱਖਣ ਸ਼ੈਲੀ ਘੜਨ ਦੇ ਸਮਰੱਥ ਹੈ। ਉਸ ਦੀ ਸ਼ਖ਼ਸੀਅਤ ਵਾਂਗ ਉਸ ਦੀ ਸ਼ੈਲੀ ਵੀ ਵਿਲੱਖਣ ਹੈ। ਉਸ ਦੀ ਕਥਨੀ ਵਿਚ ਜਾਦੂਮਈ ਚੁੰਬਕ ਹੈ ਜਿਹੜੀ ਪਾਠਕ ਮਨ ਨੂੰ ਆਪਣੇ ਨਾਲ ਤੋਰੀ ਜਾਂਦੀ ਹੈ। ਪਾਠਕ ਮਨ ਏਨਾ ਉਸ ਦੀ ਅਲੋਕਿਕ ਸ਼ੈਲੀ ਦੇ ਪ੍ਰਭਾਵ ਹੇਠ ਤੁਰੀ ਜਾਂਦਾ ਹੈ ਕਿ ਉਸ ਦੀ ਕਥਾ ਸਮਾਪਤ ਹੋਣ ਤੇ ਵੀ ਉਸ ਦੇ ਮਨ ਤੋਂ ਕਥਾ ਸਮਾਪਤ ਨਹੀਂ ਹੁੰਦੀ ਅਤੇ ਉਸ ਦੀ ਸੋਚ ਦੀ ਲੜੀ ਅੱਗੇ ਤੁਰੀ ਜਾਂਦੀ ਹੈ।

ਉਸ ਨੇ ਆਪਣੇ ਜੀਵਨ ਦੇ ਤੱਥਾਂ ਨੂੰ ਬੜੀ ਤੀਬਰਤਾ ਨਾਲ ਸੱਚ ਤਕ ਹੀ ਸੀਮਿਤ ਰੱਖਿਆ ਹੈ। ਉਸ ਦਾ ਲਿਖਣ ਢੰਗ ਬਿਲਕੁਲ ਨਿਵੇਕਲਾ ਹੈ ਇਸ ਕਰਕੇ ਉਸ ਦੇ ਤੱਥ ਵੀ ਕਿਤੇ ਕਿਤੇ ਗਲਪ ਦੀ ਭਾਅ ਮਾਰਦੇ ਹਨ। ਉਸ ਦੀ ਸ਼ਖ਼ਸੀਅਤ ਦੀ ਵਡੱਤਣ ਆਪਣੇ ਆਪ ਨਿਖਰਦੀ ਆਉਂਦੀ ਹੈ। ਅਜਿਹੀਆਂ ਸ਼ਖ਼ਸੀਅਤਾਂ ਸਮਾਜ ਨੂੰ ਕੋਈ ਸੇਧ ਦੇਣ ਦੇ ਸਮਰੱਥ ਹੁੰਦੀਆਂ ਹਨ। ਉਸ ਦੀ ਸਵੈ-ਜੀਵਨੀ ਪਾਠਕ ਮਨ ਵਿਚ ਨਵੀਆਂ ਸੰਭਾਵਨਾਵਾਂ ਸਿਰਜਦੀ ਹੈ ਅਤੇ ਉਹ ਹਨ੍ਹੇਰੇ ਵਿਚੋਂ ਨਿਕਲ ਕੇ ਚਾਨਣ ਵੱਲ ਇਕ ਹੰਭਲਾ ਮਾਰਨ ਲਈ ਸਦਾ ਤਤਪਰ ਰਹਿੰਦਾ ਹੈ। ਇਹ ਪਾਠਕ ਮਨ ਨੂੰ ਆਪਣੀ ਹੋਣੀ ਸਿਰਜਨ ਲਈ ਉਸ ਵਿਚ ਨਵੇਂ ਅਹਿਸਾਸ

ਜਗਾਉਂਦੀ ਹੈ। ਇਹ ਪੰਜਾਬੀ ਸਭਿਆਚਾਰ ਵਿਚ ਇਸਤਰੀ ਮਨ ਦਾ ਸੰਪੂਰਨ ਸੱਚਾ ਅਤੇ ਸੁਹਿਰਦ ਚਿੱਤਰ ਚਿਤਰਦੀ ਹੈ। ਇਹ ਸਵੈ-ਜੀਵਨੀ ਦਲੀਪ ਕੌਰ ਟਿਵਾਣਾ ਦੀ ਹੀ ਸਵੈ ਜੀਵਨੀ ਨਹੀਂ ਸਗੋਂ ਇਹ ਹਰ ਉਸ ਔਰਤ ਦੀ ਸਵੈ-ਜੀਵਨੀ ਹੈ ਜੋ ਸੰਵੇਦਨਸ਼ੀਲ ਅਤੇ ਆਪੇ ਦੀ ਪਹਿਚਾਣ ਰੱਖਦੀ ਹੋਈ ਸਮਾਜ ਨੂੰ ਨਵੀਂ ਸੇਧ ਦੇ ਕੇ ਆਪਣੀ ਹੋਂਦ ਦਾ ਪ੍ਰਗਟਾਅ ਕਰ ਸਕਦੀ ਹੈ। ਇਸ ਪੱਖੋਂ ਇਸ ਦੀ ਸਾਹਿਤਕ ਮਹੱਰਤਾ ਹੋਰ ਵੀ ਵਧ ਜਾਂਦੀ ਹੈ।

ਪੰਜਾਬੀ ਸਵੈ-ਜੀਵਨੀ ਦਾ ਇਤਿਹਾਸ ਬਹੁਤ ਸੰਖੇਪ ਜਿਹਾ ਹੈ। ਇਸ ਲਈ ਅਸੀਂ . ਡਾ. ਟਿਵਾਣਾ ਦੀ ਸਵੈ-ਜੀਵਨੀ ਬਾਰੇ ਸੰਖੇਪ ਤੁਲਨਾਤਮਿਕ ਅਧਿਐਨ ਵੀ ਕਰ ਸਕਦੇ ਹਾਂ। ਪ੍ਰਿੰਸੀਪਲ ਤੇਜਾ ਸਿੰਘ ਤੋਂ ਪਹਿਲਾਂ ਹੋਰ ਸਵੈ ਜੀਵਨੀ ਉਪਲਬਧ ਨਹੀਂ। ਤੇਜਾ ਸਿੰਘ ਤੋਂ ਬਾਅਦ ਹੇਠ ਲਿਖੇ ਸਵੈ-ਜੀਵਨੀਕਾਰ ਇਸ ਪ੍ਰਸੰਗ ਵਿਚ ਵਿਚਾਰੇ ਜਾ ਸਕਦੇ ਹਨ ਗੁਰਬਖ਼ਸ਼ ਸਿੰਘ, ਬਲਰਾਜ ਸਾਹਨੀ, ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਜਸਵੰਤ ਸਿੰਘ ਰਾਹੀ, ਪ੍ਰਭਜੋਤ ਕੌਰ, ਰਾਮ ਸਰੂਪ ਅਣਖੀ, ਜਗਜੀਤ ਸਿੰਘ ਅਨੰਦ, ਸੰਤੋਖ ਸਿੰਘ ਧੀਰ, ਬਲਵੰਤ ਗਾਰਗੀ, ਕਰਤਾਰ ਸਿੰਘ ਦੁੱਗਲ ਆਦਿ।

ਟਿਵਾਣਾ ਬੁਨਿਆਦੀ ਤੌਰ ਤੇ ਗਲਪਕਾਰ ਹੈ। ਸਵੈ-ਜੀਵਨੀ ਗਲਪ ਕਲਾ ਦਾ ਇਕ ਬੁਨਿਆਦੀ ਤੱਤ ਹੈ। ਵਰਕ ਸਿਰਫ ਏਨਾ ਹੈ ਕਿ ਨਿਰੋਲ ਗਲਪ ਵਿਚ ਪਉਤਰ ਫੀਸਦੀ ਕਲਪਨਾ ਤੇ ਪੰਈ ਵੀਸਦੀ ਤੱਥ ਤੇ ਸੱਚ ਹੁੰਦੇ ਹਨ। ਸਵੈ-ਜੀਵਨੀਕਾਰ ਉਹੀ ਮਹਾਨ ਹੈ ਜੋ ਆਪਣੀ ਜ਼ਿੰਦਗੀ ਬਾਰੇ ਕੁਝ ਨਾ ਲੁਕਾਵ ਪਰ ਮਨੁੱਖੀ ਕਮਜ਼ੋਰੀ ਇਹ ਹੈ ਕਿ ਮਨੁੱਖ ਆਪਣੀ ਹੀਣਤਾ ਲਿਖਣ ਝਿਜਕਦਾ ਹੈ। ਪੰਡਤ ਨਹਿਰੂ ਨੇ ਵੀ ਆਪਣੀ ਇਸ ਕਮਜ਼ੋਰੀ ਦਾ ਤਸਕਰਾ ਆਪਣੀ

ਸਵੈ-ਜੀਵਨੀ ਵਿਚ ਕੀਤਾ ਹੈ : 'ਜੇ ਆਪਣੀ ਪ੍ਰਸ਼ੰਸਾ ਕਰੀਏ ਤਾਂ ਲੋਕ ਪ੍ਰਵਾਨ ਨਹੀਂ ਕਰਦੇ, ਜੇ ਆਪਣੀਆਂ ਕਮਜ਼ੋਰੀਆਂ ਲਿਖੀਏ ਤਾਂ ਆਪਣਾ ਮਨ ਨਹੀਂ ਮੰਨਦਾ।

ਉਪਰੋਕਤ ਪੱਧਤੀ ਅਨੁਸਾਰ ਵਿਚਾਰੀਏ ਤਾਂ ਇਸ ਤੁਲਨਾ ਵਿਚ ਦੋ ਤਿੰਨ ਲੇਖਕ ਹੀ ਪੂਰੇ ਉਤਰਦੇ ਹਨ, ਉਨ੍ਹਾਂ ਵਿਚੋਂ ਪ੍ਰੋ. ਤੇਜਾ ਸਿੰਘ, ਬਲਰਾਜ ਸਾਹਨੀ ਅਤੇ ਜਸਵੰਤ ਸਿੰਘ ਰਾਹੀ ਦੇ ਨਾਮ ਉਲੇਣੀਯ ਹਨ।.

ਦਲੀਪ ਕੌਰ ਟਿਵਾਣਾ ਦਾ ਮਾਨਸਿਕ ਵਿਸ਼ਲੇਸ਼ਣ ਕਰੀਏ ਤਾਂ ਲਗਦਾ ਹੈ ਕਿ ਉਹ ਕਿਤੇ ਵੀ ਆਪਣੀ ਹੀਣਤਾ ਦਸਣ ਨੂੰ ਤਿਆਰ ਨਹੀਂ। ਔਰਤ ਉਤੇ ਹੁੰਦੇ ਜ਼ੁਲਮ ਦਾ ਉਸ ਨੇ ਸਧਾਰਨੀਕਰਨ ਕੀਤਾ ਹੈ। ਆਪਣੇ ਜੀਵਨ ਵਿਚ ਵਾਪਰੇ ਇਨ੍ਹਾਂ ਤ੍ਰਾਸਦਿਕ ਪਲਾਂ ਨਾਲ ਪਛਾਣ ਨਹੀਂ ਕਰਵਾਈ। ਹਾਲਾਂ ਕਿ ਉਸ ਦੇ ਨਿਕਟਵਰਤੀ ਜੀਵਨ ਜਾਣਨ ਵਾਲੇ ਦਸਦੇ ਹਨ

ਕਿ ਉਸ ਦਾ ਵਿਆਹ ਪੂਰਨ ਭਾਂਤ ਅਸਫ਼ਲ ਸੀ। ਉਹ ਆਪਣੀ ਸਾਹਿਤਕ ਸਵੈ ਜੀਵਨੀ, 'ਪੂਛਤੇ ਹੋ ਤੋ ਸੁਨੋ' ਵਿਚ ਲਿਖਦੀ ਹੈ।

'ਮੈਂ ਸੋਚਣ ਲੱਗ ਜਾਂਦੀ ਹਾਂ 'ਨੰਗੇ ਪੈਰਾਂ ਦਾ ਸਫ਼ਰ' ਦਾ ਅਗਲਾ ਹਿੱਸਾ, ਸ਼ਿਖਰ ਦੁਪਹਿਰਾ ਸੀ। ਸ਼ਿਖਰ ਦੁਪਹਿਰ ਨੂੰ ਤਾਂ ਮੈਂ ਜਿਵੇਂ ਭੁੱਲ ਜਾਣਾ ਚਾਹੁੰਦੀ ਹਾਂ। ਫੁੱਲਾ ਦੇ ਕਾਫਲੇ ਜਦੋਂ ਤੱਤੇ ਥਲਾਂ ਵਿਚੋਂ ਲੰਘਦੇ ਨੇ, ਉਥੇ ਕੋਹਾਂ ਦੇ ਕੋਹ ਤਪਦਾ ਰੇਗਿਸਤਾਨ ਵੀ ਹੁੰਦਾ ਹੈ ਤੇ ਤੱਤਾ ਰੇਤਾ ਦੂਰੋਂ ਪਾਣੀ ਦਿਖਦਾ ਮਰੀਚਾ ਬਣ ਮੋਹਦਾ ਵੀ ਹੈ। ਬੀਆਬਾਨ ਉਜਾੜ ਵਿਚ ਡਾਚੀ ਤਾਂ ਕੀ ਤੁਹਾਡੀਆਂ ਆਪਣੀਆਂ ਪੈੜਾਂ ਵੀ ਨਾਲੋ ਨਾਲ ਮਿਟਦੀਆਂ ਜਾਂਦੀਆਂ ਨੇ।

ਸਵੈ-ਜੀਵਨੀ ਕਲਾ ਤੇ ਸ਼ੈਲੀ ਵਿਚ ਇਸ ਤੱਥ ਨੂੰ ਛੁਪਾਉਣਾ ਇਕ ਛਿੱਦਰ ਹੀ ਆਖਿਆ ਜਾ ਸਕਦਾ ਹੈ, ਜਦਕਿ ਗੁਰਬਖ਼ਸ਼ ਸਿੰਘ ਨੇ ਆਪਣੇ ਵਿਆਹੁਤਾ ਜੀਵਨ ਦੇ ਨਾਲ ਆਪਣੀਆਂ ਸਖੀਆਂ ਸਹੇਲੀਆਂ ਦਾ ਵੀ ਜ਼ਿਕਰ ਕੀਤਾ ਹੈ। ਅੰਮ੍ਰਿਤਾ ਪ੍ਰੀਤਮ ਨੇ ਤਾਂ ਸਾਹਿਰ ਲੁਧਿਆਣਵੀ ਨਾਲ ਆਪਣੀ ਪਿਆਰ ਖਿੱਚ ਬੜੇ ਸਪਸ਼ਟ ਭਾਂਤ ਬਿਆਨ ਕੀਤੀ ਹੈ। ਜਸਵੰਤ ਸਿੰਘ ਰਾਹੀ ਆਪਣੀ ਪਤਨੀ ਦਾ ਪੂਜਾ ਦੀ ਹੱਦ ਤਕ ਵਰਣਨ ਕਰਦਾ ਹੈ ਪਰ ਉਸ ਹੋਰ ਪ੍ਰੇਮਕਾਵਾਂ ਨਾਲ ਕਾਮੁਕ ਸਬੰਧਾਂ ਨੂੰ ਨਹੀਂ ਛੁਪਾਇਆ। ਅਜੀਤ ਕੌਰ ਨੇ ਤਾਂ ਚਰਨ ਸਿੰਘ ਨਾਂ ਦੇ ਪ੍ਰਕਾਸ਼ਕ ਪ੍ਰਤੀ ਆਪਣੀ ਵਹਿਸ਼ਤ ਦਾ ਜ਼ਿਕਰ ਕੀਤਾ ਹੈ। ਕੇਵਲ ਪ੍ਰਭਜੋਤ ਅਤੇ ਟਿਵਾਣਾ ਹੀ ਹਨ ਜਿਹੜੀਆਂ ਆਪਣੇ ਕਾਮੁਕ ਸਬੰਧਾਂ ਬਾਰੇ ਗੋਲ ਮੋਲ ਗੱਲਾਂ ਕਰਦੀਆਂ ਹਨ ਜਾ ਇਕ ਪ੍ਰਕਾਰ ਦੀ ਖ਼ਾਮੋਸ਼ੀ ਧਾਰਨ ਕੀਤੀ ਹੈ। ਇਕ ਪੱਖ ਤੋਂ ਉਨ੍ਹਾਂ ਚੰਗਾ ਹੀ ਕੀਤਾ ਹੈ ਕਿ ਉਨ੍ਹਾਂ ਆਪਣੀਆਂ ਸਵੈ-ਜੀਵਨੀਆਂ ਵਿਚ ਮਾਨਵੀਯ ਸੁਹਜ ਸੁਆਦ ਨੂੰ ਸਾਹਮਣੇ ਰਖਿਆ ਹੈ।

ਸਵੈ-ਜੀਵਨੀਕਾਰ ਨੂੰ ਆਪਣੇ ਵਿਅਕਤੀ ਵਿਸ਼ੇਸ਼ ਦਾ ਅਹੰਕਾਰ ਨਹੀਂ ਹੋਣਾ ਚਾਹੀਦਾ। ਇਹ ਵੀ ਇਕ ਸਾਹਿਤਕ ਗੁਣ ਹੈ ਕਿ ਲੇਖਕ ਇਕ ਵਿਅਕਤੀ ਵਿਸ਼ੇਸ਼ ਜਾਂ ਵਸ਼ਿਸ਼ਟ ਪੁਰਸ ਹੁੰਦਾ ਹੈ ਪਰ ਆਪਣੀ ਵਿਸ਼ੇਸ਼ਤਾ ਦਾ ਬਾਰ ਬਾਰ ਅਹਿਸਾਸ ਕਰਾਉਣਾ ਪ੍ਰਸੰਸਾਯੋਗ ਨਹੀਂ। ਪ੍ਰਿੰਸੀਪਲ ਤੇਜਾ ਸਿੰਘ ਤਾਂ ਆਰਸੀ ਦੇ ਆਰੰਭ ਵਿਚ ਇਥੋਂ ਤਕ ਕਹਿੰਦਾ ਹੈ:

"ਮੇਰੇ ਰੱਬ ਜੀ ਮੇਰੀ ਯਾਦ ਦੀ ਆਰਸੀ ਸਾਫ਼ ਕਰਕੇ ਰੱਖਣੀ । ਮੈਥੋਂ ਆਪਣੇ ਬਾਰੇ ਬਹੁਤ ਗੱਲਾਂ ਨਾ ਅਖਵਾਉਣੀਆਂ ਸਗੋਂ ਬਹੁਤ ਕੁਝ ਉਨ੍ਹਾਂ ਘਟਨਾਵਾਂ ਅਤੇ ਵਿਅਕਤੀਆਂ ਸਬੰਧੀ ਲਿਖਵਾਉਣਾ ਜਿਨ੍ਹਾਂ ਤੋਂ ਮੈਂ ਪ੍ਰਭਾਵਿਤ ਹੋਇਆ ਹਾਂ। ਸਮਰਥਾ ਬਖਸ਼ੇ ਕਿ ਜੋ ਕੁਝ ਮੈਂ

ਲਿਖਾਂ ਸੱਚ ਪਰ ਇਸ ਲਿਖਣ ਵਿਚ ਕੋਈ ਕੁੜੱਤਣ, ਲਾਗਤ ਬਾਜ਼ੀ ਜਾਂ ਦਿਲ ਦੁਖਾਈ ਗੱਲ ਨਾ ਆ ਜਾਵੇ"

ਨਾਨਕ ਸਿੰਘ ਨੇ ਵੀ ਬੜੀ ਨਿਮਰਤਾ ਦਰਸਾਈ ਹੈ ਅਤੇ ਆਪਣੀਆਂ ਬਹੁਤ ਸਾਰੀਆਂ ਕਮਜ਼ੋਰੀਆਂ ਦਾ ਜ਼ਿਕਰ ਕੀਤਾ ਹੈ। ਪੰਜਾਬ ਦੇ ਲਗਭਗ ਸਮੂਹ ਜੱਟ ਘਰਾਣੇ ਦੇ ਲੇਖਕਾਂ ਵਿਚ ਹਉਮੇ ਸਮਾਈ ਹੋਈ ਹੈ ਕਿ ਅਸੀਂ ਤਾਂ ਸਭ ਪੰਜਾਬੀਆਂ ਨਾਲੋਂ ਵਿਸ਼ੇਸ਼ ਵਿਅਕਤੀ ਹਾਂ ਇਸ ਕਰਕੇ ਉਹ ਆਪਣੇ ਜਟਾਊ ਸੁਭਾ ਨੂੰ ਉਜਾਗਰ ਕਰਕੇ ਲਿਖਦੇ ਹਨ। ਇਹ ਪ੍ਰਵਿਰਤੀ ਟਿਵਾਣਾ ਵਿਚ ਹੋਣੀ ਕੁਦਰਤੀ ਹੈ। ਉਸ ਦੀ ਸਵੈ-ਜੀਵਨੀ ਵਿਚ ਜਾਗੀਰਦਾਰੀ ਤੇ ਵੱਡੇ ਜ਼ਿਮੀਦਾਰ ਹੋਣ ਦਾ ਸਵੈ ਮਾਣ ਦੀ ਝਲਕ ਨਜ਼ਰ ਆਉਂਦੀ ਹੈ। ਇਹ ਹਉਮੈਵਾਦੀ ਵਤੀਰਾ ਸੁਹਜ ਸੁਆਦ ਦੇ ਜਗਿਆਸੂ ਪਾਠਕਾਂ ਨੂੰ ਰੜਕਦਾ ਹੈ। ਬਲਰਾਜ ਸਾਹਨੀ ਕੇਵਲ ਭਾਰਤੀ ਹੀ ਨਹੀਂ ਦੁਨੀਆਂ ਭਰ ਦਾ ਵੱਡਾ ਐਕਟਰ ਸੀ ਪਰ ਉਸ ਦੀਆਂ ਦੋਵੇਂ ਸਵੈ - ਜੀਵਨੀਆਂ ਵਿਚ ਇਸ ਅਭਿਮਾਨ ਦਾ ਲੇਸ ਮਾਤਰ ਵੀ ਨਹੀਂ। ਦਲੀਪ ਕੋਰ ਟਿਵਾਣਾ ਵਾਂਗ ਹੀ ਐਸ.ਐਸ.ਜੌਹਲ ਦੀ ਸਵੈ ਜੀਵਨੀ ਰੰਗਾਂ ਦੀ ਗਾਗਰ ਵਿਚ ਆਪਣੇ ਆਪ ਨੂੰ ਸ੍ਰੇਸ਼ਟ ਦਰਸਾਉਣ ਦਾ ਅਹਿਸਾਸ ਹੁੰਦਾ ਹੈ। ਜੇ ਕੁਝ ਹੋਰਨਾਂ ਬਾਰੇ ਗੱਲ ਕਰੀਏ ਤਾਂ ਸੰਤੋਖ ਸਿੰਘ ਧੀਰ, ਜਗਜੀਤ ਸਿੰਘ ਅਨੰਦ, ਜਸਵੰਤ ਸਿੰਘ ਰਾਹੀ ਅਤੇ ਅੰਮ੍ਰਿਤਾ ਪ੍ਰੀਤਮ ਵਿਚ ਇਹ ਅਭਿਮਾਨੀ ਰਵੱਈਆ ਨਜ਼ਰ ਨਹੀਂ ਆਉਂਦਾ। ਪ੍ਰਭਜੋਤ ਕੌਰ ਵੀ ਇਸ ਹਉਮੈ ਤੋਂ ਮੁਕਤ ਹੈ। ਅਜੀਤ ਕੌਰ ਦਾ ਰੰਗ ਟਿਵਾਣਾ ਨਾਲ ਮਿਲਦਾ ਜੁਲਦਾ ਹੈ।

ਆਤਮ ਕਥਾ ਲਿਖਣ ਦਾ ਅਧਿਕਾਰ ਉਸ ਵਿਅਕਤੀ ਨੂੰ ਹੈ ਜਿਸ ਦੀ ਹਸਤੀ ਸਮਕਾਲੀ ਸਮਾਜ ਵਿਚ ਨਾਇਕ ਦੇ ਤੌਰ ਤੇ ਖਿੱਚ ਵਾਲੀ ਹੋ ਚੁੱਕੀ ਹੋਵੇ। ਇਸ ਪੱਖੋਂ ਸਾਡੇ ਲੇਖਕ ਅਧਿਕਾਰਤ ਪਾਤਰ ਕਹੇ ਜਾ ਸਕਦੇ ਹਨ। ਇਕ ਦੋ ਲੇਖਕ ਅਜੇਹੇ ਹਨ ਜਿਨ੍ਹਾਂ ਦੀ ਹਸਤੀ ਨਿਗੂਣੀ ਸੀ ਪਰ ਛਾਪਣ ਸੁਵਿਧਾਵਾਂ ਦੇ ਸਮਰੱਥ ਹੋਣ ਕਰਕੇ ਉਨ੍ਹਾਂ ਨੇ ਵੀ ਆਤਮ ਕਥਾ ਲਿਖਣ ਦਾ ਸਾਹਸ ਕਰ ਲਿਆ ਹੈ ਜਿਵੇਂ ਅਜੀਤ ਸਿੰਘ ਰਾਹੀ ਤੇ ਇਕ ਅੱਧ ਹੋਰ ਲੇਖਕ ਨੇ ਇਹ ਜੁਅਰੱਤ ਕੀਤੀ ਹੈ ਜਦ ਕਿ ਉਨ੍ਹਾਂ ਦੀ ਆਤਮ ਕਥਾ ਦਾ ਪੰਜਾਬੀ ਸਮਾਜ ਨੂੰ ਕੋਈ ਲਾਭ ਨਹੀਂ ਹੋਇਆ।

ਇਕ ਨਾਇਕ ਦੇ ਜੀਵਨ ਦੀ ਹਰ ਘਟਨਾ ਵਰਣਨਯੋਗ ਨਹੀਂ ਹੁੰਦੀ। ਸਵੈ ਜੀਵਨੀਕਾਰ ਨੂੰ ਘਟਨਾਵਾਂ ਦੀ ਚੋਣ ਇਕ ਚੰਗੇ ਸੰਪਾਦਕ ਵਾਂਗ ਕਰਨੀ ਚਾਹੀਦੀ ਹੈ ਜਿਵੇਂ ਕਿ ਪ੍ਰਿੰ. ਤੇਜਾ ਸਿੰਘ ਨੇ ਅਤਿ ਸੰਖੇਪਤਾ ਅਤੇ ਸੰਜਮ ਤੋਂ ਕੰਮ ਲਿਆ ਹੈ। ਇਸ ਸ਼ੈਲੀ ਦਾ ਅਨੁਸਰਨ ਸਹੀ ਅਰਥਾਂ ਵਿਚ ਦਲੀਪ ਕੌਰ ਟਿਵਾਣਾ ਨੇ ਕੀਤਾ ਹੈ ਅਤੇ ਚੰਗੇ ਸੰਪਾਦਕ ਹੋਣ ਦਾ ਪ੍ਰਮਾਣ ਦਿੱਤਾ ਹੈ। ਆਮ ਤੌਰ ਤੇ ਆਤਮ ਕਥਾ ਲੇਖਕ ਆਪਣੀ ਜ਼ਿੰਦਗੀ ਦੇ ਹਰ ਵਿਸਥਾਰ ਨੂੰ

ਦਰਸਾਉਣ ਪ੍ਰਤੀ ਲੁਭਾਏਮਾਨ ਹੋ ਜਾਂਦੇ ਹਨ। ਦਲੀਪ ਕੌਰ ਟਿਵਾਣਾ ਦੀ ਆਤਮ ਕਥਾ ਸੰਜਮ ਤੇ ਸੰਖੇਪਤਾ ਦਾ ਸੁੰਦਰ ਪ੍ਰਮਾਣ ਹੈ। ਇਸ ਦੇ ਮੁਕਾਬਲੇ ਤੇ ਕੈਲਾਸ਼ਪੁਰੀ ਨੇ ਤਾਂ 880 ਪੰਨਿਆਂ ਵਿਚ ਆਤਮ ਕਥਾ ਲਿਖੀ ਹੈ। ਇੰਜ ਜਾਪਦਾ ਹੈ ਜਿਵੇਂ ਉਹਦੇ ਜੀਵਨ ਦੀ ਡਾਇਰੀ ਹੈ। ਗੁਰਬਖ਼ਸ਼ ਸਿੰਘ, ਦੁੱਗਲ ਤੇ ਰਾਹੀ ਸੰਜਮ ਦੀ ਕਲਾ ਦੀ ਵਰਤੋਂ ਨਹੀਂ ਕਰ ਸਕੇ।

ਸਮੁੱਚੇ ਤੌਰ ਤੇ ਦਲੀਪ ਕੌਰ ਟਿਵਾਣਾ ਦੀ ਇਹ ਸਵੈ-ਜੀਵਨੀ ਕਲਾਤਮਕ ਅਤੇ ਤੁਲਨਾਤਮਿਕ ਪੱਖ ਤੋਂ ਸਫ਼ਲ ਕਹੀ ਜਾ ਸਕਦੀ ਹੈ।

-0-